**Thinking Real Estate?**
BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193
COLDWELL BANKER
Residential Brokerage

**BIG BAZAAR**
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet Mon to Sat. 11am to 3pm Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

**Buying/Selling in Michigan**
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150, Plymouth, MI 48170
Call: 734-751-4455
Raj Shergill
Associate Broker
rajsshergill@yahoo.com



Twenty First Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 21, Issue 17, April 25, 2020 — 20451 N. Plum Grove Rd., Palatine, IL 60074 — Ph:847-359-0746, Fax:847-705-9388


## ਪਹਿਲਾਂ ਕਰੋਨਾ ਤੇ ਹੁਣ ਕੈਪਟਨ ਦੇ ਦੁਰਪ੍ਰਬੰਧਾਂ ਨੇ ਝੰਬੇ ਕਿਸਾਨ

**ਚੰਡੀਗੜ੍ਹ:** ਕਰੋਨਾ ਵਾਇਰਸ ਕਾਰਨ ਲੱਗੇ ਕਰਫਿਊ, ਸਰਕਾਰ ਦੇ ਕੁਚੱਜੇ ਪ੍ਰਬੰਧਾਂ ਅਤੇ ਬੇਮੌਸਮੇ ਮੀਂਹ ਨੇ ਪੰਜਾਬ ਦੇ ਕਿਸਾਨਾਂ ਲਈ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਇਸ ਸਮੇਂ ਸੂਬੇ ਦੇ ਕਿਸਾਨਾਂ ਨੂੰ ਕਰੋਨਾ ਵਾਇਰਸ ਦਾ ਨਹੀਂ ਸਗੋਂ ਪੱਕੀ ਪਕਾਈ ਕਣਕ ਦੀ ਫਸਲ ਹੱਥੋਂ ਜਾਣ ਦਾ ਡਰ ਸਤਾ ਰਿਹਾ ਹੈ।

ਪੰਜਾਬ ਦੇ ਵੱਡੇ ਹਿੱਸੇ ਵਿਚ ਬਾਰਸ਼ ਅਤੇ ਗੜਿਆਂ ਨੇ ਹਾੜ੍ਹੀ ਦੀ ਪ੍ਰਮੁੱਖ ਫਸਲ ਕਣਕ ਦਾ ਭਾਰੀ ਨੁਕਸਾਨ ਕੀਤਾ ਹੈ। ਮੰਡੀਆਂ ਵਿਚ ਪਈ ਕਣਕ ਵੀ ਮੀਂਹ ਦੀ ਮਾਰ ਹੇਠ ਆ ਗਈ। ਫਸਲ ਦਾ ਵੱਡਾ ਹਿੱਸਾ ਮੰਡੀਆਂ ਵਿਚ ਆ ਗਿਆ ਹੈ ਪਰ ਸਰਕਾਰ ਨੇ ਖਰੀਦ ਬਾਰੇ ਅਜੇ ਕੋਈ ਰਣਨੀਤੀ ਤੈਅ ਹੀ ਨਹੀਂ ਕੀਤੀ ਹੈ। ਭਾਰਤੀ ਕਿਸਾਨ ਯੂਨੀਅਨ ਨੇ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਸਰਕਾਰ ਜਿਸ ਰਫਤਾਰ ਨਾਲ ਕਣਕ ਖਰੀਦ ਰਹੀ ਹੈ, ਉਸ ਨਾਲ ਇਹ ਖਰੀਦ ਦੋ ਮਹੀਨੇ ਚੱਲੇਗੀ। ਜਥੇਬੰਦੀ ਦਾ ਦੋਸ਼ ਹੈ ਕਿ ਸਰਕਾਰ ਕੋਵਿਡ-19 ਤੋਂ ਬਚਾ ਕੇ ਕਿਸਾਨਾਂ ਨੂੰ ਆਰਥਿਕ ਮੌਤ ਦੇਣਾ ਚਾਹੁੰਦੀ ਹੈ।

ਸੂਬੇ ਵਿਚ ਹਾਲਾਤ ਇਹ ਹਨ ਕਿ ਅਜੇ ਤੱਕ ਕਿਸਾਨ ਅਤੇ ਆੜ੍ਹਤੀ ਪੂਰੀ ਤਰ੍ਹਾਂ ਸਪਸ਼ਟ ਨਹੀਂ ਹਨ ਕਿ ਖਰੀਦ ਕਿਸ ਤਰ੍ਹਾਂ ਮੁਕੰਮਲ ਹੋਵੇਗੀ। ਸਵਾਲ ਇਹ ਵੀ ਹੈ ਕਿ ਕਿਸਾਨ ਤੇ ਖੇਤੀ ਕਾਮੇ, ਕਮਿਸ਼ਨ ਨਾਲ ਜੁੜੇ ਅਧਿਕਾਰੀ ਤੇ ਮੈਂਬਰ ਸਰਕਾਰ ਦੀ ਖੇਤੀ ਅਤੇ ਕਿਸਾਨੀ ਬਾਰੇ ਸਿਫਾਰਸ਼ਾਂ ਦੇਣ ਵਾਲੀ ਅਧਿਕਾਰਤ ਸੰਸਥਾ ਹੈ। ਇਸ ਸੰਸਥਾ ਦਾ ਕੋਈ ਵੀ ਨੁਮਾਇੰਦਾ ਖਰੀਦ ਸਬੰਧੀ ਲਏ ਜਾਣ ਵਾਲੇ ਫੈਸਲਿਆਂ ਲਈ ਬਣਾਈਆਂ ਗਈਆਂ


*(ਬਾਕੀ ਸਫਾ 6 ਉਤੇ)*


### ਬੇਮੌਸਮੇ ਮੀਂਹ ਨਾਲ ਹਾਲਤ ਬਦ ਤੋਂ ਬਦਤਰ ਹੋਈ



### ਕੈਪਟਨ ਨੂੰ ਕਿਸਾਨਾਂ ਨਾਲੋਂ ਸ਼ਰਾਬੀਆਂ ਦਾ ਵੱਧ ਫਿਕਰ!

ਕਿਸਾਨਾਂ ਦੀ ਖੱਜਲ ਖੁਆਰੀ ਦੇ ਮਸਲੇ ਉਤੇ ਵਿਰੋਧੀ ਧਿਰਾਂ ਨੇ ਸਰਕਾਰ ਨੂੰ ਘੇਰ ਲਿਆ ਹੈ। ਅਕਾਲੀ ਦਲ ਨੇ ਸਵਾਲ ਕੀਤਾ ਹੈ ਕਿ ਇਸ ਔਖੀ ਘੜੀ ਵਿਚ ਕੇਂਦਰ ਕੋਲੋਂ ਕਿਸਾਨਾਂ ਲਈ ਰਾਹਤ ਦੇਣ ਲਈ ਜ਼ੋਰ ਪਾਉਣ ਦੀ ਥਾਂ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੇਂਦਰੀ ਗ੍ਰਹਿ ਮੰਤਰੀ ਨੂੰ ਸ਼ਰਾਬ ਦੇ ਠੇਕੇ ਖੋਲ੍ਹਣ ਦੀ ਇਜਾਜ਼ਤ ਦੇਣ ਦੀ ਅਪੀਲ ਕਰ ਰਹੇ ਹਨ। ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਸਵਾਲ ਕੀਤਾ ਕਿ ਸਰਕਾਰ ਨੂੰ ਕਿਸਾਨਾਂ ਨਾਲੋਂ ਸ਼ਰਾਬੀਆਂ ਦੀ ਵੱਧ ਚਿੰਤਾ ਹੈ। ਪੰਜਾਬ ਵਿਚ ਵਿਰੋਧੀ ਧਿਰ ਦੇ ਨੇਤਾ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਕਿਸਾਨੀ ਮੁੱਦਿਆਂ 'ਤੇ ਕੇਂਦਰ ਅੱਗੇ ਲੇਲ੍ਹੜੀਆਂ ਕੱਢਣ ਦੀ ਬਜਾਏ ਸਾਰੀਆਂ ਪਾਰਟੀਆਂ ਦੇ ਆਗੂਆਂ ਨੂੰ ਨਾਲ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਤੇ ਦਬਾਅ ਪਾਉਣ।

## ਕਰੋਨਾ ਤੋਂ ਵੱਧ ਭੁੱਖ ਨਾਲ ਸਹਿਮੇ ਲੋਕ

**ਨਵੀਂ ਦਿੱਲੀ:** ਤਾਲਾਬੰਦੀ ਨੇ ਭਾਰਤ ਦੀ ਗਰੀਬ ਵਸੋਂ ਨੂੰ ਮੌਤ ਦੇ ਮੂੰਹ ਲਿਆ ਖੜ੍ਹਾ ਕੀਤਾ ਹੈ। ਹਾਲਾਤ ਇਹ ਹਨ ਕਿ ਲੋਕਾਂ ਨੂੰ ਕਰੋਨਾ ਮਹਾਮਾਰੀ ਤੋਂ ਨਹੀਂ ਸਗੋਂ, ਭੁੱਖ ਨਾਲ ਮਰਨ ਦਾ ਡਰ ਸਤਾ ਰਿਹਾ ਹੈ। ਲੌਕਡਾਊਨ ਕਾਰਨ ਹੋਰਾਂ ਸੂਬਿਆਂ ਵਿਚ ਫਸੇ ਪਰਵਾਸੀ ਮਜ਼ਦੂਰ ਭੁੱਖੇ ਢਿੱਡ ਸੌਣ ਤੇ ਸਰਕਾਰ ਦੀਆਂ ਮਾੜੀਆਂ ਨੀਤੀਆਂ ਨੂੰ ਕੋਸਣ ਲਈ ਮਜਬੂਰ ਹਨ।

ਸਰਕਾਰ ਤੇ ਸਮਾਜ ਸੇਵੀ ਸੰਸਥਾਵਾਂ ਵਿਚਾਲੇ ਤਾਲਮੇਲ ਅਤੇ ਰਾਸ਼ਨ ਤੇ ਤਿਆਰ ਖਾਣੇ ਦੀ ਵੰਡ ਦੀ ਵਿਉਂਤਬੰਦੀ ਨਾ ਹੋਣ ਕਰਕੇ ਲੋਕਾਂ ਦਾ ਢਿੱਡ ਨਹੀਂ ਭਰ ਰਿਹਾ। ਸਮਾਜ ਸੇਵੀ ਅਤੇ ਧਾਰਮਿਕ ਸੰਸਥਾਵਾਂ ਦੇ ਸਹਿਯੋਗ ਨਾਲ ਲੰਗਰ ਵੰਡਣ ਦੀ ਪ੍ਰਕਿਰਿਆ ਹੁਣ ਬੰਦ ਹੁੰਦੀ ਜਾ ਰਹੀ ਹੈ, ਸਰਕਾਰ ਵਲੋਂ ਵੀ ਪੂਰੇ ਜ਼ੋਰ ਨਾਲ ਸੁੱਕਾ ਰਾਸ਼ਨ ਸੁੱਟਿਆ ਜਾ ਰਿਹਾ ਹੈ ਪਰ ਵੱਖ-ਵੱਖ ਸਕੀਮਾਂ ਦਾ ਲੇਬਲ ਲੱਗਾ ਹੋਣ ਕਾਰਨ ਉਹ ਹਰ-ਇਕ ਲੋੜਵੰਦ ਨੂੰ ਨਹੀਂ ਰਾਸ਼ਨ ਨਹੀਂ ਮਿਲ ਰਹੀਆਂ।

ਇਨ੍ਹਾਂ ਲੋਕਾਂ ਨੂੰ ਉਸ ਸਮੇਂ ਜ਼ਰੂਰ ਕੁਝ ਢਾਰਸ ਮਿਲਦੀ ਹੈ ਜਦੋਂ ਪ੍ਰਧਾਨ ਮੰਤਰੀ ਮੋਦੀ ਰਾਸ਼ਟਰ ਨੂੰ ਸੰਬੋਧਨ ਕਰਨ ਦਾ ਐਲਾਨ ਕਰਦੇ ਹਨ ਪਰ ਜਦੋਂ ਮੋਦੀ ਕਰੋਨਾ ਦੇ ਖਤਰਿਆਂ ਤੇ ਇਸ ਦੇ ਟਾਕਰੇ ਲਈ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਵਾ ਕੇ ਚਲਦੇ ਬਣਦੇ ਹਨ ਤਾਂ


*(ਬਾਕੀ ਸਫਾ 6 ਉਤੇ)*


## ਟਰੰਪ ਹੁਣ ਪਰਵਾਸੀਆਂ ਲਈ ਬੂਹੇ ਭੇੜਨ ਦੇ ਰਾਹ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਕਰੋਨਾ ਵਾਇਰਸ ਮਹਾਮਾਰੀ ਦੌਰਾਨ ਅਮਰੀਕਾ ਵਿਚ ਪਰਵਾਸ ਸੇਵਾ ਆਰਜ਼ੀ ਤੌਰ 'ਤੇ ਬੰਦ ਕਰਨ ਦੇ ਵਿਸ਼ੇਸ਼ ਪ੍ਰਬੰਧਕੀ ਹੁਕਮਾਂ 'ਤੇ ਦਸਤਖਤ ਕਰਨਗੇ। ਇਸੇ ਦੌਰਾਨ, ਜੌਹਨਜ਼ ਹੌਪਕਿਨਜ਼ ਯੂਨੀਵਰਸਿਟੀ ਅਨੁਸਾਰ, ਅਮਰੀਕਾ ਵਿਚ ਕਰੋਨਾ ਵਾਇਰਸ ਕਾਰਨ 45 ਹਜ਼ਾਰ ਤੋਂ ਉਪਰ ਮੌਤਾਂ ਹੋ ਚੁੱਕੀਆਂ ਹਨ ਅਤੇ ਪੀੜਤਾਂ ਦੀ ਗਿਣਤੀ ਸਵਾ ਅੱਠ ਲੱਖ ਹੋ ਗਈ ਹੈ।

ਉਧਰ, ਟਰੰਪ ਨੇ ਲੰਘੀ ਰਾਤ ਟਵੀਟ ਕੀਤਾ, "ਅਦਿੱਖ ਦੁਸ਼ਮਣ ਦੇ ਹਮਲੇ ਦੇ ਮੱਦੇਨਜ਼ਰ ਅਤੇ ਨਾਲ ਹੀ ਅਮਰੀਕੀ ਨਾਗਰਿਕਾਂ ਦੀ ਨੌਕਰੀਆਂ ਬਚਾਉਣ ਲਈ ਮੈਂ ਅਮਰੀਕਾ ਵਿਚ ਆਰਜ਼ੀ ਤੌਰ 'ਤੇ ਪਰਵਾਸ ਸੇਵਾ ਮੁਅੱਤਲ ਕਰਨ ਲਈ ਪ੍ਰਬੰਧਕੀ ਹੁਕਮ 'ਤੇ ਦਸਤਖਤ ਕਰਾਂਗਾ।" ਟਰੰਪ ਦੇ ਇਸ ਹੁਕਮ ਦਾ ਵੇਰਵਾ ਫਿਲਹਾਲ ਸਾਹਮਣੇ ਨਹੀਂ ਆਇਆ ਹੈ ਅਤੇ ਉਨ੍ਹਾਂ ਇਹ ਵੀ ਨਹੀਂ ਦੱਸਿਆ ਕਿ ਉਹ ਇਸ ਹੁਕਮ 'ਤੇ ਕਦੋਂ ਦਸਤਖਤ ਕਰਨਗੇ। ਟਰੰਪ ਨੇ ਪਰਵਾਸ ਸੇਵਾ ਵੀਜ਼ਾ ਮੁਅੱਤਲ ਕਰਨ ਦੀ ਗੱਲ ਕੀਤੀ ਹੈ। ਦੱਸਣਾ ਬਣਦਾ ਹੈ ਕਿ ਭਾਰਤੀ ਆਈ. ਟੀ. ਪੇਸ਼ੇਵਰਾਂ ਨੂੰ ਮਿਲਣ ਵਾਲਾ ਐਚ-1ਬੀ ਵੀਜ਼ਾ ਗੈਰ-ਪਰਵਾਸ ਸੇਵਾ ਵੀਜ਼ਾ ਹੈ। ਟਰੰਪ ਨੇ ਤਰਕ ਦਿੱਤਾ ਹੈ ਕਿ ਅਮਰੀਕੀ


*(ਬਾਕੀ ਸਫਾ 6 ਉਤੇ)*



**India Palace Restaurant**
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
Restaurant-Fine Indian Cuisine
12510 N. Meridian St.,
Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

**WorldWide Travel, Inc**
ਅੱਜ ਹੀ ਕਾਲ ਕਰੋ
24 ਘੰਟੇ ਐਮਰਜੈਂਸੀ ਸੇਵਾ
ਦਿੱਲੀ $895
ਟੈਕਸ ਸਮੇਤ
734 838 9998
Fare shown above is for departure from Jan 15th, 2020 and subject to availability, other conditions apply. Please call for more details

**Regal Jewels**
2625 W. Devon Ave. Chicago, IL 60659
773-262-4377 773-517-0517
WWW.REGALJEWELS.COM
Open 11am to 8pm Closed on Tuesday

# ਕੈਪਟਨ ਨਜ਼ਰਬੰਦੀ ਨਾਲ ਹੀ ਕਰੋਨਾ ਖਿਲਾਫ ਜਿੱਤਣੀ ਚਾਹੁੰਦਾ ਹੈ ਜੰਗ

## ਲੋੜੀਂਦੀ ਟੈਸਟਿੰਗ, ਸਿਹਤ ਸਹੂਲਤਾਂ, ਗਰੀਬਾਂ ਲਈ ਭੋਜਨ ਤੇ ਹੋਰ ਪ੍ਰਬੰਧਾਂ ਤੋਂ ਪਾਸਾ ਵੱਟਿਆ



**ਚੰਡੀਗੜ੍ਹ:** ਪੰਜਾਬ ਵਿਚ ਕਰੋਨਾ ਵਾਇਰਸ ਖਿਲਾਫ ਲੜਾਈ ਸਰਕਾਰੀ ਰਣਨੀਤੀ ਦੇ ਗੇੜ ਵਿਚ ਆਉਂਦੀ ਦਿਖਾਈ ਨਹੀਂ ਦੇ ਰਹੀ। ਕਰਫਿਊ ਲਾ ਕੇ ਲੋਕਾਂ ਨੂੰ ਘਰਾਂ ਅੰਦਰ ਨਜ਼ਰਬੰਦ ਕਰਨ ਦੌਰਾਨ ਰੋਗ ਦੀ ਪਛਾਣ ਲਈ ਲੋੜੀਂਦੀ ਟੈਸਟਿੰਗ ਅਤੇ ਗਰੀਬਾਂ ਦੀਆਂ ਭੋਜਨ ਅਤੇ ਹੋਰ ਲੋੜਾਂ ਨੂੰ ਪੂਰਾ ਕਰਨ ਲਈ ਕੀਤੇ ਜਾ ਰਹੇ ਪ੍ਰਬੰਧਾਂ ਦਾ ਕੋਈ ਠੋਸ ਹੱਲ ਨਹੀਂ ਨਿਕਲ ਰਿਹਾ।

ਸੰਗਰੂਰ ਅਤੇ ਪਟਿਆਲਾ ਦੇ ਡਿਪਟੀ ਕਮਿਸ਼ਨਰਾਂ ਵੱਲੋਂ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੇ ਲੰਗਰ ਦੇਣ ਉਤੇ ਪਾਬੰਦੀ ਲਗਾ ਕੇ ਕੇਵਲ ਰੈੱਡ ਕਰਾਸ ਰਾਹੀਂ ਲੰਗਰ ਜਾਂ ਰਾਸ਼ਨ ਦੇਣ ਦੇ ਫੈਸਲਿਆਂ ਨੇ ਰੋਜ਼ਾਨਾ ਕਿਸੇ ਨਾ ਕਿਸੇ ਸੰਸਥਾ ਰਾਹੀਂ ਢਿੱਡ ਦੀ ਅੱਗ ਬੁਝਾਉਣ ਵਾਲਿਆਂ ਨੂੰ ਭੁੱਖੇ ਰਹਿਣ ਲਈ ਮਜਬੂਰ ਕਰ ਦਿੱਤਾ ਹੈ।

ਸੰਗਰੂਰ ਜ਼ਿਲ੍ਹੇ ਦੇ ਸੂਲਰਘਰਾਟ ਕਸਬੇ ਦੀ ਦਾਣਾ ਮੰਡੀ ਦੇ ਆੜ੍ਹਤੀਆਂ ਅਤੇ ਗੁਰਦੁਆਰਾ ਕਮੇਟੀ ਨੇ 250 ਦੇ ਕਰੀਬ ਆਬਾਦੀ ਲਈ ਲਗਾਤਾਰ ਦੋ ਵਾਰ ਲੰਗਰ ਪਕਾ ਕੇ ਦੇਣ ਦੀ ਜ਼ਿੰਮੇਵਾਰੀ ਨਿਭਾਉਣੀ ਜਾਰੀ ਰੱਖੀ ਹੋਈ ਸੀ। ਸਬੰਧਤ ਪਰਿਵਾਰ ਦੋਵੇਂ ਟਾਈਮ ਆਪੋ-ਆਪਣੇ ਪਰਿਵਾਰ ਲਈ ਰੋਟੀ ਡੱਬਿਆਂ ਵਿਚ ਪਵਾ ਕੇ ਲਿਜਾਂਦੇ ਰਹੇ। ਇਸ ਕੰਮ ਵਿਚ ਸ਼ਾਮਲ ਤਰਲੋਚਨ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਵੱਲੋਂ ਰੋਕ ਲਗਾਉਣ ਤੋਂ ਬਾਅਦ ਲੰਗਰ ਬੰਦ ਕਰ ਦਿੱਤਾ ਗਿਆ ਅਤੇ ਹੁਣ ਤੱਕ ਇਨ੍ਹਾਂ ਲੋਕਾਂ ਲਈ ਕੋਈ ਬਦਲਵਾਂ ਪ੍ਰਬੰਧ ਨਹੀਂ ਹੋ ਸਕਿਆ। ਅਜਿਹੇ ਬਹੁਤ ਸਾਰੇ ਪਰਿਵਾਰ ਹਨ ਜਿਨ੍ਹਾਂ ਕੋਲ ਸਰਕਾਰੀ ਰਾਸ਼ਨ ਇਕ ਵਾਰ ਵੀ ਨਹੀਂ ਪੁੱਜਿਆ।

ਪਟਿਆਲੇ ਵੀ ਲੰਗਰ ਅਤੇ ਰਾਸ਼ਨ ਵਰਤਾਉਣ ਵਾਲੇ ਇਕ ਵਿਅਕਤੀ ਦੇ ਪਾਜ਼ੇਟਿਵ ਆਉਣ ਕਰਕੇ ਡਿਪਟੀ ਕਮਿਸ਼ਨਰ ਨੇ ਸਭਾ ਉਤੇ ਪਾਬੰਦੀ ਲਗਾ ਦਿੱਤੀ ਹੈ। ਗੁਰਦੁਆਰਾ ਕਮੇਟੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਪ੍ਰਸ਼ਾਸਨਿਕ ਹਦਾਇਤਾਂ ਉਤੇ ਲੰਗਰ ਦੇਣਾ ਸੀਮਤ ਕਰ ਦਿੱਤਾ ਹੈ। ਰੈੱਡ ਕਰਾਸ ਨੂੰ ਇਹ ਕੰਮ ਸਿਰੇ ਚੜ੍ਹਾਉਣ ਲਈ ਉਸ ਕੋਲ ਲੋੜੀਂਦਾ ਰਾਸ਼ਨ ਅਤੇ ਪਿੰਡਾਂ ਅਤੇ ਸ਼ਹਿਰਾਂ ਤੱਕ ਪਹੁੰਚ ਕਰਨ ਲਈ ਵੱਡੀ ਟੀਮ ਵੀ ਹੋਣੀ ਚਾਹੀਦੀ ਹੈ। ਕਿਹਾ ਜਾ ਰਿਹਾ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਕਲੱਬਾਂ ਅਤੇ ਹੋਰ ਸੰਸਥਾਵਾਂ ਨਾਲ ਸੰਪਰਕ ਕਰ ਰਿਹਾ ਹੈ। ਜਦੋਂ ਤੱਕ ਇਹ ਟੀਮ ਨਹੀਂ ਬਣ ਜਾਂਦੀ ਤਦ ਤੱਕ ਗਰੀਬਾਂ ਲਈ ਰੋਟੀ ਰੋਜ਼ੀ ਦੀ ਜ਼ਿੰਮੇਵਾਰੀ ਕਿਵੇਂ ਨਿਭਾਈ ਜਾਵੇਗੀ।

ਕਣਕ ਦੀ ਵਾਢੀ ਉਤੇ ਜਿਥੇ ਮੌਸਮ ਦੀ ਮਾਰ ਨੇ ਤਾਂ ਕਿਸਾਨਾਂ ਲਈ ਮੁਸੀਬਤ ਖੜ੍ਹੀ ਕਰ ਹੀ ਦਿੱਤੀ ਹੈ, ਸਗੋਂ ਸਰਕਾਰ ਵੱਲੋਂ 45 ਦਿਨ ਲੰਬੀ ਖਰੀਦ ਚਲਾਉਣ ਦਾ ਲਿਆ ਗਿਆ ਫੈਸਲਾ ਵੀ ਕਿਸਾਨਾਂ, ਆੜ੍ਹਤੀਆਂ ਅਤੇ ਬਹੁਤ ਸਾਰੇ ਸਬੰਧਿਤ ਹੋਰਾਂ ਲੋਕਾਂ ਦੇ ਸੰਘੋਂ ਨਹੀਂ ਉੱਤਰ ਰਿਹਾ। ਪੰਜਾਬ ਸਰਕਾਰ ਨੇ 15 ਅਪਰੈਲ ਤੋਂ ਖਰੀਦ ਸ਼ੁਰੂ ਹੋਣ ਵਾਲੇ ਦਿਨ ਪਿੱਛੋਂ ਹਰ ਦਿਨ ਇਕ ਆੜ੍ਹਤੀ ਨੂੰ ਪੰਜ ਪਾਸ ਰੋਜ਼ਾਨਾ ਦੇਣ ਦੀ ਰਣਨੀਤੀ ਦਾ ਐਲਾਨ ਕੀਤਾ ਸੀ। ਪੰਜਾਬ ਵਿਚ ਭਾਵੇਂ 30 ਹਜ਼ਾਰ ਆੜ੍ਹਤੀ ਰਜਿਸਟਰਡ ਹਨ ਪਰ ਕਈਆਂ ਦੀ ਰਜਿਸਟ੍ਰੇਸ਼ਨ ਦੋ ਵਾਰ ਵੀ ਹੈ ਪਰ ਲਗਭਗ 26500 ਆੜ੍ਹਤੀ ਮੰਡੀ ਵਿਚ ਸਰਗਰਮ ਹਨ। ਹਰ ਇਕ ਨੂੰ ਪੰਜ-ਪੰਜ ਪਾਸ ਦੇਣ ਲਈ ਰੋਜ਼ਾਨਾ 1 ਲੱਖ 32 ਹਜ਼ਾਰ ਪਾਸ ਜਾਰੀ ਹੋਣੇ ਜ਼ਰੂਰੀ ਹਨ। ਅਸਲੀਅਤ ਇਹ ਹੈ ਕਿ ਪਹਿਲੇ ਪੰਜ ਦਿਨਾਂ ਵਿਚ ਲਗਭਗ ਡੇਢ ਲੱਖ ਪਾਸ ਹੀ ਜਾਰੀ ਕੀਤਾ ਗਿਆ ਹੈ। ਬਹੁਤ ਸਾਰੇ ਆੜ੍ਹਤੀ ਅਜਿਹੇ ਹਨ, ਜਿਨ੍ਹਾਂ ਨੂੰ ਅਜੇ ਤੱਕ ਇਕ ਪਾਸ ਵੀ ਨਹੀਂ ਮਿਲਿਆ।

ਸੂਤਰਾਂ ਅਨੁਸਾਰ ਪੰਜਾਬ ਸਰਕਾਰ ਨੂੰ ਕਰੋਨਾ ਵਾਇਰਸ ਨੂੰ ਰੋਕਣ ਵਿਚ ਕਾਮਯਾਬੀ ਮਿਲਣ ਦੀ ਸੰਭਾਵਨਾ ਜ਼ਿਆਦਾ ਨਜ਼ਰ ਨਹੀਂ ਆਉਂਦੀ। ਇਸੇ ਕਰਕੇ ਸਰਕਾਰ ਨੇ ਵੱਖ-ਵੱਖ ਵਿਭਾਗਾਂ ਨੂੰ ਇਕ ਪੱਤਰ ਜਾਰੀ ਕੀਤਾ ਹੈ ਅਤੇ ਇਸ ਰਾਹੀਂ ਹੰਗਾਮੀ ਹਾਲਾਤ ਵਿਚ ਪ੍ਰਸ਼ਾਸਨਿਕ ਕੰਮ ਚਲਾਉਣ ਲਈ ਬਦਲਵੇਂ ਪ੍ਰਬੰਧ ਕਰਨ ਲਈ ਕਿਹਾ ਹੈ ਕਿਉਂਕਿ ਹੌਟਸਪੌਟ ਵਾਲੇ ਖੇਤਰਾਂ ਵਿਚ ਸਭ ਨੂੰ 28 ਦਿਨਾਂ ਲਈ ਘਰੋਂ ਬਾਹਰ ਨਾ ਨਿਕਲਣਾ ਯਕੀਨੀ ਬਣਾਇਆ ਜਾਣਾ ਹੈ। ਇਨ੍ਹਾਂ ਖੇਤਰਾਂ ਵਿਚ ਕੰਮ ਕਰਦੇ ਅਫਸਰਾਂ ਲਈ ਵੀ ਅਲੱਗ ਤੋਂ ਥਾਵਾਂ ਦੀ ਚੋਣ ਕਰਨ ਲਈ ਕਿਹਾ ਗਿਆ ਹੈ। ਇਸ ਦਾ ਭਾਵ ਹੈ ਕਿ ਸਾਰੇ ਸਰਕਾਰੀ ਅਫਸਰ ਸਬੰਧਿਤ ਥਾਵਾਂ ਤੋਂ ਹੀ ਕੰਮ ਕਰਨਗੇ ਅਤੇ ਉਥੇ ਹੀ ਰਾਤ ਰਿਹਾ ਕਰਨਗੇ। ਇਸ ਲਈ ਕਿਸਾਨ ਭਵਨ ਵਰਗੀਆਂ ਇਮਾਰਤਾਂ ਦੇਖੀਆਂ ਜਾ ਰਹੀਆਂ ਹਨ ਜਿਥੇ ਰਹਿਣ ਅਤੇ ਦਫਤਰ ਚਲਾਉਣ ਤੇ ਖਾਣੇ ਦੇ ਪ੍ਰਬੰਧ ਲਈ ਕੰਟੀਨ ਵੀ ਹੋਵੇ।

## ਪੁਲਿਸ ਜ਼ਿਆਦਤੀਆਂ ਖਿਲਾਫ ਦਖਲ ਮੰਗਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪੁਲਿਸ ਜ਼ਿਆਦਤੀਆਂ ਅਤੇ ਕਾਂਗਰਸੀ ਗੁੰਡਾਗਰਦੀ ਦੇ ਕੇਸਾਂ ਵਿਚ ਮੁੱਖ ਮੰਤਰੀ ਦਾ ਸਿੱਧਾ ਦਖਲ ਮੰਗਿਆ ਹੈ। ਪਾਰਟੀ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਮੁੱਖ ਮੰਤਰੀ ਸੂਬੇ ਦੇ ਡੀ. ਜੀ. ਪੀ. ਨੂੰ ਇਸ ਮਾਮਲੇ ਵਿਚ ਕਾਰਵਾਈ ਕਰਨ ਦੇ ਨਿਰਦੇਸ਼ ਦੇਣ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਖੰਨਾ ਵਿਚ ਇਕ ਵੀਡੀਓ ਸਾਹਮਣੇ ਆਈ ਹੈ ਜਿਸ ਵਿਚ ਪਿਉ-ਪੁੱਤਰ ਅਤੇ ਦਲਿਤ ਭਾਈਚਾਰੇ ਦੇ ਵਿਅਕਤੀ ਨੂੰ ਪੁਲਿਸ ਸਟੇਸ਼ਨ ਅੰਦਰ ਨੰਗਾ ਕਰਕੇ ਘੁੰਮਾਉਂਦੇ ਵਿਖਾਇਆ ਗਿਆ ਹੈ। ਸ੍ਰੀ ਮਜੀਠੀਆ ਨੇ ਕਿਹਾ ਕਿ ਜਦੋਂ ਪਟਿਆਲਾ ਵਿਚ ਏ. ਐਸ. ਆਈ. ਹਰਜੀਤ ਸਿੰਘ ਉਤੇ ਹਮਲਾ ਹੋਇਆ ਸੀ ਤਾਂ ਪੁਲਿਸ ਨੇ ਤੁਰਤ ਕਾਰਵਾਈ ਕੀਤੀ ਸੀ ਪਰ ਹੁਣ ਜਦੋਂ ਇਕ ਗੁਰਸਿੱਖ ਉਤੇ ਅੱਤਿਆਚਾਰ ਕੀਤਾ ਗਿਆ ਹੈ ਤਾਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਮੰਗ ਕੀਤੀ ਕਿ ਖੰਨਾ ਦੀ ਘਟਨਾ ਲਈ ਜ਼ਿੰਮੇਵਾਰ ਐਸ. ਐਚ. ਓ. ਨੂੰ ਬਰਖਾਸਤ ਕੀਤਾ ਜਾਵੇ।

## ਮੈਡੀਕਲ ਸਾਜ਼ੋ-ਸਮਾਨ ਲਈ 300 ਕਰੋੜ ਰੁਪਏ ਖਰਚੇਗੀ ਸਰਕਾਰ: ਮਨਪ੍ਰੀਤ



**ਜਲੰਧਰ:** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਵਿਚ ਕੋਵਿਡ-19 ਦੇ ਟਾਕਰੇ ਲਈ ਮੈਡੀਕਲ ਸਾਜ਼ੋ-ਸਮਾਨ ਉਤੇ 300 ਕਰੋੜ ਰੁਪਏ ਖਰਚੇ ਜਾ ਰਹੇ ਹਨ।

ਉਨ੍ਹਾਂ ਵੱਲੋਂ ਨਕੋਦਰ ਨੇੜੇ ਪਿੰਡ ਬਿੱਲੀ ਚਹਾਰਮੀ ਵਿਚ ਬਣਾਏ ਗਏ ਟੈਰੀਟਰੀ ਕੇਅਰ ਸੈਂਟਰ ਸ਼ੁਰੂ ਕਰਵਾਇਆ ਗਿਆ। ਇਸ ਮੌਕੇ ਉਨ੍ਹਾਂ ਨਾਲ ਜਲੰਧਰ ਤੋਂ ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ, ਵਿਧਾਇਕ ਪਰਗਟ ਸਿੰਘ ਅਤੇ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਵੀ ਮੌਜੂਦ ਸਨ। ਵਿੱਤ ਮੰਤਰੀ ਨੇ ਦਾਅਵਾ ਕੀਤਾ ਕਿ ਕੋਵਿਡ-19 ਮਹਾਮਾਰੀ ਨਾਲ ਟਾਕਰਾ ਕਰਨ ਲਈ ਸੂਬਾ ਸਰਕਾਰ ਕੋਲ ਫੰਡਾਂ ਦੀ ਕਮੀ ਨਹੀਂ ਹੈ।

ਅਪਰੈਲ, ਮਈ ਅਤੇ ਜੂਨ ਦੌਰਾਨ ਹਰ ਮਹੀਨੇ 100-100 ਕਰੋੜ ਦਾ ਮੈਡੀਕਲ ਸਾਜ਼ੋ-ਸਮਾਨ ਖਰੀਦਿਆ ਜਾਵੇਗਾ। ਉਨ੍ਹਾਂ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਇਸ ਔਖੀ ਘੜੀ ਵਿਚ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਹਰ ਉਪਰਾਲੇ ਕੀਤੇ ਜਾਣਗੇ। ਮੈਡੀਕਲ ਖੇਤਰ ਵੱਲੋਂ ਕਰੋਨਾ ਵਾਇਰਸ ਖਿਲਾਫ ਸ਼ਾਨਦਾਰ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ। ਮਨਪ੍ਰੀਤ ਬਾਦਲ ਨੇ ਦੱਸਿਆ ਕਿ ਪ੍ਰਸਿੱਧ ਸੁਤੰਤਰਤਾ ਸੈਨਾਨੀ ਸੰਤ ਵਰਿਆਮ ਸਿੰਘ ਦਾਹੀਆ ਦੇ ਨਾਂ ਉਤੇ ਬਣੇ ਹਸਪਤਾਲ ਵਿਚ ਅਤਿ ਆਧੁਨਿਕ ਸਾਜ਼ੋ-ਸਮਾਨ ਸਮੇਤ ਅਪਰੇਸ਼ਨ ਥੀਏਟਰ, ਐਕਸਰੇਅ ਰੂਮ ਅਤੇ ਹੋਰ ਸਹੂਲਤਾਂ ਉਪਲੱਬਧ ਹਨ।

## ਤਾਲਾਬੰਦੀ ਕਾਰਨ ਖਜਾਨੇ ਨੂੰ ਲੱਗੇਗਾ 22000 ਕਰੋੜ ਰੁਪਏ ਦਾ ਰਗੜਾ

**ਚੰਡੀਗੜ੍ਹ:** ਕੋਵਿਡ-19 ਮਹਾਂਮਾਰੀ ਕਰਕੇ ਦੇਸ਼ਵਿਆਪੀ ਲੌਕਡਾਊਨ ਤੇ ਸੂਬੇ ਵਿਚ ਆਇਦ ਕਰਫਿਊ ਕਾਰਨ ਸੂਬੇ ਦੀ ਵਿੱਤੀ ਹਾਲਤ ਕਾਫੀ ਖਰਾਬ ਹੋ ਗਈ ਹੈ। ਰਾਜ ਸਰਕਾਰ ਨੂੰ ਮੌਜੂਦਾ ਵਿੱਤੀ ਸਾਲ 2020-21 ਵਿਚ ਜਿਹੜਾ ਮਾਲੀਆ 88,000 ਕਰੋੜ ਰੁਪਏ ਆਉਣ ਦੀ ਆਸ ਸੀ, ਉਹ ਹੁਣ 66,000 ਕਰੋੜ ਰੁਪਏ ਹੀ ਮਿਲੇਗਾ। ਸੂਬੇ ਦੀ ਮਾਲੀ ਹਾਲਤ ਨੂੰ ਨਮੂਨਾ ਦੇਣ ਲਈ ਸਾਰੇ ਮੰਤਰੀਆਂ ਨੇ ਆਪਣੀ ਤਿੰਨ ਮਹੀਨਿਆਂ ਦੀ ਤਨਖਾਹ ਨਾ ਲੈਣ ਦਾ ਫੈਸਲਾ ਕੀਤਾ ਹੈ। ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਕਿਹਾ ਕਿ ਲੌਕਡਾਊਨ ਕਰਕੇ ਸੂਬੇ ਦਾ ਮੌਜੂਦਾ ਵਿੱਤੀ ਵਰ੍ਹੇ ਦਾ ਮਾਲੀਆ 22,000 ਕਰੋੜ ਰੁਪਏ ਘੱਟ ਮਿਲੇਗਾ। ਇਸ ਲਈ ਮਾਲੀਆ ਵਧਾਉਣ ਅਤੇ ਖਰਚੇ ਘਟਾਉਣ ਲਈ ਕਦਮ ਚੁੱਕਣ ਦੀ ਲੋੜ ਹੈ।

ਸੂਬੇ ਦੇ ਮੁੱਖ ਸਕੱਤਰ ਕਰਨ ਅਵਤਾਰ ਨੇ ਸੂਬਾ ਸਰਕਾਰ ਦੇ ਸਾਰੇ ਸਰਕਾਰੀ ਮੁਲਾਜ਼ਮਾਂ ਨੂੰ ਸਵੈ-ਇੱਛਾ ਨਾਲ ਆਪਣੀ ਤਨਖਾਹ ਦਾ ਇਕ ਹਿੱਸਾ ਸਰਕਾਰ ਨੂੰ ਦੇਣ ਦੀ ਅਪੀਲ ਕੀਤੀ ਹੈ। ਮੰਤਰੀਆਂ ਨੇ ਇਹ ਫੈਸਲਾ ਇਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਵਿੱਤੀ ਹਾਲਤ ਸਾਰੇ ਸਬ-ਕਮੇਟੀ ਦੀ ਮੀਟਿੰਗ ਵਿਚ ਲਿਆ। ਸੂਤਰਾਂ ਕੋਲੋਂ ਮਿਲੀ ਜਾਣਕਾਰੀ ਅਨੁਸਾਰ ਮੰਤਰੀਆਂ ਨੇ ਮੁੱਖ ਮੰਤਰੀ ਨੂੰ ਕਿਹਾ ਕਿ ਜਦੋਂ ਸੂਬੇ ਦੀ ਹਾਲਤ ਬਹੁਤ ਖਰਾਬ ਹੋ ਗਈ ਹੈ ਤਾਂ ਮੁਲਾਜ਼ਮਾਂ ਦੀਆਂ ਤਨਖਾਹਾਂ ਉਤੇ ਵੀ ਕੱਟ ਲਾਇਆ ਜਾਣਾ ਚਾਹੀਦਾ ਹੈ। ਮੁੱਖ ਮੰਤਰੀ ਸ਼ੁਰੂਆਤ ਵਿਚ ਇਸ ਰਾਇ ਨਾਲ ਸਹਿਮਤ ਨਹੀਂ ਸਨ, ਪਰ ਬਹੁਤੇ ਮੰਤਰੀ ਕੱਟ ਲਾਉਣ ਦੇ ਹੱਕ ਵਿਚ ਸਨ। ਇਸ ਮਗਰੋਂ ਫੈਸਲਾ ਹੋਇਆ ਕਿ ਮੁੱਖ ਸਕੱਤਰ ਸਾਰੇ ਸਰਕਾਰੀ ਮੁਲਾਜ਼ਮਾਂ, ਨਿਗਮਾਂ, ਬੋਰਡਾਂ ਅਤੇ ਸਥਾਨਕ ਸਰਕਾਰਾਂ ਦੇ ਮੁਲਾਜ਼ਮਾਂ ਨੂੰ ਅਪੀਲ ਕਰਨਗੇ ਕਿ ਉਹ ਸਵੈ-ਇੱਛਾ ਨਾਲ ਸਰਕਾਰ ਨੂੰ ਤਨਖਾਹ ਦਾ ਇਕ ਹਿੱਸਾ ਦੇਣ। ਮੰਤਰੀਆਂ ਦਾ ਤਰਕ ਸੀ ਕਿ ਤਿਲੰਗਾਨਾ ਸੂਬੇ ਦੀ ਵਿੱਤੀ ਹਾਲਤ ਪੰਜਾਬ ਨਾਲੋਂ ਕਿਤੇ ਬਿਹਤਰ ਹੈ ਤੇ ਉਸ ਨੇ ਤਨਖਾਹਾਂ ਵਿਚ ਵੱਡੀ ਕਟੌਤੀ ਕੀਤੀ ਹੈ ਤੇ ਸਾਨੂੰ ਵੀ ਕੱਟ ਲਾਉਣਾ ਚਾਹੀਦਾ ਹੈ।

ਮੁੱਖ ਸਕੱਤਰ ਨੇ ਮੁਲਾਜ਼ਮਾਂ ਨੂੰ ਸੁਝਾਅ ਦਿੱਤਾ ਕਿ 'ਏ' ਤੇ 'ਬੀ' ਗਰੇਡ ਦੇ ਮੁਲਾਜ਼ਮ ਆਪਣੀ ਇਕ ਮਹੀਨੇ ਦੀ ਤਨਖਾਹ ਦਾ 30 ਫੀਸਦ, 'ਸੀ' ਗਰੇਡ ਦੇ 20 ਫੀਸਦ ਅਤੇ 'ਡੀ' ਗਰੇਡ ਦੇ ਦਸ ਫੀਸਦ ਤਨਖਾਹ ਤਿੰਨ ਮਹੀਨਿਆਂ ਲਈ ਮੁੱਖ ਮੰਤਰੀ ਰਾਹਤ ਫੰਡ ਲਈ ਦੇਣ ਤਾਂ ਕਿ ਸੰਕਟ ਨਾਲ ਨਜਿੱਠਿਆ ਜਾ ਸਕੇ। ਸਮਝਿਆ ਜਾਂਦਾ ਹੈ ਕਿ ਜੇ ਮੁਲਾਜ਼ਮਾਂ ਨੇ ਸਹਿਮਤੀ ਨਾ ਦਿੱਤੀ ਤਾਂ ਰਾਜ ਸਰਕਾਰ ਵੱਲੋਂ ਤਨਖਾਹ 'ਚ ਕਟੌਤੀ ਬਾਰੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਬ ਕਮੇਟੀ ਦੀ ਮੀਟਿੰਗ 'ਚ ਹੋਰ ਸਾਧਨਾਂ ਤੋਂ ਮਾਲੀਆ ਵਧਾਉਣ ਲਈ ਵੀ ਵਿਚਾਰ ਵਟਾਂਦਰਾ ਕੀਤਾ ਗਿਆ ਕਿਉਂਕਿ ਮੌਜੂਦਾ ਸੰਕਟ ਅਜੇ ਕੁਝ ਹੋਰ ਮਹੀਨੇ ਜਾਰੀ ਰਹਿਣ ਦੀ ਸੰਭਾਵਨਾ ਹੈ। ਲੌਕਡਾਊਨ 3 ਮਈ ਤੋਂ ਵੀ ਅੱਗੇ ਵਧਣ ਦੇ ਆਸਾਰ ਹੋ ਸਕਦੇ ਹਨ। ਇਸ ਨਾਲ ਸੂਬੇ ਦੀ ਵਿੱਤੀ ਹਾਲਤ ਹੋਰ ਵਿਗੜ ਸਕਦੀ ਹੈ ਤੇ ਸਰਕਾਰ ਨੂੰ ਸਖਤ ਕਦਮ ਚੁੱਕਣ ਲਈ ਮਜਬੂਰ ਹੋਣਾ ਪੈ ਸਕਦਾ ਹੈ। ਇਸ ਬਾਰੇ ਇਕ ਹੋਰ ਮੀਟਿੰਗ ਜਲਦੀ ਹੋਵੇਗੀ ਜਿਸ 'ਚ ਵਿਭਾਗਾਂ ਦੇ ਖਰਚੇ ਘਟਾਉਣ ਤੇ ਮਾਲੀਆ ਜੁਟਾਉਣ ਬਾਰੇ ਸਖਤ ਫੈਸਲੇ ਲੈਣੇ ਪੈ ਸਕਦੇ ਹਨ।

## ਕਰੋਨਾ: ਕੇਂਦਰੀ ਫੰਡਾਂ ਦੇ ਮਾਮਲੇ 'ਤੇ ਘਿਰੀ ਕੈਪਟਨ ਸਰਕਾਰ

ਚੰਡੀਗੜ੍ਹ: ਕੇਂਦਰ ਸਰਕਾਰ ਵੱਲੋਂ ਰਾਜ ਆਫਤ ਪ੍ਰਬੰਧਨ ਫੰਡ (ਐਸ. ਡੀ. ਆਰ. ਐਮ. ਐਫ.) ਵਿਚੋਂ 886 ਕਰੋੜ ਰੁਪਏ ਮਿਲਣ ਦੇ ਬਾਵਜੂਦ ਪੰਜਾਬ ਦੀ ਹਕੂਮਤ ਕਰੋਨਾ ਦੇ ਇਲਾਜ ਅਤੇ ਬਚਾਅ ਦੇ ਉਪਰਾਲੇ ਤਾਂ ਦੂਰ ਲੋੜਵੰਦਾਂ ਤੱਕ ਪੂਰਾ ਰਾਸ਼ਨ ਵੀ ਨਹੀਂ ਪਹੁੰਚਾ ਸਕੀ। ਕਰੋਨਾ ਨਾਲ ਜੂਝ ਰਹੇ ਸਿਹਤ ਅਮਲੇ ਨੂੰ ਸੁਰੱਖਿਆ ਕਿੱਟਾਂ ਖਾਤਰ ਨਾਅਰੇਬਾਜ਼ੀ ਕਰਨੀ ਪੈ ਰਹੀ ਹੈ। ਸੂਤਰਾਂ ਅਨੁਸਾਰ ਸੂਬੇ ਵਿਚ ਪਿਛੇ ਜਿਹੇ ਕਰੀਬ 30 ਫੀਸਦੀ ਰਾਸ਼ਨ ਕਾਰਡ ਕੱਟੇ ਜਾ ਚੁੱਕੇ ਹਨ, ਜਿਸ ਕਰਕੇ ਸਰਕਾਰੀ ਕਣਕ ਦਾ ਸਹਾਰਾ ਤੱਕਦੇ ਲੋਕਾਂ ਉਤੇ ਮਹਾਮਾਰੀ ਦੋਹਰੀ ਮਾਰ ਬਣ ਕੇ ਡਿੱਗੀ ਹੈ।

ਕੇਂਦਰੀ ਗ੍ਰਹਿ ਮੰਤਰੀ ਵੱਲੋਂ ਸੂਬਿਆਂ ਲਈ ਐਸ.ਡੀ.ਆਰ.ਐਮ.ਐਫ. ਦੀ ਪਹਿਲੀ ਕਿਸ਼ਤ ਵਜੋਂ 11,092 ਕਰੋੜ ਰੁਪਏ ਜਾਰੀ ਕੀਤੇ ਗਏ ਹਨ, ਜਿਸ ਵਿਚੋਂ ਪੰਜਾਬ ਦੇ ਹਿੱਸੇ 886 ਕਰੋੜ ਦੀ ਰਕਮ ਆਈ ਹੈ। ਇਸ ਕੇਂਦਰੀ ਫੰਡ ਬਾਰੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਸੋਸ਼ਲ ਮੀਡੀਆ ਉਤੇ ਮੁਖਾਤਬ ਹੋ ਕੇ ਜਾਣਕਾਰੀ ਸਾਂਝੀ ਕੀਤੀ ਹੈ। ਕੇਂਦਰੀ ਮੰਤਰੀ ਨੇ ਪੰਜਾਬ ਦੇ ਸਾਰੇ ਨਾਗਰਿਕਾਂ ਦੀਆਂ ਰੋਜ਼ਾਨਾ ਲੋੜਾਂ ਸਮੇਤ ਕਿਸਾਨਾਂ, ਔਰਤਾਂ, ਬਜ਼ੁਰਗਾਂ ਅਤੇ ਦਿਵਿਆਂਗ ਲੋਕਾਂ ਦੀ ਆਰਥਿਕ ਸਹਾਇਤਾ ਲਈ ਵੀ ਕੇਂਦਰੀ



ਯੋਜਨਾਵਾਂ ਦਾ ਜ਼ਿਕਰ ਕੀਤਾ ਹੈ। ਕੇਂਦਰ ਤੋਂ ਫੰਡ ਮਿਲਣ ਦੇ ਬਾਵਜੂਦ ਕੈਪਟਨ ਸਰਕਾਰ ਵੱਲੋਂ ਪਿੰਡਾਂ ਵਿਚ ਪੰਚਾਇਤਾਂ ਕੋਲ ਸਿਰਫ ਦਸ ਫੀਸਦੀ ਗਰੀਬਾਂ ਲਈ ਬਿਨਾਂ ਲੂਣ, ਮਿਰਚ ਵਾਲੇ ਰਾਸ਼ਨ ਦੀਆਂ ਕਿੱਟਾਂ ਪਹੁੰਚਾਈਆਂ ਜਾ ਰਹੀਆਂ ਹਨ। ਲੰਬੀ ਹਲਕੇ ਦੇ ਪਿੰਡ ਰਾਣੀਵਾਲੀ 'ਚ ਸਿਰਫ 7-8 ਰਾਸ਼ਨ ਕਿੱਟਾਂ ਵੰਡਣ ਲਈ ਭੇਜੀਆਂ ਗਈਆਂ। ਸਰਪੰਚ ਜਸਬੀਰ ਸਿੰਘ ਰਾਣੀਵਾਲਾ ਨੇ ਕਿਹਾ ਕਿ ਉਹ ਇਹ ਸੱਤ-ਅੱਠ ਕਿੱਟਾਂ ਕਿਸ ਨੂੰ ਦੇਵੇ ਅਤੇ ਕਿਸ ਨੂੰ ਛੱਡੇ। ਇਸ ਸਭ ਵਿਚਕਾਰ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੱਲੋਂ 886 ਕਰੋੜ ਦੇ ਰਾਜ ਆਫਤ ਪ੍ਰਬੰਧਨ ਫੰਡ ਦੀ ਜਾਣਕਾਰੀ ਸਾਂਝੀ ਕਰਨ ਮਗਰੋਂ ਕੈਪਟਨ ਸਰਕਾਰ ਸਿੱਧੇ ਤੌਰ 'ਤੇ ਜਨਤਕ ਜਵਾਬਦੇਹੀ ਦੇ ਘੇਰੇ ਵਿਚ ਆ ਗਈ ਹੈ।

## ਕੇਂਦਰ ਤੋਂ ਕੋਈ ਪੈਸਾ ਨਹੀਂ ਮਿਲਿਆ: ਕੈਪਟਨ

**ਚੰਡੀਗੜ੍ਹ:** ਕੋਵਿਡ-19 ਨਾਲ ਨਜਿੱਠਣ ਵਾਸਤੇ ਕੇਂਦਰ ਵੱਲੋਂ ਸੂਬੇ ਨੂੰ ਰਾਹਤ ਦੇਣ ਦੇ ਕੀਤੇ ਗਏ ਦਾਅਵੇ ਨੂੰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਹਰਸਿਮਰਤ ਬਾਦਲ ਦੀ ਟਵੀਟ, ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਪੰਜਾਬ ਨੂੰ ਕੋਵਿਡ-19 ਸੰਕਟ ਨਾਲ ਲੜਨ ਵਾਸਤੇ ਕੇਂਦਰ ਤੋਂ ਫੰਡ ਅਤੇ ਗਰਾਂਟ ਮਿਲੇ ਹਨ, ਦੇ ਜਵਾਬ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸੂਚਨਾ ਬਿਲਕੁਲ ਗਲਤ ਹੈ। ਉਨ੍ਹਾਂ ਕਿਹਾ ਕਿ ਸੂਬੇ ਨੂੰ ਕੇਂਦਰ ਸਰਕਾਰ ਪਾਸੋਂ ਕੋਵਿਡ-19 ਖਿਲਾਫ ਨਜਿੱਠਣ ਵਾਸਤੇ ਕੋਈ ਪੈਸਾ ਨਹੀਂ ਮਿਲਿਆ। ਜਿਹੜਾ ਉਨ੍ਹਾਂ ਵੱਲੋਂ 2,366 ਕਰੋੜ ਰੁਪਏ ਦਾ ਜ਼ਿਕਰ ਕੀਤਾ ਗਿਆ ਹੈ, ਉਹ ਜੀ.ਐਸ.ਟੀ. ਦੇ ਹਿੱਸੇ ਵਜੋਂ ਸੂਬੇ ਦਾ ਬਕਾਇਆ ਪੈਸਾ ਸੀ। ਇਥੋਂ ਤੱਕ ਕਿ ਹਾਲੇ ਵੀ ਸੂਬੇ ਦਾ 4,400 ਕਰੋੜ ਰੁਪਏ ਕੇਂਦਰ ਸਰਕਾਰ ਕੋਲ ਬਕਾਇਆ ਪਿਆ ਹੈ।

## ਕਰੋਨਾ ਨਾਲ ਏ. ਸੀ. ਪੀ. ਕੋਹਲੀ ਦੀ ਮੌਤ

**ਚੰਡੀਗੜ੍ਹ:** ਪੰਜਾਬ ਵਿਚ ਕਰੋਨਾ ਵਾਇਰਸ ਨਾਲ ਮੌਤਾਂ ਦਾ ਸਿਲਸਿਲਾ ਜਾਰੀ ਹੈ। ਲੁਧਿਆਣਾ ਵਿਚ ਪੰਜਾਬ ਪੁਲਿਸ ਦੇ ਏ. ਸੀ. ਪੀ. ਅਨਿਲ ਕੋਹਲੀ ਦੀ ਮੌਤ ਹੋ ਗਈ।

ਪੰਜਾਬ ਵਿਚ ਏ. ਸੀ. ਪੀ. ਦੀ ਮੌਤ ਨੂੰ ਸੂਬੇ ਵਿਚ ਪਹਿਲੇ ਕਿਸੇ ਗਜ਼ਟਿਡ ਅਫਸਰ ਦੀ ਮੌਤ ਮੰਨਿਆ ਜਾ ਰਿਹਾ ਹੈ। ਪੰਜਾਬ ਦੇ ਉਨ੍ਹਾਂ ਪਿੰਡਾਂ ਵਿਚ ਵੀ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ ਜਿਨ੍ਹਾਂ ਵਿਚ ਮ੍ਰਿਤਕ ਏ. ਸੀ. ਪੀ. ਦੇ ਅੰਗ ਰੱਖਿਅਕਾਂ ਨੂੰ ਪੁਲਿਸ ਉਨ੍ਹਾਂ ਦੇ ਘਰ ਛੱਡ ਕੇ ਆਈ ਸੀ।

ਇਨ੍ਹਾਂ ਵਿਚੋਂ ਫਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧਤ ਇਕ ਕਰਮਚਾਰੀ ਵਿਚ ਲਾਗ ਦੇ ਲੱਛਣ ਸਾਹਮਣੇ ਆ ਚੁੱਕੇ ਹਨ ਅਤੇ ਪੂਰੇ ਪਿੰਡ ਨੂੰ ਪੁਲਿਸ ਦੀ ਗਲਤੀ ਹੋਣ ਕਰਕੇ ਸੀਲ ਕਰ ਦਿੱਤਾ ਗਿਆ ਹੈ। ਸਿਹਤ ਵਿਭਾਗ ਮੁਤਾਬਕ 31 ਵਿਅਕਤੀਆਂ ਨੇ ਇਸ ਵਾਇਰਸ ਤੋਂ ਨਿਜਾਤ ਹਾਸਲ ਕੀਤੀ ਹੈ ਅਤੇ ਦੋ ਮਰੀਜ਼ਾਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਪੰਜਾਬ ਦੇ 19 ਜ਼ਿਲ੍ਹਿਆਂ ਤੱਕ ਇਹ ਵਾਇਰਸ ਹੁਣ ਤੱਕ ਪੈਰ ਪਸਾਰ ਚੁੱਕਾ ਹੈ ਅਤੇ ਪਿਛਲੇ ਦੋ ਹਫਤਿਆਂ ਤੋਂ ਮਰੀਜ਼ਾਂ ਦੀ ਗਿਣਤੀ ਵਿਚ ਲਗਾਤਾਰ ਵੱਡਾ ਵਾਧਾ ਦਰਜ ਕੀਤਾ ਜਾ ਰਿਹਾ ਹੈ।

# ਕਰੋਨਾ ਵਾਇਰਸ ਦੇ ਸੰਕਟ ਨੇ ਸ਼੍ਰੋਮਣੀ ਕਮੇਟੀ ਦਾ ਬਜਟ ਹਿਲਾਇਆ

**ਅੰਮ੍ਰਿਤਸਰ:** ਕਰੋਨਾ ਵਾਇਰਸ ਕਾਰਨ ਜਿਥੇ ਵਿਸ਼ਵ ਦੀ ਆਰਥਿਕਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ, ਉਥੇ ਦੇਸ਼ ਵਿਦੇਸ਼ 'ਚ ਲੌਕਡਾਊਨ ਤੇ ਪੰਜਾਬ 'ਚ ਤਿੰਨ ਹਫਤਿਆਂ ਤੋਂ ਚੱਲ ਰਹੇ ਕਰਫਿਊ ਦਾ ਅਸਰ ਸ੍ਰੀ ਹਰਿਮੰਦਰ ਸਾਹਿਬ ਸਮੇਤ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਦੀ ਦੇਖ-ਰੇਖ ਕਰਨ ਵਾਲੀ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਦੇ ਬਜਟ ਉਤੇ ਵੀ ਪੈਂਦਾ ਪ੍ਰਤੱਖ ਨਜ਼ਰ ਆ ਰਿਹਾ ਹੈ।

ਸ਼੍ਰੋਮਣੀ ਕਮੇਟੀ ਜੋ ਕਿ ਆਪਣੇ ਪ੍ਰਬੰਧ ਹੇਠਲੇ ਉਕਤ ਰਾਜਾਂ ਵਿਚਲੇ 80 ਤੋਂ ਵਧੇਰੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਤੋਂ ਇਲਾਵਾ ਆਪਣੇ ਵੱਖ-ਵੱਖ ਅਦਾਰਿਆਂ ਰਾਹੀਂ ਵਿਦਿਅਕ ਅਤੇ ਸਿਹਤ ਸੇਵਾਵਾਂ ਵੀ ਪ੍ਰਦਾਨ ਕਰ ਰਹੀ ਹੈ, ਦਾ ਸੰਗਤਾਂ ਦੀ ਆਮਦ ਤੇ ਗੁਰੂ ਕੀ ਗੋਲਕ ਦਾ ਚੜ੍ਹਾਵਾ ਘਟਣ ਕਰਨ ਆਪਣਾ ਸਾਲਾਨਾ ਬਜਟ ਵੀ ਡਾਵਾਂਡੋਲ ਹੋ ਰਿਹਾ ਹੈ। ਸ਼੍ਰੋਮਣੀ ਕਮੇਟੀ ਵਲੋਂ ਕਰਫਿਊ ਦੌਰਾਨ ਪਿਛਲੇ ਤਿੰਨ ਹਫਤਿਆਂ ਤੋਂ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਘਰ ਗੁਰੂ ਰਾਮਦਾਸ ਸਮੇਤ ਹੋਰਨਾਂ ਗੁਰਦੁਆਰਾ ਸਾਹਿਬਾਨ ਤੋਂ ਲੱਖਾਂ ਗਰੀਬਾਂ ਤੇ ਲੋੜਵੰਦਾਂ ਨੂੰ ਲੰਗਰ ਮੁਹੱਈਆ ਕਰਾਉਣ ਦੀ ਮੁਹਿੰਮ ਵੀ ਚਲਾਈ ਜਾ ਰਹੀ ਹੈ, ਜਿਸ 'ਤੇ ਵੱਡੀ ਰਕਮ ਖਰਚ ਹੋ ਰਹੀ ਹੈ।

ਪ੍ਰਾਪਤ ਵੇਰਵਿਆਂ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਮ ਦਿਨਾਂ 'ਚ ਜਦੋਂ ਲੱਖਾਂ ਸ਼ਰਧਾਲੂ ਦਰਸ਼ਨ ਕਰਨ ਪੁੱਜਦੇ ਸਨ ਤਾਂ ਕੇਵਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੀ ਰੋਜ਼ਾਨਾ ਔਸਤਨ 30 ਤੋਂ 35 ਲੱਖ ਦਾ ਚੜ੍ਹਾਵਾ ਸੰਗਤਾਂ ਵਲੋਂ ਗੁਰੂ ਕੀ ਗੋਲਕ ਵਿਚ ਭੇਟ ਕੀਤਾ ਜਾਂਦਾ ਸੀ ਤੇ ਪ੍ਰਬੰਧਕਾਂ ਨੂੰ ਦਿਨ ਵਿਚ 3 ਤੋਂ 6 ਵਾਰ ਸ੍ਰੀ ਹਰਿਮੰਦਰ ਸਾਹਿਬ ਦੀ ਗੋਲਕ ਬਦਲਣੀ ਪੈਂਦੀ ਸੀ। ਇਸ ਤੋਂ ਇਲਾਵਾ ਇਸ ਪਾਵਨ ਅਸਥਾਨ ਵਿਖੇ ਕੜਾਹ ਪ੍ਰਸ਼ਾਦ ਦੀ ਭੇਟਾ ਵਜੋਂ ਵੀ ਰੋਜ਼ਾਨਾ ਔਸਤਨ 3 ਤੋਂ 5 ਲੱਖ ਰੁਪਏ ਦੀ ਭੇਟਾ ਜਮਾਂ ਹੁੰਦੀ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਹੁਣ ਸੰਗਤਾਂ ਦੀ ਆਮਦ ਘਟਣ ਨਾਲ ਗੁਰੂ ਕੀ ਗੋਲਕ ਕਰੀਬ ਦਸ ਦਿਨਾਂ ਤੋਂ ਨਹੀਂ ਬਦਲੀ ਗਈ ਤੇ ਕੜਾਹ ਪ੍ਰਸ਼ਾਦ ਦੀ ਭੇਟਾ ਵੀ ਔਸਤਨ 7 ਤੋਂ 10 ਹਜ਼ਾਰ ਰੁਪਏ ਹੀ ਰਹਿ ਗਈ ਹੈ। ਅੰਮ੍ਰਿਤਸਰ ਸ਼ਹਿਰ ਵਿਖੇ ਸਥਿਤ ਗੁਰਦੁਆਰਾ ਸ਼ਹੀਦਗੰਜ ਬਾਬਾ ਦੀਪ ਸਿੰਘ ਜੀ ਵਿਖੇ ਰੋਜ਼ ਹਜ਼ਾਰਾਂ ਸੰਗਤਾਂ ਦਰਸ਼ਨ ਕਰਨ ਪੁੱਜਦੀਆਂ ਸਨ ਤੇ ਇਥੋਂ ਦੀ ਗੋਲਕ ਵੀ ਹਫਤੇ ਬਾਅਦ 30 ਲੱਖ ਤੋਂ ਵਧੇਰੇ ਦੀ ਹੁੰਦੀ ਸੀ, ਪਰ ਹੁਣ ਇਥੇ ਵੀ ਸੰਗਤਾਂ ਦੀ ਹਾਜ਼ਰੀ ਕਰਫਿਊ ਜਾਂ ਪੁਲਿਸ ਪ੍ਰਸ਼ਾਸਨ ਵਲੋਂ ਸਖਤੀ ਕੀਤੇ ਜਾਣ ਕਾਰਣ ਨਾਮਾਤਰ ਹੀ ਰਹਿ ਗਈ ਹੈ, ਜਿਸਦਾ ਸਿੱਧਾ ਅਸਰ ਗੋਲਕ ਦੇ ਚੜ੍ਹਾਵੇ ਉਤੇ ਪੈ ਰਿਹਾ ਹੈ।

ਸ਼੍ਰੋਮਣੀ ਕਮੇਟੀ ਦੀ ਜਿਥੇ ਆਮਦਨ ਘਟ ਕੇ ਨਾਮਾਤਰ ਰਹਿ ਗਈ ਹੈ, ਉਥੇ ਕਮੇਟੀ ਵਲੋਂ ਰੋਜ਼ਾਨਾ ਲੱਖਾਂ ਲੋਕਾਂ ਨੂੰ ਲੰਗਰ ਛਕਾਉਣ ਲਈ ਵੱਖ ਵੱਖ ਟੀਮਾਂ ਭੇਜੀਆਂ ਜਾ ਰਹੀਆਂ ਹਨ ਜਿਸ ਉਤੇ ਵੱਡਾ ਖਰਚ ਹੋ ਰਿਹਾ ਹੈ। ਦੱਸਿਆ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਦੀ ਆਪਣੀ ਆਰਥਿਕ ਸਥਿਤੀ ਵੀ ਡਾਵਾਂਡੋਲ ਹੈ ਤੇ ਉਸ ਨੂੰ ਆਪਣੇ ਕਰੀਬ 11 ਹਜ਼ਾਰ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ 'ਚ ਮੁਸ਼ਕਲ ਆ ਸਕਦੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੀਆਂ ਯੂਨੀਵਰਸਿਟੀਆਂ ਸਮੇਤ ਮੈਡੀਕਲ ਤੇ ਵਿਦਿਅਕ ਅਦਾਰਿਆਂ ਦੇ ਵੀ ਇੰਨੇ ਕੁ ਹੀ ਸਟਾਫ ਨੂੰ ਤਨਖਾਹਾਂ ਜਾਰੀ ਕਰਨ ਵਿਚ ਔਕੜਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਸ਼੍ਰੋਮਣੀ ਕਮੇਟੀ ਨੇ ਲੰਗਰ ਵੰਡਣ ਤੋਂ ਹੱਥ ਪਿੱਛੇ ਖਿੱਚਿਆ

**ਅੰਮ੍ਰਿਤਸਰ:** ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਲੰਗਰ ਵਰਤਾਉਣ ਵਾਲਿਆਂ ਉਤੇ ਸਖਤੀ ਕੀਤੇ ਜਾਣ ਮਗਰੋਂ ਸ਼੍ਰੋਮਣੀ ਕਮੇਟੀ ਨੇ ਲੰਗਰ ਵੰਡਣ ਦੀ ਸੇਵਾ ਤੋਂ ਹੱਥ ਪਿੱਛੇ ਖਿੱਚਣਾ ਸ਼ੁਰੂ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਹੁਣ ਤਕ ਪੰਜਾਬ, ਹਰਿਆਣਾ ਤੇ ਹਿਮਾਚਲ ਦੇ ਲਗਭਗ 80 ਗੁਰਦੁਆਰਿਆਂ 'ਚੋਂ ਲੰਗਰ ਤਿਆਰ ਕਰ ਕੇ ਤਕਰੀਬਨ ਦੋ ਲੱਖ ਵਿਅਕਤੀਆਂ ਨੂੰ ਰੋਜ਼ਾਨਾ ਲੰਗਰ ਮੁਹੱਈਆ ਕਰ ਰਹੀ ਸੀ। ਹਾਲ ਹੀ ਵਿਚ ਲੰਗਰ ਵਰਤਾਉਣ ਵਾਲੇ ਇਕ ਵਿਅਕਤੀ ਦੇ ਕਰੋਨਾ ਪੀੜਤ ਹੋਣ ਮਗਰੋਂ ਸਰਕਾਰ ਅਤੇ ਪ੍ਰਸ਼ਾਸਨ ਨੇ ਲੰਗਰ ਵੰਡਣ ਵਾਲਿਆਂ ਉਤੇ ਸਖਤੀ ਕੀਤੀ ਹੈ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਵੀ ਲੰਗਰ ਵੰਡਣ ਦੀ ਸੇਵਾ ਵਿਚ ਕੁਝ ਕਟੌਤੀ ਕਰ ਦਿੱਤੀ ਹੈ। ਇਥੇ ਸ੍ਰੀ ਹਰਿਮੰਦਰ ਸਾਹਿਬ ਤੋਂ ਬਣ ਕੇ ਵੰਡਿਆ ਜਾਣ ਵਾਲਾ ਲੰਗਰ ਲਗਭਗ ਬੰਦ ਕਰ ਦਿੱਤਾ ਗਿਆ ਹੈ। ਹੁਣ ਇਹ ਸਿਰਫ ਲੰਗਰ ਹਾਲ ਵਿੱਚ ਆਈ ਸੰਗਤ ਜਾਂ ਇਥੇ ਪਹੁੰਚਦੇ ਲੋੜਵੰਦਾਂ ਦੇ ਪਰਿਵਾਰਾਂ ਲਈ ਦਿੱਤਾ ਜਾਂਦਾ ਹੈ।


Singh Tax & Accounting Services LLC.

Individual & Business Taxes, Accounting, Payroll & Financial Consulting Services.

Please contact us to File Individual, Partnership, Corporation and Modified Tax Returns, Consultation for tax matters. Notary Public Services & response to IRS Tax matters services.

ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ

ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ

Ph: 248-982-2036



Mohan Singh
M.COM, MBA (Finance), ACA
Master in Taxation.
IRS Enrolled agent,
Notary Public

Office Locations
Michigan: 38565 Joy Rd, Westland, MI 48185
Minnesota: 6043 Hudson Rd, Suite#399A Woodbury, Minnesota 55125

Email : jhand_mohan@yahoo.com; www.SinghTaxServices.com


## ਮਾਸਕ ਨਾ ਪਾਉਣ ਵਾਲਿਆਂ ਖਿਲਾਫ ਸਖਤੀ ਹੋਵੇਗੀ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਨਤਕ ਤੌਰ ਉਤੇ ਮਾਸਕ ਦੀ ਵਰਤੋਂ ਨੂੰ ਸਖਤੀ ਨਾਲ ਲਾਗੂ ਕਰਨ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਨਾਲ ਹੀ ਪੁਲਿਸ ਨੂੰ ਕਿਹਾ ਕਿ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ ਅਤੇ ਚਲਾਨ ਕੱਟੇ ਜਾਣ।

ਸੂਬੇ ਵਿਚ ਕੋਵਿਡ-19 ਦੀ ਸਥਿਤੀ ਬਾਰੇ ਸਮੀਖਿਆ ਕਰਨ ਲਈ ਕੀਤੀ ਗਈ ਵੀਡੀਓ ਕਾਨਫਰੰਸ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਮਹਾਮਾਰੀ ਨੂੰ ਫੈਲਣ ਤੋਂ ਰੋਕਣ ਲਈ ਹਰ ਨਾਗਰਿਕ ਘਰ ਤੋਂ ਬਾਹਰ ਨਿਕਲਣ ਲੱਗਿਆਂ ਮਾਸਕ ਦੀ ਵਰਤੋਂ ਜ਼ਰੂਰ ਕਰੇ ਅਤੇ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਨ ਵਿਚ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਮਾਲ ਵਿਭਾਗ ਦੇ ਅਧਿਕਾਰੀ ਦੀ ਮੌਤ ਦੇ ਮੱਦੇਨਜ਼ਰ ਮੁੱਖ ਮੰਤਰੀ ਨੇ ਕੋਵਿਡ-19 ਖਿਲਾਫ ਮੂਹਰਲੀ ਕਤਾਰ ਵਿਚ ਡਟੇ ਮੁਲਾਜ਼ਮਾਂ, ਜਿਨ੍ਹਾਂ ਵਿਚ ਸਿਹਤ, ਖੇਤੀਬਾੜੀ, ਪੁਲਿਸ ਤੇ ਮਾਲ ਵਿਭਾਗ ਦਾ ਸਟਾਫ ਸ਼ਾਮਲ ਹੈ, ਦੀ ਸੁਰੱਖਿਆ ਯਕੀਨੀ ਬਣਾਉਣ ਲਈ ਵੀ ਸਖਤ ਹਦਾਇਤਾਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਸਾਰਿਆਂ ਨੂੰ ਪੀਪੀਈ ਕਿੱਟਾਂ ਮੁਹੱਈਆ ਕਰਵਾਉਣ ਦੇ ਨਾਲ ਹੋਰ ਜ਼ਰੂਰੀ ਇਹਤਿਆਤੀ ਕਦਮ ਵੀ ਚੁੱਕੇ ਜਾਣ।

## ਸਿੱਧੂ ਨੇ ਬਿਨਾ ਮਾਸਕ ਪਾਏ ਰਾਸ਼ਨ ਵੰਡਿਆ

**ਅੰਮ੍ਰਿਤਸਰ:** ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ ਵੀ ਆਪਣੇ ਹਲਕੇ ਵਿਚ ਬਿਨਾ ਮਾਸਕ ਪਾਏ ਰਾਸ਼ਨ ਵੰਡਿਆ। ਇਸ ਤੋਂ ਪਹਿਲਾਂ ਵੀ ਉਨ੍ਹਾਂ ਵੱਲੋਂ ਕਈ ਵਾਰ ਬਿਨਾਂ ਮਾਸਕ ਪਾਏ ਹੀ ਰਾਸ਼ਨ ਵੰਡਿਆ ਗਿਆ ਹੈ। ਇਸ ਸਬੰਧੀ ਖਬਰਾਂ ਵੀ ਛਪੀਆਂ ਪਰ ਸਿੱਧੂ ਵੱਲੋਂ ਇਨ੍ਹਾਂ ਨੂੰ ਅਣਗੌਲਿਆ ਕਰ ਦਿੱਤਾ ਗਿਆ। ਇਥੇ ਰਣਜੀਤ ਐਵੇਨਿਊ ਵਿਚ ਉਨ੍ਹਾਂ ਨੇ ਆਪਣੀ ਟੀਮ ਨਾਲ ਮੁਲਾਕਾਤ ਕੀਤੀ ਅਤੇ ਮੈਂਬਰਾਂ ਦੀਆਂ ਵੱਖ-ਵੱਖ ਇਲਾਕਿਆਂ ਵਿਚ ਰਾਸ਼ਨ ਵੰਡਣ ਦੀਆਂ ਡਿਊਟੀਆਂ ਲਾਈਆਂ। ਉਹ ਆਪ ਵੀ ਕੁਝ ਥਾਵਾਂ 'ਤੇ ਰਾਸ਼ਨ ਵੰਡਣ ਗਏ ਪਰ ਉਨ੍ਹਾਂ ਨੇ ਇਸ ਸਾਰੀ ਕਾਰਵਾਈ ਦੌਰਾਨ ਕਿਸੇ ਵੀ ਥਾਂ ਉਤੇ ਮਾਸਕ ਨਹੀਂ ਪਾਇਆ।


SERVING
Wisconsin & Illinois State

Residential or Commercial
Buying, Selling, Renting or Investing

Buy thru us Get Best Service
+ Thousands of Dollars cash back.

Buying: Have access to more than 60 websites to find your dream home or future investment!

New constructions homes-Get 60% cash back.
Affordable Listing Commission.

Selling: Your listing will be posted to 60 websites and 80 interconnected websites as well as on social media. Have opportunities to market through Pro-photo, Video Open Houses and many more options!




For the best deal call:
Jesse Singh (e-PRO, SFR , CIAS)
Broker/Realtor
Cell: 847-606-3664
Email: jsingh@remax.net
Web Site: jsingh.illinoisproperty.com

12 years experience (Full time service)
Sold: #780 Homes and #82 Commercials.

RE/MAX COMMERCIAL · RE/MAX PLATINUM CLUB · e-PRO · REALTOR · SFR SHORT SALES & FORECLOSURE RESOURCE · CIAS Certified Investor Agent Specialist





Madan Khatri

Want to Buy/Sell Homes, THs, Condos!

Call Madan Khatri

Ph: 847-530-1550

www.PropertyZoo.com

CALL TO BUY / SELL HOME TODAY!

Top Producer at the office in 2011-2013-2014

*****A Broker who can work with you from Beginning to End, Call Now!!!*****

BERKSHIRE HATHAWAY BH HS HOMESERVICES

BHHS American Heritage
1010 Rohwing Road, Elk Grove Village, IL



Personalized Service-Committed To Quality

Solutions Financial Mortgage Company

Purchase & Refinance Your Home Loans



Cell 312-608-0006

2700 Patriot Blvd., Suite 110
Glenview IL 60026. Direct 312-608-0006
Office: 847-834-0100, Fax: 847-834-0106

AMRIK P. SINGH
Mortgage Loan Originator
NMLS # 232904

Illinois Residential Mortgage Licensee.

Email: asingh@gosfmc.com
Web: www.gosfmc.com

# ਕੋਵਿਡ-19 ਸੰਕਟ ਦੌਰਾਨ ਸਿੱਖ ਰਿਲੀਜੀਅਸ ਸੁਸਾਇਟੀ ਦੀ ਸਰਗਰਮੀ

**ਸ਼ਿਕਾਗੋ (ਬਿਊਰੋ):** ਕੋਵਿਡ-19 ਕਾਰਨ ਪੈਦਾ ਹੋਏ ਹਾਲਾਤ ਅਤੇ ਲੌਕਡਾਊਨ ਦੇ ਮੱਦੇਨਜ਼ਰ ਸਥਾਨਕ ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਨੇ ਭਾਈਚਾਰੇ ਦੀ ਮਦਦ ਲਈ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਇਸ ਮੌਕੇ 70 ਵਾਲੰਟੀਅਰਾਂ ਦੀ ਟੀਮ ਬਣਾਈ ਗਈ ਹੈ, ਜਿਸ ਵਿਚ ਮੈਡੀਕਲ ਮਾਹਰ ਵੀ ਸ਼ਾਮਲ ਹਨ। ਇਹ ਟੀਮ ਪਿਛਲੇ ਇਕ ਮਹੀਨੇ ਤੋਂ ਲਗਾਤਾਰ ਕੰਮ ਕਰ ਰਹੀ ਹੈ। ਇਹ ਟੀਮ ਸਿੱਖ ਭਾਈਚਾਰੇ ਦੇ ਨਾਲ-ਨਾਲ ਸਥਾਨਕ ਭਾਈਚਾਰਿਆਂ ਤਕ ਵੀ ਪਹੁੰਚ ਕਰ ਰਹੀ ਹੈ।



ਇਹ ਟੀਮ ਬਜ਼ੁਰਗਾਂ ਨੂੰ ਮੈਡੀਕਲ ਮਦਦ ਅਤੇ ਸਲਾਹ ਦੇ ਰਹੀ ਹੈ। ਖਾਣੇ ਅਤੇ ਡਿਲਿਵਰੀ ਸੇਵਾਵਾਂ ਹਰ ਹਫਤੇ ਦਿੱਤੀਆਂ ਜਾ ਰਹੀਆਂ ਹਨ। ਦਵਾਈ ਵਗੈਰਾ ਦਾ ਆਰਡਰ ਦੇਣਾ ਤੇ ਇਸ ਦੀ ਡਿਲਿਵਰੀ, ਫਸੇ ਹੋਏ ਵਿਅਕਤੀਆਂ/ਬਜ਼ੁਰਗਾਂ ਨੂੰ ਬਣਿਆ ਹੋਇਆ ਖਾਣਾ ਮੁਹੱਈਆ ਕਰਵਾਇਆ ਜਾ ਰਿਹਾ ਹੈ। ਹਰ ਸਨਿਚਰਵਾਰ 250-300 ਬੇਘਰਿਆਂ ਨੂੰ ਖਾਣਾ ਭੇਜਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਆਰਜ਼ੀ ਘਰਾਂ ਵਿਚ ਰਹਿੰਦੇ 70 ਬੇਘਰਿਆਂ ਨੂੰ ਘਰ-ਘਰ ਜਾ ਕੇ ਖਾਣਾ ਦਿੱਤਾ ਜਾ ਰਿਹਾ ਹੈ।

ਸੁਸਾਇਟੀ ਅਨੁਸਾਰ ਪੈਲਾਟਾਈਨ ਅਤੇ ਪ੍ਰਾਸਪੈਕਟ ਹਾਈਟਸ ਪੁਲਿਸ ਸਟੇਸ਼ਨ ਦੇ ਕਰਮਚਾਰੀਆਂ ਨੂੰ ਪਿਜ਼ਾ ਜਾਂ ਸੈਂਡਵਿਚ ਵੀ ਦਿੱਤੇ ਜਾ ਰਹੇ ਹਨ। ਇਹ ਸਾਰਾ ਸਮਾਨ ਸਾਲਵੇਸ਼ਨ ਆਰਮੀ ਅਤੇ ਪੈਲਾਟਾਈਨ ਫੂਡ ਪੈਂਟਰੀ ਦੀ ਮਦਦ ਰਾਹੀਂ ਉਨ੍ਹਾਂ ਨੂੰ ਹੀ ਦਿੱਤਾ ਜਾ ਰਿਹਾ ਹੈ, ਜਿਨ੍ਹਾਂ ਨੂੰ ਇਸ ਦੀ ਬਹੁਤ ਜ਼ਿਆਦਾ ਲੋੜ ਹੈ। ਇਹ ਸਾਰੇ ਉਪਰਾਲੇ ਅਪਰੈਲ ਮਹੀਨੇ ਦੇ ਮੁਲਤਵੀ ਹੋਏ ਸਮਾਗਮਾਂ ਨੂੰ ਸਮਰਪਿਤ ਹਨ ਅਤੇ ਮਨੁੱਖਤਾ ਦੀ ਭਲਾਈ ਲਈ ਕੀਤੇ ਜਾ ਰਹੇ ਹਨ।

ਇਸ ਟੀਮ ਨਾਲ ਜੁੜੇ ਵਾਲੰਟੀਅਰ ਸ਼ਿਕਾਗੋ ਵਿਚ ਫਸੇ ਭਾਰਤੀ ਪਰਿਵਾਰਾਂ ਨੂੰ ਮੈਡੀਕਲ ਮਦਦ ਅਤੇ ਖਾਣਾ ਮੁਹੱਈਆ ਕਰ ਰਹੇ ਹਨ। ਇਸ ਟੀਮ ਨਾਲ ਜੇ ਕੋਈ ਵਾਲੰਟੀਅਰ ਕਰਨ ਚਾਹੁੰਦਾ ਹੋਵੇ ਤਾਂ ਉਹ https://tinyurl.com/vvprxcw 'ਤੇ ਫਾਰਮ ਭਰ ਸਕਦਾ ਹੈ। ਇਸ ਟੀਮ ਦੀਆਂ ਸੇਵਾਵਾਂ ਲੈਣ ਲਈ https://tinyurl.com/uplf9j7 'ਤੇ ਬੇਨਤੀ ਕਰ ਸਕਦਾ ਹੈ।

ਸੁਸਾਇਟੀ ਅਨੁਸਾਰ ਜੋ ਅਜਿਹਾ ਆਨਲਾਈਨ ਨਾ ਕਰ ਸਕਦੇ ਹੋਣ, ਉਹ ਫੋਨ: 847-350-9362 'ਤੇ ਸੰਪਰਕ ਕਰ ਸਕਦੇ ਹਨ। ਜੇ ਕਿਸੇ ਨੇ ਦਾਨ ਕਰਨਾ ਹੋਵੇ ਤਾਂ ਉਹ ਪੇਅਪਾਲ (PayPal) ਦਾ ਇਹ ਲਿੰਕ https://www.paypal.com/paypalme2/srscovid ਵਰਤ ਸਕਦਾ ਹੈ। ਇਸ ਕਾਰਜ ਬਾਰੇ ਜੇ ਕੋਈ ਸੁਝਾਅ ਹੋਣ ਤਾਂ ਈਮੇਲ: SRSCovid19Help@srschicago.org 'ਤੇ ਸਾਂਝੇ ਕੀਤੇ ਜਾ ਸਕਦੇ ਹਨ।







## ਸਿੱਖ ਸੁਸਾਇਟੀ ਆਫ ਇੰਡੀਆਨਾ ਦੇ ਯੂਥ ਵਿੰਗ ਵਲੋਂ ਮਦਦ ਦੇ ਉਪਰਾਲੇ

**ਇੰਡੀਅਨਐਪੋਲਿਸ, ਇੰਡੀਆਨਾ (ਬਿਊਰੋ):** ਸਿੱਖ ਸੁਸਾਇਟੀ ਆਫ ਇੰਡੀਆਨਾ ਦਾ ਯੂਥ ਵਿੰਗ ਇਸ ਮਹਾਮਾਰੀ ਦੇ ਦਿਨਾਂ ਵਿਚ ਲੋਕਾਂ ਅਤੇ ਸਮਾਜ ਦੀ ਸੇਵਾ ਕਰ ਰਹੇ ਕਰਮਚਾਰੀਆਂ ਦੀ ਸੇਵਾ ਕਰ ਕੇ ਆਪਣਾ ਯੋਗਦਾਨ ਪਾ ਰਿਹਾ ਹੈ। ਯੂਥ ਵਿੰਗ ਵਲੋਂ ਲੋੜਵੰਦ ਪਰਿਵਾਰਾਂ ਦੇ ਘਰ ਫਰੀ ਗਰੋਸਰੀ ਪਹੁੰਚਾਉਣ ਤੋਂ ਇਲਾਵਾ ਹੋਰ ਵੀ ਸੇਵਾ ਕਾਰਜ ਕੀਤੇ ਜਾ ਰਹੇ ਹਨ।

ਸੁਸਾਇਟੀ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਗੁਰਬਾਣੀ ਦੇ ਮਹਾਵਾਕ 'ਕਰਨ ਕਰਾਵਨ ਆਪੇ ਆਪ ਮਾਨਸ ਕੇ ਕਛੁ ਨਾਹੀ ਹਾਥ॥' ਅਨੁਸਾਰ ਬੇਸ਼ਕ ਸਭ ਕੁਝ ਉਸ ਮਾਲਕ ਦੇ ਹੱਥ ਹੈ, ਪਰ ਕੁਦਰਤ ਨਾਲ ਕੀਤੀਆਂ ਛੇੜਖਾਨੀਆਂ ਦੇ ਸਿੱਟੇ ਭੁਗਤਣ ਪਿਛੋਂ ਮਨੁੱਖਤਾ ਹੱਥ ਪੱਲੇ ਤਾਂ ਮਾਰਦੀ ਹੀ ਹੈ। ਹਰ ਕੋਈ ਆਪਣੇ ਬਚਾਅ ਲਈ ਓਹੜ-ਪੋਹੜ ਕਰ ਰਿਹਾ ਹੈ। ਹਸਪਤਾਲਾਂ ਵਿਚ ਡਾਕਟਰ ਅਤੇ ਨਰਸਾਂ ਆਪਣਾ ਪੂਰਾ ਜੋਰ ਮਰੀਜਾਂ ਨੂੰ ਬਚਾਉਣ ਲਈ ਲਾ ਰਹੇ ਹਨ। ਕਈ ਸਮਾਜਕ ਸੰਸਥਾਵਾਂ ਆਪੋ ਆਪਣੇ ਤਰੀਕੇ ਨਾਲ ਸਮਾਜ ਦੀ ਸੇਵਾ ਕਰ ਰਹੀਆਂ ਹਨ।

ਸੁਸਾਇਟੀ ਦੀ ਵੈਬ ਸਾਈਟ www.sikhsocietyofindiana.com 'ਤੇ ਇਕ ਫਾਰਮ ਪਾਇਆ ਗਿਆ ਹੈ, ਜਿਸ ਅਨੁਸਾਰ ਕੋਈ ਵੀ ਲੋੜਵੰਦ ਗਰੋਸਰੀ ਲਈ ਕਹਿ ਸਕਦਾ ਹੈ। ਇਸ ਪ੍ਰੋਗਰਾਮ ਅਧੀਨ ਹੁਣ ਤੱਕ ਕਰੀਬ 150 ਲੋੜਵੰਦ ਪਰਿਵਾਰਾਂ ਦੇ ਘਰ ਫਰੀ ਗਰੋਸਰੀ ਪਹੁੰਚਾਈ ਗਈ ਹੈ। ਕਰੋਨਾ ਮਹਾਮਾਰੀ ਤੋਂ ਪੀੜਤ ਮਰੀਜਾਂ ਦਾ ਇਲਾਜ ਕਰਦੇ ਡਾਕਟਰਾਂ ਅਤੇ ਨਰਸਾਂ ਦੀ ਸੇਵਾ ਨੂੰ ਧਿਆਨ ਵਿਚ ਰੱਖਦਿਆਂ ਸੁਸਾਇਟੀ ਵਲੋਂ ਤਿੰਨ ਵੱਡੇ ਹਸਪਤਾਲਾਂ ਵਿਚ ਸਵੇਰ ਦੇ ਸਮੇਂ ਹਰੇਕ ਵਿਭਾਗ ਵਿਚ ਇਕ ਇਕ ਦਰਜਨ ਡੋਨਟ ਦਿਤੇ ਗਏ। ਇੰਡੀਅਨਐਪੋਲਿਸ ਤੇ ਨਾਲ ਲਗਦੇ 20 ਵੱਡੇ ਹਸਪਤਾਲਾਂ ਦੇ ਐਮਰਜੈਂਸੀ ਵਿਭਾਗ ਦੇ ਡਾਕਟਰਾਂ, ਨਰਸਾਂ ਅਤੇ ਹੋਰ ਕਰਮਚਾਰੀਆਂ ਲਈ ਚਾਰ ਦਿਨ ਲਗਾਤਾਰ 280 ਲਾਰਜ ਪੀਜ਼ੇ ਦੁਪਹਿਰ ਦੇ ਖਾਣੇ ਲਈ ਪੁੱਜਦੇ ਕੀਤੇ ਗਏ।

ਸੁਸਾਇਟੀ ਦੇ ਯੂਥ ਵਿੰਗ ਅਤੇ ਉਨ੍ਹਾਂ ਦੇ ਪਰਿਵਾਰਾਂ ਵਲੋਂ 1500 ਤੋਂ ਵੱਧ ਮਾਸਕ ਘਰਾਂ ਵਿਚ ਬਣਾ ਕੇ ਵੱਖ ਵੱਖ ਵਿਭਾਗਾਂ ਨੂੰ ਭੇਜੇ ਗਏ ਹਨ ਅਤੇ 1000 ਮਾਸਕਾਂ ਦੀ ਮੰਗ ਹੋਰ ਆਈ ਹੋਈ ਹੈ, ਜਿਸ 'ਤੇ ਕੰਮ ਹੋ ਰਿਹਾ ਹੈ। ਇਸ ਤੋਂ ਇਲਾਵਾ ਖੂਨ ਦਾਨ ਸਬੰਧੀ, ਫਾਇਰ ਬ੍ਰਿਗੇਡ ਵਿਭਾਗ ਦੀ ਸੇਵਾ, ਲੋੜਵੰਦ ਲੋਕਾਂ ਨੂੰ ਲੰਗਰ ਵਰਤਾਉਣ ਸਬੰਧੀ ਵੀ ਸੁਸਾਇਟੀ ਦੇ ਸੇਵਾਦਾਰ ਸਰਗਰਮੀ ਨਾਲ ਸੇਵਾ ਨਿਭਾ ਰਹੇ ਹਨ। ਸਿੱਖ ਸੁਸਾਇਟੀ ਆਫ ਇੰਡੀਆਨਾ ਨੇ ਉਨ੍ਹਾਂ ਸਾਰੇ ਭੈਣਾਂ-ਭਰਾਵਾਂ ਦਾ ਧੰਨਵਾਦ ਕੀਤਾ ਹੈ, ਜਿਨ੍ਹਾਂ ਨੇ ਮਾਲੀ ਮਦਦ ਕਰ ਕੇ ਯੂਥ ਵਿੰਗ ਦੀ ਹੌਸਲਾ ਅਫਜ਼ਾਈ ਕੀਤੀ।

## ਨਿਊ ਜਰਸੀ ਵਿਚ ਪੰਜਾਬੀ ਨੌਜਵਾਨ ਦੀ ਮੌਤ

**ਸਮਰਾਲਾ:** ਨੇੜਲੇ ਪਿੰਡ ਖੱਟਰਾਂ ਦੇ 31 ਵਰ੍ਹਿਆਂ ਦੇ ਨੌਜਵਾਨ ਸਿਮਰਜੀਤ ਸਿੰਘ ਦੀ ਨਿਊ ਜਰਸੀ ਵਿਚ ਮੌਤ ਹੋ ਗਈ। ਇਹ ਨੌਜਵਾਨ ਪਿਛਲੇ ਸੱਤ ਸਾਲ ਤੋਂ ਨਿਊਜਰਸੀ ਵਿਚ ਆਪਣੇ ਕਿਸੇ ਰਿਸ਼ਤੇਦਾਰ ਦੇ ਸਟੋਰ ਉਤੇ ਕੰਮ ਕਰਦਾ ਸੀ।

ਸਿਮਰਜੀਤ ਸਿੰਘ ਦੇ ਮਾਮੇ ਸੁਰਜੀਤ ਸਿੰਘ ਨੇ ਦੱਸਿਆ ਕਿ ਉਸ ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ ਹੈ। ਉਨ੍ਹਾਂ ਦੱਸਿਆ ਕਿ ਸਟੋਰ ਬੰਦ ਕਰਨ ਤੋਂ ਬਾਅਦ ਸਿਮਰਜੀਤ ਜਦੋਂ ਸਟੋਰ ਅੰਦਰ ਬਣੇ ਆਪਣੇ ਕਮਰੇ ਵਿਚ ਗਿਆ ਤਾਂ ਉਸ ਨੂੰ ਦਿਲ ਦਾ ਦੌਰਾ ਪੈ ਗਿਆ। ਕੁਝ ਦੇਰ ਵਿਚ ਹੀ ਉਸ ਦੀ ਮੌਤ ਹੋ ਗਈ। ਇਸ ਨੌਜਵਾਨ ਦਾ ਉਥੇ ਰਹਿੰਦੇ ਰਿਸ਼ਤੇਦਾਰਾਂ ਨੇ ਸਸਕਾਰ ਕਰ ਦਿੱਤਾ ਹੈ। ਅਮਰੀਕਾ ਵਿਚ ਫੌਤ ਹੋਏ ਇਸ ਨੌਜਵਾਨ ਦਾ ਦੂਜਾ ਭਰਾ ਦੁਬਈ ਵਿਚ ਹੈ ਅਤੇ ਇਨ੍ਹਾਂ ਦੇ ਪਿਤਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ।

## ਅਫਰੀਕਾ 'ਚ ਹੋ ਸਕਦੀਆਂ ਨੇ 3 ਲੱਖ ਤੋਂ ਵੱਧ ਮੌਤਾਂ

**ਜੋਹੈਨਸਬਰਗ:** ਅਫਰੀਕਾ ਵਿਚ ਅਗਲੇ ਛੇ ਮਹੀਨਿਆਂ ਦੌਰਾਨ ਕਰੋਨਾ ਵਾਇਰਸ ਨਾਲ ਤਿੰਨ ਲੱਖ ਤੋਂ ਵੱਧ ਮੌਤਾਂ ਹੋਣ ਦੀ ਸੰਭਾਵਨਾ ਹੈ। ਅਫਰੀਕਾ ਬਾਰੇ ਸੰਯੁਕਤ ਰਾਸ਼ਟਰ ਆਰਥਿਕ ਕਮਿਸ਼ਨ ਵਲੋਂ ਇੰਪੀਰੀਅਲ ਕਾਲਜ ਲੰਡਨ ਦੇ ਮਾਡਲ ਦੇ ਹਵਾਲੇ ਨਾਲ ਤਿਆਰ ਕੀਤੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵਾਇਰਸ ਖਿਲਾਫ ਕੋਈ ਕਦਮ ਨਾ ਚੁੱਕੇ ਜਾਣ ਦੀ ਸੂਰਤ ਵਿਚ ਸਭ ਤੋਂ ਮਾੜੀ ਸਥਿਤੀ 'ਚ ਅਫਰੀਕਾ ਵਿਚ 33 ਲੱਖ ਮੌਤਾਂ ਅਤੇ 1.2 ਖਰਬ ਲੋਕ ਪੀੜਤ ਹੋ ਸਕਦੇ ਹਨ। ਰਿਪੋਰਟ 'ਚ ਕਿਹਾ ਗਿਆ ਕਿ ਜੇ ਇਹਤਿਆਤ ਵਰਤੀ ਜਾਵੇ ਅਤੇ ਸਮਾਜਿਕ ਦੂਰੀ ਦੀ ਡਟ ਕੇ ਪਾਲਣਾ ਕੀਤਾ ਜਾਵੇ ਤਾਂ ਵੀ ਮਹਾਂਦੀਪ 'ਚ 12.2 ਕਰੋੜ ਲੋਕ ਪੀੜਤ ਹੋ ਸਕਦੇ ਹਨ ਤੇ ਤਿੰਨ ਲੱਖ ਤੋਂ ਵੱਧ ਮੌਤਾਂ ਹੋ ਸਕਦੀਆਂ ਹਨ।

## ਗੁਰਦੁਆਰਾ ਪੈਲਾਟਾਈਨ ਦੇ ਗੁਰਮਤਿ ਸਕੂਲ ਦੇ ਬੱਚਿਆਂ ਨੇ ਕੀਤਾ ਜ਼ੂਮ ਐਪ ਰਾਹੀਂ ਕੀਰਤਨ

**ਸ਼ਿਕਾਗੋ (ਬਿਊਰੋ):** ਸਥਾਨਕ ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ ਅਪਰੈਲ ਮਹੀਨੇ ਦੀ ਖਾਸ ਮਹੱਤਤਾ ਹੈ ਕਿ ਇਸ ਦੌਰਾਨ ਇਤਿਹਾਸਕ, ਧਾਰਮਿਕ ਅਤੇ ਹੀ ਕੀਤਾ ਗਿਆ ਹੈ। ਬੱਚਿਆਂ ਨੂੰ ਸਕੂਲੀ ਸਰਗਰਮੀਆਂ ਨਾਲ ਜੋੜੀ ਰੱਖਣ ਲਈ ਤਕਨੀਕੀ ਤਰੀਕੇ ਵਰਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸਕੂਲ ਦੀ ਵਾਈਸ ਪ੍ਰਿੰਸੀਪਲ ਬੀਬੀ ਪਰਮਵੀਰ ਕੌਰ ਦੀ ਅਗਵਾਈ ਹੇਠ 19 ਅਪਰੈਲ ਨੂੰ ਯੂਥ ਕੀਰਤਨ ਦਰਬਾਰ ਕੀਤਾ ਗਿਆ, ਇਸ ਦਾ ਮਕਸਦ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ ਅਤੇ ਖਾਲਸਾ ਸਿਰਜਣਾ ਦਿਵਸ ਮਨਾਉਣਾ ਸੀ। ਜ਼ੂਮ (Zoom) ਐਪ ਰਾਹੀਂ ਸਾਰੇ ਸਕੂਲੀ ਬੱਚਿਆਂ ਨੂੰ ਕੀਰਤਨ ਵਿਚ ਸ਼ਾਮਲ ਕੀਤਾ ਗਿਆ, ਜਿਸ





ਸੱਭਿਆਚਾਰਕ ਸਰਗਰਮੀਆਂ ਦੀ ਭਰਮਾਰ ਹੁੰਦੀ ਹੈ। ਇਸ ਸਾਲ ਗੁਰੂ ਘਰ ਵਿਖੇ ਇਹ ਮਹੀਨਾ ਸਿੱਖ ਐਪਰੀਸੀਏਸ਼ਨ ਵਜੋਂ ਪਹਿਲੀ ਵਾਰ ਮਨਾਇਆ ਜਾਣਾ ਸੀ, ਪਰ ਕਰੋਨਾ ਵਾਇਰਸ ਦੀ ਕਰੋਪੀ ਕਾਰਨ ਹਰ ਕੋਈ ਮਜਬੂਰਨ ਘਰ ਦੀ ਚਾਰਦੀਵਾਰੀ ਅੰਦਰ ਹੀ ਸੀਮਿਤ ਹੈ।

ਗੁਰਦੁਆਰਾ ਪੈਲਾਟਾਈਨ ਦੇ ਗੁਰਮਤਿ ਸਕੂਲ ਦੇ ਪ੍ਰਿੰਸੀਪਲ ਅਮਰਦੇਵ ਸਿੰਘ ਬਦੇਸ਼ਾ ਨੇ ਦੱਸਿਆ ਕਿ ਮੌਜੂਦਾ ਹਾਲਾਤ ਕਾਰਨ ਬੱਚਿਆਂ ਲਈ ਬੋਲੀ, ਬਾਣੀ ਅਤੇ ਵਿਰਸੇ ਦੀਆਂ ਕਲਾਸਾਂ ਦਾ ਇੰਤਜ਼ਾਮ ਘਰਾਂ ਵਿਚ



ਵਿਚ 24 ਬੱਚਿਆਂ ਨੇ ਘਰ ਬੈਠੇ ਹੀ ਕੀਰਤਨ ਕੀਤਾ। ਪਰਿਵਾਰਾਂ ਨੇ ਬੱਚਿਆਂ ਵਲੋਂ ਗਾਇਨ ਕੀਤੇ ਸ਼ਬਦਾਂ ਦਾ ਅਨੰਦ ਮਾਣਿਆ।

ਸ. ਬਦੇਸ਼ਾ ਨੇ ਦੱਸਿਆ ਕਿ ਇਹ ਕੀਰਤਨ ਪ੍ਰੋਗਰਾਮ 3 ਘੰਟੇ ਤੋਂ ਵੱਧ ਚਲਦਾ ਰਿਹਾ। ਅਨੰਦ ਸਾਹਿਬ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਪਿਛੋਂ ਮੁੱਖ ਵਾਕ ਨਾਲ ਸਮਾਪਤੀ ਕੀਤੀ ਗਈ। ਉਨ੍ਹਾਂ ਸਾਰੇ ਅਧਿਆਪਕਾਂ, ਬੱਚਿਆਂ ਅਤੇ ਮਾਪਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਗੇ ਤੋਂ ਵੀ ਇਸ ਤਰ੍ਹਾਂ ਦੇ ਸਮਾਗਮਾਂ ਦਾ ਇੰਤਜ਼ਾਮ ਕੀਤਾ ਜਾਵੇਗਾ।





# ਕਰੋਨਾ ਦੇ ਖੌਫ ਨੇ ਅੰਦਰੋਂ ਹਿਲਾਏ ਪੰਜਾਬੀ

**ਚੰਡੀਗੜ੍ਹ:** ਆਲਮੀ ਮਹਾਮਾਰੀ ਦੇ ਭੈਅ ਨੇ ਪੰਜਾਬ ਦੇ ਲੋਕਾਂ ਦੀ ਨੀਂਦ ਉੱਡਾ ਦਿੱਤੀ ਹੈ। ਬਿਮਾਰੀ ਦਾ ਖੌਫ ਤੇ ਉਪਰੋਂ ਤਾਲਾਬੰਦੀ ਦੀ ਜਕੜ ਨੇ ਲੋਕਾਂ 'ਚ ਮਾਨਸਿਕ ਤਣਾਅ ਵਧਾ ਦਿੱਤਾ ਹੈ। ਮਨੋਰੋਗ ਮਾਹਿਰਾਂ ਕੋਲ ਹਫਤੇ ਤੋਂ ਡਿਪਰੈਸ਼ਨ ਦੇ ਮਰੀਜ਼ਾਂ ਦੀ ਗਿਣਤੀ ਵਧੀ ਹੈ। ਬਹੁਤੇ ਲੋਕਾਂ ਨੂੰ ਵਹਿਮ ਹੋ ਗਿਆ ਹੈ ਕਿ ਕਿਤੇ ਉਨ੍ਹਾਂ ਨੂੰ ਕਰੋਨਾ ਤਾਂ ਨਹੀਂ ਹੋ ਗਿਆ। ਵੇਰਵਿਆਂ ਅਨੁਸਾਰ ਬਹੁਤੇ ਲੋਕ ਰਾਤਾਂ ਜਾਗ ਕੇ ਕੱਢਣ ਲੱਗੇ ਹਨ। ਪੰਜਾਬ ਵਿਚ ਕਰੋਨਾ ਦੇ ਸ਼ੱਕੀ ਕੇਸਾਂ ਦੇ ਅੰਕੜੇ ਵੱਲ ਵੇਖੀਏ ਤਾਂ ਇਹ ਇੰਨੇ ਡਰਾਵਣੇ ਨਹੀਂ ਜਾਪਦੇ, ਜਿੰਨਾ ਕਰੋਨਾ ਦੇ ਖੌਫ ਨੇ ਲੋਕ ਅੰਦਰੋਂ ਹਿਲਾਏ ਹੋਏ ਹਨ। ਆਲਮੀ ਮਹਾਮਾਰੀ ਤਾਂ ਅਵੇਸਲੇ ਨਾ ਹੋਣ ਦਾ ਹੁੰਗਾਰਾ ਭਰ ਰਹੀ ਹੈ ਪਰ ਪੰਜਾਬ ਦੀ ਮੌਜੂਦਾ ਸਥਿਤੀ ਫਿਲਹਾਲ ਘਬਰਾਹਟ ਪੈਦਾ ਕਰਨ ਵਾਲੀ ਨਹੀਂ। ਪੰਜਾਬ 'ਚ 17 ਹੌਟਸਪਾਟ ਐਲਾਨੇ ਗਏ ਹਨ, ਜਿਥੇ ਕਰੋਨਾ ਦਾ ਖਤਰਾ ਚੁਣੌਤੀ ਭਰਿਆ ਹੈ। ਦਿਹਾਤੀ ਪੰਜਾਬ ਤਾਂ ਕਰੋਪੀ ਤੋਂ ਦੂਰ ਜਾਪਦਾ ਹੈ।

ਕਰੋਨਾ ਵਾਇਰਸ ਦੇ ਤੱਥਾਂ ਨੂੰ ਵਾਚਿਆਂ ਸਾਹਮਣੇ ਆਇਆ ਕਿ ਪੰਜਾਬ ਦੇ ਕਰੀਬ 13 ਹਜ਼ਾਰ ਪਿੰਡਾਂ ਵਿਚੋਂ ਸਿਰਫ 23 ਪਿੰਡ (0.17 ਫੀਸਦੀ) ਹੀ ਫਿਲਹਾਲ ਕਰੋਨਾ ਤੋਂ ਪ੍ਰਭਾਵਿਤ ਹੋਏ ਹਨ, ਜਿਨ੍ਹਾਂ 'ਚ ਕਰੋਨਾ ਪਾਜ਼ੇਟਿਵ ਕੇਸ ਪਾਏ ਗਏ ਗਏ ਜਾਂ ਫਿਰ ਮੌਤਾਂ ਹੋਈਆਂ। ਮੁਹਾਲੀ ਦਾ ਪਿੰਡ ਜਵਾਹਰਪੁਰ ਸਭ ਤੋਂ ਸਿਖਰ ਉਤੇ ਹੈ। ਨਵਾਂ ਸ਼ਹਿਰ ਦਾ ਪਠਲਾਵਾ ਪਿੰਡ ਦੂਜੇ ਨੰਬਰ ਉਤੇ ਆਉਂਦਾ ਹੈ, ਜਿਥੋਂ ਦੇ ਗਿਆਨੀ ਬਲਦੇਵ ਸਿੰਘ ਦੀ ਮੌਤ ਨਾਲ ਪੰਜਾਬ ਹਿੱਲ ਗਿਆ ਸੀ।

ਪੰਜਾਬ ਦੇ ਕੁੱਲ 148 ਬਲਾਕ ਹਨ, ਜਿਨ੍ਹਾਂ ਵਿਚੋਂ ਕਰੋਨਾ ਕੇਸ ਸਿਰਫ 20 ਬਲਾਕਾਂ (13.51 ਫੀਸਦੀ) 'ਚ ਟਾਵੇਂ ਵੇਖੇ ਗਏ ਹਨ। ਦਿਹਾਤੀ ਪੰਜਾਬ ਦੀ ਆਬਾਦੀ ਕਰੀਬ 2 ਕਰੋੜ (ਪ੍ਰੋਜੈਕਟਡ) ਹੈ, ਜਿਸ ਵਿਚੋਂ 23 ਪਿੰਡਾਂ ਦੀ ਕਰੀਬ ਡੇਢ ਲੱਖ ਦੀ ਆਬਾਦੀ ਕਰੋਨਾ ਦੇ ਪਰਛਾਵੇਂ ਹੇਠ ਹੈ। ਇਸੇ ਤਰ੍ਹਾਂ ਪੰਜਾਬ ਦੇ 161 ਕਸਬਿਆਂ ਵਿਚੋਂ ਕਰੋਨਾ ਵਾਇਰਸ ਦੇ ਪਾਜ਼ੇਟਿਵ ਕੇਸਾਂ ਵਾਲੇ 13 ਸ਼ਹਿਰ (8.07 ਫ਼ੀਸਦੀ) ਹਨ। ਪੰਜਾਬ ਦੀ ਮੌਜੂਦਾ ਕੁੱਲ ਆਬਾਦੀ 3.12 ਕਰੋੜ ਦੱਸੀ ਜਾ ਰਹੀ ਹੈ।

ਆਬਾਦੀ ਦੇ ਲਿਹਾਜ਼ ਨਾਲ ਵੇਖੀਏ ਤਾਂ ਔਸਤਨ ਛੇ ਹਜ਼ਾਰ ਦੀ ਆਬਾਦੀ ਪਿੱਛੇ ਕਰੋਨਾ ਦਾ ਇਕ ਸ਼ੱਕੀ ਕੇਸ ਬਣਦਾ ਹੈ। ਪੰਜਾਬ ਦੇ ਚਾਰ ਜ਼ਿਲ੍ਹੇ ਬਠਿੰਡਾ, ਫਾਜ਼ਿਲਕਾ, ਫਿਰੋਜ਼ਪੁਰ ਅਤੇ ਤਰਨ ਤਾਰਨ ਹਾਲੇ ਤੱਕ ਇਸ ਅਲਾਮਤ ਤੋਂ ਬਚੇ ਹੋਏ ਹਨ। ਇਨ੍ਹਾਂ ਜ਼ਿਲ੍ਹਿਆਂ ਦੇ 2135 ਪਿੰਡ ਫਿਲਹਾਲ ਇਸ ਲਾਗ ਤੋਂ ਦੂਰ ਹਨ। ਇੰਜ ਹੀ ਜ਼ਿਲ੍ਹਾ ਮਾਨਸਾ, ਫਰੀਦਕੋਟ, ਮੁਕਤਸਰ ਅਤੇ ਅੰਮ੍ਰਿਤਸਰ ਦੇ 1657 ਪਿੰਡਾਂ 'ਚ ਕੋਈ ਪਾਜ਼ੇਟਿਵ ਕੇਸ ਨਹੀਂ ਆਇਆ ਜਦਕਿ ਇਨ੍ਹਾਂ ਜ਼ਿਲ੍ਹਿਆਂ ਦੇ ਪੰਜ ਸ਼ਹਿਰਾਂ ਵਿਚ ਪਾਜ਼ੇਟਿਵ ਕੇਸ ਪਾਏ ਗਏ ਹਨ। ਭਾਵੇਂ ਕਰੋਨਾ ਨੂੰ ਹਲਕੇ ਵਿਚ ਲੈਣ ਦਾ ਸਮਾਂ ਨਹੀਂ ਹੈ ਪਰ ਕੁਝ ਲੋਕ ਇੰਨੇ ਡਰੇ ਹੋਏ ਹਨ ਕਿ ਉਹ ਡਿਪਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ। ਪੰਜਾਬ ਦਾ ਸੱਚ ਇਹ ਵੀ ਹੈ ਕਿ ਜਦੋਂ ਇਥੇ ਟੈਸਟਿੰਗ ਦੀ ਪੂਰੀ ਸਹੂਲਤ ਨਹੀਂ ਤਾਂ ਕੋਈ ਟੇਵਾ ਲਾਉਣਾ ਵੀ ਔਖਾ ਹੈ। ਜਲੰਧਰ ਦੇ ਪਿੰਡ ਵਿਰਕ ਅਤੇ ਕੋਟਲਾ ਹੇਰਾਂ 'ਚ ਵੀ ਅਲਾਮਤ ਨੇ ਰੰਗ ਦਿਖਾਇਆ ਹੈ।

ਪਠਾਨਕੋਟ ਦੇ ਪਿੰਡ ਤਰੋਟਵਾਂ ਅਤੇ ਬਗਿਆਲ ਲਪੇਟ ਵਿਚ ਆਏ ਹਨ ਅਤੇ ਸੰਗਰੂਰ ਦੇ ਪਿੰਡ ਘੱਗੜਪੁਰ ਅਤੇ ਦਹਿਲੀਜ਼ ਕਲਾਂ ਦੀ ਦੇਹਲੀ ਵਾਇਰਸ ਟੱਪਿਆ ਹੈ। ਫਤਹਿਗੜ੍ਹ ਸਾਹਿਬ ਦਾ ਪਿੰਡ ਮਨੇਲੀ ਵੀ ਇਸੇ ਕਤਾਰ ਵਿਚ ਖੜ੍ਹਾ ਹੈ। ਬਰਨਾਲਾ ਦੇ ਪਿੰਡ ਮਹਿਲ ਕਲਾਂ ਦੀ ਔਰਤ ਦੀ ਇਸ ਬਿਮਾਰੀ ਨਾਲ ਮੌਤ ਹੋਈ ਹੈ। ਸ਼ਹਿਰਾਂ ਉਤੇ ਨਜ਼ਰ ਮਾਰੀਏ ਤਾਂ ਮੁਹਾਲੀ, ਜਲੰਧਰ, ਅੰਮ੍ਰਿਤਸਰ, ਬੁਢਲਾਡਾ, ਪਠਾਨਕੋਟ, ਲੁਧਿਆਣਾ, ਫਰੀਦਕੋਟ, ਪਟਿਆਲਾ ਨੂੰ ਵਾਇਰਸ ਨੇ ਸਿੱਧੀ ਸੱਟ ਮਾਰੀ ਹੈ।

# Matrimonials

## ਲੜਕੇ ਦੀ ਲੋੜ ਹੈ

Wanted a suitable match in USA/CANADA for Jatt Sikh Grewal Canadian citizen girl, 34, 5'9", slim & fair. Convent educated, was Nurse in India & will do refresher course for RN license. Innocent divorcee. Ph. 1-587-438-1662, 91-9915881881, 775-813-0586 8-11

ਜੱਟ ਸਿੱਖ ਅਮਰੀਕਨ ਸਿਟੀਜ਼ਨ, ਉਮਰ 26 ਸਾਲ, ਨਰਸਿੰਗ ਕਰ ਰਹੀ ਲੜਕੀ ਲਈ ਬਰਾਬਰ ਯੋਗਤਾ, ਡਿਗਰੀ ਹੋਲਡਰ, ਗੁਰ ਸਿੱਖ ਲੜਕੇ ਦੀ ਲੋੜ ਹੈ। ਮਾਲਵੇ ਨੂੰ ਪਹਿਲ। ਲੜਕਾ ਇੰਡੀਆ, ਕੈਨੇਡਾ, ਇੰਗਲੈਂਡ ਜਾਂ ਆਸਟਰੇਲੀਆ ਕਿਤੋਂ ਵੀ ਹੋਵੇ। ਯੂ. ਐਸ. ਟਾਈਮ ਕਾਲ ਕਰੋ, ਫੋਨ: 1-216-385-4025, 1-216-937-9054 (ਵਾਟਸਐਪ), +91-98776-26005 (ਇੰਡੀਆ) 8-11

## ਲੜਕੀ ਦੀ ਲੋੜ ਹੈ

Moderate Babbar-Koshal family seeks US citizen or green card holder girl for their non veg, manglik son, 31 yrs, 5'-8", B. A., Business man, living in Jalandhar (PB); father business man, One brother settled in USA & two sisters locally married. Call, Ph: 718-709-1908 17-20

ਸੈਣੀ ਸਿੱਖ ਉਮਰ 34 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 11-

# ਪੰਜਾਬ 'ਚ ਤਿੰਨ ਮਈ ਤੱਕ ਕਰਫਿਊ 'ਚ ਕੋਈ ਢਿੱਲ ਨਹੀਂ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਹੈ ਕਿ ਕਣਕ ਦੀ ਵਾਢੀ ਨੂੰ ਛੱਡ ਕਿਸੇ ਹੋਰ ਮਾਮਲੇ 'ਚ 3 ਮਈ ਤੱਕ ਕਰਫਿਊ ਵਿਚ ਕਿਸੇ ਤਰ੍ਹਾਂ ਦੀ ਢਿੱਲ ਨਹੀਂ ਦਿੱਤੀ ਜਾਵੇਗੀ। ਮੁੱਖ ਮੰਤਰੀ ਦੇ ਇਸ ਐਲਾਨ ਨਾਲ ਸਪੱਸ਼ਟ ਹੋ ਗਿਆ ਹੈ ਕਿ ਕੇਂਦਰ ਸਰਕਾਰ ਵਲੋਂ ਕੁਝ ਸੇਵਾਵਾਂ ਨੂੰ ਢਿੱਲ ਦੇਣ ਦੇ ਫੈਸਲੇ ਨੂੰ ਲਾਗੂ ਨਹੀਂ ਕੀਤਾ ਜਾਵੇਗਾ। ਇਸ ਕਰ ਕੇ ਸੂਬੇ ਦੇ ਲੋਕਾਂ ਨੂੰ 3 ਮਈ ਤੱਕ ਛੋਟ ਮਿਲਣ ਦੀ ਉਡੀਕ ਕਰਨੀ ਪਵੇਗੀ। ਕੈਪਟਨ ਸਰਕਾਰ ਨੇ ਕਰਫਿਊ 'ਚ ਢਿੱਲ ਨਾ ਦੇਣ ਦਾ ਫੈਸਲਾ ਸੂਬੇ 'ਚ ਵੱਧ ਰਹੇ ਕਰੋਨਾ ਵਾਇਰਸ ਦੇ ਕੇਸਾਂ ਕਾਰਨ ਕੀਤਾ ਹੈ।

ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਹੈ ਕਿ ਇਸ ਹਫਤੇ ਤੋਂ ਰਮਜ਼ਾਨ ਸ਼ੁਰੂ ਹੋ ਰਿਹਾ ਹੈ ਤੇ ਰਮਜ਼ਾਨ ਦੇ ਸਮੇਂ ਵਿਚ ਕੋਈ ਛੋਟ ਨਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਦੁਕਾਨਾਂ ਤੋਂ ਜ਼ਰੂਰੀ ਸਾਜ਼ੋ-ਸਾਮਾਨ ਦੀ ਖਰੀਦ ਸਮੇਂ ਭੀੜ ਨਹੀਂ ਹੋਣੀ ਚਾਹੀਦੀ ਹੈ ਤੇ ਇਕ ਦੂਜੇ ਤੋਂ ਫਾਸਲੇ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਸੀਨੀਅਰ ਪ੍ਰਸ਼ਾਸਕੀ ਅਤੇ ਪੁਲਿਸ ਅਧਿਕਾਰੀਆਂ ਨਾਲ ਵਿਚਾਰ ਵਟਾਂਦਰੇ ਮਗਰੋਂ ਕਿਹਾ ਕਿ ਹੋਰ ਢਿੱਲ ਜਾਂ ਰਿਆਇਤਾਂ ਨਹੀਂ ਦਿੱਤੀਆਂ ਜਾ ਸਕਦੀਆਂ ਕਿਉਂਕਿ ਸਥਿਤੀ ਨੂੰ ਕਾਬੂ ਹੇਠ ਰੱਖਣ ਲਈ ਅਜਿਹਾ ਕਰਨਾ ਜ਼ਰੂਰੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚਲੀਆਂ ਛੋਟੀਆਂ ਸਨਅਤਾਂ, ਭੱਠਿਆਂ ਨੂੰ ਚਲਾਉਣ ਦੀ ਖੁੱਲ੍ਹ ਦਿੱਤੀ ਹੋਈ ਹੈ। ਸ਼ਰਤ ਇਹ ਹੈ ਕਿ ਸਨਅਤਾਂ ਅਤੇ ਭੱਠਿਆਂ ਦੇ ਮਾਲਕ ਮਜ਼ਦੂਰਾਂ ਦੀ ਦੇਖਭਾਲ ਲਈ ਡਾਕਟਰ ਦਾ ਖੁਦ ਪ੍ਰਬੰਧ ਕਰਨਗੇ। ਹਾਲਾਂਕਿ ਛੋਟੇ ਸਨਅਤਕਾਰ ਵੀ ਜੋਖਮ ਲੈਣ ਨੂੰ ਤਿਆਰ ਨਹੀਂ ਜਾਪਦੇ ਕਿਉਂਕਿ ਇਕ ਵੀ ਪਾਜ਼ੇਟਿਵ ਕੇਸ ਆਉਣ ਨਾਲ ਨਵੀਂ ਬਿਪਤਾ ਪੈ ਜਾਵੇਗੀ।


ਸੂਬੇ ਦੀ ਵਿੱਤੀ ਹਾਲਤ ਬਾਰੇ ਕੈਪਟਨ ਨੇ ਕਿਹਾ ਕਿ ਕਣਕ ਦੀ ਖਰੀਦ ਤੋਂ ਪੰਜਾਬ ਸਰਕਾਰ ਨੂੰ 35,000 ਕਰੋੜ ਰੁਪਏ ਮਿਲਣਗੇ ਤੇ ਕੇਂਦਰ ਸਰਕਾਰ ਨੇ ਇਸ ਤੋਂ ਪਹਿਲਾਂ 26,000 ਕਰੋੜ ਰੁਪਏ ਕਣਕ ਦੀ ਖਰੀਦ ਲਿਮਟ ਵਾਸਤੇ ਦਿੱਤੇ ਹਨ। ਇਸ ਪੈਸੇ ਨਾਲ ਕਰੋਨਾ ਨਾਲ ਨਜਿੱਠਣ ਵਿਚ ਮਦਦ ਮਿਲੇਗੀ।

# ਕਪੂਰਥਲਾ ਦੇ ਬਜ਼ੁਰਗ ਜੋੜੇ ਦੀ ਕਰੋਨਾ ਨਾਲ ਮੌਤ

**ਨਡਾਲਾ:** ਪਿੰਡ ਸੈਂਤਪੁਰ (ਕਪੂਰਥਲਾ) ਨਾਲ ਸਬੰਧਤ ਨਿਊ ਯਾਰਕ ਸ਼ਹਿਰ 'ਚ ਰਹਿੰਦੇ ਬਜ਼ੁਰਗ ਜੋੜੇ ਗੁਰਬਚਨ ਸਿੰਘ (75) ਤੇ ਉਨ੍ਹਾਂ ਦੀ ਪਤਨੀ ਸਤਵੰਤ ਕੌਰ (72) ਦੀ ਕਰੋਨਾ ਵਾਇਰਸ ਕਾਰਨ ਮੌਤ ਹੋ ਗਈ ਹੈ। ਕਰੋਨਾ ਨਾਲ ਵਿਦੇਸ਼ ਵਿਚ ਹਲਕਾ ਭੁਲੱਥ ਨਾਲ ਸਬੰਧਤ ਇਹ ਚੌਥੀ ਮੌਤ ਹੈ।

ਬਜ਼ੁਰਗ ਜੋੜਾ ਲੰਮੇ ਸਮੇਂ ਤੋਂ ਪਰਿਵਾਰ ਨਾਲ ਨਿਊ ਯਾਰਕ 'ਚ ਰਹਿ ਰਿਹਾ ਸੀ। ਕੁਝ ਦਿਨ ਪਹਿਲਾਂ ਬੀਮਾਰ ਹੋਣ ਪਿਛੋਂ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ।


Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.






For All Your Commercial Real Estate Needs
MIDWAY Business Broker
We Build Your Dreams
*Gas Station *Commercial
*Liquor Store *Hotel/Motel
*Miscellaneous Store
MIDWAY REALTY GROUP
We Build Your Dreams
MIDWAY REALTY GROUP
For all your Residential Real Estate Needs
Join our team, we are hiring real estate agents.
We help you to
Home Selling
Home Buying
Rental / Lease
New Construction
Foreclosed / Short Sale
REO'S / HUD Property
WE WILL ASSIST YOU TO PROVIDE FUNDING FROM $25K TO 500K IN 48HRS
List your business at WWW.MBBBIZ.COM
AJEET SINGH : 847-529-9778
NICK VERMA : 630-664-1435

Michigan Truck Driving School
6405 Middlebelt Road, Romulus, MI 48174
ਖੁਸ਼ਖਬਰੀ ! ਖੁਸ਼ਖਬਰੀ ! !
ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ
ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇੰਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

**Punjab Times**
**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## 'ਕਰੋਨਾ ਤੋਂ ਬਚਣ ਲਈ ਦੇਸੀ ਭੋਜਨ ਅਪਨਾਓ'

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਮੁੱਚੀ ਲੋਕਾਈ ਨੂੰ ਅਪੀਲ ਕੀਤੀ ਹੈ ਕਿ ਕਰੋਨਾ ਵਾਇਰਸ ਨਾਲ ਲੜਨ ਵਾਸਤੇ ਸਰੀਰ ਦੀ ਅੰਦਰੂਨੀ ਸਮਰੱਥਾ ਨੂੰ ਮਜ਼ਬੂਤ ਕੀਤਾ ਜਾਵੇ ਅਤੇ ਇਸ ਵਾਸਤੇ ਦੇਸੀ ਭੋਜਨ ਪਰੰਪਰਾ ਨੂੰ ਅਪਨਾਇਆ ਜਾਵੇ। ਉਹ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਬਾਣੀ ਦੀ ਕਥਾ ਕਰਨ ਆਏ ਸਨ।

ਕਥਾ ਮਗਰੋਂ ਮੀਡੀਆ ਨਾਲ ਸੰਖੇਪ ਗੱਲਬਾਤ ਦੌਰਾਨ ਉਨ੍ਹਾਂ ਨੇ ਸਿੱਖ ਸੰਗਤ ਨੂੰ ਆਖਿਆ ਕਿ ਸਿਰਫ ਤਾਲਾਬੰਦੀ ਸਮੱਸਿਆ ਦਾ ਹੱਲ ਨਹੀਂ ਹੈ। ਤਾਲਾਬੰਦੀ ਨਾਲ ਜੇ ਕੁਝ ਜਾਨਾਂ ਬਚਣਗੀਆਂ ਤਾਂ ਭੁੱਖਮਰੀ ਨਾਲ ਕਈ ਜਾਨਾਂ ਜਾਣਗੀਆਂ। ਇਸ ਲਈ ਜ਼ਰੂਰੀ ਹੈ ਕਿ ਬਾਹਰ ਦਾ ਭੋਜਨ ਤੇ ਜੰਕ ਫੂਡ ਤਿਆਗਿਆ ਜਾਵੇ। ਇਸ ਦੀ ਥਾਂ ਪੁਰਾਤਨ ਤੇ ਦੇਸੀ ਭੋਜਨ ਅਪਣਾਇਆ ਜਾਵੇ।

ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਪਦਮਸ੍ਰੀ ਭਾਈ ਨਿਰਮਲ ਸਿੰਘ ਦੇ ਪਰਿਵਾਰ ਵੱਲੋਂ ਉਨ੍ਹਾਂ ਦੇ ਇਲਾਜ ਵਿਚ ਹੋਈ ਲਾਪਰਵਾਹੀ ਦੀ ਜਾਂਚ ਸੀ.ਬੀ.ਆਈ. ਤੋਂ ਕਰਾਉਣ ਦੀ ਮੰਗ ਸਬੰਧੀ ਉਨ੍ਹਾਂ ਆਖਿਆ ਕਿ ਪਰਿਵਾਰ ਸਮੇਤ ਸਿੱਖ ਜਗਤ ਦੇ ਮਨ ਵਿਚ ਇਸ ਸਬੰਧੀ ਕਈ ਤਰ੍ਹਾਂ ਦੇ ਸ਼ੰਕੇ ਹਨ, ਜਿਨ੍ਹਾਂ ਨੂੰ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਦੂਰ ਕੀਤਾ ਜਾਣਾ ਚਾਹੀਦਾ ਹੈ ਤੇ ਪਰਿਵਾਰ ਦੀ ਤਸੱਲੀ ਹੋਣੀ ਚਾਹੀਦੀ ਹੈ।

# ਕਰੋਨਾ ਲਈ ਜ਼ਿੰਮੇਵਾਰ ਪਾਏ ਜਾਣ 'ਤੇ ਚੀਨ ਨੂੰ ਨਤੀਜੇ ਭੁਗਤਣੇ ਪੈਣਗੇ: ਟਰੰਪ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਚੀਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜੇ ਇਹ ਪਤਾ ਲੱਗਿਆ ਕਿ ਉਹ ਕਰੋਨਾ ਵਾਇਰਸ ਨੂੰ ਦੁਨੀਆਂ ਭਰ ਵਿਚ ਫੈਲਾਉਣ ਲਈ ਜ਼ਿੰਮੇਵਾਰ ਹੈ ਤੇ ਜੇ ਉਸ ਨੂੰ ਇਸ ਬਾਰੇ ਜਾਣਕਾਰੀ ਸੀ, ਤਾਂ ਉਸ ਨੂੰ ਇਸ ਦੇ ਨਤੀਜੇ ਭੁਗਤਣੇ ਪੈਣਗੇ।

ਚੀਨ ਵੱਲੋਂ ਕਰੋਨਾ ਵਾਇਰਸ ਨਾਲ ਨਜਿੱਠਣ ਲਈ ਅਪਣਾਏ ਰਾਹ ਉਤੇ ਅਸੰਤੁਸ਼ਟੀ ਜਤਾਉਂਦਿਆਂ ਟਰੰਪ ਨੇ ਦੋਸ਼ ਲਾਇਆ ਕਿ ਇਸ ਮੁੱਦੇ ਉਤੇ ਪੇਈਚਿੰਗ ਦੁਆਰਾ ਅਮਰੀਕਾ ਨਾਲ ਗੈਰ ਪਾਰਦਰਸ਼ੀ ਵਿਹਾਰ ਕੀਤਾ ਗਿਆ ਅਤੇ ਸ਼ੁਰੂਆਤ ਵਿਚ ਸਹਿਯੋਗ ਨਹੀਂ ਕੀਤਾ ਗਿਆ। ਟਰੰਪ ਨੇ ਕਿਹਾ, 'ਕੋਵਿਡ-19 ਦੇ ਦੁਨੀਆਂ ਵਿਚ ਫੈਲਣ ਤੋਂ ਪਹਿਲਾਂ ਚੀਨ ਦੇ ਉਸ ਨਾਲ ਸਬੰਧ ਬਹੁਤ ਚੰਗੇ ਸਨ। ਉਨ੍ਹਾਂ ਮੰਨਿਆ ਕਿ ਉਹ ਚੀਨ ਨਾਲ ਨਾਰਾਜ਼ ਹਨ।

ਟਰੰਪ ਨੇ ਕਿਹਾ ਕਿ ਉਹ ਜਾਣਦੇ ਸਨ ਕਿ ਕੁਝ ਖਰਾਬ ਹੈ ਤੇ ਲੱਗਦੈ ਕਿ ਉਹ ਸ਼ਰਮਿੰਦਾ ਹਨ। ਉਨ੍ਹਾਂ ਕਿਹਾ ਕਿ ਕਰੋਨਾ ਨੇ ਹਰ ਕਿਸੇ ਨੂੰ ਨੁਕਸਾਨ ਪਹੁੰਚਾਇਆ ਹੈ। ਪਹਿਲਾਂ ਉਨ੍ਹਾਂ ਦੀ ਦੁਨੀਆਂ ਵਿਚ ਸਭ ਤੋਂ ਵੱਡੀ ਅਰਥਵਿਵਸਥਾ ਸੀ ਤੇ ਚੀਨ ਨੇੜੇ ਵੀ ਨਹੀਂ ਸੀ। ਡੋਨਲਡ ਟਰੰਪ ਨੇ ਵਾਇਰਸ ਕਾਰਨ ਚੀਨ ਵਿਚ ਮਰਨ ਵਾਲੇ ਲੋਕਾਂ ਦੀ ਗਿਣਤੀ ਉਤੇ ਵੀ ਸ਼ੱਕ ਜਤਾਇਆ ਤੇ ਦਾਅਵਾ ਕੀਤਾ ਕਿ ਉਥੇ ਮਰਨ ਵਾਲੇ ਲੋਕਾਂ ਦੀ ਗਿਣਤੀ ਅਮਰੀਕਾ ਤੋਂ ਕਿਤੇ ਵੱਧ ਹੈ। ਉਨ੍ਹਾਂ ਕਿਹਾ, ਅਸੀਂ ਪਹਿਲੇ ਸਥਾਨ ਉਤੇ ਨਹੀਂ ਹਾਂ, ਚੀਨ ਪਹਿਲੇ ਨੰਬਰ 'ਤੇ ਹੈ।

### ਚੀਨ ਨੇ ਟਰੰਪ ਦੀ ਮੰਗ ਕੀਤੀ ਖਾਰਜ

**ਪੇਈਚਿੰਗ:** ਚੀਨ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਉਸ ਮੰਗ ਨੂੰ ਖਾਰਜ ਕਰ ਦਿੱਤਾ ਹੈ ਕਿ ਜਿਸ 'ਚ ਉਨ੍ਹਾਂ ਕਿਹਾ ਸੀ ਕਿ ਕਰੋਨਾ ਫੈਲਣ ਦੀ ਜਾਂਚ ਲਈ ਇਕ ਅਮਰੀਕੀ ਟੀਮ ਨੂੰ ਵੂਹਾਨ ਜਾਣ ਦੀ ਇਜਾਜ਼ਤ ਦਿੱਤੀ ਜਾਵੇ। ਚੀਨ ਨੇ ਟਰੰਪ ਦੀ ਮੰਗ ਖਾਰਜ ਕਰਦਿਆਂ ਕਿਹਾ ਕਿ ਉਹ ਵੀ ਹੋਰਨਾਂ ਮੁਲਕਾਂ ਵਾਂਗ ਕਰੋਨਾ ਵਾਇਰਸ ਤੋਂ ਪੀੜਤ ਹੈ ਕੋਈ ਅਪਰਾਧੀ ਨਹੀਂ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ, 'ਵਾਇਰਸ ਸਾਰੀ ਮਨੁੱਖਤਾ ਦਾ ਸਾਂਝਾ ਦੁਸ਼ਮਣ ਹੈ। ਇਹ ਦੁਨੀਆਂ 'ਚ ਕਦੀ ਵੀ ਕਿਤੇ ਵੀ ਸਾਹਮਣੇ ਆ ਸਕਦਾ ਹੈ। ਕਿਸੇ ਹੋਰ ਮੁਲਕ ਵਾਂਗ ਚੀਨ ਵੀ ਇਸ ਤੋਂ ਪੀੜਤ ਹੋਇਆ ਹੈ। ਚੀਨ ਕੋਈ ਅਪਰਾਧੀ ਨਹੀਂ ਹੈ।'

## ਕੈਨੇਡਾ 'ਚ ਵਰਦੀਧਾਰੀ ਸ਼ਖਸ ਵਲੋਂ ਗੋਲੀਬਾਰੀ 'ਚ 16 ਹਲਾਕ

**ਵੈਨਕੂਵਰ:** ਕੈਨੇਡਾ ਦੇ ਉਤਰ ਪੂਰਬੀ ਸੂਬੇ ਨੋਵਾ ਸਕੋਸ਼ੀਆ ਦੇ ਸ਼ਹਿਰ ਪੋਰਟਾਪਕਿਊ ਵਿਚ ਪੁਲੀਸ ਦੀ ਵਰਦੀਧਾਰੀ 51 ਸਾਲਾ ਗੋਰੇ ਨੇ ਵੱਖ-ਵੱਖ ਥਾਵਾਂ ਉਤੇ ਗੋਲੀਆਂ ਚਲਾ ਕੇ ਪੁਲਿਸ ਅਫਸਰ ਸਮੇਤ 16 ਲੋਕਾਂ ਨੂੰ ਮਾਰ ਦਿੱਤਾ। ਘਟਨਾ ਮਗਰੋਂ ਗੈਸ ਸਟੇਸ਼ਨ ਜਾ ਕੇ ਲੁਕੇ ਹਮਲਾਵਰ ਨੂੰ ਫੜਨ ਦੇ ਯਤਨ ਦੌਰਾਨ ਪੁਲਿਸ ਦੀ ਗੋਲੀ ਨਾਲ ਉਸ ਦੀ ਵੀ ਮੌਤ ਹੋ ਗਈ।

ਕੈਨੇਡਾ ਵਿਚ ਗੋਲੀਬਾਰੀ ਦੀ ਇੰਨੀ ਵੱਡੀ ਘਟਨਾ ਤੀਹ ਸਾਲਾਂ ਬਾਅਦ ਹੋਈ ਹੈ। ਸਥਾਨਕ ਮੁੱਖ ਮੀਡੀਆ ਰਿਪੋਰਟਾਂ ਅਨੁਸਾਰ ਬੰਦੂਕਧਾਰੀ, ਜਿਸਦਾ ਨਾਂ ਗੈਬਰੀਅਲ ਵਾਟਮੈਨ ਦੱਸਿਆ ਗਿਆ ਹੈ, ਨੇ ਸ਼ਹਿਰ ਦੇ ਇਕ ਘਰ ਵਿਚ ਜਾ ਕੇ ਕਈ ਲੋਕਾਂ ਨੂੰ ਮਾਰਨ ਤੋਂ ਮਗਰੋਂ ਕਈ ਹੋਰ ਥਾਵਾਂ ਉਤੇ ਜਾ ਕੇ ਗੋਲੀਆਂ ਚਲਾਈਆਂ ਤੇ ਇਸੇ ਦੌਰਾਨ ਇਕ ਪੁਲਿਸ ਅਫਸਰ ਨਾਲ ਸਾਹਮਣਾ ਹੋਣ ਉਤੇ ਉਸ ਨੂੰ ਵੀ ਗੋਲੀ ਮਾਰ ਦਿੱਤੀ।

ਕਈ ਘੰਟੇ ਗੋਲੀਬਾਰੀ ਮਗਰੋਂ ਜਦ ਬੰਦੂਕਧਾਰੀ ਆਪਣੇ ਬਚਾਅ ਲਈ ਇਕ ਗੈਸ ਸਟੇਸ਼ਨ ਅੰਦਰ ਜਾ ਲੁਕਿਆ ਤਾਂ ਫੜੇ ਜਾਣ ਦੇ ਯਤਨਾਂ ਦੌਰਾਨ ਉਸ ਨੂੰ ਗੋਲੀ ਲੱਗ ਗਈ ਜਿਸ ਕਾਰਨ ਹਸਪਤਾਲ ਲਿਜਾਂਦੇ ਹੋਏ ਉਸਦੀ ਮੌਤ ਹੋ ਗਈ।

# ਪਹਿਲਾਂ ਕਰੋਨਾ ਤੇ ਹੁਣ ਕੈਪਟਨ ਦੇ ਦੁਰਪ੍ਰਬੰਧਾਂ ਨੇ ਝੰਬੇ ਕਿਸਾਨ

*(ਸਫਾ ਇਕ ਦੀ ਬਾਕੀ)*

ਕਮੇਟੀਆਂ ਵਿਚ ਬਤੌਰ ਮੈਂਬਰ ਸ਼ਾਮਲ ਨਹੀਂ ਹੈ।

ਦੱਸ ਦਈਏ ਕਿ ਸਰਕਾਰ ਨੇ ਇਸ ਵਾਰ ਖਰੀਦ ਪਹਿਲੀ ਅਪਰੈਲ ਦੀ ਬਜਾਇ 15 ਅਪਰੈਲ ਤੋਂ ਕਰਨ ਦਾ ਫੈਸਲਾ ਕੀਤਾ। 15 ਦਿਨ ਦੇਰੀ ਨਾਲ ਖਰੀਦ ਦੀ ਸ਼ੁਰੂਆਤ ਕਰਨਾ ਪਿੱਛੋਂ ਇਹ ਤੈਅ ਸੀ ਕੇ ਮੰਡੀਆਂ ਵਿਚ ਫਸਲ ਇਕਦਮ ਆਵੇਗੀ ਤੇ ਇਸ ਲਈ ਅਗਾਊਂ ਪ੍ਰਬੰਧ ਜ਼ਰੂਰੀ ਸਨ ਪਰ ਸੂਬਾ ਸਰਕਾਰ ਇਸ ਲਈ ਕੋਈ ਪ੍ਰਬੰਧ ਹੀ ਨਹੀਂ ਕਰ ਸਕੀ। ਮੰਡੀਆਂ ਵਿਚ ਇਕੋ ਸਮੇਂ ਭੀੜ ਰੋਕਣ ਲਈ ਸਰਕਾਰ ਦੀ ਨੀਤੀ ਸਿਰਫ ਆੜ੍ਹਤੀਆਂ ਰਾਹੀਂ ਕਿਸਾਨਾਂ ਨੂੰ ਪਾਸ ਜਾਰੀ ਕਰਨ ਦੁਆਲੇ ਘੁੰਮਦੀ ਰਹੀ ਜੋ ਪੂਰੀ ਤਰ੍ਹਾਂ ਅਸਫਲ ਰਹੀ। ਸਰਕਾਰ ਦੀ ਰਣਨੀਤੀ ਮੁਤਾਬਕ ਹਰ ਆੜ੍ਹਤੀ ਨੂੰ ਰੋਜ਼ਾਨਾ ਪੰਜ-ਪੰਜ ਪਾਸ ਅਤੇ ਹਰ ਕਿਸਾਨ ਨੂੰ ਇਕ ਇਕ ਟਰਾਲੀ ਦਾ ਪਾਸ ਦੇਣ ਦੀ ਰਣਨੀਤੀ ਅਪਣਾਈ ਗਈ। ਖਰੀਦ ਦੇ ਪਹਿਲੇ ਦਿਨ, ਭਾਵ 15 ਅਪਰੈਲ ਨੂੰ ਹੀ ਸਰਕਾਰ ਦੀਆਂ ਤਿਆਰੀਆਂ ਦੀ ਪੋਲ ਖੁੱਲ੍ਹ ਗਈ ਕਿਉਂਕਿ ਮਸ਼ੀਨ ਰਾਹੀਂ ਲੋੜੀਂਦੇ ਪਾਸ ਤਿਆਰ ਹੀ ਨਹੀਂ ਕੀਤੇ ਜਾ ਸਕੇ।

ਰਣਨੀਤੀ ਫੇਲ੍ਹ ਹੁੰਦੀ ਵੇਖ ਅਗਲੇ ਹੀ ਦਿਨ ਮੰਡੀ ਬੋਰਡ ਨੇ ਹਰ ਆੜ੍ਹਤੀ ਦੀ ਦੁਕਾਨ ਰਾਹੀਂ ਪਿਛਲੇ ਸਾਲ ਹੋਈ ਖਰੀਦ ਦੇ ਅੰਕੜੇ ਲੈ ਕੇ ਪਾਸ ਦੇਣੇ ਸ਼ੁਰੂ ਕਰ ਦਿੱਤੇ ਹਨ। ਇਸ ਨਾਲ ਵੱਡੇ ਆੜ੍ਹਤੀਆਂ ਨੂੰ ਜ਼ਿਆਦਾ ਪਾਸ ਮਿਲੇ ਹਨ। ਕੁਝ ਆੜ੍ਹਤੀ ਅਜਿਹੇ ਵੀ ਹਨ ਜਿਨ੍ਹਾਂ ਨੂੰ ਕੋਈ ਪਾਸ ਨਹੀਂ ਮਿਲਿਆ। ਸੂਬੇ ਵਿਚ 26500 ਦੇ ਕਰੀਬ ਸਰਗਰਮ ਆੜ੍ਹਤੀਆਂ ਦੀਆਂ ਦੁਕਾਨਾਂ ਹਨ। ਜੇਕਰ ਹਰ ਆੜ੍ਹਤੀ ਨੂੰ ਪੰਜ ਪਾਸ ਰੋਜ਼ਾਨਾ ਦਾ ਫਾਰਮੂਲਾ ਚੱਲਦਾ ਤਾਂ ਹੁਣ ਤੱਕ 7 ਲੱਖ ਤੋਂ ਵੱਧ ਪਾਸ ਜਾਰੀ ਹੋਣੇ ਚਾਹੀਦੇ ਸਨ। ਹੁਣ ਤੱਕ ਸਿਰਫ 4 ਲੱਖ ਦੇ ਕਰੀਬ ਪਾਸ ਜਾਰੀ ਹੋਏ ਹਨ। ਇਹ ਹੀ ਨਹੀਂ ਪਾਸ ਹੋਣ ਦੇ ਬਾਵਜੂਦ ਵੱਡੀ ਗਿਣਤੀ ਕਿਸਾਨਾਂ ਦੀਆਂ ਟਰਾਲੀਆਂ ਨੂੰ ਇਹ ਕਹਿ ਕੇ ਵਾਪਸ ਭੇਜਿਆ ਜਾ ਰਿਹਾ ਹੈ ਕਿ ਕਣਕ ਵਿਚ ਨਮੀ ਦੀ ਮਾਤਰਾ ਜ਼ਿਆਦਾ ਹੈ। ਹਾਲਾਂਕਿ ਕਿਸਾਨਾਂ ਦਾ ਤਰਕ ਹੈ ਕਿ ਪਹਿਲਾਂ ਜਿਹੜੇ ਕਿਸਾਨਾਂ ਦੇ ਅਨਾਜ 'ਚ ਨਮੀ ਦੀ ਮਾਤਰਾ ਜ਼ਿਆਦਾ ਆਉਂਦੀ ਸੀ, ਉਨ੍ਹਾਂ ਦੀ ਫਸਲ ਅਨਾਜ ਮੰਡੀ ਵਿਚ ਦੋ-ਤਿੰਨ ਦਿਨ ਤੱਕ ਸੁੱਕਦੀ ਰਹਿੰਦੀ ਸੀ। ਨਮੀ ਦੀ ਮਾਤਰਾ ਖਤਮ ਹੋਣ ਉਪਰੰਤ ਹੀ ਅਨਾਜ ਦੀ ਤੁਲਾਈ ਹੁੰਦੀ ਸੀ ਪਰ ਸਰਕਾਰ ਦੇ ਇਸ ਫੈਸਲੇ ਨੇ ਕਿਸਾਨਾਂ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ।

ਹੁਣ ਹਾਰ ਕੇ ਸਰਕਾਰ ਨੇ ਓਲਾ ਕੰਪਨੀ ਨੂੰ ਆੜ੍ਹਤੀਆਂ ਨੂੰ ਜਾਰੀ ਕੀਤੇ ਜਾਣ ਵਾਲੇ ਈ-ਪਾਸਾਂ ਦੀ ਜ਼ਿੰਮੇਵਾਰੀ ਦਿੱਤੀ ਹੈ। ਮਾਹਿਰ ਇਹ ਸਵਾਲ ਪੁੱਛ ਰਹੇ ਹਨ ਕਿ ਪੰਜਾਬ ਦੇ ਆੜ੍ਹਤੀਆਂ ਅਤੇ ਕਿਸਾਨਾਂ ਨਾਲ ਸਬੰਧਤ ਡੇਟਾ ਕਿਸੇ ਨਿੱਜੀ ਕੰਪਨੀ ਦੇ ਹਵਾਲੇ ਕਰ ਦੇਣਾ ਕਿੰਨਾ ਕੁ ਸਹੀ ਰਹੇਗਾ। ਸਵਾਲ ਇਹ ਵੀ ਹੈ ਕਿ 15 ਅਪਰੈਲ ਤੋਂ ਖਰੀਦ ਸ਼ੁਰੂ ਹੋਣੀ ਸੀ ਤਾਂ 12 ਜਾਂ 13 ਅਪਰੈਲ ਨੂੰ ਕਿਸਾਨਾਂ ਕੋਲ ਲੋੜੀਂਦੇ ਪਾਸ ਚਾਹੀਦੇ ਸਨ। 15 ਦਿਨ ਖਰੀਦ ਲੇਟ ਸ਼ੁਰੂ ਕਰਨ ਦੇ ਬਾਵਜੂਦ ਸਰਕਾਰ ਇਨ੍ਹਾਂ ਦਿੱਕਤਾਂ ਨੂੰ ਦੂਰ ਨਹੀਂ ਕਰ ਸਕੀ। ਅਸਲ ਵਿਚ, ਪੰਜਾਬ ਸਰਕਾਰ ਨੇ ਸਾਰਾ ਜ਼ੋਰ ਕੇਂਦਰ ਅੱਗੇ ਹੱਥ ਅੱਡਣ ਉਤੇ ਲਾਇਆ ਹੋਇਆ ਹੈ।

ਪੰਜਾਬ ਸਰਕਾਰ ਨੇ ਕੇਂਦਰ ਨੂੰ ਚਿੱਠੀ ਲਿਖੀ ਹੋਈ ਹੈ ਕਿ ਜੇਕਰ ਕਿਸਾਨ ਮਈ ਅਤੇ ਜੂਨ ਤੱਕ ਕਣਕ ਘਰੇ ਸਾਂਭੀ ਰੱਖਦਾ ਹੈ ਤਾਂ ਉਸ ਨੂੰ ਕ੍ਰਮਵਾਰ ਸੌ ਤੇ ਦੋ ਸੌ ਰੁਪਏ ਕੁਇੰਟਲ ਵਾਧੂ ਦੇਣ ਦਾ ਐਲਾਨ ਕਰੇ, ਜਿਸ ਬਾਰੇ ਕੇਂਦਰ ਸਰਕਾਰ ਨੇ ਅਜੇ ਤੱਕ ਕੋਈ ਹੁੰਗਾਰਾ ਨਹੀਂ ਭਰਿਆ। ਹੁਣ ਸਵਾਲ ਇਹ ਹੈ ਕਿ ਜੇਕਰ ਸੂਬਾ ਸਰਕਾਰ ਅਸਲ ਵਿਚ ਹੀ ਕਰੋਨਾ ਦੀ ਲਾਗ ਕਾਰਨ ਮੰਡੀਆਂ ਵਿਚ ਕਿਸਾਨਾਂ ਦਾ ਇਕੱਠ ਰੋਕਣ ਚਾਹੁੰਦੀ ਹੈ ਤਾਂ ਉਹ ਫਿਲਹਾਲ ਆਪਣੇ ਪੱਧਰ ਉਤੇ ਐਲਾਨ ਕਰ ਸਕਦੀ ਸੀ। ਜੇਕਰ ਇਕ ਤਿਹਾਈ ਕਿਸਾਨ ਵੀ ਸਰਕਾਰ ਦੇ ਆਖੇ ਲੱਗ ਜਾਂਦੇ ਹਨ ਤਾਂ ਦਿੱਕਤਾਂ ਨੂੰ ਕਾਫੀ ਘਟਾਇਆ ਜਾ ਸਕਦਾ ਹੈ। ਪੰਜਾਬ ਵਿਚ ਲਗਭਗ 34 ਲੱਖ ਹੈਕਟੇਅਰ ਦੇ ਕਰੀਬ ਰਕਬੇ ਵਿਚ ਕਣਕ ਦੀ ਬਿਜਾਈ ਹੁੰਦੀ ਹੈ। ਕਣਕ ਦਾ ਔਸਤ ਝਾੜ 20 ਕੁਇੰਟਲ ਪ੍ਰਤੀ ਏਕੜ ਹੋਣ ਕਰਕੇ ਲਗਭਗ 178 ਲੱਖ ਟਨ ਪੈਦਾਵਾਰ ਹੋਣ ਦੀ ਉਮੀਦ ਹੈ। ਇਸ ਵਿਚੋਂ 135 ਲੱਖ ਟਨ ਕਣਕ ਮੰਡੀ ਵਿਚ ਆਉਣ ਦਾ ਟੀਚਾ ਹੈ। ਇਸ ਲਈ ਵੱਡੇ ਪੱਧਰ ਉਤੇ ਤਿਆਰੀਆਂ ਦੀ ਲੋੜ ਸੀ ਪਰ ਸਰਕਾਰ ਹੁਣ ਤੱਕ ਹੱਥ ਉਤੇ ਹੱਥ ਧਰ ਬੈਠੀ ਰਹੀ।

## ਟਰੰਪ ਹੁਣ ਪਰਵਾਸੀਆਂ ਲਈ ਬੂਹੇ ਭੇੜਨ ਦੇ ਰਾਹ

*(ਸਫਾ ਇਕ ਦੀ ਬਾਕੀ)*

ਨਾਗਰਿਕਾਂ ਦੀਆਂ ਨੌਕਰੀਆਂ ਬਚਾਉਣ ਦੀ ਜ਼ਰੂਰਤ ਹੈ, ਇਸ ਲਈ ਅਜਿਹੇ ਗੈਰ ਪਰਵਾਸੀ ਵੀਜ਼ੇ ਵੀ ਉਨ੍ਹਾਂ ਦੇ ਨਿਸ਼ਾਨੇ 'ਤੇ ਆ ਸਕਦੇ ਹਨ। ਕਰੋਨਾ ਵਾਇਰਸ ਮਹਾਮਾਰੀ ਕਾਰਨ ਅਮਰੀਕਾ 'ਚ ਰਿਕਾਰਡ ਗਿਣਤੀ ਵਿਚ ਛਾਂਟੀ ਹੋ ਰਹੀ ਹੈ। ਪਿਛਲੇ ਹਫਤੇ 52 ਲੱਖ ਕਾਮੇ ਬੇਰੁਜ਼ਗਾਰ ਹੋ ਗਏ ਹਨ ਅਤੇ ਇਨ੍ਹਾਂ ਵਿਚੋਂ 20 ਲੱਖ ਅਮਰੀਕੀ ਨਾਗਰਿਕਾਂ ਨੇ ਬੇਰੁਜ਼ਗਾਰੀ ਦੇ ਲਾਭ ਲੈਣ ਲਈ ਅਰਜ਼ੀ ਦਿੱਤੀ ਹੈ।

ਇਸੇ ਦੌਰਾਨ ਭਾਰਤੀ ਮੂਲ ਦੀ ਸੈਨੇਟਰ ਕਮਲਾ ਹੈਰਿਸ ਸਮੇਤ ਹੋਰ ਡੈਮੋਕਰੈਟਾਂ ਵਲੋਂ ਰਾਸ਼ਟਰਪਤੀ ਦੇ ਇਸ ਫੈਸਲੇ ਦੀ ਆਲੋਚਨਾ ਕੀਤੀ ਜਾ ਰਹੀ ਹੈ। ਕਮਲਾ ਹੈਰਿਸ ਨੇ ਕਿਹਾ ਕਿ ਰਾਸ਼ਟਰਪਤੀ ਕਰੋਨਾ ਵਾਇਰਸ ਕਾਰਨ ਬਣੇ ਸੰਕਟ ਦੇ ਹਾਲਾਤ ਦਾ ਲਾਹਾ ਲੈ ਕੇ ਪਰਵਾਸ ਸਬੰਧੀ ਨੀਤੀਆਂ ਨਾਲ ਛੇੜਛਾੜ ਕਰ ਰਹੇ ਹਨ। ਉਨ੍ਹਾਂ ਟਵੀਟ ਕੀਤਾ ਹੈ, "ਟਰੰਪ ਨੇ ਪਹਿਲੇ ਦਿਨ ਤੋਂ ਹੀ ਇਸ ਮਹਾਮਾਰੀ ਨੂੰ ਗੰਭੀਰਤਾ ਨਾਲ ਨਹੀਂ ਲਿਆ। ਉਨ੍ਹਾਂ ਦੇ ਰਵੱਈਏ ਕਾਰਨ ਕਈ ਲੋਕਾਂ ਦੀ ਜਾਨ ਚਲੀ ਗਈ ਹੈ ਅਤੇ ਹੁਣ ਉਹ ਇਸ ਮਹਾਮਾਰੀ ਦੇ ਦੌਰ ਵਿਚ ਆਪਣਾ ਪਰਵਾਸ ਵਿਰੋਧੀ ਏਜੰਡਾ ਲਾਗੂ ਕਰਨਾ ਚਾਹੁੰਦੇ ਹਨ।" ਡੈਮੋਕਰੈਟ ਜੈਕੁਇਨ ਕਾਸਟਰੋ ਨੇ ਟਵੀਟ ਕੀਤਾ ਹੈ, "ਟਰੰਪ ਦਾ ਇਹ ਫੈਸਲਾ ਉਨ੍ਹਾਂ ਦੇ ਮਹਾਮਾਰੀ ਰੋਕਣ 'ਚ ਨਾਕਾਮ ਰਹਿਣ ਦੇ ਮੁੱਦੇ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਹੀ ਨਹੀਂ ਬਲਕਿ ਸੰਕਟ ਕਾਰਨ ਬਣੇ ਮਾਹੌਲ ਦਾ ਲਾਹਾ ਲੈ ਕੇ ਆਪਣਾ ਪਰਵਾਸ ਵਿਰੋਧੀ ਏਜੰਡਾ ਲਾਗੂ ਕਰਨ ਦੀ ਵੀ ਹੈ।"

## ਕਰੋਨਾ ਨਾਲ ਨਿਊ ਯਾਰਕ 'ਚ ਪੰਜਾਬੀ ਦੀ ਮੌਤ

**ਨਿਊ ਯਾਰਕ:** ਬੇਟ ਇਲਾਕੇ ਦੇ ਪਿੰਡ ਚੱਕ ਬਾਮੂ ਦੇ ਮਨਜੀਤ ਸਿੰਘ ਉਰਫ ਬਿੱਟੂ (47) ਪੁੱਤਰ ਸ਼ਿੰਗਾਰਾ ਸਿੰਘ ਦੀ ਅਮਰੀਕਾ ਇਥੇ ਕਰੋਨਾ ਵਾਇਰਸ ਕਾਰਨ ਮੌਤ ਹੋ ਹੋਈ। ਮਨਜੀਤ ਸਿੰਘ 20 ਸਾਲ ਪਹਿਲਾਂ ਰੋਜ਼ੀ ਰੋਟੀ ਕਮਾਉਣ ਅਮਰੀਕਾ ਆਇਆ ਸੀ। ਉਹ ਆਪਣੀ ਪਤਨੀ ਦਲਜੀਤ ਕੌਰ ਸਣੇ ਤਿੰਨ ਬੱਚਿਆਂ ਨਾਲ ਰਹਿੰਦਾ ਸੀ ਤੇ ਟੈਕਸੀ ਚਲਾਉਂਦਾ ਸੀ। ਕੁਝ ਦਿਨਾਂ ਤੋਂ ਕਰੋਨਾ ਵਾਇਰਸ ਨਾਲ ਪੀੜਤ ਹੋਣ ਕਾਰਨ ਉਸ ਦਾ ਇਲਾਜ ਜਮਾਇਕਾ ਹਸਪਤਾਲ 'ਚ ਚੱਲ ਰਿਹਾ ਸੀ, ਜਿਸ ਦੌਰਾਨ ਉਸ ਦੀ ਮੌਤ ਹੋ ਗਈ।

## ਕਰੋਨਾ ਤੋਂ ਵੱਧ ਭੁੱਖ ਨਾਲ ਸਹਿਮੇ ਲੋਕ

*(ਸਫਾ ਇਕ ਦੀ ਬਾਕੀ)*

ਇਹ ਲੋਕ ਮੁੜ ਅੰਦਰੋਂ ਟੁੱਟ ਜਾਂਦੇ ਹਨ। ਅਜਿਹਾ ਚਾਰ ਵਾਰ ਹੋਇਆ ਹੈ ਤੇ ਹਰ ਵਾਰ ਨਿਰਾਸ਼ਾ ਪੱਲੇ ਪਈ ਹੈ।

ਰੁਜ਼ਗਾਰ ਖੁੱਸਣ, ਰੋਟੀ ਦਾ ਪ੍ਰਬੰਧ ਨਾ ਹੋਣ, ਭੀੜੇ ਕਮਰਿਆਂ ਵਿਚ ਬੰਦ ਰਹਿਣ ਦੀ ਮਜਬੂਰੀ ਤੇ ਘਰਾਂ ਦੀ ਚਿੰਤਾ ਨੇ ਉਨ੍ਹਾਂ ਵਿਚ ਭਾਰੀ ਬੇਚੈਨੀ ਪੈਦਾ ਕੀਤੀ ਹੈ। ਹੁਣ ਹਾਲਾਤ ਇਹ ਹਨ ਕਿ ਅਜਿਹੇ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਸੜਕਾਂ ਉਤੇ ਆ ਰਹੇ ਹਨ ਤੇ ਪੁਲਿਸ ਦੀ ਕੁੱਟਮਾਰ ਦਾ ਸ਼ਿਕਾਰ ਹੋ ਰਹੇ ਹਨ। ਕੇਂਦਰੀ ਗ੍ਰਹਿ ਵਿਭਾਗ ਵੱਲੋਂ ਜਾਰੀ ਕੀਤੀਆਂ ਤਾਜ਼ਾ ਹਦਾਇਤਾਂ ਵਿਚ ਖੇਤੀ, ਮਨਰੇਗਾ ਕਾਮਿਆਂ, ਸਿਹਤ, ਦਵਾਈ ਬਣਾਉਣ ਦੇ ਕਾਰਖਾਨਿਆਂ ਅਤੇ ਹੋਰ ਖੇਤਰਾਂ ਵਿਚ ਕੰਮ ਸ਼ੁਰੂ ਕਰਵਾਉਣ ਬਾਰੇ ਆਦੇਸ਼ ਜਾਰੀ ਕੀਤੇ ਹਨ। ਇਨ੍ਹਾਂ ਆਦੇਸ਼ਾਂ ਨਾਲ ਮਜ਼ਦੂਰਾਂ ਦੇ ਸਿਰਫ ਕੁਝ ਹਿੱਸੇ ਨੂੰ ਹੀ ਰੁਜ਼ਗਾਰ ਮਿਲਣ ਵਾਲਾ ਹੈ। ਮਜ਼ਦੂਰਾਂ ਵਿਚ ਵਧ ਰਹੀ ਸਮਾਜਿਕ ਅਤੇ ਮਾਨਸਿਕ ਪਰੇਸ਼ਾਨੀ ਦੇ ਸਿੱਟੇ ਗੰਭੀਰ ਹੋ ਸਕਦੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਪਰਮਜੀਤ ਸਿੰਘ ਕੰਦੋਲਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸਥਾਨਕ ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਵਿਖੇ ਕਾਰ ਸੇਵਾ ਜਥੇ ਨਾਲ ਨਿਸ਼ਕਾਮ ਸੇਵਾ ਨਿਭਾਉਣ ਵਾਲੇ ਸ. ਪਰਮਜੀਤ ਸਿੰਘ ਕੰਦੋਲਾ ਪਿਛਲੇ ਦਿਨੀਂ ਇੰਡੀਆਨਾ 'ਚ ਆਪਣੇ ਘਰ ਦਿਲ ਦਾ ਦੌਰਾ ਪੈਣ ਕਾਰਨ ਅਕਾਲ ਚਲਾਣਾ ਕਰ ਗਏ। 52 ਸਾਲਾ ਸਵਰਗੀ ਕੰਦੋਲਾ ਟਰੱਕ ਚਲਾਉਂਦੇ ਸਨ ਅਤੇ ਪਿਛੇ ਆਪਣੇ ਪਰਿਵਾਰ ਵਿਚ ਪਤਨੀ ਬਲਵਿੰਦਰ ਕੌਰ ਅਤੇ ਦੋ ਪੁੱਤਰ-ਪ੍ਰਭਜੀਤ ਸਿੰਘ ਅਤੇ ਮਹਿਤਾਬ ਸਿੰਘ ਛੱਡ ਗਏ ਹਨ।

ਸਵਰਗੀ ਕੰਦੋਲਾ ਦੇ ਘਰ ਦੇ ਨੇੜੇ ਹੀ ਰਹਿੰਦੇ ਭਰਪੂਰ ਸਿੰਘ ਤੇ ਗੁਰਦਿਆਲ ਸਿੰਘ ਅਨੁਸਾਰ ਸ. ਕੰਦੋਲਾ ਸ਼ਾਮ ਨੂੰ ਆਪਣੇ ਘਰ ਦੇ ਬਹਾਰ ਘਾਹ ਕੱਟ ਰਹੇ ਸਨ, ਜਦੋਂ ਉਨ੍ਹਾਂ ਨੂੰ ਦਿਲ ਦੀ ਸ਼ਿਕਾਇਤ ਹੋਈ। ਉਨ੍ਹਾਂ ਨੂੰ ਧਰਤੀ 'ਤੇ ਡਿੱਗੇ ਦੇਖ ਕੇ ਦੋ ਅਮਰੀਕਨ ਗਵਾਂਢਣ ਨਰਸਾਂ ਉਨ੍ਹਾਂ ਵੱਲ ਵਧੀਆਂ ਅਤੇ ਉਨ੍ਹਾਂ ਦੀ ਜ਼ਿੰਦਗੀ ਬਚਾਉਣ ਲਈ ਓਹੜ-ਪੋਹੜ ਕੀਤੇ। ਉਨ੍ਹਾਂ ਨੇ ਹੀ 911 'ਤੇ ਕਾਲ ਕੀਤੀ। ਐਂਬੂਲੈਂਸ ਸ. ਕੰਦੋਲਾ ਨੂੰ ਹਸਪਤਾਲ ਲੈ ਗਈ, ਜਿਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਸਵਰਗੀ ਕੰਦੋਲਾ ਦਾ ਅੰਤਿਮ ਸਸਕਾਰ ਲੰਘੀ 20 ਅਪਰੈਲ ਨੂੰ ਕਰਾਊਨ ਪੁਆਇੰਟ (ਇੰਡੀਆਨਾ) ਵਿਖੇ ਕਰ ਦਿੱਤਾ ਗਿਆ।

ਕਾਰ ਸੇਵਾ ਜਥੇ ਦੇ ਮੋਢੀ ਮੈਂਬਰ ਸਤਨਾਮ ਸਿੰਘ ਔਲਖ ਨੇ ਦੱਸਿਆ ਕਿ ਸ. ਕੰਦੋਲਾ ਸਾਲ 2008 ਤੋਂ ਗੁਰਦੁਆਰਾ ਪੈਲਾਟਾਈਨ ਦੇ ਕਾਰ ਸੇਵਾ ਪ੍ਰਾਜੈਕਟ ਨਾਲ ਜੁੜੇ ਹੋਏ ਸਨ ਅਤੇ ਇੰਡੀਆਨਾ ਤੋਂ ਪਰਿਵਾਰ ਸਮੇਤ ਆ ਕੇ



ਪਰਮਜੀਤ ਸਿੰਘ ਕੰਦੋਲਾ

ਗੁਰੂ ਘਰ ਵਿਖੇ ਕਾਰ ਸੇਵਾ ਵਿਚ ਹੱਥ ਵਟਾਉਂਦੇ ਸਨ। ਉਹ ਗੁਰਦੁਆਰਾ ਸਾਹਿਬ ਵਿਖੇ ਜੂਨ ਮਹੀਨੇ 1984 (ਤੀਜੇ ਘੱਲੂਘਾਰੇ) ਦੇ ਸ਼ਹੀਦਾਂ ਦੀ ਯਾਦ ਵਿਚ ਕਰਵਾਏ ਜਾਂਦੇ ਅਖੰਡ ਪਾਠ ਦੌਰਾਨ ਗੁਰੂ ਘਰ ਵਿਖੇ ਪਰਿਵਾਰ ਸਮੇਤ ਲੰਗਰ ਦੀ ਸੇਵਾ ਅਤੇ ਹੋਰ ਸੇਵਾਵਾਂ ਨਿਭਾਉਂਦੇ ਸਨ। ਇਸ ਦੌਰਾਨ ਉਹ ਗੁਰੂ ਘਰ ਵਿਖੇ ਹੀ ਰਹਿੰਦੇ ਸਨ ਅਤੇ ਹੋਰਨਾਂ ਨੂੰ ਵੀ ਸੇਵਾ ਲਈ ਪ੍ਰੇਰਦੇ ਸਨ।

ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਬਣਵਾਏ ਗਏ ਵਿਸ਼ੇਸ਼ ਕੱਪ ਨਾਲ ਸਵਰਗੀ ਸ. ਕੰਦੋਲਾ ਅਤੇ ਉਨ੍ਹਾਂ ਦੇ ਪੁੱਤਰ ਦਾ ਸਨਮਾਨ ਕੀਤਾ ਗਿਆ ਸੀ। ਮਰਹੂਮ ਸ. ਕੰਦੋਲਾ ਦੀਆਂ ਅਨੇਕਾਂ ਯਾਦਾਂ ਪਿਛਲੇ ਗਿਆਰਾਂ ਸਾਲਾਂ ਦੇ ਕਾਰ ਸੇਵਾ ਕਿਤਾਬਚੇ ਵਿਚ ਸਾਂਭੀਆਂ ਪਈਆਂ ਹਨ। ਉਨ੍ਹਾਂ ਦੇ ਜਾਣ ਨਾਲ ਭਾਈਚਾਰੇ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ।

ਸ. ਔਲਖ ਨੇ ਦੱਸਿਆ ਕਿ ਕਰੋਨਾ ਵਾਇਰਸ ਕਾਰਨ ਪੈਦਾ ਹੋਏ ਹਾਲਾਤ ਵਿਚ ਭਾਵੇਂ ਅਸੀਂ ਨਿਜੀ ਤੌਰ 'ਤੇ ਉਨ੍ਹਾਂ ਦੇ ਦੁੱਖ ਵਿਚ ਸ਼ਾਮਲ ਨਹੀਂ ਹੋ ਸਕਦੇ, ਪਰ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਦੁੱਖ ਦੀ ਇਸ ਘੜੀ ਵਿਚ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਅਤੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ। ਸ. ਔਲਖ ਨੇ ਕੰਦੋਲਾ ਪਰਿਵਾਰ ਦੀ ਹਮੇਸ਼ਾ ਚੜ੍ਹਦੀ ਕਲਾ ਦੀ ਕਾਮਨਾ ਕਰਦਿਆਂ ਕਿਹਾ ਕਿ ਗੁਰਦੁਆਰਾ ਪੈਲਾਟਾਈਨ ਦੇ ਕਾਰ ਸੇਵਕ ਮਰਹੂਮ ਸ. ਕੰਦੋਲਾ ਦੇ ਪਰਿਵਾਰ ਨਾਲ ਚੱਟਾਨ ਵਾਂਗ ਖੜ੍ਹੇ ਹਨ।

ਕਾਰ ਸੇਵਾ ਜਥੇ ਨੇ ਕਿਹਾ ਕਿ ਸਾਨੂੰ ਧਰਮ-ਨਸਲ ਦੇ ਵਿਤਕਰੇ ਤੋਂ ਉਪਰ ਉਠ ਕੇ ਗਵਾਂਢੀਆਂ ਨਾਲ ਚੰਗੇ ਸਬੰਧ ਬਣਾ ਕੇ ਰੱਖਣੇ ਚਾਹੀਦੇ ਹਨ ਅਤੇ ਹੋਰਨਾਂ ਭਾਈਚਾਰਿਆਂ ਦੇ ਧਾਰਮਿਕ ਸਮਾਗਮਾਂ ਵਿਚ ਸ਼ਿਰਕਤ ਕਰਨੀ ਚਾਹੀਦੀ ਹੈ ਤਾਂ ਜੋ ਲੋੜ ਵੇਲੇ ਇਕ ਦੂਜੇ ਦੇ ਕੰਮ ਆ ਸਕੀਏ।

ਹੋਰ ਜਾਣਕਾਰੀ ਲਈ ਭਰਪੂਰ ਸਿੰਘ ਨਾਲ ਫੋਨ: 847-541-5507, ਗੁਰਦਿਆਲ ਸਿੰਘ ਫੋਨ: 630-362-8126 ਜਾਂ ਕੁਲਵਿੰਦਰ ਸਿੰਘ ਨਾਲ ਫੋਨ: 630-863-8686 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਸਿੱਖਾਂ ਨੇ ਦਸ ਲੱਖ ਲੋਕਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ

**ਵਾਸ਼ਿੰਗਟਨ:** ਅਮਰੀਕਾ ਅਧਾਰਿਤ ਮੁਨਾਫਾ ਰਹਿਤ ਸਿੱਖ ਸੰਗਠਨ 'ਯੂਨਾਈਟਿਡ ਸਿੱਖਸ' ਨੇ ਕਿਹਾ ਹੈ ਕਿ ਉਨ੍ਹਾਂ ਵੱਲੋਂ ਕਰੋਨਾ ਵਾਇਰਸ ਮਹਾਮਾਰੀ ਕਾਰਨ ਉਪਜੇ ਇਸ ਸੰਕਟ ਦੇ ਸਮੇਂ ਦੌਰਾਨ ਦੁਨੀਆਂ ਭਰ ਦੇ ਕਈ ਦੇਸ਼ਾਂ ਵਿਚ ਹੁਣ ਤੱਕ ਦਸ ਲੱਖ ਤੋਂ ਵੱਧ ਲੋਕਾਂ ਨੂੰ ਮੁਫਤ ਭੋਜਨ ਮੁਹੱਈਆ ਕਰਵਾਇਆ ਹੈ।

ਇਸ ਮੁਸ਼ਕਲ ਸਮੇਂ ਵਿਚ ਗਰੀਬ ਪਰਿਵਾਰਾਂ ਨੂੰ ਖਿਲਾਉਣ ਲਈ ਆਪਣੀਆਂ ਹੰਗਾਮੀ ਸਹਾਇਤਾ ਟੀਮਾਂ ਦੇ ਨਾਲ ਅੱਗੇ ਆ ਕੇ ਮਦਦ ਕਰਨ ਵਾਲੇ ਸੰਗਠਨ ਨੇ ਕਿਹਾ ਕਿ ਉਨ੍ਹਾਂ ਭਾਰਤ, ਬਰਤਾਨੀਆ, ਮਲੇਸ਼ੀਆ, ਆਸਟਰੇਲੀਆ, ਅਮਰੀਕਾ ਤੇ ਕੈਨੇਡਾ ਸਣੇ ਹੋਰ ਦੇਸ਼ਾਂ ਵਿਚ ਦਸ ਲੱਖ ਤੋਂ ਵੱਧ ਲੋਕਾਂ ਨੂੰ ਮੁਫਤ ਭੋਜਨ ਮੁਹੱਈਆ ਕਰਵਾਇਆ ਹੈ।

ਅਮਰੀਕਾ ਵਿਚ 'ਯੂਨਾਈਟਿਡ ਸਿੱਖਸ' ਕੈਲੀਫੋਰਨੀਆ, ਵਾਸ਼ਿੰਗਟਨ, ਯੂਟਾ, ਮੈਰੀਲੈਂਡ ਸੂਬੇ ਵਿਚ ਸਰਗਰਮ ਹੈ। ਨਿਊ ਯਾਰਕ ਵਿਚ 30,000 ਲੋਕਾਂ ਲਈ ਭੋਜਨ ਤਿਆਰ ਕਰਨ ਤੇ ਉਸ ਨੂੰ ਲੋੜਵੰਦਾਂ ਤੱਕ ਪਹੁੰਚਾਉਣ ਲਈ ਨਿਊ ਯਾਰਕ ਦੇ ਐਮਰਜੈਂਸੀ ਪ੍ਰਬੰਧਨ ਦਫਤਰ ਨਾਲ ਮਿਲ ਕੇ ਕੰਮ ਕੀਤਾ ਜਾ ਰਿਹਾ ਹੈ।

ਸਿਆਟਲ ਵਿਚ ਸੰਗਠਨ ਨੇ ਸਿਹਤ ਕਰਮੀਆਂ ਦੀ ਮਦਦ ਨਾਲ ਨਾਗਰਿਕਾਂ ਦੇ ਵਾਇਰਸ ਲਈ ਟੈਸਟ ਕੀਤੇ ਹਨ ਤੇ ਪਾਜ਼ੇਟਿਵ ਪਾਏ ਗਏ ਵਿਅਕਤੀਆਂ ਦੀ ਮਦਦ ਵੀ ਕੀਤੀ ਜਾ ਰਹੀ ਹੈ। ਹਿਊਸਟਨ (ਟੈਕਸਸ) ਵਿਚ ਕਈ ਪਰਿਵਾਰਾਂ ਨੇ 'ਯੂਨਾਈਟਿਡ ਸਿੱਖਸ' ਦਾ ਧੰਨਵਾਦ ਕੀਤਾ ਤੇ ਕਿਹਾ ਕਿ ਜੇ ਉਹ ਘਰੇਲੂ ਲੋੜ ਦਾ ਸਾਮਾਨ ਤੇ ਖੁਰਾਕੀ ਪਦਾਰਥ ਮੁਹੱਈਆ ਨਾ ਕਰਵਾਉਂਦੇ ਤਾਂ ਸ਼ਾਇਦ ਭੁੱਖੇ ਰਹਿਣਾ ਪੈਂਦਾ।

ਬਰਤਾਨੀਆ ਵਿਚ ਵੀ ਲੋਕਾਂ ਨੇ ਇਸੇ ਤਰ੍ਹਾਂ ਸੰਗਠਨ ਦਾ ਸ਼ੁਕਰੀਆ ਅਦਾ ਕੀਤਾ। ਇਥੇ ਰਸਲ'ਜ਼ ਹਾਲ ਹਸਪਤਾਲ ਵਿਚ ਬਰੈੱਡ ਮੁਹੱਈਆ ਕਰਵਾਈ ਗਈ। ਕੈਨੇਡਾ ਵਿਚ ਵੀ ਸੰਗਠਨ ਨੇ 'ਫੂਡ ਬੈਂਕ' ਕਾਇਮ ਕੀਤੇ ਹਨ। ਸਿੱਖ ਸੰਗਠਨ ਨੇ ਲੋਕਾਂ ਨੂੰ ਘਰਾਂ ਵਿਚ ਰਹਿਣ ਦੀ ਅਪੀਲ ਵੀ ਕੀਤੀ।

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways
Etihad, Air India, KLM, Lufthansa, Delta, Qatar Airlines.

For Emergency Call anytime at 847-673-3825
EARLY BIRD SALE!!!!
Domestic fares available

## 'ਤੇਰਾ ਦਿੱਤਾ ਖਾਵਣਾ' ਦਾਦਾ ਸਾਹਿਬ ਫਾਲਕੇ ਐਵਾਰਡ ਲਈ ਨਾਮਜ਼ਦ

**ਜਲੰਧਰ:** ਏਪੀਜੀ ਕਾਲਜ ਵਿਦਿਆਰਥੀਆਂ ਵੱਲੋਂ ਬਣਾਈ ਗਈ ਲਘੂ ਫਿਲਮ 'ਤੇਰਾ ਦਿੱਤਾ ਖਾਵਣਾ' ਨੂੰ ਦਾਦਾ ਸਾਹਿਬ ਫਾਲਕੇ ਐਵਾਰਡ ਲਈ ਨਾਮਜ਼ਦ ਕੀਤਾ ਗਿਆ ਹੈ। ਕਾਲਜ ਦੇ 12 ਵਿਦਿਆਰਥੀਆਂ ਨੇ ਫਿਲਮ ਵਿਚ ਜੀਅ-ਜਾਨ ਨਾਲ ਕੰਮ ਕੀਤਾ ਹੈ।

ਅੰਮ੍ਰਿਤਪਾਲ ਸਿੰਘ ਏਰੀ ਤੇ ਸੁਪ੍ਰੀਤ ਕੌਰ ਨੇ ਇਸ ਫਿਲਮ ਦਾ ਨਿਰਦੇਸ਼ਨ ਕੀਤਾ ਜਦੋਂਕਿ ਨਿਰਮਾਤਾ ਗ੍ਰੇਸਦੀਪ ਕੌਰ ਤੇ ਹਰਸਿਮਰਨ ਕੌਰ ਹਨ। ਇਸ ਵਿਚ ਮੁੱਖ ਭੂਮਿਕਾ ਗਗਨਦੀਪ ਨੇ ਨਿਭਾਈ ਹੈ। ਰਾਜਪ੍ਰੀਤ ਸਿੰਘ ਜੌਲੀ ਨੇ ਫਿਲਮ ਦੀ ਵੀਡੀਓ ਐਡੀਟਿੰਗ ਕੀਤੀ ਹੈ। ਏਪੀਜੇ ਕਾਲਜ ਦੇ ਵਿਦਿਆਰਥੀਆਂ ਨੇ ਦਾਦਾ ਸਾਹਿਬ ਫਾਲਕੇ ਐਵਾਰਡ ਲਈ ਇਹ ਫਿਲਮ 'ਵਿਦਿਆਰਥੀ ਸ਼੍ਰੇਣੀ' ਲਈ 20 ਮਾਰਚ ਨੂੰ ਭੇਜੀ ਸੀ।

## ਕਰੋਨਾ ਪੀੜਤ ਦੇ ਸੰਪਰਕ 'ਚ ਆਉਣ ਦੀ ਜਾਣਕਾਰੀ ਦੇਵੇਗਾ ਸਮਾਰਟਫੋਨ ਐਪ

**ਬੋਸਟਨ:** ਅਮਰੀਕਾ 'ਚ ਕੁਝ ਵਿਗਿਆਨੀ ਅਜਿਹੇ ਸਮਾਰਟਫੋਨ ਐਪ ਉਤੇ ਕੰਮ ਕਰ ਰਹੇ ਹਨ ਜੋ ਲੋਕਾਂ ਦੀ ਨਿੱਜਤਾ ਦੀ ਰੱਖਿਆ ਕਰਦਿਆਂ ਇਹ ਦੱਸੇਗਾ ਕਿ ਕੀ ਉਹ ਕਿਸੇ ਅਜਿਹੇ ਵਿਅਕਤੀ ਦੇ ਸੰਪਰਕ 'ਚ ਆਏ ਹਨ ਜੋ ਕਰੋਨਾ ਵਾਇਰਸ ਤੋਂ ਪੀੜਤ ਸੀ। ਇਨ੍ਹਾਂ ਖੋਜੀਆਂ 'ਚ ਭਾਰਤੀ ਮੂਲ ਦਾ ਇਕ ਵਿਗਿਆਨੀ ਵੀ ਸ਼ਾਮਲ ਹੈ।

ਬੋਸਟਨ ਯੂਨੀਵਰਸਿਟੀ ਦੇ ਮਯੰਕ ਵਾਰੀਆ ਸਮੇਤ ਖੋਜੀਆਂ ਦੀ ਟੀਮ ਇਸ ਐਪ ਨੂੰ ਤਿਆਰ ਕਰ ਰਹੀ ਹੈ। ਇਸ ਐਪ ਨੂੰ ਬਲੂਟੁੱਥ ਨਾਲ ਲੈਸ ਸੈੱਲਫੋਨ 'ਚ ਵਰਤ ਕੇ ਕਿਸੇ ਵਿਅਕਤੀ ਨੂੰ ਦੱਸਿਆ ਜਾ ਸਕਦਾ ਹੈ ਕਿ ਉਹ ਕੋਵਿਡ-19 ਤੋਂ ਪੀੜਤ ਕਿਸੇ ਹੋਰ ਵਿਅਕਤੀ ਦੇ ਸੰਪਰਕ ਵਿਚ ਆਇਆ ਹੈ ਜਾਂ ਨਹੀਂ। ਖੋਜੀਆਂ ਨੇ ਕਿਹਾ ਕਿ ਕੋਈ ਵੀ ਇਸ ਐਪ ਦੀ ਵਰਤੋਂ ਕਰ ਸਕਦਾ ਹੈ। ਵਾਰੀਆ ਨੇ ਦੱਸਿਆ ਕਿ ਐਪ ਕਿਸੇ ਵੀ ਨਿੱਜੀ ਜਾਣਕਾਰੀ ਦਾ ਭੇਤ ਨਹੀਂ ਖੋਲ੍ਹਦਾ ਹੈ।

Shan Grill Indian Restaurant
1910 N. Rand Rd., Palatine, IL 60074
ਭਾਰਤੀ ਤੇ ਪਾਕਿਸਤਾਨੀ ਸਵਾਦੀ ਖਾਣਿਆਂ ਲਈ ਪਧਾਰੋ
ਸਾਡੀ ਸਪੈਸ਼ਲਟੀ ਚਿਕਨ ਸੀਖ ਕਬਾਬ
Our speciality: Chicken Seekh Kabob
Special Catering offer $10 package
Minimum 25 people
Ph: 847-358-1900
9-

ਅਨੁਭਵੀ ਕੁੱਕ ਦੀ ਲੋੜ ਹੈ
ਨਿਆਗਰਾ ਫਾਲਜ਼, ਨਿਊ ਯਾਰਕ ਵਿਚ ਇੰਡੀਅਨ ਰੈਸੋਟਰੈਂਟ ਲਈ ਅਨੁਭਵੀ ਕੁੱਕ ਦੀ ਲੋੜ ਹੈ, ਜੋ ਕੁਕਿੰਗ ਅਤੇ ਤੰਦੂਰ ਦਾ ਕੰਮ ਜਾਣਦਾ ਹੋਵੇ
ਚੰਗੀ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ
ਫੋਨ: 716-297-2100
10-13

Imperial Tax Services
29090 Currier Ave., Westland, MI 48186
Individual & Small Business
Tax Returns
Visa, OCI, Renunciation & Passport Applications.
Citizenship Forms, Sponsorship & Power of Attorneys.
IRS AUTHORIZED NOTARY PUBLIC
Call or Text to make an appointment
Paramvir Singh
(Master's degree in Mathematics)
Ph: 206-475-6075
Email: Imperialtaxservices81@Yahoo.com
52+

Desi Bazar
Under new management.
916 E. Main Street #118, Greenwood, IN, 46143
Tel: 317-888-2040, Fax: 317-887-6116
Lakhvir S. Johal, Ph: 317-709-7800
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਹੋਰਨਾਂ ਮੁਲਕਾਂ ਮੁਕਾਬਲੇ ਭਾਰਤ ਵਿਚ ਤੇਜ਼ੀ ਨਾਲ ਸਿਹਤਯਾਬ ਹੋਣ ਲੱਗੇ ਕਰੋਨਾ ਪੀੜਤ

**ਨਵੀਂ ਦਿੱਲੀ:** ਸਿਹਤ ਮੰਤਰਾਲੇ ਨੇ ਦਾਅਵਾ ਕੀਤਾ ਹੈ ਕਿ ਹੋਰਨਾਂ ਮੁਲਕਾਂ ਦੇ ਮੁਕਾਬਲੇ ਵਿਚ ਭਾਰਤ ਵਿਚ ਕਰੋਨਾ ਪੀੜਤ ਮਰੀਜ਼ ਤੇਜ਼ੀ ਨਾਲ ਸਿਹਤਯਾਬ ਹੋ ਰਹੇ ਹਨ। ਏਮਜ਼ ਦੇ ਡਾਇਰੈਕਟਰ ਨੇ ਦਾਅਵਾ ਕੀਤਾ ਹੈ ਕਿ 'ਕਰੋਨਾ ਕੇਸਾਂ ਦੀ ਗਿਣਤੀ ਦੁੱਗਣੀ ਹੋਣ ਦੇ ਮਾਮਲੇ ਵਿਚ' ਭਾਰਤ ਦੀ ਰਫਤਾਰ ਹੋਰਨਾਂ ਮੁਲਕਾਂ ਦੇ ਮੁਕਾਬਲੇ ਘਟੀ ਹੈ।

ਸਿਹਤ ਮੰਤਰਾਲੇ ਨੇ ਕਿਹਾ ਕਿ ਜੇਕਰ ਕਿਸੇ ਇਕਾਂਤਵਾਸ ਜ਼ੋਨ ਵਿਚ ਘੱਟੋ-ਘੱਟ ਚਾਰ ਹਫਤਿਆਂ (28 ਦਿਨਾਂ) ਤਕ ਕੋਵਿਡ-19 ਦਾ ਕੋਈ ਸੈਕੰਡਰੀ ਪਾਜ਼ੇਟਿਵ ਕੇਸ ਰਿਪੋਰਟ ਨਹੀਂ ਹੁੰਦਾ ਤਾਂ ਉਸ ਇਲਾਕੇ ਵਿਚ ਕੰਟੇਨਮੈਂਟ ਅਪਰੇਸ਼ਨਾਂ ਨੂੰ ਕੁਝ ਹੱਦ ਤਕ ਘਟਾਇਆ ਜਾ ਸਕਦਾ ਹੈ। ਮੰਤਰਾਲੇ ਨੇ ਕਿਹਾ ਕਿ ਲੌਕਡਾਊਨ ਦੇ ਸਕਾਰਾਤਮਕ ਨਤੀਜੇ ਸਾਹਮਣੇ ਆਉਣ ਲੱਗੇ ਹਨ। ਇਸ ਦੌਰਾਨ ਗੁਜਰਾਤ ਦੇਸ਼ ਦਾ ਛੇਵਾਂ ਸੂਬਾ ਬਣ ਗਿਆ, ਜਿਥੇ ਕਰੋਨਾ ਪਾਜ਼ੇਟਿਵ ਕੇਸਾਂ ਦੀ ਗਿਣਤੀ 1 ਹਜ਼ਾਰ ਦੇ ਅੰਕੜੇ ਨੂੰ ਟੱਪ ਗਈ ਹੈ। ਸਿਹਤ ਮੰਤਰਾਲੇ 'ਚ ਜੁਆਇੰਟ ਸਕੱਤਰ ਲਵ ਅਗਰਵਾਲ ਨੇ ਕਿਹਾ ਕਿ ਹੋਰਨਾਂ ਮੁਲਕਾਂ ਦੇ ਮੁਕਾਬਲੇ ਵਿਚ ਭਾਰਤ 'ਚ ਕਰੋਨਾ ਪੀੜਤ ਮਰੀਜ਼ ਤੇਜ਼ੀ ਨਾਲ ਸਿਹਤਯਾਬ ਹੋ ਰਹੇ ਹਨ।

ਉਨ੍ਹਾਂ ਕਿਹਾ, 'ਜੇਕਰ ਭਾਰਤ ਵਿਚ 80 ਫੀਸਦੀ ਮਰੀਜ਼ ਠੀਕ ਹੋ ਰਹੇ ਹਨ ਤੇ ਸਿਰਫ 20 ਫੀਸਦੀ ਮੌਤਾਂ ਹੀ ਰਿਪੋਰਟ ਹੋ ਰਹੀਆਂ ਹਨ, ਤਾਂ ਫਿਰ ਇਸ ਪੈਮਾਨੇ ਮੁਤਾਬਕ ਭਾਰਤ ਦੀ ਹੋਰਨਾਂ ਕਈ ਮੁਲਕਾਂ ਦੀ ਨਿਸਬਤ ਸਥਿਤੀ ਥੋੜ੍ਹੀ ਬਿਹਤਰ ਹੈ।' ਉਨ੍ਹਾਂ ਕਿਹਾ ਕਿ ਲੌਕਡਾਊਨ ਤੋਂ ਪਹਿਲਾਂ ਕਰੋਨਾ ਵਾਇਰਸ ਦੇ ਕੇਸ ਤਿੰਨ ਦਿਨਾਂ ਵਿਚ ਦੁੱਗਣੇ ਹੁੰਦੇ ਸੀ, ਪਰ ਜੇਕਰ ਪਿਛਲੇ ਸੱਤ ਦਿਨਾਂ ਦੇ ਅੰਕੜਿਆਂ ਉਤੇ ਝਾਤ ਮਾਰੀਏ ਤਾਂ ਹੁਣ ਕੇਸ 6.2 ਦਿਨਾਂ ਵਿਚ ਦੁੱਗਣੇ ਹੋ ਰਹੇ ਹਨ। 19 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਕੇਸ ਦੁੱਗਣੀ ਹੋਣ ਦੀ ਦਰ ਕੌਮੀ ਔਸਤ ਨਾਲੋਂ ਘੱਟ ਹੈ। ਸਿਹਤ ਮੰਤਰਾਲੇ ਦੇ ਇਕ ਅਧਿਕਾਰੀ ਨੇ ਕਿਹਾ ਕਿ ਪਹਿਲੀ ਅਪਰੈਲ ਤੋਂ ਕੇਸਾਂ ਦਾ ਔਸਤ ਵਿਕਾਸ ਫੈਕਟਰ 1.2 ਹੈ ਜਦੋਂਕਿ 15 ਮਾਰਚ ਤੋਂ 31 ਮਾਰਚ ਦਰਮਿਆਨ ਇਹ ਅੰਕੜਾ 2.1 ਸੀ। ਅਗਰਵਾਲ ਨੇ ਕਿਹਾ ਕਿ ਟੈਸਟਿੰਗ ਦਾ ਅਮਲ ਤੇਜ਼ ਹੋਣ ਮਗਰੋਂ ਸਾਹ ਵਿਚ ਲਾਗ (ਐਸ. ਏ. ਆਰ. ਆਈ. ) ਤੇ ਸਰਦੀ ਜ਼ੁਕਾਮ ਜਿਹੇ ਰੋਗ ਨਾਲ ਸਬੰਧਤ ਕੇਸ 40 ਫੀਸਦੀ ਤੱਕ ਘਟੇ ਹਨ। ਅਗਰਵਾਲ ਨੇ ਕਿਹਾ ਕਿ ਕੋਵਿਡ-19 ਦੇ ਟਾਕਰੇ ਲਈ 1,919 ਹਸਪਤਾਲ ਤਿਆਰ ਬਰ ਤਿਆਰ ਹਨ। ਇਨ੍ਹਾਂ ਹਸਪਤਾਲਾਂ ਵਿਚ 1.73 ਲੱਖ ਆਈਸੋਲੇਸ਼ਨ ਬੈੱਡਾਂ ਤੇ 21,800 ਆਈਸੀਯੂ ਬੈੱਡਾਂ ਦੀ ਵਿਵਸਥਾ ਹੈ।

ਇਸ ਦੌਰਾਨ ਸਿਹਤ ਮੰਤਰਾਲੇ ਨੇ ਕੋਵਿਡ-19 ਮਹਾਮਾਰੀ ਦੇ ਟਾਕਰੇ ਲਈ ਬਣਾਏ ਕੰਟੇਨਮੈਂਟ ਪਲਾਨ ਨੂੰ ਅਪਡੇਟ ਕਰਦਿਆਂ ਕਿਹਾ ਕਿ ਅਥਾਰਿਟੀਜ਼ ਵੱਲੋਂ ਪਾਜ਼ੇਟਿਵ ਵਿਅਕਤੀ ਦੇ ਸੰਪਰਕ ਵਿਚ ਆਉਣ ਵਾਲੇ (ਸੈਕੰਡਰੀ ਪਾਜ਼ੇਟਿਵ) ਮਰੀਜ਼ਾਂ ਦੀ ਪਹਿਲਾਂ ਕੰਟੇਨਮੈਂਟ ਜ਼ੋਨ ਵਿਚ ਹੀ ਸ਼ਨਾਖਤ ਕੀਤੀ ਜਾਵੇਗੀ। ਇਸ ਤੋਂ ਇਲਾਵਾ ਹਰ ਸ਼ੱਕੀ ਕੇਸ, ਵਧੇਰੇ ਜੋਖਮ ਵਾਲੇ ਸੰਪਰਕਾਂ, ਸਾਰੇ ਸ਼ੱਕੀਆਂ ਜਾਂ ਪੱਕੇ ਕੇਸਾਂ ਨੂੰ ਆਈਸੋਲੇਟ ਕਰਨਾ ਤੇ ਸਮਾਜਿਕ ਦੂਰੀ ਦੇ ਨੇਮਾਂ ਨੂੰ ਲਾਗੂ ਕਰਨ ਜਿਹੇ ਕਦਮ ਸਖ਼ਤੀ ਨਾਲ ਚੁੱਕੇ ਜਾਣਗੇ। ਮੰਤਰਾਲੇ ਨੇ ਕਿਹਾ ਕਿ ਕੰਟੇਨਮੈਂਟ ਪਲਾਨ ਦਾ ਮੁੱਖ ਮੰਤਵ ਚੇਨ ਆਫ ਟਰਾਂਸਮਿਸ਼ਨ (ਲਾਗ ਅੱਗੇ ਤੋਂ ਅੱਗੇ ਫੈਲਣ ਵਾਲੀ ਕੜੀ) ਨੂੰ ਤੋੜਨਾ ਹੈ। ਕੇਂਦਰ ਨੇ ਹੁਣ ਤਕ ਪੂਰੇ ਦੇਸ਼ ਵਿਚ 170 ਜ਼ਿਲ੍ਹਿਆਂ ਦੀ 'ਹੌਟਸਪੌਟ' ਤੇ 207 ਦੀ 'ਨਾਨ ਹੌਟਸਪੌਟ' ਵਜੋਂ ਪਛਾਣ ਕੀਤੀ ਹੈ। ਆਈ. ਸੀ. ਐਮ. ਆਰ. ਦੇ ਡਾ. ਰਮਨ ਆਰ. ਗੰਗਾਖੇਡਕਰ ਨੇ ਕਿਹਾ ਕਿ ਹੁਣ ਤਕ ਪੂਰੇ ਦੇਸ਼ ਵਿਚ ਕੋਵਿਡ-19 ਦੇ 3.19 ਲੱਖ ਟੈਸਟ ਕੀਤੇ ਗਏ ਹਨ।

# ਬੱਚਿਆਂ 'ਤੇ ਬੇਹੱਦ ਮਾੜਾ ਅਸਰ ਪਾਵੇਗੀ ਕਰੋਨਾ ਮਹਾਮਾਰੀ

**ਸੰਯੁਕਤ ਰਾਸ਼ਟਰ:** ਕੋਵਿਡ-19 ਮਹਾਮਾਰੀ ਦੇ ਬੱਚਿਆਂ ਉਤੇ ਪੈਣ ਵਾਲੇ ਅਸਰ ਦੀ ਗੰਭੀਰ ਸਮੀਖਿਆ ਕਰਦਿਆਂ ਸੰਯੁਕਤ ਰਾਸ਼ਟਰ ਨੇ ਕਿਹਾ ਹੈ ਕਿ ਦੁਨੀਆਂ ਭਰ ਵਿਚ ਇਸ ਨਾਲ ਪੈਦਾ ਹੋਣ ਵਾਲੀ ਮੰਦੀ ਇਸ ਵਰ੍ਹੇ ਹਜ਼ਾਰਾਂ ਬੱਚਿਆਂ ਦੀ ਜਾਨ ਲੈ ਲਵੇਗੀ। ਜਨਮ ਮੌਕੇ ਬੱਚਿਆਂ ਦੀ ਹੁੰਦੀ ਮੌਤ ਦੇ ਅੰਕੜਿਆਂ ਵਿਚ ਸੁਧਾਰ ਦਰਜ ਕੀਤਾ ਗਿਆ ਸੀ, ਜਿਸ ਨੂੰ ਹੁਣ ਮੁੜ ਨਵਿਆਇਆ ਗਿਆ ਹੈ। ਮੰਦੀ ਛਾਉਣ ਨਾਲ ਲੱਖਾਂ ਬੱਚੇ ਗਰੀਬੀ ਦਾ ਸ਼ਿਕਾਰ ਵੀ ਹੋਣਗੇ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅੰਦਾਜ਼ਨ 4.2 ਤੋਂ 4.6 ਕਰੋੜ ਬੱਚੇ ਇਸ ਸਾਲ ਸੰਕਟ ਦੇ ਸਿੱਟੇ ਵਜੋਂ ਗਰੀਬੀ ਵੱਲ ਧੱਕੇ ਜਾ ਸਕਦੇ ਹਨ। ਸਾਲ 2019 ਵਿਚ ਪਹਿਲਾਂ ਤੋਂ ਹੀ 38.6 ਕਰੋੜ ਬੱਚੇ ਬੇਹੱਦ ਜ਼ਿਆਦਾ ਗਰੀਬੀ ਦਾ ਸ਼ਿਕਾਰ ਸਨ।

ਸੰਯੁਕਤ ਰਾਸ਼ਟਰ ਦੀ ਇਸ ਰਿਪੋਰਟ 'ਪਾਲਿਸੀ ਬ੍ਰੀਫ: ਦੀ ਇੰਪੈਕਟ ਆਫ ਕੋਵਿਡ-19 ਆਨ ਚਿਲਡਰਨ' ਵਿਚ ਕਿਹਾ ਗਿਆ ਹੈ ਕਿ ਸ਼ੁਕਰ ਹੈ ਕਿ ਬੱਚੇ ਇਸ ਮਹਾਮਾਰੀ ਦੇ ਸਪੱਸ਼ਟ ਪ੍ਰਭਾਵਾਂ ਤੋਂ ਬਚੇ ਹੋਏ ਹਨ। ਬਾਲ ਹੋਂਦ ਤੇ ਸਿਹਤ ਲਈ ਖਤਰਿਆਂ ਬਾਰੇ ਇਸ ਵਿਚ ਕਿਹਾ ਗਿਆ ਹੈ ਕਿ 2020 ਵਿਚ ਹਜ਼ਾਰਾਂ ਬੱਚਿਆਂ ਦੀ ਮੌਤ ਦਾ ਕਾਰਨ ਆਰਥਿਕ ਸੰਕਟ ਬਣੇਗਾ, ਜੋ ਇਕ ਸਾਲ ਦੇ ਅੰਦਰ ਹੀ ਬਾਲ ਮੌਤ ਦਰ ਨੂੰ ਘੱਟ ਕਰਨ ਦੇ ਪਿਛਲੇ ਦੋ ਤੋਂ ਤਿੰਨ ਸਾਲਾਂ ਦੇ ਯਤਨਾਂ ਨੂੰ ਘੱਟ ਕਰ ਸਕਦਾ ਹੈ। ਮਹਾਮਾਰੀ ਕਾਰਨ ਪੂਰੇ ਵਿਸ਼ਵ ਵਿਚ ਸਕੂਲ ਵੀ ਬੰਦ ਕਰਨੇ ਪਏ ਹਨ। ਇਸ ਨਾਲ 1.5 ਅਰਬ ਤੋਂ ਵੱਧ ਬੱਚੇ ਤੇ ਨੌਜਵਾਨ ਪ੍ਰਭਾਵਿਤ ਹੋਏ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ 143 ਮੁਲਕਾਂ ਦੇ 36.85 ਕਰੋੜ ਬੱਚਿਆਂ ਵਿਚ ਕੁਪੋਸ਼ਣ ਵਧਣ ਦੀ ਸੰਭਾਵਨਾ ਹੈ।

ਇਹ ਉਹ ਬੱਚੇ ਹਨ ਜਿਨ੍ਹਾਂ ਨੂੰ ਸਕੂਲ ਵਿਚ ਮਿੱਡ-ਡੇਅ ਮੀਲ ਮਿਲਦਾ ਹੈ ਤੇ ਹੁਣ ਉਹ ਇਸ ਤੋਂ ਵਾਂਝੇ ਹੋ ਗਏ ਹਨ। ਬੱਚਿਆਂ ਦੀ ਮਾਨਸਿਕ ਸਿਹਤ ਤੇ ਭਲਾਈ 'ਤੇ ਵੀ ਅਸਰ ਪੈ ਰਿਹਾ ਹੈ। 'ਪਾਲਿਸੀ ਬ੍ਰੀਫ' ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ ਸਮਾਜ ਦਾ ਸਭ ਤੋਂ ਗਰੀਬ ਤੇ ਕਮਜ਼ੋਰ ਵਰਗ ਮਹਾਮਾਰੀ ਦੀ ਲਪੇਟ ਵਿਚ ਜ਼ਿਆਦਾ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਸੰਯੁਕਤ ਰਾਸ਼ਟਰ ਬੱਚਿਆਂ ਦੀ ਭਲਾਈ ਬਾਰੇ ਖਾਸ ਤੌਰ ਉਤੇ ਫਿਕਰਮੰਦ ਹੈ।

# ਅਰਥਚਾਰੇ ਨੂੰ ਹੁਲਾਰਾ ਦੇਣ ਲਈ ਆਰ. ਬੀ. ਆਈ. ਨੇ ਚੁੱਕੇ ਕਦਮ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ (ਆਰ. ਬੀ. ਆਈ. ) ਨੇ ਕੋਵਿਡ-19 ਮਹਾਮਾਰੀ ਕਰਕੇ ਆਇਦ ਪਾਬੰਦੀਆਂ ਦੇ ਅਰਥਚਾਰੇ ਉਤੇ ਪੈ ਰਹੇ ਅਸਰ ਨੂੰ ਘਟਾਉਣ ਦੇ ਇਰਾਦੇ ਨਾਲ ਬੈਂਕਾਂ ਦੀ ਰਿਵਰਸ ਰੈਪੋ ਦਰ ਵਿਚ 0.25 ਫੀਸਦੀ ਦੀ ਕਟੌਤੀ ਕਰਨ, ਰਾਜਾਂ ਨੂੰ ਉਨ੍ਹਾਂ ਦੇ ਖਰਚਿਆਂ ਲਈ ਉਧਾਰ ਸੀਮਾ ਵਧਾਉਣ ਦੇ ਨਾਲ ਹੀ ਅਰਥਚਾਰੇ ਵਿਚ ਨਗਦੀ ਦੇ ਵਹਾਅ ਨੂੰ ਵਧਾਉਣ ਸਮੇਤ ਕਈ ਵੱਡੇ ਉਪਾਅ ਐਲਾਨੇ ਹਨ।

ਕੇਂਦਰੀ ਬੈਂਕ ਨੇ ਗੈਰ-ਬੈਂਕਿੰਗ ਫਾਇਨਾਂਸ ਕੰਪਨੀਆਂ ਤੇ ਮਾਈਕਰੋ ਫਾਇਨਾਂਸ ਸੰਸਥਾਵਾਂ ਨੂੰ ਟੀ. ਐਲ. ਟੀ. ਆਰ. ਓ. ਜ਼ਰੀਏ 50 ਹਜ਼ਾਰ ਕਰੋੜ ਰੁਪਏ ਦੇਣ ਦਾ ਵੀ ਐਲਾਨ ਕੀਤਾ ਹੈ। ਆਰ. ਬੀ. ਆਈ. ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਕਿਹਾ ਕਿ ਕਰੋਨਾ ਵਾਇਰਸ ਮਹਾਮਾਰੀ ਕਰਕੇ ਪੈਦਾ ਹੋਏ ਹਾਲਾਤ ਉਤੇ ਕੇਂਦਰੀ ਬੈਂਕ ਨੇੜਿਓਂ ਨਜ਼ਰ ਰੱਖ ਰਿਹਾ ਹੈ। ਉਨ੍ਹਾਂ ਕਿਹਾ ਕਿ ਕਰੋਨਾ ਸੰਕਟ ਕਰਕੇ ਪੈਦਾ ਹੋਈ ਹਰ ਚੁਣੌਤੀ ਦੇ ਟਾਕਰੇ ਲਈ ਕੇਂਦਰੀ ਬੈਂਕ ਹਰ ਸੰਭਵ ਕਦਮ ਚੁੱਕੇਗਾ। ਹਾਲਾਂਕਿ ਉਨ੍ਹਾਂ ਸਾਫ ਕਰ ਦਿੱਤਾ ਕਿ ਅੱਜ ਜਿਨ੍ਹਾਂ ਉਪਾਵਾਂ ਦਾ ਐਲਾਨ ਕੀਤਾ ਗਿਆ ਹੈ, ਉਹ ਆਖਰੀ ਐਲਾਨ ਨਹੀਂ ਹਨ। ਦਾਸ ਨੇ ਕਿਹਾ ਕਿ ਕੇਂਦਰੀ ਬੈਂਕ ਬਦਲਦੇ ਹਾਲਾਤ ਮੁਤਾਬਕ ਭਵਿੱਖ ਵਿਚ ਲੋੜ ਪੈਣ ਉਤੇ ਅਰਥਚਾਰੇ ਦੇ ਹਿੱਤ ਵਿਚ ਕਦਮ ਚੁੱਕਦਾ ਰਹੇਗਾ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਰ. ਬੀ. ਆਈ. ਵੱਲੋਂ ਐਲਾਨੇ ਉਪਾਵਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਛੋਟੇ ਵਪਾਰੀਆਂ, ਕਿਸਾਨਾਂ, ਐਮ. ਐਸ. ਐਮ. ਈ. ਤੇ ਗਰੀਬਾਂ ਨੂੰ ਮਦਦ ਮਿਲੇਗੀ।

ਆਰ. ਬੀ. ਆਈ. ਗਵਰਨਰ ਨੇ ਇਕ ਵੀਡੀਓ ਸੁਨੇਹੇ ਵਿਚ ਕਿਹਾ ਕਿ ਲੋਕਾਂ ਨੂੰ ਕਰਜ਼ੇ ਆਸਾਨੀ ਨਾਲ ਮਿਲਣ ਇਸ ਲਈ ਰਿਵਰਸ ਰੈਪੋ ਦਰ (ਜਿਸ ਦਰ 'ਤੇ ਬੈਂਕ ਆਪਣਾ ਪੈਸਾ ਆਰ. ਬੀ. ਆਈ. ਕੋਲ ਰੱਖਦੇ ਹਨ) ਨੂੰ ਮੌਜੂਦਾ 4 ਫੀਸਦੀ ਤੋਂ ਘਟਾ ਕੇ 3.75 ਫੀਸਦੀ ਕਰ ਦਿੱਤਾ ਗਿਆ ਹੈ। ਕਾਂਤ ਨੇ ਕਿਹਾ ਕਿ ਕੇਂਦਰੀ ਬੈਂਕ ਦੇ ਇਸ ਫੈਸਲੇ ਦਾ ਲੰਮੇ ਸਮੇਂ ਤੱਕ ਅਸਰ ਰਹੇਗਾ। ਦੱਸ ਦਈਏ ਕਿ ਇਸ ਫੈਸਲੇ ਨਾਲ ਹੁਣ ਬੈਂਕ ਆਪਣਾ ਪੈਸਾ ਆਰ. ਬੀ. ਆਈ. ਕੋਲ ਰੱਖਣ ਦੀ ਥਾਂ ਵੱਧ ਵਿਆਜ ਵਸੂਲਣ ਦੇ ਇਰਾਦੇ ਨਾਲ ਇਸ ਨੂੰ ਬਾਜ਼ਾਰ ਵਿਚ ਕਰਜ਼ ਵਜੋਂ ਦੇਣਗੇ। ਸ੍ਰੀ ਦਾਸ ਨੇ ਕਿਹਾ, 'ਪ੍ਰਮੁੱਖ ਨੀਤੀਗਤ ਦਰ ਰੈਪੋ (ਜਿਸ ਵਿਆਜ ਦਰ ਉਤੇ ਆਰ. ਬੀ. ਆਈ. ਬੈਂਕਾਂ ਨੂੰ ਪੈਸਾ ਉਧਾਰ ਦਿੰਦਾ ਹੈ) 4.4 ਫੀਸਦੀ ਦੀ ਰਹੇਗੀ। ਸੀਮਾਂਤ ਸਥਾਈ ਸਹੂਲਤ ਦਰ ਤੇ ਬੈਂਕ ਦਰ ਵੀ ਬਿਨਾਂ ਕਿਸੇ ਬਦਲਾਅ ਦੇ 4.65 ਫੀਸਦੀ ਬਣੀ ਰਹੇਗੀ।' ਇਸ ਦੇ ਨਾਲ ਹੀ ਦਾਸ ਨੇ ਰਾਜਾਂ 'ਤੇ ਖਰਚ ਦੇ ਵਧਦੇ ਦਬਾਅ ਨੂੰ ਵੇਖਦਿਆਂ ਐਡਵਾਂਸ ਉਧਾਰ ਲੈਣ ਦੀ ਸਹੂਲਤ 60 ਫੀਸਦੀ ਤਕ ਵਧਾ ਦਿੱਤੀ ਹੈ। ਹੁਣ ਤਕ ਰਾਜ 30 ਫੀਸਦੀ ਤਕ ਹੀ ਉਧਾਰ ਲੈ ਸਕਦੇ ਸੀ। ਆਰਬੀਆਈ ਦਾ ਇਹ ਫੈਸਲਾ ਰਾਜਾਂ ਨੂੰ ਇਸ ਮੁਸ਼ਕਲ ਸਮੇਂ ਵਿਚ ਵਧ ਸਰੋਤ ਉਪਲੱਬਧ ਕਰਵਾਉਣ ਵਿਚ ਮਦਦਗਾਰ ਹੋਵੇਗਾ। ਰਾਜ ਹੁਣ 30 ਸਤੰਬਰ ਤੱਕ ਇਸ ਸਹੂਲਤ ਦਾ ਲਾਭ ਲੈ ਸਕਣਗੇ।

ਆਰ. ਬੀ. ਆਈ. ਦੇ ਤਾਜ਼ਾ ਫੈਸਲੇ ਮੁਤਾਬਕ ਡੁੱਬੇ ਕਰਜ਼ਿਆਂ (ਐਨ. ਪੀ. ਏ.) ਦੀ ਗਿਣਤੀ ਅਦਾਇਗੀ ਵਿਚ ਦੇਰੀ ਦੇ 90 ਦਿਨਾਂ ਦੀ ਬਜਾਏ ਕਰਨ ਦੀ ਨੀਤੀ ਦੀ ਥਾਂ ਹੁਣ 180 ਦਿਨਾਂ ਮਗਰੋਂ ਕੀਤੀ ਜਾਵੇਗੀ। ਇਸ ਵਿਚ ਬੈਂਕਾਂ ਤੇ ਐਨਬੀਐਫਸੀ, ਦੋਵਾਂ ਦੇ ਲੈਣਦਾਰ ਸ਼ਾਮਲ ਹੋਣਗੇ। ਕੇਂਦਰੀ ਬੈਂਕ ਟਾਰਗੈਟਿਡ ਲੌਂਗ ਟਰਮ ਰੈਪੋਜ਼ ਆਪਰੇਸ਼ਨ (ਟੀ. ਐਲ. ਟੀ. ਆਰ. ਓ.) ਜ਼ਰੀਏ ਵਾਧੂ 50,000 ਕਰੋੜ ਰੁਪਏ ਦੀ ਰਾਸ਼ੀ ਅਰਥਚਾਰੇ ਦੇ ਢਾਂਚੇ ਵਿਚ ਉਪਲੱਬਧ ਕਰਵਾਏਗਾ। ਇਹ ਕੰਮ ਕਿਸ਼ਤਾਂ ਵਿਚ ਕੀਤਾ ਜਾਵੇਗਾ। ਉਨ੍ਹਾਂ ਕਿਹਾ, 'ਟੀ. ਐਲ. ਟੀ. ਆਰ. ਓ. 2.0 ਤਹਿਤ ਬੈਂਕਾਂ ਵਿਚ ਪਈ ਨਗਦੀ ਨੂੰ ਨਿਵੇਸ਼ ਸ਼੍ਰੇਣੀ ਬਾਂਡ, ਵਪਾਰਕ ਪੱਤਰਾਂ ਤੇ ਗੈਰ-ਬੈਂਕਿੰਗ ਵਿੱਤੀ ਕੰਪਨੀਆਂ (ਐਨ. ਬੀ. ਐਫ. ਸੀ.) ਦੇ ਗੈਰ-ਤਬਾਦਲਾਯੋਗ ਕਰਜ਼ਾ ਪੱਤਰਾਂ ਵਿਚ ਨਿਵੇਸ਼ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿਚੋਂ ਕੁੱਲ ਪ੍ਰਾਪਤ ਧਨ ਰਾਸ਼ੀ ਵਿਚੋਂ ਘੱਟ ਤੋਂ ਘੱਟ 50 ਫੀਸਦੀ ਲਘੂ ਤੇ ਦਰਮਿਆਨੇ ਆਕਾਰ ਦੇ ਐਨ. ਬੀ. ਐਫ. ਸੀ. ਤੇ ਸੂਖਮ ਵਿੱਤੀ ਸੰਸਥਾਵਾਂ (ਐਮ. ਐਫ. ਆਈ.) ਨੂੰ ਮਿਲਣਾ ਚਾਹੀਦਾ।'

ਉਨ੍ਹਾਂ ਨਾਬਾਰਡ, ਸਿਡਬੀ ਤੇ ਨੈਸ਼ਨਲ ਹਾਊਸਿੰਗ ਬੈਂਕ (ਐਨ. ਐਚ. ਬੀ.) ਲਈ ਕੁੱਲ 50 ਹਜ਼ਾਰ ਕਰੋੜ ਰੁਪਏ ਦੀ ਵਿਸ਼ੇਸ਼ ਪੁਨਰਵਿੱਤ ਸਹੂਲਤਾਂ ਦਾ ਵੀ ਐਲਾਨ ਕੀਤਾ ਤਾਂ ਕਿ ਉਨ੍ਹਾਂ ਨੂੰ ਖੇਤਰੀ ਕਰਜ਼ੇ ਸਬੰਧੀ ਸਹੂਲਤਾਂ ਨੂੰ ਪੂਰਾ ਕਰਨ ਦੇ ਸਮਰੱਥ ਬਣਾਇਆ ਜਾ ਸਕੇ।


## ਪਿੰਡ ਵਾਸੀਆਂ ਨੇ ਚੋਰ ਸਮਝ ਕੇ ਤਿੰਨ ਜਣਿਆਂ ਨੂੰ ਕੁੱਟ ਕੁੱਟ ਮਾਰਿਆ

**ਪਾਲਘਰ:** ਮਹਾਰਾਸ਼ਟਰ ਦੇ ਪਾਲਘਰ ਜ਼ਿਲ੍ਹੇ ਵਿਚ ਪਿੰਡ ਵਾਸੀਆਂ ਦੇ ਇਕ ਸਮੂਹ ਨੇ ਤਿੰਨ ਵਿਅਕਤੀਆਂ ਨੂੰ ਚੋਰ ਹੋਣ ਦੇ ਸ਼ੱਕ ਵਿਚ ਕਾਰ ਵਿਚੋਂ ਬਾਹਰ ਕੱਢ ਕੇ ਕੁੱਟ ਕੁੱਟ ਕੇ ਮਾਰ ਦਿੱਤਾ। ਪੁਲਿਸ ਨੇ ਕੇਸ ਦਰਜ ਕਰਕੇ ਸੌ ਵਿਅਕਤੀਆਂ ਨੂੰ ਹਿਰਾਸਤ ਵਿਚ ਲੈ ਲਿਆ ਹੈ। ਕਾਸਾ ਪੁਲਿਸ ਸਟੇਸ਼ਨ ਦੇ ਨਿਗਰਾਨ ਆਨੰਦਰਾਓ ਕਾਲੇ ਨੇ ਕਿਹਾ ਕਿ ਇਹ ਘਟਨਾ ਰਾਤ ਨੂੰ ਸਾਢੇ ਨੌਂ ਤੋਂ ਦਸ ਵਜੇ ਦੇ ਦਰਮਿਆਨ ਵਾਪਰੀ। ਚੇਤੇ ਰਹੇ ਕਿ ਇਹ ਘਟਨਾ ਅਜਿਹੇ ਸਮੇਂ ਵਾਪਰੀ ਹੈ ਜਦੋਂ ਕਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਸਮੁੱਚੇ ਦੇਸ਼ ਵਿਚ ਲੌਕਡਾਊਨ ਲਾਗੂ ਹੈ।

ਪੁਲਿਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਕਾਰ ਸਵਾਰ ਇਹ ਤਿੰਨੇ ਵਿਅਕਤੀ ਮੁੰਬਈ ਤੋਂ ਆਏ ਸਨ। ਸਥਾਨਕ ਲੋਕਾਂ ਨੇ ਉਨ੍ਹਾਂ ਦੀ ਕਾਰ ਗੜਚਿੰਚਾਲੇ ਕੋਲ ਧਬੜੀ-ਖਾਨਵੇਲ ਸੜਕ ਉਤੇ ਰੋਕ ਲਈ। ਕਾਲੇ ਮੁਤਾਬਕ ਪਿੰਡ ਵਾਸੀਆਂ ਨੂੰ ਸ਼ੱਕ ਹੋਇਆ ਕਿ ਇਹ ਤਿੰਨੋਂ ਵਿਅਕਤੀ ਚੋਰੀ ਦੇ ਇਰਾਦੇ ਨਾਲ ਆਏ ਹਨ। ਉਨ੍ਹਾਂ ਇਨ੍ਹਾਂ ਤਿੰਨਾਂ ਨੂੰ ਕਾਰ 'ਚੋਂ ਕੱਢ ਕੇ ਉਨ੍ਹਾਂ ਉਤੇ ਪੱਥਰਾਂ ਤੇ ਹੋਰ ਚੀਜ਼ਾਂ ਨਾਲ ਹਮਲਾ ਕਰ ਦਿੱਤਾ।

# ਪੰਜਾਬ ਦੇ ਚਾਰ ਜ਼ਿਲੇ ਹੌਟਸਪੌਟ

**ਚੰਡੀਗੜ੍ਹ:** ਕੇਂਦਰੀ ਸਿਹਤ ਵਿਭਾਗ ਨੇ ਦੇਸ਼ ਦੇ 170 ਜ਼ਿਲ੍ਹਿਆਂ ਨੂੰ ਕਰੋਨਾ ਵਾਇਰਸ ਮਹਾਮਾਰੀ ਦੇ ਹੌਟਸਪੌਟ, ਭਾਵ ਉਹ ਸਥਾਨ ਜਿਥੇ ਮਹਾਮਾਰੀ ਕਾਫੀ ਫੈਲੀ ਹੋਈ ਹੈ, ਵਜੋਂ ਸ਼ਨਾਖਤ ਕੀਤੀ ਹੈ। ਇਨ੍ਹਾਂ ਵਿਚ ਦੇਸ਼ ਦੇ 6 ਮਹਾਨਗਰ ਦਿੱਲੀ, ਮੁੰਬਈ, ਚੇਨਈ, ਬੰਗਲੁਰੂ, ਕੋਲਕਾਤਾ ਅਤੇ ਹੈਦਰਾਬਾਦ ਸ਼ਾਮਲ ਹਨ।



ਚੰਡੀਗੜ੍ਹ ਨੂੰ ਵੀ ਹੌਟਸਪੌਟ ਐਲਾਨਿਆ ਗਿਆ ਹੈ। ਸਰਕਾਰ ਦਾ ਕਹਿਣਾ ਹੈ ਕਿ ਇਨ੍ਹਾਂ ਜ਼ਿਲ੍ਹਿਆਂ/ਸ਼ਹਿਰਾਂ ਉਤੇ ਲੋਕਾਂ ਦੇ ਵੱਡੀ ਪੱਧਰ ਉਤੇ ਟੈਸਟ ਕਰਨ ਦੇ ਨਾਲ ਨਾਲ ਸਰੀਰਕ ਦੂਰੀ ਬਣਾਏ ਰੱਖਣ ਦੀ ਹਦਾਇਤ ਨੂੰ ਸਖਤੀ ਨਾਲ ਲਾਗੂ ਕੀਤਾ ਜਾਏਗਾ। ਕੇਂਦਰੀ ਸੂਚੀ ਵਿਚ ਪੰਜਾਬ ਦੇ ਨਵਾਂ ਸ਼ਹਿਰ, ਮੁਹਾਲੀ, ਪਠਾਨਕੋਟ ਤੇ ਜਲੰਧਰ ਨੂੰ ਹੌਟਸਪੌਟ ਜ਼ਿਲ੍ਹਿਆਂ ਵਜੋਂ ਐਲਾਨਿਆ ਗਿਆ ਹੈ। ਇਸੇ ਤਰ੍ਹਾਂ ਦੇਸ਼ ਵਿਚ 207 ਅਜਿਹੇ ਜ਼ਿਲ੍ਹਿਆਂ ਦੀ ਸ਼ਨਾਖਤ ਕੀਤੀ ਗਈ ਹੈ ਜਿਹੜੇ ਆਉਣ ਵਾਲੇ ਦਿਨਾਂ ਵਿਚ ਹੌਟਸਪੌਟ ਬਣ ਸਕਦੇ ਹਨ। ਪੰਜਾਬ ਦੇ ਸਿਹਤ ਵਿਭਾਗ ਨੇ ਆਪਣੇ ਤੌਰ ਉਤੇ 17 ਥਾਵਾਂ ਨੂੰ ਹੌਟਸਪੌਟ ਮੰਨਿਆ ਹੈ। ਕੁਝ ਮਾਹਿਰਾਂ ਅਨੁਸਾਰ ਪੂਰੇ ਦੇ ਪੂਰੇ ਸ਼ਹਿਰਾਂ ਨੂੰ ਹੌਟਸਪੌਟ ਐਲਾਨੇ ਜਾਣ ਨਾਲ ਲੋਕਾਂ ਦੀਆਂ ਸਮੱਸਿਆਵਾਂ ਹੋਰ ਵਧ ਜਾਣਗੀਆਂ।

ਇਸ ਵੇਲੇ ਦੇਸ਼ ਦੇ ਲੋਕਾਂ ਨੂੰ ਲੌਕਡਾਊਨ ਵਰਗੀਆਂ ਸਥਿਤੀਆਂ ਵਿਚ ਰਹਿੰਦੇ ਹੋਏ ਸਾਢੇ 3 ਹਫਤੇ ਹੋ ਗਏ ਹਨ। ਇਸ ਦੌਰਾਨ ਕੇਸ ਅਤੇ ਮੌਤਾਂ ਲਗਾਤਾਰ ਵਧਦੀਆਂ ਰਹੀਆਂ ਹਨ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਲੌਕਡਾਊਨ ਲਾਗੂ ਕਰਨ ਦੇ ਬਾਅਦ ਵੀ ਵੱਡੀ ਆਬਾਦੀ ਵਾਲੇ ਇਸ ਦੇਸ਼ ਵਿਚ ਅਜਿਹੀਆਂ ਕਾਫੀ ਬਸਤੀਆਂ ਹਨ ਜਿੱਥੇ ਸਰੀਰਕ ਦੂਰੀ ਬਣਾ ਕੇ ਰੱਖਣੀ ਅਸੰਭਵ ਹੈ। ਇਸ ਦੌਰਾਨ ਲੋਕਾਂ ਅਤੇ ਖਾਸ ਕਰਕੇ ਗਰੀਬਾਂ ਨੂੰ ਵੱਡੀਆਂ ਮੁਸ਼ਕਲਾਂ ਉਠਾਉਣੀਆਂ ਪਈਆਂ ਹਨ।

## ਕੇਂਦਰ ਸਰਕਾਰ ਪੈਨਸ਼ਨਾਂ 'ਤੇ ਨਹੀਂ ਲਾਵੇਗੀ ਕੱਟ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਕਿਹਾ ਕਿ ਪੈਨਸ਼ਨ ਘੱਟ ਕਰਨ ਦੀ ਕੋਈ ਤਜਵੀਜ਼ ਨਹੀਂ ਹੈ ਅਤੇ ਸਰਕਾਰ ਇਸ ਸਬੰਧੀ ਕਿਸੇ ਤਰ੍ਹਾਂ ਦਾ ਕੋਈ ਵਿਚਾਰ ਨਹੀਂ ਕਰ ਰਹੀ। ਸਰਕਾਰ ਵੱਲੋਂ ਇਹ ਸਪੱਸ਼ਟੀਕਰਨ ਇਨ੍ਹਾਂ ਅਫਵਾਹਾਂ ਤੋਂ ਬਾਅਦ ਆਇਆ ਹੈ ਕਿ ਸਰਕਾਰ ਪੈਨਸ਼ਨ ਘਟਾਉਣ ਜਾਂ ਇਸ ਨੂੰ ਰੋਕਣ ਉਤੇ ਵਿਚਾਰ ਕਰ ਰਹੀ ਹੈ।

ਸਰਕਾਰ ਨੇ ਇਕ ਬਿਆਨ 'ਚ ਕਿਹਾ, 'ਪੈਨਸ਼ਨ ਅਤੇ ਪੈਨਸ਼ਨਰ ਭਲਾਈ ਵਿਭਾਗ ਦੇ ਧਿਆਨ 'ਚ ਆਇਆ ਹੈ ਕਿ ਮੌਜੂਦਾ ਕੋਵਿਡ-19 ਮਹਾਮਾਰੀ ਦੇ ਮੱਦੇਨਜ਼ਰ ਅਤੇ ਮੌਜੂਦਾ ਆਰਥਿਕ ਹਾਲਾਤ ਬਾਰੇ ਕਈ ਅਫਵਾਹਾਂ ਚੱਲ ਰਹੀਆਂ ਹਨ ਕਿ ਸਰਕਾਰ ਪੈਨਸ਼ਨ ਬੰਦ ਕਰਨ ਜਾਂ ਘਟਾਉਣ ਉਤੇ ਵਿਚਾਰ ਕਰ ਰਹੀ ਹੈ ਅਤੇ ਇਹ ਕਈ ਪੈਨਸ਼ਨਰਾਂ ਲਈ ਚਿੰਤਾ ਦਾ ਵਿਸ਼ਾ ਹੈ।' ਵਿਭਾਗ ਦੇ ਬਿਆਨ 'ਚ ਕਿਹਾ ਗਿਆ ਹੈ, 'ਜਿਵੇਂ ਕਿ ਪਹਿਲਾਂ ਹੀ ਸਪੱਸ਼ਟ ਕੀਤਾ ਜਾ ਚੁੱਕਾ ਹੈ ਅਤੇ ਮੁੜ ਦੁਹਰਾਇਆ ਜਾ ਰਿਹਾ ਹੈ ਕਿ ਪੈਨਸ਼ਨ ਘਟਾਉਣ ਦੀ ਕੋਈ ਤਜਵੀਜ਼ ਨਹੀਂ ਹੈ ਅਤੇ ਸਰਕਾਰ ਇਸ ਸਬੰਧ 'ਚ ਕਿਸੇ ਤਰ੍ਹਾਂ ਦਾ ਕੋਈ ਵਿਚਾਰ ਨਹੀਂ ਕਰ ਰਹੀ।

# ਤਾਲਾਬੰਦੀ ਦੌਰਾਨ ਔਰਤਾਂ ਖਿਲਾਫ ਅਪਰਾਧਾਂ ਦੇ ਕੇਸ ਵਧੇ

**ਨਵੀਂ ਦਿੱਲੀ:** ਕਰੋਨਾ ਵਾਇਰਸ ਕਾਰਨ ਕੀਤੇ ਗਏ 'ਲੌਕਡਾਊਨ' ਤੇ ਹੋਰ ਪਾਬੰਦੀਆਂ ਦੌਰਾਨ ਭਾਰਤ ਵਿਚ ਔਰਤਾਂ ਖਿਲਾਫ ਅਪਰਾਧਾਂ ਵਿਚ ਵੱਡਾ ਵਾਧਾ ਦੇਖਣ ਨੂੰ ਮਿਲਿਆ ਹੈ। ਔਰਤਾਂ ਬਾਰੇ ਕੌਮੀ ਕਮਿਸ਼ਨ (ਐਨ.ਸੀ.ਡਬਲਿਊ.) ਨੂੰ 23 ਮਾਰਚ ਤੋਂ 16 ਅਪਰੈਲ ਤੱਕ 587 ਸ਼ਿਕਾਇਤਾਂ ਮਿਲੀਆਂ ਹਨ ਜਿਨ੍ਹਾਂ ਵਿਚੋਂ 239 ਕੇਸ ਘਰੇਲੂ ਹਿੰਸਾ ਦੇ ਹਨ।



ਐਨ.ਸੀ.ਡਬਲਿਊ. ਵੱਲੋਂ ਜਾਰੀ ਅੰਕੜਿਆਂ ਮੁਤਾਬਕ 27 ਫਰਵਰੀ ਤੋਂ 22 ਮਾਰਚ ਤੱਕ ਕਮਿਸ਼ਨ ਨੂੰ 123 ਸ਼ਿਕਾਇਤਾਂ ਹੀ ਮਿਲੀਆਂ ਸਨ। ਜਦਕਿ ਪਿਛਲੇ 25 ਦਿਨਾਂ ਦੌਰਾਨ 239 ਸ਼ਿਕਾਇਤਾਂ ਮਿਲੀਆਂ ਹਨ। ਕਮਿਸ਼ਨ ਦੀ ਚੇਅਰਮੈਨ ਰੇਖਾ ਸ਼ਰਮਾ ਨੇ ਪਹਿਲਾਂ ਕਿਹਾ ਸੀ ਕਿ ਇਸ ਦਾ ਕਾਰਨ ਤਾਲਾਬੰਦੀ ਹੋ ਸਕਦੀ ਹੈ ਕਿਉਂਕਿ ਪੀੜਤ ਤੇ ਹਿੰਸਾ ਕਰਨ ਵਾਲੇ ਇਕੋ ਥਾਂ ਉਤੇ ਮੌਜੂਦ ਅਤੇ ਬੰਦ ਹਨ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਲੌਕਡਾਊਨ' 24 ਮਾਰਚ ਨੂੰ ਕੀਤਾ ਸੀ। ਕਮਿਸ਼ਨ ਕੋਲ 27 ਫਰਵਰੀ ਤੋਂ 22 ਮਾਰਚ ਤੱਕ ਔਰਤਾਂ ਖਿਲਾਫ ਹਿੰਸਾ ਨਾਲ ਜੁੜੇ 396 ਕੇਸ ਰਿਪੋਰਟ ਕੀਤੇ ਗਏ ਸਨ ਜਦਕਿ 23 ਮਾਰਚ ਤੋਂ 16 ਅਪਰੈਲ ਤੱਕ 587 ਸ਼ਿਕਾਇਤਾਂ ਰਿਪੋਰਟ ਹੋਈਆਂ ਹਨ। ਕਮਿਸ਼ਨ ਨੇ ਵਟਸਐਪ ਨੰਬਰ 72177135372 ਲਾਂਚ ਕੀਤਾ ਸੀ। ਇਸ ਉਤੇ ਘਰੇਲੂ ਹਿੰਸਾ ਬਾਰੇ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ। ਕਮਿਸ਼ਨ ਨੇ ਅਜਿਹੀਆਂ ਸ਼ਿਕਾਇਤਾਂ ਨੂੰ ਪਹਿਲ ਦੇ ਅਧਾਰ ਉਤੇ ਹੱਲ ਕਰਨ ਲਈ ਵਿਸ਼ੇਸ਼ ਟੀਮ ਬਣਾਈ ਹੈ। ਵਟਸਐਪ ਨੰਬਰ ਉਤੇ 40 ਸੁਨੇਹੇ ਮਿਲੇ ਹਨ ਜੋ ਘਰੇਲੂ ਹਿੰਸਾ ਨਾਲ ਸਬੰਧਤ ਸਨ। ਸੁਨੇਹੇ ਜਾਂਚਣ ਤੋਂ ਬਾਅਦ ਪੀੜਤ ਔਰਤਾਂ ਨੂੰ ਸੂਬਾ ਪੁਲਿਸ ਤੇ ਪ੍ਰਸ਼ਾਸਨ ਮਦਦ ਮੁਹੱਈਆ ਕਰਵਾ ਰਿਹਾ ਹੈ।

# ਅਮਰ ਕਾਰਪੈਟਸ

## ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਬੇਹਤਰੀਨ ਚੋਣ ਭਰਪੂਰ ਸ਼ੋਅਰੂਮ



ਸ. ਅਮਰੀਕ ਸਿੰਘ ਸ਼ਿਕਾਗੋ

**ਹਾਰਡਵੁੱਡ ਫਲੋਰ, ਹਰ ਤਰ੍ਹਾਂ ਦੇ ਫਲੋਰ ਉਪਲਬਧ**

**ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ**

Same day service in Chicago and suburbs

## Amar Carpets Inc

ਵੈਸਟਰਨ ਐਵੇਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

ਕਾਲ ਕਰੋ : ਅਮਰੀਕ ਸਿੰਘ

Ph: 773-508-5253, 773-507-8043, Fax: 773-508-5249



# The Law Firm Of Fatima Johnson

3737 N. Meridian St., Ste 106, Indianapolis, IN 46208

vitalvisa THE LAW FIRM OF FATIMA JOHNSON

**ਤੁਸੀਂ ਸਾਡੇ ਲਈ ਬਹੁਤ ਅਹਿਮ ਹੋ**

Are you planning on going to your immigration interview or court alone? Don't do it!
ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!
Did you enter the U.S. without a visa?
ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?
Do you have family members outside the U.S.?
ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?
Does your application keep getting denied?
ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?

*We are experienced in.*

- Deportation Defense
- VAWA
- Asylum
- Work Permit
- Family and Marriage Based
- Investor Visa (H1B, E-2, EB-5)
- SIJS (Special Immigration Juvenile Status)

Come talk to an experienced immigration attorany. Call to schedule an appointment today
ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ

Languages Spoken
•English •Hindi •Punjabi •Urdu •Spanish •French •Arabic •Chinese
ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ

*Licensed to Practice Immigration Law in all 50 States.*

**Ph: 317-252-0013**

info@vitalvisa.com

**This is an attorney advertisement**

# Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

***One of the Fastest Growing City in America and Best School System...***



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



**Manjit Singh Nagra**
*Realtor/Broker*
**Cell: 317-750-1900**

**ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ**

**Gurdeep (Garry) Chhokar**
Realtor/Broker
**Cell: 317-500-1247**

6979 Hillsdale Court
Indianapolis, Indiana 46250

Star Alliance BROKERAGE



***We do all type of Home and Commercial Loan. Same day loan approval...***

# ਅਮਰੀਕੀ ਬੰਦਿਸ਼ਾਂ ਅਤੇ ਕਰੋਨਾ ਮਹਾਮਾਰੀ ਦੀ ਮਾਰ

ਹਰ ਕੋਈ ਜਾਣਦਾ ਹੈ ਕਿ ਕਰੋਨਾ ਵਾਇਰਸ (ਕੋਵਿਡ-19) ਦੀ ਮਹਾਮਾਰੀ ਨਾਲ ਪੈਦਾ ਹੋਇਆ ਸੰਕਟ ਸੰਸਾਰ ਵਿਆਪੀ ਹੈ ਤਾਂ ਸਮੱਸਿਆ ਦੇ ਹੱਲ ਲਈ ਲੜੀ ਜਾਣ ਵਾਲੀ ਜੰਗ ਵੀ ਸਾਂਝੀ ਅਤੇ ਸੰਸਾਰ ਵਿਆਪੀ ਹੀ ਹੋਣੀ ਚਾਹੀਦੀ ਹੈ। ਸੋ, ਐਂਟੀ-ਵਾਇਰਸ ਦਵਾਈ ਲੱਭਣ ਅਤੇ ਵਿਕਸਿਤ ਕਰਨ ਲਈ ਦੁਨੀਆਂ ਭਰ ਦੇ ਮੈਡੀਕਲ ਤੇ ਜੀਵ ਵਿਗਿਆਨੀਆਂ ਅਤੇ ਖੋਜੀਆਂ ਦੀ ਕੋਆਰਡੀਨੇਸ਼ਨ ਤੇ ਤਜਰਬੇ ਦੀ ਸਾਂਝ ਦਾ ਕਾਰਜ ਬਹੁਤ ਅਹਿਮ ਹੈ। ਵਿਗਿਆਨੀਆਂ ਲਈ ਕੋਈ ਸਾਂਝੀ ਯੋਜਨਾਬੰਦੀ ਅਤੇ ਸਾਜ਼ਗਾਰ ਮਾਹੌਲ ਮੁਹੱਈਆ ਕਰਨਾ ਅਜੋਕੀਆਂ ਸਰਕਾਰਾਂ ਅਤੇ ਵਿਸ਼ਵ ਸਿਹਤ ਸੰਸਥਾਵ (ਡਬਲਿਊ. ਐਚ. ਓ.) ਦੀ ਤਰਜੀਹੀ ਜ਼ਿੰਮੇਵਾਰੀ ਬਣਦੀ ਹੈ, ਪਰ ਸੰਸਾਰ ਦਾ ਮੌਜੂਦਾ ਸਿਆਸੀ ਦ੍ਰਿਸ਼ ਇਸ ਅਮਲ ਦੀ ਸ਼ਾਹਦੀ ਨਹੀਂ ਭਰ ਰਿਹਾ।

ਨਿਜੀ ਸੁਆਰਥ, ਨਿਜੀ ਮੁਨਾਫੇ ਅਤੇ ਧੌਂਸ ਦੀਆਂ ਬੁਨਿਆਦਾਂ 'ਤੇ ਉਸਰੇ ਸੰਸਾਰ ਸਰਮਾਏਦਾਰੀ ਪ੍ਰਬੰਧ ਦੇ ਵਜੂਦ ਸਮੋਏ ਵਿਰੋਧਾਂ ਕਰਕੇ ਕਰੋਨਾ ਮਹਾਮਾਰੀ ਖਿਲਾਫ ਕੋਈ ਬੱਝਵੀਂ ਅਤੇ ਅਸਰਦਾਰ ਲੜਾਈ



**ਪਰਮਜੀਤ ਰੋਡੇ**
ਫੋਨ: 510-501-4191

ਨਹੀਂ ਲੜੀ ਜਾ ਰਹੀ। ਵਖ-ਵਖ ਦੇਸ਼ਾਂ ਅਤੇ ਸਿਆਸੀ ਲੀਡਰਾਂ ਦੀ ਆਪਸੀ ਖਹਿਬਾਜ਼ੀ ਸਦਕਾ ਇਹ ਲੜਾਈ ਲੀਹੋਂ ਲਹਿ ਰਹੀ ਹੈ। ਇਹੀ ਕਾਰਨ ਹੈ ਕਿ ਸੰਸਾਰ ਸਿਹਤ ਸੰਸਥਾ ਅਤੇ ਆਈ. ਐਮ. ਐਫ. ਜਿਹੀਆਂ ਕੌਮਾਂਤਰੀ ਸੰਸਥਾਵਾਂ ਵੀ ਆਪਣਾ ਬਣਦਾ ਰੋਲ ਬਾਕਾਇਦਗੀ ਨਾਲ ਨਹੀਂ ਨਿਭਾ ਰਹੀਆਂ।

ਅੱਜ ਕਿੰਨੇ ਹੀ ਅਜਿਹੇ ਦੇਸ਼ ਹਨ, ਜੋ ਅਮਰੀਕਾ, ਪੱਛਮੀ ਦੇਸ਼ਾਂ ਜਾਂ ਫਿਰ ਸੰਯੁਕਤ ਰਾਸ਼ਟਰ ਦੀਆਂ ਆਰਥਕ ਬੰਦਿਸ਼ਾਂ ਦਾ ਸਾਹਮਣਾ ਕਰ ਰਹੇ ਹਨ; ਖਾਸ ਕਰ ਵੈਂਜ਼ੂਏਲਾ, ਇਰਾਨ, ਕਿਊਬਾ, ਜ਼ਿੰਮਬਾਵੇ ਤੇ ਉਤਰੀ ਕੋਰੀਆ ਇਨ੍ਹਾਂ ਬੰਦਿਸ਼ਾਂ ਦੀ ਦੂਹਰੀ ਮਾਰ ਝੱਲ ਰਹੇ ਹਨ। ਚਾਹੀਦਾ ਤਾਂ ਇਹ ਸੀ ਕਿ ਸੰਕਟ ਦੀ ਇਸ ਘੜੀ ਵਿਚ ਇਨ੍ਹਾਂ ਬੰਦਿਸ਼ਾਂ ਨੂੰ ਵਕਤੀ ਤੌਰ 'ਤੇ ਮੁਅੱਤਲ ਕਰਦਿਆਂ ਮੈਡੀਕਲ ਅਤੇ ਜੀਵ ਵਿਗਿਆਨ ਦੀ ਖੋਜ ਸਮਰਥਾ ਨੂੰ ਇਸ ਮਹਾਮਾਰੀ ਖਿਲਾਫ ਸੇਧਤ ਕੀਤਾ ਜਾਂਦਾ, ਪਰ ਵਖ-ਵਖ ਮੁਲਕਾਂ ਦੀਆਂ ਸਰਕਾਰਾਂ ਅਤੇ ਖੁਦਗਰਜ਼ ਸਿਆਸੀ ਲੀਡਰ ਅਜਿਹਾ ਕਰਨ ਤੋਂ ਇਨਕਾਰੀ ਹੋ ਰਹੇ ਹਨ। ਫਲਸਰੂਪ, ਕੌਮਾਂਤਰੀ ਸਹਿਯੋਗ ਦੀ ਭਾਵਨਾ ਮਜ਼ਾਕ ਬਣ ਗਈ ਹੈ।

ਵੈਂਜ਼ੂਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ, ਜਿਸ ਨੂੰ ਰਾਜਗੱਦੀ ਤੋਂ ਲਾਂਭੇ ਕਰਨ ਲਈ ਟਰੰਪ ਪ੍ਰਸ਼ਾਸਨ ਲੰਮੇ ਸਮੇਂ ਤੋਂ ਕੋਸ਼ਿਸ਼ ਕਰ ਰਿਹਾ ਹੈ, ਨੇ ਦੋਸ਼ ਲਾਇਆ ਕਿ ਅਮਰੀਕਾ ਉਸ ਅਤੇ ਉਸ ਦੀ ਸਮਾਜਵਾਦੀ ਸਰਕਾਰ ਨੂੰ ਡੇਗਣ ਲਈ ਕਰੋਨਾ ਵਾਇਰਸ ਮਹਾਮਾਰੀ ਸੰਕਟ ਤੋਂ ਲਾਹਾ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸੇ ਕਰ ਕੇ ਇਸ ਨੇ ਅਨਮਨੁੱਖੀ ਹਰਕਤ ਕਰਦਿਆਂ ਵੈਂਜ਼ੂਏਲਾ ਦੀ ਆਰਥਕਤਾ ਅਤੇ ਵਪਾਰਕ ਅਦਾਰਿਆਂ ਦੀ ਜਿੰਦਜਾਨ ਤੇਲ ਉਤਪਾਦਨ 'ਤੇ ਬੰਦਿਸ਼ਾਂ ਠੋਸ ਦਿੱਤੀਆਂ ਹਨ।

ਵੈਂਜ਼ੂਏਲਾ ਵਿਚ ਬਾਹਰਲੀਆਂ ਤਾਕਤਾਂ ਦੇ ਦਖਲ ਅਤੇ ਹੱਲਾਸ਼ੇਰੀ ਨਾਲ ਸ਼ੁਰੂ ਹੋਈ ਖਾਨਾਜੰਗੀ ਨੇ ਦੇਸ਼ ਦੀ ਆਰਥਕਤਾ ਦਾ ਸਾਹ ਸੂਤ ਲਿਆ ਹੈ। ਸਿਹਤ ਸਿਸਟਮ ਮਰਨ ਕਿਨਾਰੇ ਹੈ, ਮੈਡੀਕਲ ਸਟਾਫ ਅਤੇ ਸਾਜ਼ੋ-ਸਮਾਨ ਦੀ ਕਮੀ ਦੀ ਸਮੱਸਿਆ ਗੰਭੀਰ ਹੈ। ਵੈਂਟੀਲੇਟਰ, ਦਵਾਈਆਂ, ਟੈਸਟ ਸਾਧਨਾਂ, ਬਿਜਲੀ, ਪਾਣੀ ਦੀ ਸਮੱਸਿਆ ਤੋਂ ਇਲਾਵਾ ਹਸਪਤਾਲਾਂ ਕੋਲ ਸੈਨੇਟਾਈਜ਼ਰ ਤੱਕ ਨਹੀਂ। ਉਪਰੋਂ ਟਰੰਪ ਪ੍ਰਸ਼ਾਸਨ ਨੇ ਆਰਥਕ ਬੰਦਿਸ਼ਾਂ ਦਾ ਘੇਰਾ ਹੋਰ ਵਧਾ ਦਿੱਤਾ ਹੈ। ਵੈਂਜ਼ੂਏਲਾ ਦੇ ਹੋਰ ਵੱਧ ਅਧਿਕਾਰੀਆਂ ਨੂੰ ਬਲੈਕਲਿਸਟ ਕਰ ਦਿੱਤਾ ਗਿਆ ਹੈ। ਅਮਰੀਕਨ ਸ਼ਹਿਰੀਆਂ, ਕੰਪਨੀਆਂ ਅਤੇ ਵਪਾਰਕ ਅਦਾਰਿਆਂ ਨਾਲ ਕਿਸੇ ਵੀ ਕਿਸਮ ਦਾ ਕਾਰੋਬਾਰ ਨਹੀਂ ਕੀਤਾ ਜਾ ਸਕਦਾ। ਇਸ ਤੋਂ ਵੀ ਅਗਾਂਹ ਵਧਦਿਆਂ ਅਮਰੀਕਨ ਜਸਟਿਸ ਡਿਪਾਰਟਮੈਂਟ ਨੇ ਰਾਸ਼ਟਰਪਤੀ ਮਾਦੂਰੋ ਅਤੇ ਉਸ ਦੇ ਨੇੜਲੇ ਸਰਕਲ ਦੇ ਦਰਜਨਾਂ ਲੋਕਾਂ ਖਿਲਾਫ ਡਰੱਗ ਟਰੈਫਿਕਿੰਗ ਦਾ ਕ੍ਰਿਮੀਨਲ ਕੇਸ ਕਰਜ ਕਰ ਲਿਆ ਹੈ।

**ਦਰਅਸਲ, ਮਸਲਾ ਇਹ ਹੈ ਕਿ ਅਮਰੀਕਾ ਅਤੇ ਕੁਝ ਹੋਰ ਪੱਛਮੀ ਦੇਸ਼ਾਂ ਨੇ ਮਾਦੂਰੋ ਦੀ ਥਾਂ ਵਿਰੋਧੀ ਲੀਡਰ ਨੂੰ ਮਾਨਤਾ ਦਿੱਤੀ ਹੋਈ ਹੈ। ਉਂਜ, ਯੂ. ਐਨ. ਓ. ਵਿਚ ਦੇਸ਼ ਦੀ ਨੁਮਾਇੰਦਗੀ ਮਾਦੂਰੋ ਸਰਕਾਰ ਹੀ ਕਰਦੀ ਹੈ। ਇਸ ਲਈ ਆਈ. ਐਮ. ਐਫ. ਨੂੰ ਹਰ ਹਾਲਤ ਵਿਚ ਕਰਜ਼ਾ ਬੇਨਤੀ 'ਤੇ ਵਿਚਾਰ ਕਰਨੀ ਬਣਦੀ ਸੀ। ਨੁਕਤਾ ਵਿਚੋਂ ਇਹ ਹੈ ਕਿ ਅਮਰੀਕਾ ਆਈ. ਐਮ. ਐਫ. ਦਾ ਸਭ ਤੋਂ ਵੱਡਾ ਸ਼ਿਅਰ ਹੋਲਡਰ ਹੈ, ਇਸ ਲਈ ਪੱਛਮੀ ਦੇਸ਼ਾਂ ਦੀ ਮਦਦ ਨਾਲ ਉਹ ਜੋ ਮਰਜ਼ੀ ਫੈਸਲਾ ਕਰ ਸਕਦਾ ਹੈ। ਹਵਾਈ ਯਾਤਰਾ ਬੰਦ ਹੋਣ ਕਰਕੇ ਵੈਂਜ਼ੂਏਲਾ ਦੇ 800 ਸ਼ਹਿਰੀ ਅਮਰੀਕਾ ਵਿਚ ਫਸੇ ਹੋਏ ਹਨ। ਵੈਂਜ਼ੂਏਲਾ ਸਰਕਾਰ ਦੇ ਨੁਮਾਇੰਦੇ ਮੁਤਾਬਕ, ਉਨ੍ਹਾਂ ਨੇ ਸਬੰਧਤ ਅਮਰੀਕੀ ਅਧਿਕਾਰੀਆਂ ਨੂੰ ਕਿਹਾ ਹੈ ਕਿ ਉਨ੍ਹਾਂ ਦੇ ਜਹਾਜ ਤਿਆਰ ਹਨ, ਦੱਸੋ ਇਨ੍ਹਾਂ ਨੂੰ ਕਦੋਂ ਅਤੇ ਕਿਸ ਏਅਰਪੋਰਟ ਤੋਂ ਚੁੱਕੀਏ, ਪਰ ਇਸ ਮਾਮਲੇ ਵਿਚ ਵੀ ਕੋਈ ਤਸੱਲੀਬਖਸ਼ ਸੂਚਨਾ ਨਹੀਂ ਦਿੱਤੀ।**

ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕਲ ਪੌਂਪੀਓ ਨੇ ਪੇਸ਼ਕਸ਼ ਕੀਤੀ ਕਿ ਜੇ ਰਾਸ਼ਟਰਪਤੀ ਮਾਦੂਰੋ ਅਹੁਦਾ ਛੱਡ ਦੇਵੇ, ਸੰਵਿਧਾਨਕ ਅਸੈਂਬਲੀ ਅਤੇ ਹੋਰ ਸਰਕਾਰੀ ਬਾਡੀਜ਼, ਜਿਨ੍ਹਾਂ ਨੂੰ ਉਹ ਕੰਟਰੋਲ ਕਰਦਾ ਹੈ, ਭੰਗ ਕਰ ਦੇਵੇ, ਪੰਜ ਮੈਂਬਰੀ ਅੰਤ੍ਰਿਮ ਸਰਕਾਰ ਬਣਾ ਦੇਵੇ ਅਤੇ ਨੌਂ ਮਹੀਨਿਆਂ ਵਿਚ ਨਵੀਆਂ ਚੋਣਾਂ ਕਰਵਾ ਦੇਵੇ ਤਾਂ ਅਮਰੀਕੀ ਸਰਕਾਰ ਕ੍ਰਮਵਾਰ ਬੰਦਿਸ਼ਾਂ ਵਾਪਸ ਲੈ ਸਕਦੀ ਹੈ।


ਵੈਂਜ਼ੂਏਲਾ ਦੇ ਰਾਸ਼ਟਰਪਤੀ ਮਾਦੂਰੋ ਨੇ ਇਸ ਪੇਸ਼ਕਸ਼ ਨੂੰ ਤੁਰੰਤ ਰੱਦ ਕਰਦਿਆਂ ਕਿਹਾ ਕਿ ਵੈਂਜ਼ੂਏਲਾ ਝੁਕੇਗਾ ਨਹੀਂ। ਉਹ ਮਿੱਤਰ ਦੇਸ਼ਾਂ-ਰੂਸ, ਚੀਨ ਤੇ ਕਿਊਬਾ ਤੋਂ, ਜੋ ਵੀ ਮੈਡੀਕਲ ਮਦਦ ਅਤੇ ਸਾਜ਼ੋ-ਸਮਾਨ ਮਿਲਿਆ, ਉਸ ਨਾਲ ਇਸ ਮਹਾਮਾਰੀ ਦਾ ਮੁਕਾਬਲਾ ਕਰੇਗਾ। ਵੈਂਜ਼ੂਏਲਾ ਸਰਕਾਰ ਨੇ ਕੌਮਾਂਤਰੀ ਵਿੱਤੀ ਸੰਸਥਾ ਆਈ. ਐਮ. ਐਫ. ਨੂੰ ਬੇਨਤੀ ਕੀਤੀ ਕਿ ਕਰੋਨਾ ਮਹਾਮਾਰੀ ਦਾ ਮੁਕਾਬਲਾ ਕਰਨ ਲਈ ਉਸ ਨੂੰ 5 ਬਿਲੀਅਨ ਡਾਲਰ ਦਾ ਕਰਜ਼ਾ ਦਿੱਤਾ ਜਾਵੇ, ਪਰ ਆਈ. ਐਮ. ਐਫ. ਨੇ ਇਹ ਕਹਿੰਦਿਆਂ ਬੇਨਤੀ 'ਤੇ ਹੀ ਵਿਚਾਰ ਕਰਨ ਤੋਂ ਨਾਂਹ ਕਰ ਦਿੱਤੀ ਕਿ ਮਾਦੂਰੋ ਸਰਕਾਰ ਦਾ ਸਟੇਟਸ ਸਪਸ਼ਟ ਨਹੀਂ।

ਦਰਅਸਲ, ਮਸਲਾ ਇਹ ਹੈ ਕਿ ਅਮਰੀਕਾ ਅਤੇ ਕੁਝ ਹੋਰ ਪੱਛਮੀ ਦੇਸ਼ਾਂ ਨੇ ਮਾਦੂਰੋ ਦੀ ਥਾਂ ਵਿਰੋਧੀ ਲੀਡਰ ਨੂੰ ਮਾਨਤਾ ਦਿੱਤੀ ਹੋਈ ਹੈ। ਉਂਜ, ਯੂ. ਐਨ. ਓ. ਵਿਚ ਦੇਸ਼ ਦੀ ਨੁਮਾਇੰਦਗੀ ਮਾਦੂਰੋ ਸਰਕਾਰ ਹੀ ਕਰਦੀ ਹੈ। ਇਸ ਲਈ ਆਈ. ਐਮ. ਐਫ. ਨੂੰ ਹਰ ਹਾਲਤ ਵਿਚ ਕਰਜ਼ਾ ਬੇਨਤੀ 'ਤੇ ਵਿਚਾਰ ਕਰਨੀ ਬਣਦੀ ਸੀ। ਨੁਕਤਾ ਵਿਚੋਂ ਇਹ ਹੈ ਕਿ ਅਮਰੀਕਾ ਆਈ. ਐਮ. ਐਫ. ਦਾ ਸਭ ਤੋਂ ਵੱਡਾ ਸ਼ਿਅਰ ਹੋਲਡਰ ਹੈ, ਇਸ ਲਈ ਪੱਛਮੀ ਦੇਸ਼ਾਂ ਦੀ ਮਦਦ ਨਾਲ ਉਹ ਜੋ ਮਰਜ਼ੀ ਫੈਸਲਾ ਕਰ ਸਕਦਾ ਹੈ। ਹਵਾਈ ਯਾਤਰਾ ਬੰਦ ਹੋਣ ਕਰਕੇ ਵੈਂਜ਼ੂਏਲਾ ਦੇ 800 ਸ਼ਹਿਰੀ ਅਮਰੀਕਾ ਵਿਚ ਫਸੇ ਹੋਏ ਹਨ। ਵੈਂਜ਼ੂਏਲਾ ਸਰਕਾਰ ਦੇ ਨੁਮਾਇੰਦੇ ਮੁਤਾਬਕ, ਉਨ੍ਹਾਂ ਨੇ ਸਬੰਧਤ ਅਮਰੀਕੀ ਅਧਿਕਾਰੀਆਂ ਨੂੰ ਕਿਹਾ ਹੈ ਕਿ ਉਨ੍ਹਾਂ ਦੇ ਜਹਾਜ ਤਿਆਰ ਹਨ, ਦੱਸੋ ਇਨ੍ਹਾਂ ਨੂੰ ਕਦੋਂ ਅਤੇ ਕਿਸ ਏਅਰਪੋਰਟ ਤੋਂ ਚੁੱਕੀਏ, ਪਰ ਇਸ ਮਾਮਲੇ ਵਿਚ ਵੀ ਕੋਈ ਤਸੱਲੀਬਖਸ਼ ਸੂਚਨਾ ਨਹੀਂ ਦਿੱਤੀ।

ਇਰਾਨ ਦੇ ਵਿਦੇਸ਼ ਮੰਤਰੀ ਨੇ ਆਰਥਕ ਬੰਦਿਸ਼ਾਂ ਅਤੇ ਹੋਰ ਅਮਰੀਕਨ ਕਾਰਵਾਈਆਂ ਨੂੰ ਮੈਡੀਕਲ ਦਹਿਸ਼ਤ ਕਰਾਰ ਦਿੱਤਾ ਹੈ। ਉਸ ਨੇ ਕਿਹਾ ਹੈ ਕਿ ਅੱਜ ਇਨ੍ਹਾਂ ਬੰਦਿਸ਼ਾਂ ਦਾ ਰੋਲ ਇਰਾਨ ਸਰਕਾਰ ਦੀ ਕਰੋਨਾ ਮਹਾਮਾਰੀ ਖਿਲਾਫ ਲੜਾਈ ਨੂੰ ਕਮਜ਼ੋਰ ਕਰਨਾ ਹੈ। ਇਰਾਨ ਨੇ ਵੀ ਆਈ. ਐਮ. ਐਫ. ਨੂੰ 5 ਬਿਲੀਅਨ ਡਾਲਰ ਦੇ ਕਰਜ਼ ਲਈ ਬੇਨਤੀ ਕੀਤੀ ਸੀ, ਪਰ ਅਮਰੀਕਾ ਨੇ ਇਸ ਨੂੰ ਇਹ ਕਹਿੰਦਿਆਂ ਰੋਕਣ ਦਾ ਫੈਸਲਾ ਕਰ ਲਿਆ ਕਿ ਇਰਾਨ ਦੇ ਬੈਂਕ ਅਕਾਊਂਟ ਵਿਚ ਬਹੁਤ ਧਨ ਹੈ।

ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰੀ ਜਥੇਬੰਦੀਆਂ ਅਤੇ ਕੁਝ ਅਮਰੀਕਨ ਲਾਅਮੇਕਰਜ਼ ਨੇ ਅਮਰੀਕੀ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਕਿ ਮਹਾਮਾਰੀ ਖਿਲਾਫ ਸਫਲ ਲੜਾਈ ਲਈ ਆਰਥਕ ਬੰਦਿਸ਼ਾਂ ਵਿਚ ਢਿੱਲ ਦਿੱਤੀ ਜਾਵੇ। ਇਥੋਂ ਤੱਕ ਕਿ ਅਮਰੀਕਨ ਸਿਕਿਉਰਿਟੀ ਸੈਂਟਰ ਦੇ ਵਿਦਵਾਨ ਪੀਟਰ ਹਾਰੇਲ, ਜਿਸ ਨੇ ਓਬਾਮਾ ਪ੍ਰਸ਼ਾਸਨ ਸਮੇਂ ਇਰਾਨ 'ਤੇ ਲਾਈਆਂ ਬੰਦਿਸ਼ਾਂ ਦੀ ਘਾੜਤ ਘੜੀ ਸੀ, ਨੇ ਕਿਹਾ ਕਿ ਤਹਿਰਾਨ ਅਤੇ ਕਾਰਾਕਸ ਦੇ ਮਾੜੇ ਪ੍ਰਬੰਧਾਂ ਸਦਕਾ ਆਮ ਜਨਤਾ ਪਹਿਲਾਂ ਹੀ ਪਿਸ ਰਹੀ ਹੈ, ਇਸ ਲਈ ਅਮਰੀਕਾ ਨੂੰ ਜਨਤਾ ਦੀਆਂ ਤਕਲੀਫਾਂ ਵਿਚ ਵਾਧਾ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਅਮਰੀਕੀ ਕਾਂਗਰਸ ਦੇ ਤਿੰਨ ਦਰਜਨ ਤੋਂ ਵੱਧ ਪ੍ਰੋਗਰੈਸਿਵ ਮੈਂਬਰਾਂ ਨੇ ਵੱਖਰੀ ਚਿੱਠੀ 'ਤੇ ਦਸਤਖਤ ਕਰਦਿਆਂ ਕਿਹਾ ਕਿ ਇਹ ਬੰਦਿਸ਼ਾਂ ਵਕਤੀ ਤੌਰ 'ਤੇ ਮੁਅੱਤਲ ਕੀਤੀਆਂ ਜਾਣ। ਇਕ ਹੋਰ ਮੈਂਬਰ ਜੋਆਕੁਇਨ ਕਾਸਟਰੋ ਨੇ ਇਹ ਵੀ ਕਿਹਾ ਕਿ ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਕਰੋਨਾ ਵਾਇਰਸ ਗਲੋਬਲ ਮਹਾਮਾਰੀ ਹੈ, ਜਿਸ ਵਿਰੁਧ ਲੜਾਈ ਵਿਚ ਅਮਰੀਕਾ ਨੂੰ ਅਗਵਾਈ ਕਰਨੀ ਚਾਹੀਦੀ ਹੈ, ਪਰ ਕੋਈ ਫਾਇਦਾ ਨਹੀਂ ਹੋਇਆ।

ਕਿਊਬਾ ਪਿਛਲੇ 6 ਦਹਾਕਿਆਂ ਤੋਂ ਅਮਰੀਕਾ ਵਲੋਂ ਲਾਈਆਂ ਆਰਥਕ ਬੰਦਿਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਫਿਰ ਵੀ ਡਬਲਿਊ. ਐਚ. ਓ. ਮੁਤਾਬਕ ਕਿਊਬਾ ਦਾ ਹੈਲਥ ਕੇਅਰ ਸਿਸਟਮ ਦੁਨੀਆਂ ਦੇ ਸਾਰੇ ਦੇਸ਼ਾਂ ਲਈ ਮਿਸਾਲ ਹੈ। ਇਸ ਸਿਸਟਮ ਦੀ ਨਿਪੁੰਨਤਾ ਅਤੇ ਸ੍ਰੇਸ਼ਟਤਾ ਕਾਬਲੇ-ਤਾਰੀਫ ਹੈ। 2014 ਵਿਚ ਡਬਲਿਊ. ਐਚ. ਓ. ਦੀ ਡਾਇਰੈਕਟਰ ਜਨਰਲ ਮਾਰਗਰੇਟ ਚੈਨ ਕਿਊਬਾ ਫੇਰੀ ਸਮੇਂ ਦੇਸ਼ ਦੀਆਂ ਸਿਹਤ ਖੇਤਰ ਵਿਚ ਪ੍ਰਾਪਤੀਆਂ ਤੋਂ ਇੰਨੀ ਪ੍ਰਭਾਵਿਤ ਹੋਈ ਕਿ ਉਸ ਨੇ ਕਿਹਾ ਸੀ, "ਕਿਊਬਾ ਦੁਨੀਆਂ ਦਾ ਇਕੋ-ਇਕ ਦੇਸ਼ ਹੈ, ਜਿਸ ਦਾ ਹੈਲਥ ਕੇਅਰ ਸਿਸਟਮ ਖੋਜ ਅਤੇ ਵਿਕਾਸ ਨਾਲ ਨੇੜਿਓਂ ਜੁੜਿਆ ਹੋਇਆ ਹੈ।"



ਵੈਂਜ਼ੂਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ

ਕਿਊਬਾ ਵਿਚ ਕਰੋਨਾ ਵਾਇਰਸ ਮਹਾਮਾਰੀ ਦਾ ਫੈਲਾਓ ਅਜੇ ਨਾਂਮਾਤਰ ਹੈ। ਕਿਊਬਾ ਨੇ ਦੁਨੀਆਂ ਦੇ ਕਿਸੇ ਵੀ ਦੇਸ਼ ਨਾਲੋਂ ਵੱਧ ਸੀਮਤ ਸਾਧਨਾਂ ਅਤੇ ਵਸੀਲਿਆਂ ਦੇ ਬਾਵਜੂਦ ਕੁਸ਼ਲ ਡਾਕਟਰ ਪੈਦਾ ਕੀਤੇ ਹਨ। ਹੁਣ ਜਦੋਂ ਕਰੋਨਾ ਮਹਾਮਾਰੀ ਦੇ ਸਨਮੁਖ ਅਮੀਰ ਦੇਸ਼ਾਂ ਦੇ ਸਿਹਤ ਸਿਸਟਮ ਵੀ ਲੜਖੜਾ ਰਹੇ ਹਨ ਤਾਂ ਕਿਊਬਾ ਸਰਕਾਰ ਨੇ ਮਦਦ ਲਈ ਆਪਣੇ ਡਾਕਟਰ ਹੋਰ ਦੇਸ਼ਾਂ ਵਿਚ ਵੀ ਭੇਜੇ ਹਨ; ਜਿਵੇਂ ਇਟਲੀ, ਵੈਂਜ਼ੂਏਲਾ, ਨਿਕਾਰਾਗੁਆ, ਸੂਰੀਨਾਮ, ਜਮਾਇਕਾ, ਗਰੇਨਾਡਾ ਆਦਿ ਦੇਸ਼ਾਂ ਵਿਚ ਕਿਊਬਾ ਦੇ ਡਾਕਟਰਾਂ ਦੀ ਮੰਗ ਵਧ ਰਹੀ ਹੈ ਅਤੇ ਕਿਊਬਾ ਨੇ ਆਪਣੇ ਵਲੋਂ ਵੀ ਡਾਕਟਰ ਭੇਜਣ ਦੀ ਪੇਸ਼ਕਸ਼ ਕੀਤੀ ਹੈ, ਪਰ ਟਰੰਪ ਪ੍ਰਸ਼ਾਸਨ ਨੇ ਹੋਰਨਾਂ ਦੇਸ਼ਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਉਹ ਕਿਊਬਾ ਦੀ ਇਸ ਪੇਸ਼ਕਸ਼ ਨੂੰ ਠੁਕਰਾ ਦੇਣ। ਕੁਝ ਦੇਸ਼ਾਂ ਨੇ ਇਸ ਚਿਤਾਵਨੀ ਨੂੰ ਕਬੂਲ ਕਰਦਿਆਂ ਅਜਿਹਾ ਕੀਤਾ ਵੀ ਹੈ। ਬੋਲੀਵੀਆ ਇਸ ਦੀ ਮਿਸਾਲ ਹੈ।

ਕਿਊਬਾ ਦੇ ਇਕ ਅਧਿਕਾਰੀ ਨੇ 'ਨਿਊਜ਼ ਵੀਕ' ਮੈਗਜ਼ੀਨ ਨਾਲ ਇੰਟਰਵਿਊ ਦੌਰਾਨ ਦੱਸਿਆ ਕਿ ਕਰੀਬ 60 ਸਾਲ ਤੋਂ ਅਮਰੀਕਾ ਵਲੋਂ ਲਾਈਆਂ ਬੰਦਿਸ਼ਾਂ, ਕਰੋਨਾ ਵਾਇਰਸ ਮਹਾਮਾਰੀ ਵਰਗੇ ਸੰਕਟ ਨਾਲ ਨਜਿੱਠਣ ਦੇ ਰਾਹ ਵਿਚ ਵੱਡਾ ਅੜਿੱਕਾ ਹਨ। ਇਹ ਸਾਡੇ ਦੇਸ਼ ਦੀ ਸਮੁੱਚੀ ਤਰੱਕੀ ਦੇ ਰਾਹ ਦਾ ਰੋੜਾ ਵੀ ਹਨ। ਜੇ ਕਿਤੇ ਆਰਥਕ ਬੰਦਿਸ਼ਾਂ ਹਟਾ ਲਈਆਂ ਜਾਣ ਤਾਂ ਇਸ ਦਾ ਸਿਹਤ ਸੈਕਟਰ 'ਤੇ ਆਸਾਧਾਰਨ ਹਾਂ-ਪੱਖੀ ਪ੍ਰਭਾਵ ਪਵੇਗਾ। ਕਿਊਬਾ ਨੇ ਚੀਨ ਨਾਲ ਮਿਲ ਕੇ ਇੰਟਰਫੇਰੋਨ ਅਲਫਾ-ਬੀ 2 ਨਾਮ ਦੀ ਦਵਾਈ ਤਿਆਰ ਕੀਤੀ ਹੈ, ਜਿਸ ਦੀ ਪਰਖ ਡਬਲਿਊ. ਐਚ. ਓ. ਤਿੰਨ ਹੋਰ ਦਵਾਈਆਂ ਸਮੇਤ ਕਰ ਰਹੀ ਹੈ।

ਜ਼ਿੰਮਬਾਵੇ ਅਫਰੀਕਾ ਦਾ ਗਰੀਬ ਦੇਸ਼ ਹੈ, ਜੋ ਪਿਛਲੇ 20 ਸਾਲਾਂ ਤੋਂ ਅਮਰੀਕਾ ਅਤੇ ਪੱਛਮੀ ਦੇਸ਼ਾਂ ਦੀਆਂ ਆਰਥਕ ਬੰਦਿਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਅਜੇ ਤੱਕ ਭਾਵੇਂ ਉਥੇ ਕਰੋਨਾ ਵਾਇਰਸ ਦਾ ਕੋਈ ਕੇਸ ਰਿਕਾਰਡ ਨਹੀਂ ਹੋਇਆ, ਪਰ ਗੁਆਂਢੀ ਦੇਸ਼ ਦੱਖਣੀ ਅਫਰੀਕਾ ਵਿਚ ਵਾਇਰਸ ਦਾ ਜ਼ੋਰ ਹੈ, ਇਸ ਲਈ ਜ਼ਿੰਮਬਾਵੇ ਕਿਸੇ ਸਮੇਂ ਵੀ ਮਾਰ ਥੱਲੇ ਆ ਸਕਦਾ ਹੈ। ਜ਼ਿੰਮਬਾਵੇ ਦੀ ਸੀਨੀਅਰ ਡਾਕਟਰਜ਼ ਐਸੋਸੀਏਸ਼ਨ ਨੇ ਬਿਆਨ ਦਿੱਤਾ ਹੈ ਕਿ ਉਨ੍ਹਾਂ ਕੋਲ ਨਾ ਇਸ ਵਾਇਰਸ ਦੀ ਸੂਹ ਲਾਉਣ ਦੀ ਸਮਰੱਥਾ ਹੈ ਅਤੇ ਨਾ ਹੀ ਉਹ ਅਜਿਹਾ ਕਰਨ ਲਈ ਤਿਆਰ ਹਨ। 'ਸੰਡੇ ਟਾਈਮਜ਼' ਮੁਤਾਬਕ ਅਮਰੀਕਾ ਨੇ ਪਹਿਲਾਂ ਤੋਂ ਲਾਈਆਂ ਬੰਦਿਸ਼ਾਂ ਵਿਚ ਹੋਰ ਵਾਧਾ ਕਰ ਦਿੱਤਾ ਹੈ।

ਹਾਲਾਤ ਤੋਂ ਨਿਰਾਸ਼ ਅਤੇ ਉਤੇਜਿਤ ਹੋਈ ਜ਼ਿੰਮਬਾਵੇ ਦੀ ਰੱਖਿਆ ਮੰਤਰੀ ਓਪਾਹ ਮਿਊਚਿਨਗੁਰੀ ਅਗਿਆਨ ਵਸ ਇਹ ਕਹਿਣ ਤੱਕ ਚਲੀ ਗਈ ਕਿ ਅਮਰੀਕਾ ਵਿਚ ਕਰੋਨਾ ਵਾਇਰਸ ਮਹਾਮਾਰੀ ਦੇ ਫੈਲਣ ਦਾ ਕਾਰਨ ਰੱਬ ਵਲੋਂ ਅਮਰੀਕਾ ਨੂੰ ਦਿੱਤੀ ਗਈ ਸਜ਼ਾ ਹੈ, ਕਿਉਂਕਿ ਉਸ ਨੇ ਸਾਡੇ ਦੇਸ਼ ਖਿਲਾਫ ਆਰਥਕ ਬੰਦਿਸ਼ਾਂ ਲਾਈਆਂ ਹੋਈਆਂ ਹਨ। ਇਸ ਬਿਆਨ ਦਾ ਜ਼ਿੰਮਬਾਵੇ ਵਿਚ ਹੀ ਵਿਰੋਧ ਹੋਣ 'ਤੇ ਰਾਸ਼ਟਰਪਤੀ ਐਮਰਸਨ ਮਨਾਨਗਾਗਵਾ ਨੂੰ ਇਹ ਕਹਿ ਕੇ ਮਾਹੌਲ ਸ਼ਾਂਤ ਕਰਨਾ ਪਿਆ ਕਿ ਮਹਾਮਾਰੀ ਦੀ ਆਪਣੀ ਵਿਗਿਆਨਕ ਵਿਆਖਿਆ ਹੈ, ਇਹ ਹੱਦਾਂ-ਬੰਨ੍ਹਿਆਂ ਨੂੰ ਨਹੀਂ ਮੰਨਦੀ। ਕਿਸੇ ਵੀ ਕੁਦਰਤੀ ਵਰਤਾਰੇ ਲਈ ਕਿਸੇ ਨੂੰ ਵੀ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ।

ਅਮਰੀਕੀ ਪ੍ਰਸ਼ਾਸਨ ਖਿਲਾਫ ਵਖ-ਵਖ ਦੇਸ਼ਾਂ, ਖਾਸ ਕਰ ਕੇ ਇਰਾਨ ਅਤੇ ਵੈਂਜ਼ੂਏਲਾ 'ਤੇ ਲਾਈਆਂ ਬੰਦਿਸ਼ਾਂ ਨੂੰ ਮੁਅੱਤਲ ਕਰਨ ਸਬੰਧੀ ਵਧ ਰਹੇ ਦਬਾਅ ਬਾਰੇ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਇਹ ਬੰਦਿਸ਼ਾਂ ਦਵਾਈਆਂ ਅਤੇ ਮਨੁੱਖਤਾਵਾਦੀ ਮਦਦ 'ਤੇ ਲਾਗੂ ਨਹੀਂ ਹੁੰਦੀਆਂ, ਪਰ ਕੌਮੀ ਸੁਰੱਖਿਆ ਕੌਂਸਲ ਵਿਚ ਰਹਿ ਚੁਕੇ ਰਿਚਰਡ ਨੈਫਿਊ ਨੇ ਕਿਹਾ ਹੈ, "ਇਹ ਗੱਲ ਤਕਨੀਕੀ ਤੌਰ 'ਤੇ ਤਾਂ ਠੀਕ ਲੱਗ ਸਕਦੀ ਹੈ, ਪਰ ਅਮਲੀ ਤੌਰ 'ਤੇ ਅਜਿਹਾ ਨਹੀਂ ਹੈ। ਆਰਥਕ ਬੰਦਿਸ਼ਾਂ ਵਜੋਂ ਕਿਸੇ ਦੇਸ਼ ਦਾ ਕੌਮਾਂਤਰੀ ਆਰਥਕਤਾ ਨਾਲੋਂ ਨਾਤਾ ਟੁੱਟ ਜਾਣ ਕਰ ਕੇ ਮਨੁੱਖਤਾਵਾਦੀ ਮਦਦ ਦੀ ਸਪਲਾਈ ਬਹੁਤ ਗੁੰਝਲਦਾਰ ਬਣ ਜਾਂਦੀ ਹੈ। ਅਮਰੀਕਾ ਨੇ ਮਨੁੱਖਤਾਵਾਦੀ ਮਦਦ ਪ੍ਰਾਪਤ ਕਰਨ ਸਬੰਧੀ ਲਾਈਸੈਂਸਿੰਗ ਸਿਸਟਮ ਅਤੇ ਕਾਰਜਵਿਧੀ ਬਹੁਤ ਗੁੰਝਲਦਾਰ ਬਣਾਈ ਹੋਈ ਹੈ। ਅਜਿਹੀਆਂ ਬਹੁਤ ਘੱਟ ਬੈਂਕਾਂ ਹਨ, ਜੋ ਅਮਰੀਕਾ ਵਲੋਂ ਅਛੂਤ ਸਮਝੇ ਜਾਂਦੇ ਸਰਮਾਏ ਨਾਲ ਕਾਰੋਬਾਰ ਕਰਨ ਲਈ ਤਿਆਰ ਹੋਣ।" (ਐਲ. ਏ. ਟਾਈਮਜ਼)

ਟਰੰਪ ਪ੍ਰਸ਼ਾਸਨ ਦੇ ਬਹੁਤ ਸਾਰੇ ਆਲੋਚਕ ਕਹਿ ਰਹੇ ਹਨ ਕਿ ਪ੍ਰਸ਼ਾਸਨ ਸੋਚਦਾ ਹੈ, ਬੰਦਿਸ਼ਾਂ ਲਾਉਣ ਨਾਲ ਸਬੰਧਤ ਦੇਸ਼ਾਂ ਵਿਚ ਕਰੋਨਾ ਮਹਾਮਾਰੀ ਨਾਲ ਪੈਦਾ ਹੋਇਆ ਸਿਹਤ ਸੰਕਟ ਜਿਉਂ-ਜਿਉਂ ਗਹਿਰਾ ਹੁੰਦਾ ਜਾਵੇਗਾ, ਤਿਉਂ-ਤਿਉਂ ਇਨ੍ਹਾਂ ਸਰਕਾਰਾਂ ਨੂੰ ਡੇਗਣ ਲਈ ਸਾਜ਼ਗਾਰ ਮਾਹੌਲ ਬਣਦਾ ਜਾਵੇਗਾ। ਅਮਰੀਕਾ ਦੇ ਜਨਰਲ ਅਟਾਰਨੀ ਵਿਲੀਅਮ ਬਾਰ ਦੇ ਵੈਂਜ਼ੂਏਲਾ ਬਾਰੇ ਬਿਆਨ ਨੇ ਅਮਰੀਕਾ ਦੀ ਬਦਨੀਤੀ ਬਾਰੇ ਆਲੋਚਕਾਂ ਦੇ ਸ਼ੱਕ ਨੂੰ ਹੋਰ ਵੱਧ ਠੀਕ ਦਰਸਾਇਆ ਹੈ। ਹੁਣ ਜਦੋਂ ਵੈਂਜ਼ੂਏਲਾ ਦੇ ਰਾਸ਼ਟਰਪਤੀ ਮਾਦੂਰੋ ਅਤੇ ਸਾਥੀਆਂ 'ਤੇ ਅਮਰੀਕਨ ਜਸਟਿਸ ਡਿਪਾਰਟਮੈਂਟ ਨੇ ਕ੍ਰਿਮੀਨਲ ਕੇਸ ਦਰਜ ਕੀਤਾ ਹੈ ਤਾਂ ਅਟਾਰਨੀ ਜਨਰਲ ਨੇ ਕਿਹਾ ਕਿ ਸਿਹਤ ਸੰਕਟ ਸਮੇਂ ਸਾਡੀ ਇਹ ਚਾਲ ਬਿਲਕੁਲ ਸਮੇਂ ਦੇ ਅਨੁਸਾਰੀ ਹੈ, ਕਿਉਂਕਿ ਇਹ ਵੈਂਜ਼ੂਏਲਾ ਨਿਵਾਸੀਆਂ ਨੂੰ ਮਜਬੂਰ ਕਰੇਗੀ ਕਿ ਉਹ ਆਪਣੇ ਆਗੂਆਂ ਖਿਲਾਫ ਉਠ ਖੜ੍ਹੇ ਹੋਣ। ਵੈਂਜ਼ੂਏਲਾ ਦੇ ਲੋਕ ਬਹੁਤ ਤੰਗ ਹਨ। ਉਨ੍ਹਾਂ ਨੂੰ ਪ੍ਰਭਾਵਸ਼ਾਲੀ ਸਰਕਾਰ ਦੀ ਲੋੜ ਹੈ। ਵੈਂਜ਼ੂਏਲਾ ਦੇ ਲੋਕਾਂ ਦੀ ਮਦਦ ਕਰਨ ਦਾ ਇਸ ਤੋਂ ਵਧੀਆ ਹੋਰ ਕੋਈ ਢੰਗ ਨਹੀਂ ਤਾਂ ਕਿ ਦੇਸ਼ ਭ੍ਰਿਸ਼ਟਾਚਾਰ ਦੀ ਚੁੰਗਲ ਵਿਚੋਂ ਨਿਕਲ ਸਕੇ।

**ਨਿਜੀ ਸੁਆਰਥ, ਨਿਜੀ ਮੁਨਾਫੇ ਅਤੇ ਧੌਂਸ ਦੀਆਂ ਬੁਨਿਆਦਾਂ 'ਤੇ ਉਸਰੇ ਸੰਸਾਰ ਸਰਮਾਏਦਾਰੀ ਪ੍ਰਬੰਧ ਦੇ ਵਜੂਦ ਸਮੋਏ ਵਿਰੋਧਾਂ ਕਰਕੇ ਕਰੋਨਾ ਮਹਾਮਾਰੀ ਖਿਲਾਫ ਕੋਈ ਬੱਝਵੀਂ ਅਤੇ ਅਸਰਦਾਰ ਲੜਾਈ ਨਹੀਂ ਲੜੀ ਜਾ ਰਹੀ। ਵਖ-ਵਖ ਦੇਸ਼ਾਂ ਅਤੇ ਸਿਆਸੀ ਲੀਡਰਾਂ ਦੀ ਆਪਸੀ ਖਹਿਬਾਜ਼ੀ ਸਦਕਾ ਇਹ ਲੜਾਈ ਲੀਹੋਂ ਲਹਿ ਰਹੀ ਹੈ। ਇਹੀ ਕਾਰਨ ਹੈ ਕਿ ਸੰਸਾਰ ਸਿਹਤ ਸੰਸਥਾ ਅਤੇ ਆਈ. ਐਮ. ਐਫ. ਜਿਹੀਆਂ ਕੌਮਾਂਤਰੀ ਸੰਸਥਾਵਾਂ ਵੀ ਆਪਣਾ ਬਣਦਾ ਰੋਲ ਬਾਕਾਇਦਗੀ ਨਾਲ ਨਹੀਂ ਨਿਭਾ ਰਹੀਆਂ।**

# ਗਲਤੀਆਂ ਦੇ ਹੀ ਸਿੱਟੇ ਭੁਗਤਦਾ ਪਿਆ ਹੈ ਮਨੁੱਖ


ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਆਪਣੇ ਆਪ ਨੂੰ ਮਹਾਬਲੀ ਸਮਝਣ ਦਾ ਭਰਮ ਪਾਲ ਬੈਠੇ ਮਨੁੱਖ ਨੇ ਜੰਗਲਾਂ ਤੋਂ ਬਸਤੀਆਂ, ਫਿਰ ਸ਼ਹਿਰ ਤੇ ਉਸ ਪਿਛੋਂ ਇਸ ਧਰਤੀ ਤੋਂ ਉਪਰ ਪੁਲਾੜ ਵਿਚ ਵੀ ਅੱਡੇ ਜਾ ਬਣਾਏ ਹਨ। ਇਸ ਵਕਤ ਜਦੋਂ ਸੰਸਾਰ ਭਰ ਵਿਚ ਕਰੋਨਾ ਦੇ ਕਹਿਰ ਨਾਲ ਇਨਸਾਨੀਅਤ ਕੰਬ ਰਹੀ ਹੈ, ਸਪੇਸ ਵਿਚ ਮਨੁੱਖ ਦਾ ਬਣਾਇਆ ਸਟੇਸ਼ਨ ਉਦੋਂ ਵੀ ਕੰਮ ਕਰਦਾ ਪਿਆ ਹੈ ਤੇ ਸ਼ੁੱਕਰਵਾਰ, 17 ਅਪਰੈਲ ਵਾਲੇ ਦਿਨ ਉਥੋਂ ਤਿੰਨ ਆਸਟਰੋਨਾਟ ਧਰਤੀ 'ਤੇ ਵਾਪਸ ਆਏ ਹਨ। ਜਨਮ ਵੇਲੇ ਦੇ ਦੋ ਅਮਰੀਕਨ ਨਾਗਰਿਕ, ਇੱਕ ਕੁੜੀ ਜੈਸਿਕਾ ਮੀਰ ਅਤੇ ਦੂਜਾ ਐਂਡਰਿਊ ਮਾਰਗਨ ਸਨ ਤੇ ਤੀਜਾ ਰੂਸ ਵਾਲਿਆਂ ਦਾ ਸੋਯੂਜ਼ ਕਮਾਂਡਰ ਓਲੇਗ ਸਕਰੀਪੋਚਕਾ ਇਕੱਠੇ ਉਸ ਪੁਲਾੜ ਸਟੇਸ਼ਨ ਤੋਂ ਮੁੜੇ ਹਨ। ਜੈਸਿਕਾ ਅਤੇ ਸਕਰੀਪੋਚਕਾ ਉਥੇ 205 ਦਿਨ ਗੁਜ਼ਾਰ ਕੇ ਆਏ ਅਤੇ ਐਂਡਰਿਊ 272 ਦਿਨਾਂ ਪਿੱਛੋਂ ਮੁੜਿਆ ਹੈ। ਪੁਲਾੜ ਵਿਚ ਬਿਨਾ ਕਿਸੇ ਥੰਮ੍ਹੀ ਜਾਂ ਪਿੱਲਰ ਤੋਂ ਟਿਕੇ ਹੋਏ ਸਪੇਸ ਸਟੇਸ਼ਨ ਵਿਚ ਜਾਂਦੇ ਇਹ ਲੋਕ ਕਈ ਵਾਰੀ ਬਾਹਰ ਨਿਕਲਦੇ ਤੇ ਬਿਨਾ ਕਿਸੇ ਜਹਾਜ, ਪੈਰਾਸ਼ੂਟ ਜਾਂ ਪੌੜੀ ਤੋਂ ਖਾਲੀ ਪੁਲਾੜ ਵਿਚ ਸੈਰ ਕਰਦੇ ਹਨ ਤੇ ਕੁਦਰਤ ਦੀ ਵੱਖ-ਵੱਖ ਗ੍ਰਹਿਆਂ ਨੂੰ ਆਪੋ ਵਿਚ ਖਿੱਚਣ ਦੀ ਤਾਕਤ ਇਨ੍ਹਾਂ ਨੂੰ ਕਿਸੇ ਗ੍ਰਹਿ ਵੱਲ ਖਿਸਕਣ ਦੀ ਥਾਂ ਵਿਚਾਲੇ ਟਿਕਾ ਕੇ ਚਮਤਕਾਰ ਵਾਂਗ ਕੰਮ ਕਰਦੀ ਹੈ।

ਸੰਸਾਰ ਪੱਧਰ ਦੀ ਇੱਕ ਸੰਸਥਾ ਨੇ ਕੁਝ ਸਾਲ ਪਹਿਲਾਂ ਇਹ ਖੋਜ ਅਰੰਭ ਕਰ ਦਿੱਤੀ ਕਿ ਧਰਤੀ ਦੇ ਕੇਂਦਰ ਵਿਚ ਉਸ ਸ਼ਕਤੀ ਦਾ ਬਿੰਦੂ ਵੇਖਣਾ ਹੈ, ਜੋ ਸਭ ਚੀਜ਼ਾਂ ਨੂੰ ਆਪਣੇ ਵੱਲ ਖਿੱਚਦਾ ਹੈ। ਕੁਝ ਲੋਕਾਂ ਦਾ ਖਿਆਲ ਸੀ ਕਿ ਏਦਾਂ ਦੀ ਖੋਜ ਲਈ ਡੂੰਘੇ ਹੇਠਾਂ ਭੇਜੇ ਗਏ ਵਰਮੇ (ਡਰਿੱਲਜ਼) ਕਿਸੇ ਤਰ੍ਹਾਂ ਉਸ ਖਾਸ ਕੇਂਦਰ ਨਾਲ ਟਕਰਾ ਕੇ ਕੁਝ ਏਦਾਂ ਦੀ ਅਣਕਿਆਸੀ ਸਥਿਤੀ ਪੈਦਾ ਕਰ ਸਕਦੇ ਹਨ ਕਿ ਧਰਤੀ ਹੀ ਖਿੱਲਰ ਜਾਵੇ, ਜਿਸ ਨਾਲ ਮਨੁੱਖੀ ਜੀਵਨ ਦੀ ਹੋਂਦ ਵਾਸਤੇ ਖਤਰਾ ਹੋ ਸਕਦਾ ਹੈ। ਕਮਾਲ ਦੀ ਗੱਲ ਕਿ ਬੰਦਾ ਦੂਜੇ ਗ੍ਰਹਿਆਂ ਵਿਚਾਲੇ ਬਿਨਾ ਬੁਰਜੀਆਂ ਤੋਂ ਪੁਲਾੜ ਖੋਜ ਦਾ ਸਟੇਸ਼ਨ ਬਣਾਈ ਬੈਠਾ ਹੈ, ਧਰਤੀ ਦੀ ਧੁੰਨੀ ਤੱਕ ਜਾਣ ਲਈ ਵਰਮੇ ਮਾਰੀ ਜਾਂਦਾ ਹੈ ਤੇ ਸਮੁੰਦਰਾਂ ਦੀ ਤਹਿ ਤੱਕ ਜਾਣ ਲਈ ਕੋਈ ਕਸਰ ਨਹੀਂ ਛੱਡਦਾ, ਪਰ ਆਪਣੇ ਸਿਰ ਪੈਂਦੀਆਂ ਮਹਾਮਾਰੀਆਂ ਰੋਕਣ ਦੇ ਸਮਰੱਥ ਅਜੇ ਨਹੀਂ ਹੋ ਸਕਿਆ।



ਜੈਸਿਕਾ ਮੀਰ

ਮਹਾਮਾਰੀਆਂ ਮਨੁੱਖ ਦੀ ਹੋਂਦ ਨਾਲ ਉਸ ਵੇਲੇ ਤੋਂ ਜੁੜੀਆਂ ਹਨ, ਜਦੋਂ ਅਜੇ ਇਹ ਬਿਨਾ ਕੱਪੜਿਆਂ ਤੋਂ ਜੰਗਲਾਂ ਦੇ ਜੀਵਾਂ ਵਾਂਗ ਘੁਮੰਤਰੀ ਜੀਵਨ ਗੁਜ਼ਾਰ ਰਿਹਾ ਸੀ। ਉਦੋਂ ਉਸ ਕੋਲ ਕਿਸੇ ਤਰ੍ਹਾਂ ਦੀ ਖੋਜ ਵੀ ਨਹੀਂ ਸੀ ਤੇ ਕਿਸੇ ਵੀ ਤਰ੍ਹਾਂ ਦਾ ਜੋ ਓਹੜ-ਪੋਹੜ ਇੱਕ ਜਣਾ ਕਰ ਲੈਂਦਾ ਸੀ, ਉਸ ਨੂੰ ਸੰਭਾਲੀ ਰੱਖਣ ਦੇ ਚੇਤੇ ਤੋਂ ਸਿਵਾ ਕੋਈ ਹੋਰ ਢੰਗ ਵੀ ਨਹੀਂ ਸੀ ਲੱਭਾ, ਕਿਉਂਕਿ ਉਦੋਂ ਤੱਕ ਨਾ ਲਿਖਣ ਲਈ ਸ਼ਬਦ ਸੁੱਝੇ ਸਨ ਤੇ ਨਾ ਅੱਖਰ ਬਣੇ ਸਨ। ਜਿਨ੍ਹਾਂ ਸੱਟਾਂ ਦਾ ਮਨੁੱਖ ਦੇ ਵੱਡੇ-ਵਡੇਰਿਆਂ ਨੂੰ ਸਾਹਮਣਾ ਕਰਨਾ ਪੈਂਦਾ ਰਿਹਾ, ਉਹ ਅਗਲੀਆਂ ਪੀੜ੍ਹੀਆਂ ਤੱਕ ਸੀਨਾ-ਬ-ਸੀਨਾ ਅੱਗੇ ਤੁਰਦੀਆਂ ਅਤੇ ਲੋੜ ਵੇਲੇ ਕੰਮ ਆਉਣ ਤੋਂ ਇਲਾਵਾ ਹੋਰ ਖੋਜਾਂ ਦਾ ਆਧਾਰ ਵੀ ਬਣਦੀਆਂ ਰਹੀਆਂ।

ਕਿਸੇ ਵਕਤ ਟਾਹਣੀ ਤੋਂ ਛਾਲ ਮਾਰਨ ਵਾਲੇ ਕਿਸੇ ਬਾਂਦਰ ਜਾਂ ਚਿੰਪੈਂਜੀ ਨੇ ਜਦੋਂ ਇਹ ਵੇਖਿਆ ਕਿ ਇਸ ਨਾਲ ਟਾਹਣੀ ਹਿੱਲੀ ਸੀ ਤੇ ਸਿੱਟੇ ਵਜੋਂ ਕੁਝ ਫਲ ਡਿੱਗੇ ਸਨ, ਉਸ ਨੂੰ ਮੁੜ ਅਜ਼ਮਾਉਣ ਲਈ ਉਸ ਨੇ ਹੋਰ ਛਾਲਾਂ ਮਾਰੀਆਂ ਅਤੇ ਫਲ ਡਿੱਗੇ ਵੇਖ ਕੇ ਫਲ ਤੋੜਨ ਦਾ ਤਰੀਕਾ ਸਿੱਖ ਲਿਆ ਸੀ। ਸਹਿਜ ਸੁਭਾਅ ਕਿਸੇ ਫਲ ਦੀ ਛਿੱਲ ਜ਼ਖਮਾਂ 'ਤੇ ਲੱਗ ਜਾਣ ਨਾਲ ਉਸ ਕੋਲ ਇਸ ਤਰ੍ਹਾਂ ਜ਼ਖਮਾਂ 'ਤੇ ਫੈਹਾ ਲਾਉਣ ਦੀ ਅਕਲ ਪਹੁੰਚੀ ਸੀ ਤੇ ਕਿਸੇ ਖਾਸ ਫਲ ਖਾਧੇ ਤੋਂ ਅਚਾਨਕ ਹੋਏ ਕਿਸੇ ਫਾਇਦੇ ਨੇ ਉਸ ਨੂੰ ਬਿਮਾਰੀਆਂ ਲਈ ਏਦਾਂ ਦੇ ਨੁਸਖੇ ਵਰਤਣ ਦੇ ਰਾਹ ਤੋਰਿਆ ਹੋਵੇਗਾ। ਉਸ ਨੇ ਅਚਾਨਕ ਹੋਈ ਹਰ ਪ੍ਰਾਪਤੀ ਤੋਂ ਵੀ ਸਿੱਖਿਆ ਸੀ ਅਤੇ ਆਪਣੀਆਂ ਗਲਤੀਆਂ ਤੋਂ ਵੀ ਕੁਝ ਨਾ ਕੁਝ ਸਿੱਖਦਾ ਅੱਜ ਦੇ ਮੁਕਾਮ ਤੱਕ ਪਹੁੰਚਿਆ ਹੈ।

ਮਨੁੱਖੀ ਅਕਲ ਨੇ ਕਈ ਪੜਾਅ ਪਾਰ ਕੀਤੇ ਅਤੇ ਹਰ ਵਾਰੀ ਕੁਝ ਨਵਾਂ ਕੀਤਾ ਹੈ, ਪਰ ਇਹ ਗੱਲ ਯਾਦ ਨਹੀਂ ਸੀ ਰਹੀ ਕਿ ਉਸ ਦੇ ਨਾਲ-ਨਾਲ ਪਦਾਰਥ ਵੀ ਕਈ ਪੜਾਅ ਪਾਰ ਕਰਦਾ ਜਾ ਰਿਹਾ ਹੈ। ਇੱਕ ਫਲ ਦੀਆਂ ਕਈ ਕਿਸਮਾਂ ਬਣ ਜਾਣ ਵਾਂਗ ਇੱਕ ਪਦਾਰਥ ਨੂੰ ਵੱਖੋ-ਵੱਖ ਢੰਗਾਂ ਨਾਲ ਵਰਤੇ ਜਾਣ ਕਾਰਨ ਉਸ ਦੇ ਪ੍ਰਤੀਕਰਮ ਵਜੋਂ ਕਈ ਕਿਸਮਾਂ ਦੇ ਨਵੇਂ ਜੀਨ ਵੀ ਬਣਦੇ ਗਏ ਹਨ। ਸਿਆਣੇ ਆਖਦੇ ਹਨ ਕਿ ਕੁਝ ਸਮਾਂ ਲੰਘ ਜਾਵੇ ਤਾਂ ਆਪਣਾ ਜੂਠਾ ਪਾਣੀ ਵੀ ਪੀਣਾ ਮੂਰਖਤਾ ਹੋ ਸਕਦੀ ਹੈ। ਇਸ ਦਾ ਵੀ ਵਿਗਿਆਨਕ ਕਾਰਨ ਹੈ। ਕਦੀ ਅਸੀਂ ਗਿਲਾਸ ਵਿਚ ਪਾ ਕੇ ਦੁੱਧ ਰੱਖ ਦੇਈਏ ਤੇ ਦੂਜੇ ਦਿਨ ਤੱਕ ਪਿਆ ਰਹੇ ਤਾਂ ਫਿਰ ਉਹ ਦੁੱਧ ਨਹੀਂ ਰਹਿੰਦਾ, ਆਪਣੇ ਆਪ ਦਹੀਂ ਦੀ ਮੁੱਢਲੀ ਕਿਸਮ ਬਣ ਜਾਂਦਾ ਹੈ। ਚੀਜ਼ਾਂ ਜਿੱਦਾਂ ਆਪਸ ਵਿਚ ਤੱਤਾਂ ਦੇ ਮਿਲਣ ਨਾਲ ਬਦਲਦੀਆਂ ਹਨ, ਇੱਕ ਵਾਰੀ ਪਾਣੀ ਪੀਤੇ ਤੋਂ ਜੋ ਮਨੁੱਖੀ ਥੁੱਕ ਉਸ ਗਿਲਾਸ ਦੇ ਨਾਲ ਲੱਗ ਗਿਆ ਹੁੰਦਾ ਹੈ, ਉਸ ਵਿਚ ਗਏ ਤੱਤਾਂ ਨਾਲ ਉਸ ਪਾਣੀ 'ਤੇ ਵੀ ਡਾਕਟਰ ਪ੍ਰਤੀਕ੍ਰਿਆ ਚੱਲਣ ਦਾ ਦਾਅਵਾ ਕਰਦੇ ਹਨ। ਅਸੀਂ ਲੋਕ ਕਈ ਤਰ੍ਹਾਂ ਦੇ ਖੁਰਾਕੀ ਤੱਤ ਖਾਂਦੇ ਹਾਂ। ਪੁਰਾਣੇ ਸਮਿਆਂ ਤੋਂ ਭੋਜਨ ਛੱਤੀ ਪ੍ਰਕਾਰ ਦਾ ਕਿਹਾ ਜਾਂਦਾ ਹੈ, ਜਿਸ ਵਿਚ ਆਟਾ, ਪਾਣੀ ਤੇ ਲੂਣ ਆਦਿ ਤੋਂ ਤੁਰ ਕੇ ਜਿੰਨੇ ਵੀ ਤੱਤ ਹੋ ਸਕਦੇ ਹਨ, ਉਨ੍ਹਾਂ ਦੀ ਗਿਣਤੀ ਕੀਤੀ ਜਾਂਦੀ ਹੈ। ਇੰਨੇ ਤੱਤ ਪਕਾਏ ਜਾਣ ਵੇਲੇ ਵੀ ਇੱਕ ਦੂਜੇ ਨਾਲ ਘੁਲਦੇ ਹਨ ਤੇ ਫਿਰ ਪੇਟ ਦੇ ਅੰਦਰ ਜਾ ਕੇ ਵੀ ਘੁਲਦੇ ਹਨ ਤਾਂ ਜੀਵਨ ਦੇ ਤੱਤਾਂ ਤੋਂ ਕਦੇ ਕੋਈ ਨਵਾਂ ਜੀਨ ਲਾਹੇਵੰਦਾ ਪੈਦਾ ਹੋ ਸਕਦਾ ਹੈ ਅਤੇ ਕੋਈ ਨੁਕਸਾਨ ਕਰਨ ਵਾਲਾ ਵੀ। ਲਾਹੇਵੰਦ ਹੋਵੇ ਜਾਂ ਨੁਕਸਾਨ ਕਰਨ ਵਾਲਾ, ਇਨ੍ਹਾਂ ਦਾ ਇੱਕਦਮ ਪਤਾ ਨਹੀਂ ਲੱਗਦਾ ਤੇ ਅੰਦਰੋ-ਅੰਦਰੀ ਵਿਕਸਿਤ ਹੁੰਦੇ ਜੀਵਾਣੂ ਜਦੋਂ ਤਾਕਤ ਫੜ ਲੈਣ ਤਾਂ ਉਸ ਵਕਤ ਉਨ੍ਹਾਂ ਦਾ ਅਸਰ ਵੇਖ ਕੇ ਬੰਦਾ ਬੌਂਦਲ ਜਾਂਦਾ ਹੈ।

ਸਾਡੀ ਧਰਤੀ ਵਿਚ ਖੇਤੀ ਵਾਸਤੇ ਲਾਹੇਵੰਦ ਕੀੜੇ ਵੀ ਹਨ ਅਤੇ ਨੁਕਸਾਨ ਕਰਨ ਵਾਲੇ ਵੀ। ਜਦੋਂ ਨੁਕਸਾਨ ਕਰਨ ਵਾਲੇ ਕੀੜਿਆਂ ਨੂੰ ਮਾਰਿਆ ਜਾਂਦਾ ਹੈ, ਖੇਤੀ ਵਿਗਿਆਨੀ ਕਹਿੰਦੇ ਹਨ ਕਿ ਇਸ ਤਰ੍ਹਾਂ ਵਾਰ-ਵਾਰ ਕਰਨ ਨਾਲ ਉਹ ਕੀੜੇ ਨਾਲ ਹੀ ਮਰਨ ਲੱਗਦੇ ਹਨ, ਜੋ ਖੇਤੀ ਲਈ ਲਾਹੇਵੰਦੇ ਹਨ। ਇਹੋ ਹਾਲਤ ਮਨੁੱਖ ਦੇ ਸਰੀਰ ਦੀ ਹੈ। ਬਿਮਾਰੀ ਕਾਰਨ ਜਦੋਂ ਅਸੀਂ ਦਵਾਈ ਲੈਂਦੇ ਹਾਂ, ਅੱਜ ਕੱਲ੍ਹ ਕੋਈ ਦਵਾਈ ਤੱਤ ਰੂਪ ਵਿਚ ਘੱਟ ਹੀ ਹੋਵੇਗੀ, ਬਹੁਤੀਆਂ ਦਵਾਈਆਂ ਇੱਕ ਤੋਂ ਵੱਧ ਤੱਤਾਂ ਵਾਲੀਆਂ ਹਨ ਤੇ ਜਦੋਂ ਅਸੀਂ ਇਲਾਜ ਲਈ ਖਾਂਦੇ ਹਾਂ ਤਾਂ ਲਾਹੇਵੰਦ ਤੱਤਾਂ ਨਾਲ ਬੇਲੋੜੇ ਤੱਤ ਵੀ ਸਰੀਰ ਵਿਚ ਚਲੇ ਜਾਂਦੇ ਹਨ। ਹਰ ਕੈਮੀਕਲ ਨੇ ਆਪਣਾ ਅਸਰ ਦਿਖਾਉਣਾ ਹੁੰਦਾ ਹੈ। ਬੇਲੋੜੇ ਤੱਤ ਪੇਟ 'ਚ ਜਾ ਕੇ ਜਿੱਦਾਂ ਦੇ ਅਸਰ ਦਿਖਾਉਂਦੇ ਹਨ, ਸਾਡੇ ਅਨਾਜ ਦੇ ਨਾਲ ਕੈਮੀਕਲ ਖਾਦਾਂ ਤੇ ਕੀਤੇ ਮਾਰ ਦਵਾਈਆਂ ਦੇ ਜੋ ਪੈਕੇਜ ਅਸੀਂ ਖਾ ਰਹੇ ਹਾਂ, ਉਸ ਦਾ ਅਸਰ ਵੀ ਹੁੰਦਾ ਹੈ। ਇਹ ਅਸਰ ਸਮਾਂ ਪਾ ਕੇ ਪਤਾ ਲੱਗਦਾ ਹੈ। ਬੀਤੇ ਸਮਿਆਂ ਵਿਚ ਜਿੰਨੀਆਂ ਵੀ ਮਹਾਮਾਰੀਆਂ ਪੈਦਾ ਹੋਈਆਂ, ਇਨ੍ਹਾਂ ਵਿਚੋਂ ਕੋਈ ਇੱਕ ਵੀ ਏਦਾਂ ਦੀ ਨਹੀਂ ਜਾਪਦੀ, ਜੋ ਜੰਗਲਾਂ 'ਚ ਇਨਸਾਨ ਦੇ ਘੁੰਮਣ ਵਾਲੇ ਸਮੇਂ ਤੋਂ ਸਰੀਰ ਵਿਚ ਜੜ੍ਹਾਂ ਜਮਾਈ ਬੈਠੀ ਹੋਵੇ। ਇਹ ਸਭ ਕਸੂਰ ਇਨਸਾਨ ਦਾ ਆਪਣਾ ਹੈ।

ਸਾਡੇ ਕੋਲ ਬੜੀ ਵਾਰ ਇਹ ਖਬਰਾਂ ਪੁੱਜਦੀਆਂ ਹਨ ਕਿ ਫਲਾਣੀ ਕੰਪਨੀ ਨੇ ਦਵਾਈ ਜਾਣਬੁੱਝ ਕੇ ਇਸ ਕਿਸਮ ਦੀ ਬਣਾਈ ਸੀ ਤਾਂ ਕਿ ਲੋਕਾਂ 'ਤੇ ਇਸ ਬਾਰੇ ਚੁੱਪ-ਚੁਪੀਤੇ ਤਜਰਬਾ ਕੀਤਾ ਜਾ ਸਕੇ। ਕਰੋੜਾਂ ਕੀ, ਅਰਬਾਂ ਰੁਪਏ ਕਮਾਉਣ ਦੇ ਸਮਰੱਥ ਇਹ ਕੰਪਨੀਆਂ ਲਗਭਗ ਹਰ ਦੇਸ਼ ਦੇ ਆਗੂਆਂ ਦੀ ਜ਼ਮੀਰ ਨੂੰ ਸਿੱਧੇ ਜਾਂ ਟੇਢੇ ਤਰੀਕੇ ਨਾਲ ਖਰੀਦਣ ਜੋਗੇ ਪੈਸੇ ਖਰਚ ਕਰਦੀਆਂ ਹਨ। ਇਹੋ ਕਾਰਨ ਹੈ ਕਿ ਉਹ ਆਗੂ ਅੱਖੀਂ ਵੇਖ ਕੇ ਵੀ ਮੱਖੀ ਖਾਈ ਜਾਂਦੇ ਹਨ। ਜਿਹੜੀ ਦਵਾਈ ਆਮ ਲੋਕਾਂ ਵਾਸਤੇ ਖਤਰਨਾਕ ਹੈ, ਕਿਸੇ ਨਾ ਕਿਸੇ ਤਰ੍ਹਾਂ ਉਸ ਦੀ ਲਾਗ ਆਗੂਆਂ ਦੇ ਘਰਾਂ ਤੱਕ ਵੀ ਜਾਂਦੀ ਹੈ, ਪਰ ਪੈਸਾ ਜ਼ਮੀਰ ਅਤੇ ਭਵਿੱਖ-ਦੋਹਾਂ ਤੋਂ ਅੱਖਾਂ ਚੁਰਾਉਣਾ ਸਿਖਾ ਦਿੰਦਾ ਹੈ। ਫਿਰ ਬੰਦਾ ਆਤਮ ਘਾਤੀ ਰਾਹੇ ਤੁਰੀ ਜਾਂਦਾ ਹੈ ਤੇ ਨਤੀਜੇ ਵਜੋਂ ਇੱਕ ਦਿਨ ਇਹੋ ਜਿਹਾ ਆ ਜਾਂਦਾ ਹੈ, ਜਦੋਂ ਕੀਤੀ ਹੋਈ ਭੁੱਲ ਸੁਧਾਰਨ ਦਾ ਵਕਤ ਵੀ ਨਹੀਂ ਰਹਿੰਦਾ ਤੇ ਉਸ ਦੀ ਕੀਤੀ ਭੁੱਲ ਸਿਰਫ ਉਸ ਨੂੰ ਨਹੀਂ, ਸਮੁੱਚੇ ਸਮਾਜ ਨੂੰ ਭੁਗਤਣੀ ਪੈ ਜਾਂਦੀ ਹੈ।

ਮਹਾਸ਼ਕਤੀ ਹੋਣ ਜਾਂ ਮਹਾਸ਼ਕਤੀ ਬਣਨ ਦੇ ਸੁਫਨੇ ਵੇਖਣ ਵਾਲੇ ਦੇਸ਼ਾਂ ਦੇ ਹਾਕਮਾਂ ਤੇ ਵਿਗਿਆਨੀਆਂ ਨੇ ਪਿਛਲੇ ਸਮੇਂ ਵਿਚ ਜੋ ਭੁੱਲਾਂ ਕੀਤੀਆਂ, ਉਨ੍ਹਾਂ ਦਾ ਖਮਿਆਜ਼ਾ ਕਈ ਵਾਰ ਭੁਗਤ ਚੁਕਾ ਮਨੁੱਖ ਅੱਜ ਕਰੋਨਾ ਦੇ ਅਸਰ ਹੇਠ ਵੀ ਭੁਗਤ ਰਿਹਾ ਹੈ। ਮਹਾਬਲੀ ਹੋਣ ਦਾ ਜੋ ਭਰਮ ਇਸ ਨੂੰ ਕਦੀ ਐਟਮੀ ਜੰਗਾਂ ਦੇ ਨੇੜੇ ਲੈ ਜਾਂਦਾ ਹੈ, ਕਦੀ ਸਪੇਸ ਵਾਰ ਦੇ ਤਜਰਬੇ ਕਰਨ ਦੇ ਰਾਹ ਪਾਉਂਦਾ ਹੈ ਤੇ ਕਦੀ ਜੈਵਿਕ ਹਥਿਆਰ ਬਣਾਉਣ ਦੇ ਰਾਹ ਤੋਰਦਾ ਹੈ, ਉਹ ਕਿਸੇ ਦਿਨ ਸਾਰੀ ਦੁਨੀਆਂ ਦੀ ਤਬਾਹੀ ਦਾ ਸਬੱਬ ਬਣ ਸਕਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਵਾਰ ਵੀ ਕਰੋਨਾ ਵਾਇਰਸ ਦੀ ਮਹਾਮਾਰੀ ਦੇ ਮੂਹਰੇ ਖੜੇ ਮਨੁੱਖ ਲਈ ਬਹਿਸ ਦਾ ਮੁੱਖ ਵਿਸ਼ਾ ਅਜੋਕੀ ਮਹਾਮਾਰੀ ਤੋਂ ਬਚਾਓ ਤੱਕ ਸੀਮਤ ਹੈ, ਸਮੁੱਚੀਆਂ ਮਹਾਮਾਰੀਆਂ ਤੋਂ ਬਚਾਓ ਦੀ ਚਰਚਾ ਨਹੀਂ ਹੁੰਦੀ।

# ਮਹਾਮਾਰੀ ਕਿ ਕੁਦਰਤ ਦਾ ਨਿਆਂ!

ਰਸ਼ਪਿੰਦਰ ਸਰੋਏ, ਬਰੇਟਾ
ਫੋਨ: 91-98154-28027

ਅੱਜ ਕੱਲ੍ਹ ਕੁਦਰਤ ਪੂਰੇ ਜੋਬਨ 'ਤੇ ਹੈ। ਸਵੇਰੇ ਉਠਦਿਆਂ ਹੀ ਸਾਨੂੰ ਪੰਛੀਆਂ ਦੀ ਚਹਿਚਹਾਟ ਤੇ ਮਿੱਠੇ-ਸੁਰੀਲੇ ਗੀਤ ਸੁਣਾਈ ਦਿੰਦੇ ਹਨ, ਜੋ ਪਹਿਲਾਂ ਸ਼ੋਰ ਪ੍ਰਦੂਸ਼ਣ ਤੇ ਸਾਡੀ ਪੂਰਨ ਤੌਰ 'ਤੇ ਵਿਆਸਥ ਜ਼ਿੰਦਗੀ ਦੀ ਇਸ ਗਹਿਮਾ-ਗਹਿਮੀ ਅੰਦਰ ਕਿੱਧਰੇ ਅਲੋਪ ਹੋ ਗਏ ਸਨ। ਹਰ ਤਰ੍ਹਾਂ ਦੀ ਆਵਾਜਾਈ ਬੰਦ ਹੋ ਜਾਣ ਕਾਰਨ ਹਵਾ ਵਿਚ ਤਾਜ਼ਗੀ ਆਉਣੀ ਸ਼ੁਰੂ ਹੋ ਚੁਕੀ ਹੈ। ਨਹਿਰਾਂ, ਤਲਾਬਾਂ, ਨਦੀਆਂ ਵਿਚਲੇ ਦੂਸ਼ਿਤ ਹੋ ਰਹੇ ਪਾਣੀ ਕਾਫੀ ਮਾਤਰਾ ਵਿਚ ਸ਼ੁੱਧ ਤੇ ਜਲ-ਜੀਵਾਂ ਦੇ ਰਹਿਣ ਲਈ ਯੋਗ ਹੁੰਦੇ ਜਾ ਰਹੇ ਹਨ। ਆਵਾਜਾਈ ਦੁਰਘਟਨਾ ਦੌਰਾਨ ਹੁੰਦੀ ਜਾਨਵਾਰਾਂ ਦੀ ਮੌਤ ਦੀ ਦਰ ਵਿਚ ਭਾਰੀ ਗਿਰਾਵਟ ਆਈ ਹੈ।

ਜ਼ਿੰਦਗੀ ਇੱਕ ਚੱਕਰ ਵਾਂਗ ਚੱਲਦੀ ਹੈ। ਇਹ ਮੰਨਿਆ ਗਿਆ ਹੈ ਕਿ ਜਿਸ ਤਰ੍ਹਾਂ ਕੁਝ ਬਿਮਾਰੀਆਂ ਨਾਲ ਲੜ੍ਹਨ ਦੀ ਸ਼ਕਤੀ ਸਾਡੇ ਸਰੀਰ ਵਿਚ ਕੁਦਰਤ ਨੇ ਪਹਿਲਾਂ ਤੋਂ ਪਾਈ ਹੈ, ਉਸੇ ਤਰ੍ਹਾਂ ਕੁਦਰਤ ਵਿਚ ਵੀ ਇਹ ਸਮਰੱਥਾ ਹੈ ਕਿ ਆਪਣੀ ਸਥਿਤੀ ਅਨੁਸਾਰ ਆਪਣੇ-ਆਪ ਨੂੰ ਦਰੁਸਤ ਰੱਖਣ ਲਈ ਉਹ ਆਪਣੀ ਸ਼ਕਤੀ ਵਰਤ ਸਕਦੀ ਹੈ। ਅੱਜ ਪੂਰਾ ਸੰਸਾਰ ਕਰੋਨਾ ਵਾਇਰਸ ਦੀ ਮਹਾਮਾਰੀ ਨਾਲ ਪੀੜਤ ਹੈ। ਵੱਡੇ-ਵੱਡੇ ਡਾਕਟਰਾਂ, ਚਿਕਿਤਸਿਕਾਂ ਵੱਲੋਂ ਅਜੇ ਤੱਕ ਇਸ ਦਾ ਤੱਕ ਇਲਾਜ ਨਹੀਂ ਲੱਭਿਆ ਜਾ ਸਕਿਆ। ਲੱਖਾਂ ਲੋਕ ਇਸ ਦੇ ਸ਼ਿਕਾਰ ਹੋ ਚੁਕੇ ਹਨ ਤੇ ਹਜ਼ਾਰਾਂ ਦੀ ਤਾਦਾਦ 'ਚ ਆਪਣੀ ਜਾਨ ਗੁਆ ਬੈਠੇ ਹਨ।

ਕੁਦਰਤੀ ਪੱਖ ਤੋਂ ਨਜ਼ਰ ਮਾਰੀਏ ਤਾਂ ਅੱਜ ਇਸ ਵਾਇਰਸ ਕਾਰਨ ਪੂਰਾ ਸੰਸਾਰ ਹੀ ਇਕ ਤਰ੍ਹਾਂ ਲੌਕਡਾਊਨ ਹੈ। ਇਹ ਕਿਹਾ ਜਾ ਸਕਦਾ ਹੈ ਕਿ ਜੇ ਇਹ ਦਿਨ ਨਾ ਆਉਂਦੇ ਤਾਂ ਸ਼ਾਇਦ ਹੀ ਕੁਦਰਤ ਨੂੰ ਅੱਜ ਦੇ ਪਦਾਰਥਵਾਦੀ ਮਨੁੱਖ ਤੋਂ ਕੁਝ ਰਾਹਤ ਮਿਲਦੀ। ਹੈਰਾਨੀ ਹੈ ਕਿ ਅੱਜ ਪਸ਼ੂਆਂ, ਪੰਛੀਆਂ ਨੂੰ ਕੈਦ ਕਰਨ ਵਾਲਾ, ਉਨ੍ਹਾਂ ਨੂੰ ਮਾਰਨ ਵਾਲਾ ਮਨੁੱਖ ਆਪ ਖੁਦ ਹੀ ਆਪਣੇ ਘਰ ਵਿਚ ਕੈਦ ਹੋ ਕੇ ਬੈਠਾ ਹੈ ਤੇ ਬੇਜ਼ੁਬਾਨ ਮਾਸੂਮ ਪੰਛੀ ਤੇ ਜਾਨਵਰ ਆਪਣੀ ਅਜ਼ਾਦੀ ਨਾਲ ਘੁੰਮਦਿਆਂ ਜੀਵਨ ਦਾ ਅਨੰਦ ਮਾਣ ਰਹੇ ਹਨ। ਸ਼ਾਇਦ ਇਹ ਅੱਜ ਦੇ ਪਦਾਰਥਵਾਦੀ, ਭਾਵਨਾ ਤੋਂ ਕੋਰੇ ਤੇ ਸਵਾਰਥੀ ਮਨੁੱਖ ਨੂੰ ਕੁਦਰਤ ਦਾ ਸੰਕੇਤ ਹੈ ਕਿ ਇਹ ਧਰਤੀ ਸਿਰਫ ਉਨ੍ਹਾਂ ਦੀ ਹੀ ਨਹੀਂ, ਇਸ 'ਤੇ ਉਨ੍ਹਾਂ ਪੰਛੀਆਂ, ਪੌਦਿਆਂ ਤੇ ਹੋਰ ਜੀਵ-ਜੰਤੂਆਂ ਦਾ ਵੀ ਪੂਰਾ ਹੱਕ ਹੈ।

ਇਹ ਕਹਿਣਾ ਸਹੀ ਹੋਵੇਗਾ ਕਿ ਇਸ ਖਤਰਨਾਕ ਬਿਮਾਰੀ ਕਾਰਨ ਹੋਈਆਂ ਅਨੇਕਾਂ ਮੌਤਾਂ ਦਾ ਜਿੰਮੇਵਾਰ ਸਿਰਫ ਤੇ ਸਿਰਫ ਮਨੁੱਖ ਹੀ ਹੈ। ਕਿਉਂਕਿ ਆਪਣੇ ਸਵਾਰਥ ਲਈ ਮਨੁੱਖ ਲਗਾਤਾਰ ਕੁਦਰਤ ਨੂੰ ਤਬਾਹ ਕਰਦਾ ਜਾ ਰਿਹਾ ਹੈ, ਫਿਰ ਭਾਵੇਂ ਉਹ ਅਮਾਜ਼ੋਨ ਦੇ ਜੰਗਲਾਂ (ਜਿਸ ਨੂੰ ਧਰਤੀ ਦੇ ਫੇਫੜੇ ਕਿਹਾ ਜਾਂਦਾ ਹੈ) ਵਿਚ ਲੱਗੀ ਅੱਗ ਹੋਵੇ ਜਾਂ ਪਾਣੀ ਦੇ ਸੋਮਿਆਂ ਵਿਚ ਮਿਲਾਇਆ ਜ਼ਹਿਰ ਹੋਵੇ। ਕੁਦਰਤ ਨੇ ਪਹਿਲਾਂ ਹੀ ਸਾਨੂੰ ਸਵਸਥ ਤੇ ਨਿਰੋਗ ਸਰੀਰ ਦਿੱਤਾ ਹੈ, ਜਿਸ ਵਿਚ ਬਹੁਤ ਕਾਬਲੀਅਤ ਤੇ ਗੁਣ ਹਨ, ਪਰ ਜੇ ਅਸੀਂ ਬਨਾਵਟੀ ਗੁਣਾਂ ਲਈ ਕੁਦਰਤ ਨਾਲ ਖਿਲਵਾੜ ਕਰਾਂਗੇ, ਕੁਦਰਤੀ ਸੋਮਿਆਂ ਦੀ ਸਹੀ ਤੇ ਜਾਇਜ਼ ਵਰਤੋਂ ਦੀ ਥਾਂ ਬਨਾਵਟੀ ਸੋਮਿਆਂ ਨੂੰ ਤਰਜੀਹ ਦੇਵਾਂਗੇ ਤਾਂ ਇਹ ਮਾਨਵ ਸਰੀਰਾਂ ਲਈ ਕਿਸੇ ਨਾ ਕਿਸੇ ਰੂਪ ਵਿਚ ਘਾਤਕ ਤੇ ਜਾਨਲੇਵਾ ਸਾਬਿਤ ਹੋਣਗੇ।

ਇਸ ਗੰਭੀਰ ਤੇ ਮਹਾਮਾਰੀ ਦੀ ਸਥਿਤੀ ਦੌਰਾਨ ਜਿੱਥੇ ਹਰ ਕੋਈ ਆਰਥਕ ਸੰਕਟ ਨਾਲ ਜੂਝ ਰਿਹਾ ਹੈ, ਉਥੇ ਕਿਤੇ ਨਾ ਕਿਤੇ ਆਪਣੀਆਂ ਨਿਜੀ ਤੇ ਸਮਾਜਕ ਮੁਸ਼ਕਿਲਾਂ ਦਾ ਵੀ ਸਾਹਮਣਾ ਕਰ ਰਿਹਾ ਹੈ। ਇਸ ਮਾੜੇ ਸਮੇਂ ਵਿਚ ਇਨਸਾਨ ਨੂੰ ਚਾਹੀਦਾ ਹੈ ਕਿ ਡਾਕਟਰਾਂ ਵੱਲੋਂ ਦੱਸੇ ਗਏ ਪਰਹੇਜ਼ਾਂ ਨੂੰ ਅਪਨਾਈਏ ਤੇ ਨਾਲ ਹੀ ਸਬਰ ਤੇ ਸੰਜਮ ਤੋਂ ਕੰਮ ਲੈਂਦਿਆਂ ਇੱਕ ਦੂਜੇ ਇਨਸਾਨ ਦੀ ਮਦਦ ਕਰੀਏ। ਇਨਸਾਨਾਂ ਵਿਚ ਭਾਵੇਂ ਦੇਖਣ, ਸੁਣਨ ਤੇ ਮਹਿਸੂਸ ਕਰਨ ਦੀ ਸ਼ਕਤੀ ਹੋਰਨਾਂ ਜੀਵਾਂ ਨਾਲੋਂ ਵੱਧ ਹੈ, ਪਰ ਇਨਸਾਨੀ ਇਤਿਹਾਸ ਵਿਚ ਸਭ ਤੋਂ ਵੱਧ ਜਾਨਵਰੀ ਰੂਪ ਅਸੀਂ ਹੀ ਧਾਰਿਆ ਹੈ-ਭਾਵੇਂ ਯੁੱਧ ਹੋਣ ਜਾਂ ਮੁਲਕ ਵੰਡ। ਵੇਲਾ ਹੈ ਕਿ ਅਸੀਂ ਚੌਕਸ ਰਹੀਏ, ਆਪਣੇ ਅੱਜ ਦੇ ਮਨੁੱਖੀ ਵਿਹਾਰ 'ਤੇ ਗੌਰ ਕਰੀਏ, ਇਸ ਨੂੰ ਸੁਧਾਰੀਏ ਕਿ ਕਿਸ ਤਰ੍ਹਾਂ ਇੱਕ ਅਸਲੀ ਮਨੁੱਖ ਸੋਹਣੇ ਇਨਸਾਨੀ ਜਾਮੇ ਵਿਚ ਜ਼ਿੰਦਗੀ ਬਤੀਤ



ਕਰ ਸਕਦਾ ਹੈ। ਅਜਿਹਾ ਇਨਸਾਨ ਬਣੀਏ, ਜੋ ਆਪਣੇ ਨਾਲ-ਨਾਲ ਹੋਰਨਾਂ ਇਨਸਾਨਾਂ ਦੀ ਜ਼ਿੰਦਗੀ ਦੀ ਵੀ ਕਦਰ ਕਰਦਾ ਹੈ, ਆਪਣੇ ਨਾਲ ਬੇਜ਼ੁਬਾਨ ਪੰਛੀ ਤੇ ਪਸ਼ੂਆਂ ਦਾ ਵੀ ਧਿਆਨ ਰੱਖਦਾ ਹੈ ਤੇ ਆਪਣੀ ਕੁਦਰਤ ਨਾਲ ਇੱਕ ਮਿੱਕ ਹੋ ਕੇ ਜੀਵਨ ਬਤੀਤ ਕਰਦਾ ਹੈ।

## ਸੰਪਾਦਕ ਦੀ ਡਾਕ

### ਗੈਬੀ ਸ਼ਕਤੀਆਂ ਵਾਲੇ ਬਾਬੇ

'ਪੰਜਾਬ ਟਾਈਮਜ਼' ਦੇ 18 ਅਪਰੈਲ ਦੇ ਅੰਕ ਵਿਚ ਛਪੇ 'ਕਿੱਥੇ ਹਨ ਗੈਬੀ ਸ਼ਕਤੀਆਂ ਵਾਲੇ ਬਾਬੇ' ਲੇਖ ਵਿਚ ਪ੍ਰਿੰ. ਸਰਵਣ ਸਿੰਘ ਨੇ ਭਾਰਤ ਵਿਚ ਭਰੇ ਪਏ ਅਖੌਤੀ ਬਾਬਿਆਂ ਦੀਆਂ ਅਖੌਤੀ ਸ਼ਕਤੀਆਂ 'ਤੇ ਚੁਟਕੀ ਲਈ ਹੈ। ਹਰ ਕੋਈ ਨਹੀਂ, ਪਰ ਹਰ ਸਮਝਦਾਰ ਵਿਅਕਤੀ ਜਾਣਦਾ ਹੈ ਕਿ ਕਿਸੇ ਵੀ ਬਾਬੇ ਪਾਸ ਕੋਈ ਵੀ ਗੈਬੀ ਸ਼ਕਤੀ ਨਹੀਂ ਹੈ। ਅਫਸੋਸ! ਉਨ੍ਹਾਂ ਦੇ ਪਰਪੰਚਾਂ ਨੂੰ ਸ਼ਕਤੀ ਉਦੋਂ ਮਿਲਦੀ ਹੈ, ਜਦੋਂ ਸਾਡੇ ਦਿਸ਼ਾਹੀਣ ਸਿਆਸੀ ਆਗੂ ਵੋਟਾਂ ਖਾਤਰ ਅਤੇ ਸਿੱਖ ਸਮਾਜ ਦੇ ਨੁਮਾਇੰਦੇ/ਧਾਰਮਿਕ ਆਗੂ ਪੈਸਿਆਂ ਨਾਲ ਭਰੇ ਲਿਫਾਫਿਆਂ ਖਾਤਰ ਇਨ੍ਹਾਂ ਨਾਮ ਧਰੀਕ ਬਾਬਿਆਂ ਦੇ ਡੇਰਿਆਂ 'ਤੇ ਜਾਣ ਲੱਗ ਪੈਂਦੇ ਹਨ। ਇਸ ਨਾਲ ਆਮ ਲੋਕਾਂ ਦੀਆਂ ਨਜ਼ਰਾਂ ਵਿਚ ਇਨ੍ਹਾਂ ਬਾਬਿਆਂ ਦੀ ਭੱਲ ਬਣਨੀ ਸ਼ੁਰੂ ਹੋ ਜਾਂਦੀ ਹੈ। ਸਮਾਂ ਪੈਣ 'ਤੇ ਇਹ ਅਖੌਤੀ ਬਾਬੇ ਸ਼ਕਤੀਸ਼ਾਲੀ ਹੁੰਦੇ ਜਾਂਦੇ ਹਨ ਤੇ ਗੈਬੀ ਸ਼ਕਤੀਆਂ ਆਪਣੇ ਆਪ ਹੀ ਉਨ੍ਹਾਂ ਨਾਲ ਜੁੜ ਜਾਂਦੀਆਂ ਹਨ।

ਜਦੋਂ ਨਾਮ ਧਰੀਕ ਤੇ ਅਸਫਲ ਵਿਅਕਤੀ ਧਰਮ ਦੇ ਲਬਾਦੇ ਹੇਠ ਸ਼ਕਤੀਸ਼ਾਲੀ ਬਣ ਧਾਰਮਿਕ ਹਸਤੀ ਬਣ ਜਾਂਦੇ ਹਨ ਤਾਂ ਉਨ੍ਹਾਂ ਦੀਆਂ ਕਵੱਲੀਆਂ 'ਤੇ ਵੀ ਅਕਲ ਤੋਂ ਵਾਂਝੇ ਉਨ੍ਹਾਂ ਦੇ ਸ਼ਰਧਾਲੂ ਬਿਨਾ ਸਵਾਲ ਕੀਤਿਆਂ ਉਨ੍ਹਾਂ ਦੇ ਚਰਨੀਂ ਨਤਮਸਤਕ ਹੁੰਦੇ ਰਹਿੰਦੇ ਹਨ। ਜੇ ਸਾਡੀ ਸਿਆਸੀ ਅਤੇ ਧਾਰਮਿਕ ਲੀਡਰਸ਼ਿਪ ਅਕਲ ਤੋਂ ਕੰਮ ਲਵੇ ਤਾਂ ਹੀ ਇਨ੍ਹਾਂ ਗੈਬੀ ਸ਼ਕਤੀਆਂ ਵਾਲੇ ਬਾਬਿਆਂ ਤੇ ਉਨ੍ਹਾਂ ਦੇ ਵਿਸ਼ਾਲ ਕਿਲਿਆਂ ਜਿਹੇ ਡੇਰਿਆਂ ਤੋਂ ਆਮ ਲੋਕਾਂ ਨੂੰ ਦੂਰ ਰੱਖਿਆ ਜਾ ਸਕਦਾ ਹੈ।

ਇਸ ਵਕਤ ਤਾਂ ਕੁਦਰਤ ਦੇ ਵਰਤਾਰੇ ਨੇ ਬਾਬਿਆਂ ਨੂੰ ਛੱਡੋ, ਦੁਨੀਆਂ ਦੇ ਸਾਰੇ ਹੀ ਸਥਾਪਤ ਧਰਮਾਂ ਦੀ ਵਾਸਤਵਿਕਤਾ, ਉਨ੍ਹਾਂ ਦੀ ਸਾਰਥਕਤਾ ਤੇ ਉਨ੍ਹਾਂ ਦੀ ਹੋਂਦ 'ਤੇ ਵੀ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ!

*-ਅਮਰਜੀਤ ਸਿੰਘ ਮੁਲਤਾਨੀ*
*ਨਿਊ ਯਾਰਕ।*

ਪੰਜਾਬ ਟਾਈਮਜ਼

*ਸਨਿਚਰਵਾਰ, 25 ਅਪਰੈਲ 2020*

# ਕਰੋਨਾ ਤੋਂ ਬਾਅਦ ਦਾ ਦਹਿਲ

ਕਰੋਨਾ ਵਾਇਰਸ ਦਾ ਬਿਮਾਰੀ ਵਜੋਂ ਭੈਅ ਭਾਵੇਂ ਸੰਸਾਰ ਭਰ ਵਿਚ ਅਜੇ ਵੀ ਬਰਕਰਾਰ ਹੈ, ਪਰ ਇਸ ਵਿਚ ਕਮੀ ਜ਼ਰੂਰ ਆਈ ਹੈ। ਇਸ ਦਾ ਇਕ ਕਾਰਨ ਇਹ ਹੈ ਕਿ ਲੋਕ ਇਸ ਬਾਰੇ ਹੁਣ ਕਾਫੀ ਸੁਚੇਤ ਹੋ ਚੁਕੇ ਹਨ। ਹੁਣ ਤਾਂ ਇਕ ਹੋਰ ਭੈਅ ਸਿਰ ਚੁੱਕ ਰਿਹਾ ਹੈ, ਜਿਸ ਬਾਰੇ ਸਮੇਂ ਦੀਆਂ ਸਰਕਾਰਾਂ ਨੇ ਅਜੇ ਸ਼ਾਇਦ ਸੋਚਣਾ ਵੀ ਸ਼ੁਰੂ ਨਹੀਂ ਕੀਤਾ। ਕਰੋਨਾ ਕਾਰਨ ਸੰਸਾਰ ਦੇ ਬਹੁਤੇ ਭਾਗਾਂ ਵਿਚ ਜਿਸ ਤਰ੍ਹਾਂ ਤਾਲਾਬੰਦੀ ਹੋਈ ਹੈ, ਉਸ ਨੇ ਆਰਥਕਤਾ ਨੂੰ ਵੱਡੀ ਸੱਟ ਮਾਰਨੀ ਹੈ। ਕੁਝ ਆਰਥਕ ਮਾਹਿਰ ਤਾਂ ਇਸ ਨੂੰ 1929 ਵਾਲੀ ਮਹਾਮੰਦੀ ਤੋਂ ਵੀ ਵੱਡੀ ਕਿਆਸ ਰਹੇ ਹਨ। ਉਸ ਵਕਤ ਸਾਰਾ ਸੰਸਾਰ ਗੋਡਣੀਆਂ ਪਰਨੇ ਹੋ ਗਿਆ ਸੀ, ਪਰ ਸੰਸਾਰ ਦਾ ਸਿਰਫ ਇਕ ਮੁਲਕ ਸੀ, ਜਿਸ ਉਤੇ ਇਸ ਆਰਥਕ ਮਹਾਮੰਦੀ ਦਾ ਕੋਈ ਅਸਰ ਨਹੀਂ ਸੀ ਪਿਆ। ਇਹ ਮੁਲਕ ਸਮਾਜਵਾਦੀ ਰੂਸ ਸੀ। ਇਸ ਦਾ ਮੁੱਖ ਕਾਰਨ ਇਹ ਸੀ ਕਿ ਉਥੇ ਆਰਥਕਤਾ ਦਾ ਸਮੁੱਚਾ ਤਾਣਾ-ਬਾਣਾ ਸਰਕਾਰ ਦੇ ਕੰਟਰੋਲ ਹੇਠ ਸੀ। ਪਿਛੋਂ ਜਦੋਂ ਸੰਸਾਰ ਪ੍ਰਸਿਧ ਅਰਥ ਸ਼ਾਸਤਰੀ ਜੇ. ਐਮ. ਕੇਅਨਜ਼ ਦੀਆਂ ਸਲਾਹਾਂ ਮੁਤਾਬਕ ਸਾਰਾ ਸੰਸਾਰ ਮਹਾਮੰਦੀ ਤੋਂ ਬਾਹਰ ਨਿਕਲਣ ਲੱਗਾ ਤਾਂ ਉਦੋਂ ਵੱਖ-ਵੱਖ ਮੁਲਕ ਦੀਆਂ ਸਰਕਾਰਾਂ ਨੇ ਹੀ ਵੱਡਾ ਯੋਗਦਾਨ ਪਾਇਆ ਸੀ। ਕੇਅਨਜ਼ ਦੀ ਧਾਰਨਾ ਸੀ ਕਿ ਮਹਾਮੰਦੀ ਵਿਚੋਂ ਨਿਕਲਣ ਦਾ ਇਕੋ-ਇਕ ਰਾਹ ਇਹੀ ਹੈ ਕਿ ਹਰ ਸਰਕਾਰ ਵੱਖ-ਵੱਖ ਸੈਕਟਰਾਂ ਵਿਚ ਵੱਧ ਤੋਂ ਵੱਧ ਨਿਵੇਸ਼ ਕਰੇ। ਉਸ ਵਕਤ ਜਿਨ੍ਹਾਂ ਮੁਲਕਾਂ ਨੇ ਕੇਅਨਜ਼ ਦੀ ਸਲਾਹ ਮੁਤਾਬਕ ਵੱਡੇ ਪੱਧਰ ਉਤੇ ਖੁਦ ਪੂੰਜੀ ਨਿਵੇਸ਼ ਕੀਤਾ, ਉਹ ਛੇਤੀ ਹੀ ਮੰਦੀ ਵਿਚੋਂ ਬਾਹਰ ਆ ਗਏ।

ਇਸ ਪੱਖ ਤੋਂ ਅਮਰੀਕਾ ਦੀ ਸਥਿਤੀ ਵੱਖਰੀ ਹੈ। ਮੁਲਕ ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਵੱਕਾਰੀ ਚੋਣਾਂ ਸਿਰ ਉਤੇ ਹਨ। ਇਸੇ ਲਈ ਰਾਸ਼ਟਰਪਤੀ ਡੋਨਲਡ ਟਰੰਪ, ਜੋ ਇਸ ਵਾਰ ਵੀ ਸੱਤਾਧਾਰੀ ਰਿਪਬਲਿਕਨ ਪਾਰਟੀ ਵਲੋਂ ਉਮੀਦਵਾਰ ਹਨ, ਨੇ ਲੌਕਡਾਊਨ ਤੋਂ ਸਾਫ ਇਨਕਾਰ ਕਰ ਦਿੱਤਾ ਸੀ। ਇਸ ਪੱਖ ਤੋਂ ਟਰੰਪ ਦੀ ਕਈ ਪਾਸਿਓਂ ਤਿੱਖੀ ਨੁਕਤਾਚੀਨੀ ਵੀ ਹੋਈ। ਹੁਣ ਤਾਂ ਸੰਸਾਰ ਸਿਹਤ ਸੰਸਥਾ (ਡਬਲਿਊ. ਐਚ. ਓ.) ਦਾ ਵੀ ਕਹਿਣਾ ਹੈ ਕਿ ਲੌਕਡਾਊਨ ਤੋਂ ਬਿਨਾ ਇਹ ਬਿਮਾਰੀ ਜ਼ਿਆਦਾ ਫੈਲੇਗੀ। ਇਸ ਵਕਤ ਅਮਰੀਕਾ ਵਿਚ ਕਰੋਨਾ ਪੀੜਤਾਂ ਦੀ ਗਿਣਤੀ ਸਵਾ ਅੱਠ ਲੱਖ ਨੂੰ ਢੁੱਕ ਰਹੀ ਹੈ ਅਤੇ ਮ੍ਰਿਤਕਾਂ ਦੀ ਗਿਣਤੀ ਵੀ 45 ਹਜ਼ਾਰ ਤੋਂ ਉਪਰ ਚਲੀ ਗਈ ਹੈ, ਪਰ ਟਰੰਪ ਆਪਣੇ ਫੈਸਲੇ ਤੋਂ ਟੱਸ ਤੋਂ ਮੱਸ ਨਹੀਂ ਹੋਇਆ, ਸਗੋਂ ਹੁਣ ਤਾਂ ਟਰੰਪ ਪੱਖੀਆਂ ਅਤੇ ਰਿਪਬਲਿਕਨ ਪਾਰਟੀ ਵਾਲਿਆਂ ਨੇ ਲੌਕਡਾਊਨ-ਵਿਰੋਧੀ ਮਜਾਹਰੇ ਕਰਨੇ ਸ਼ੁਰੂ ਕਰ ਦਿੱਤੇ ਹਨ। ਯਾਦ ਰਹੇ, ਕੁਝ ਸਟੇਟਾਂ ਦੇ ਗਵਰਨਰਾਂ ਨੇ ਲੋਕਾਂ ਨੂੰ ਘਰਾਂ ਅੰਦਰ ਰਹਿਣ ਦੇ ਆਦੇਸ਼ ਜਾਰੀ ਕੀਤੇ ਹਨ। ਜਾਹਰ ਹੈ ਕਿ ਟਰੰਪ ਅਤੇ ਉਸ ਦੇ ਸਾਥੀਆਂ ਦਾ ਸਾਰਾ ਧਿਆਨ ਚੋਣਾਂ ਵਲ ਹੈ। ਇਸੇ ਦੌਰਾਨ ਟਰੰਪ ਦਾ ਇਕ ਹੋਰ ਫੈਸਲਾ ਆ ਗਿਆ ਹੈ। ਇਸ ਮੁਤਾਬਕ ਪਰਵਾਸੀਆਂ ਲਈ ਅਮਰੀਕਾ ਦੇ ਬੂਹੇ ਬੰਦ ਕੀਤੇ ਜਾ ਰਹੇ ਹਨ। ਟਰੰਪ ਨੇ ਟਵੀਟ ਕੀਤਾ ਹੈ ਕਿ ਅਮਰੀਕੀ ਨਾਗਰਿਕਾਂ ਦੀਆਂ ਨੌਕਰੀਆਂ ਬਚਾਉਣ ਲਈ ਅਮਰੀਕਾ ਆਰਜ਼ੀ ਤੌਰ 'ਤੇ ਪਰਵਾਸੀਆਂ ਦੀ ਆਮਦ ਉਤੇ ਰੋਕ ਲਾ ਰਿਹਾ ਹੈ। ਚੇਤੇ ਰਹੇ, ਅਮਰੀਕਾ ਵਿਚ ਕਰੋਨਾ ਦੀ ਮਾਰ ਕਾਰਨ ਰਿਕਾਰਡ ਗਿਣਤੀ ਵਿਚ ਕਾਮਿਆਂ ਦੀ ਛਾਂਟੀ ਹੋ ਰਹੀ ਹੈ। ਅਜੇ ਪਿਛਲੇ ਹਫਤੇ ਹੀ 20 ਲੱਖ ਨਾਗਰਿਕਾਂ ਨੇ ਬੇਰੁਜ਼ਗਾਰੀ ਭੱਤਾ ਲੈਣ ਲਈ ਅਰਜ਼ੀ ਦਿੱਤੀ ਹੈ। ਸਾਫ ਹੈ ਕਿ ਟਰੰਪ ਦੇ ਫੈਸਲੇ ਸਿੱਧੇ ਸਿਆਸਤ ਤੋਂ ਪ੍ਰੇਰਤ ਹਨ ਅਤੇ ਇਨ੍ਹਾਂ ਫੈਸਲਿਆਂ ਦਾ ਨਿਸ਼ਾਨਾ ਵੋਟਾਂ ਹਨ।

ਭਾਰਤ ਵਿਚ ਇਸ ਤੋਂ ਐਨ ਉਲਟ ਹੋ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਰਥਕਤਾ ਦਾ ਸਭ ਫਿਕਰ ਛੱਡ ਕੇ ਲੌਕਡਾਊਨ ਨੂੰ ਚੰਬੜੇ ਹੋਏ ਹਨ। ਹੁਣ ਤਾਂ ਸਰਕਾਰ ਦਾ ਇਹ ਬਿਆਨ ਵੀ ਆ ਗਿਆ ਹੈ ਕਿ ਹਾਲਾਤ ਵਿਚ ਸੁਧਾਰ ਜੂਨ-ਜੁਲਾਈ ਵਿਚ ਹੀ ਹੋ ਸਕਣਗੇ, ਭਾਵ ਮਈ ਦੌਰਾਨ ਵੀ ਲੌਕਡਾਊਨ ਜਾਰੀ ਰਹਿਣ ਦੀਆਂ ਸੰਭਾਵਨਾਵਾਂ ਹਨ। ਇਸ ਵਿਚ ਕੁਝ ਕੁ ਛੋਟਾਂ ਦੇਣ ਦੀ ਮੰਗ ਲਗਾਤਾਰ ਉਠ ਰਹੀ ਹੈ, ਕਿਉਂਕਿ ਇਕ ਤਾਂ ਪਹਿਲਾਂ ਹੀ ਮੰਦੀ ਦਾ ਸ਼ਿਕਾਰ ਭਾਰਤੀ ਆਰਥਕਤਾ ਹੋਰ ਮੰਦੀ ਵਲ ਵਧ ਰਹੀ ਹੈ, ਦੂਜੇ ਪਾਸੇ ਗੁਰਬਤ ਦੀ ਮਾਰ ਸਹਿ ਰਹੇ ਲੋਕ ਬਹੁਤ ਜ਼ਿਆਦਾ ਮੁਸ਼ਕਿਲਾਂ ਵਿਚੋਂ ਲੰਘ ਰਹੇ ਹਨ। ਸਰਕਾਰ ਨੇ ਨਾ ਤਾਂ ਇਨ੍ਹਾਂ ਨੂੰ ਆਪੋ-ਆਪਣੇ ਟਿਕਾਣੇ ਉਤੇ ਪਹੁੰਚਣ ਵਿਚ ਮਦਦ ਕੀਤੀ ਹੈ ਅਤੇ ਨਾ ਹੀ ਇਨ੍ਹਾਂ ਦੀ ਦੋ ਵਕਤ ਦੀ ਰੋਟੀ ਦਾ ਕੋਈ ਇੰਤਜ਼ਾਮ ਕੀਤਾ ਹੈ। ਇਹ ਉਹ ਲੋਕ ਹਨ, ਜੋ ਰੋਜ਼ ਕਮਾ ਕੇ ਆਪਣੀ ਰੋਟੀ ਦਾ ਪ੍ਰਬੰਧ ਕਰਦੇ ਸਨ। ਇਹੀ ਨਹੀਂ, ਹੁਣ ਤਾਂ ਵੱਖ-ਵੱਖ ਖੇਤਰਾਂ ਦੇ ਕਾਮਿਆਂ ਉਤੇ ਛਾਂਟੀ ਦੀ ਤਲਵਾਰ ਵੀ ਲਟਕ ਗਈ ਹੈ। ਮੀਡੀਆ ਉਤੇ ਵੀ ਇਸ ਦਾ ਡਾਢਾ ਅਸਰ ਹੋਇਆ ਹੈ। ਕਰੋਨਾ ਕਾਰਨ ਸਭ ਕਾਰੋਬਾਰ ਬੰਦ ਹੋਣ ਕਾਰਨ ਮੀਡੀਆ ਨੂੰ ਇਸ਼ਤਿਹਾਰ ਮਿਲਣੇ ਬੰਦ ਹੋ ਗਏ ਹਨ। ਇਸ਼ਤਿਹਾਰ ਮੀਡੀਆ ਦੀ ਰੀੜ੍ਹ ਦੀ ਹੱਡੀ ਹਨ, ਅੱਜ ਕੱਲ੍ਹ ਇਸ਼ਤਿਹਾਰਾਂ ਤੋਂ ਬਿਨਾ ਮੀਡੀਆ ਦੀ ਹੋਂਦ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਬਹੁਤ ਸਾਰੇ ਮੀਡੀਆ ਅਦਾਰਿਆਂ ਨੇ ਆਪਣੇ ਮੁਲਾਜ਼ਮਾਂ ਨੂੰ ਬਾਹਰ ਦਾ ਰਾਹ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ ਜਾਂ ਤਨਖਾਹਾਂ ਵਿਚ ਕਟੌਤੀ ਕਰ ਦਿੱਤੀ ਹੈ। ਇਸੇ ਕਰਕੇ ਵਾਰ-ਵਾਰ ਸਵਾਲ ਉਠ ਰਹੇ ਹਨ ਕਿ ਲੌਕਡਾਊਨ ਨੂੰ ਪੜਾਅਵਾਰ ਖੋਲ੍ਹਣ ਵਾਲੇ ਪਾਸੇ ਤੁਰਨਾ ਚਾਹੀਦਾ ਹੈ, ਪਰ ਜਾਪਦਾ ਹੈ, ਮੋਦੀ ਸਰਕਾਰ ਅਜਿਹੇ ਕਿਸੇ ਫੈਸਲੇ ਦੀ ਥਾਂ ਸਗੋਂ ਰਾਜਾਂ ਉਤੇ ਸ਼ਿਕੰਜਾ ਕੱਸਣ ਦੀ ਤਿਆਰੀ ਵੱਧ ਕਰ ਰਹੀ ਹੈ। ਇਸੇ ਕਰ ਕੇ ਇਸ ਨੇ ਰਾਜਾਂ ਦੇ ਹਾਲਾਤ ਜਾਣਨ ਦੇ ਬਹਾਨੇ ਕੇਂਦਰੀ ਟੀਮਾਂ ਰਾਜਾਂ ਅੰਦਰ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਹ ਉਹ ਸੂਬੇ ਹਨ, ਜਿਥੇ ਵਿਰੋਧੀ ਦਲਾਂ ਦੀਆਂ ਸਰਕਾਰਾਂ ਹਨ। ਇਸ ਤੋਂ ਮੋਦੀ ਸਰਕਾਰ ਦੀ ਨੀਅਤ ਸਾਫ ਪਤਾ ਲੱਗ ਜਾਂਦੀ ਹੈ। ਸਪਸ਼ਟ ਹੈ ਕਿ ਮੋਦੀ ਸਰਕਾਰ ਕਰੋਨਾ ਦੇ ਬਹਾਨੇ ਰਾਜਾਂ ਉਤੇ ਕੇਂਦਰ ਸਰਕਾਰ ਦਾ ਸ਼ਿਕੰਜਾ ਹੋਰ ਕੱਸਣਾ ਚਾਹੁੰਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਲਹਿਣਾ ਕਰੋਨਾ-ਕਾਲ!*

ਚਾਰੇ ਕੂੰਟਾਂ ਵਿਚ ਫੈਲਿਆ ਚੰਦਰਾ ਇਹ, ਨਹੀਂਉਂ ਫਰਕ ਉਰਾਰ ਤੇ ਪਾਰ ਵਾਲਾ।
ਪਿੰਡ ਸ਼ਹਿਰ ਵਿਚ ਪਸਰ ਗਈ ਸੁੰਨ ਸਾਰੇ, ਮੇਲਾ ਗਾਇਬ ਹੈ ਭਰੇ ਬਾਜ਼ਾਰ ਵਾਲਾ।
ਅੰਦਰ ਬੈਠਿਆਂ ਹੋਏ ਨੇ ਦੁਖੀ ਡਾਢੇ, ਪਿਆ ਸਭ ਨੂੰ ਫਿਕਰ ਰੁਜਗਾਰ ਵਾਲਾ।
ਮਸਲੇ ਹੋਰ ਸਭ ਬਰਫ ਦੇ ਵਿਚ ਲੱਗੇ, ਇਕੋ ਦਿਸੇ 'ਕਰੋਨਾ' ਦੀ ਮਾਰ ਵਾਲਾ।
ਨੁਸਖਾ ਇਹੋ ਪਰਹੇਜ਼ ਦਾ ਨਜ਼ਰ ਆਵੇ, 'ਲੌਕਡਾਊਨ' ਦਾ ਹੁਕਮ ਸਰਕਾਰ ਵਾਲਾ।
ਮੋਢਾ ਦੇਣ ਲਈ ਅਰਥੀ ਨੂੰ ਖੜ੍ਹੇ ਕੋਈ ਨਾ, ਕਾਰਜ ਗੁਹਿਣਿਆ ਅੰਤਿਮ ਸਸਕਾਰ ਵਾਲਾ!

# ਮਹਾਮਾਰੀ, ਮੰਡੀ ਤੇ ਆਮ ਲੋਕ

***ਕਰੋਨਾ ਵਾਇਰਸ ਕਾਰਨ ਪੈਦਾ ਹੋਇਆ ਸਹਿਮ ਅਤੇ ਖੌਫ ਹੁਣ ਹੌਲੀ-ਹੌਲੀ ਘਟ ਰਿਹਾ ਹੈ ਪਰ ਇਸ ਦੇ ਨਾਲ ਹੀ ਇਕ ਹੋਰ ਖੌਫ ਲੋਕਾਂ ਦੇ ਦਿਲਾਂ ਅੰਦਰ ਫੈਲ ਰਿਹਾ ਹੈ। ਇਹ ਖੌਫ ਆਰਥਕ ਮੰਦੀ ਅਤੇ ਇਸ ਮੰਦੀ ਕਾਰਨ ਖੁਸ ਰਹੇ ਰੁਜ਼ਗਾਰ ਦਾ ਹੈ। ਬਹੁਤ ਸਾਰੇ ਅਦਾਰਿਆਂ ਨੇ ਮੁਲਾਜ਼ਮਾਂ ਦੀ ਛਾਂਟੀ ਅਰੰਭ ਕਰ ਦਿੱਤੀ ਹੈ ਅਤੇ ਆਉਣ ਵਾਲੇ ਸਮੇਂ ਵਿਚ ਇਹ ਹੋਰ ਤੇਜ਼ੀ ਫੜ ਸਕਦੀ ਹੈ। ਇਸ ਸਮੁੱਚੇ ਹਾਲਾਤ ਅਤੇ ਸਰਕਾਰਾਂ ਦੀ ਪਹੁੰਚ ਬਾਰੇ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

**ਬੂਟਾ ਸਿੰਘ**
ਫੋਨ: +91-94634-74342

ਕਰੋਨਾ ਮਹਾਮਾਰੀ ਉਪਰ ਕਾਬੂ ਪਾਉਣ ਲਈ 'ਸੋਸ਼ਲ ਡਿਸਟੈਂਸਿੰਗ' ਦਾ ਅਸਰ ਸਿੱਧੇ ਤੌਰ 'ਤੇ ਆਊਟਪੁਟ ਅਤੇ ਰੁਜ਼ਗਾਰ ਉਪਰ ਪੈ ਰਿਹਾ ਹੈ। ਦੁਨੀਆਂ ਦੀ ਪੰਜਵੀਂ ਸਭ ਤੋਂ ਵੱਡੀ ਆਰਥਕਤਾ ਮੰਨੇ ਜਾਂਦੇ ਭਾਰਤ ਦੀ ਆਰਥਕ ਜ਼ਿੰਦਗੀ ਲੌਕਡਾਊਨ ਕਾਰਨ ਪੂਰੀ ਤਰ੍ਹਾਂ ਠੱਪ ਹੈ। ਆਲਮੀ ਬੈਂਕ ਅਤੇ ਹੋਰ ਆਰਥਕ ਵਿਸ਼ਲੇਸ਼ਕਾਂ ਨੇ ਭਾਰਤ ਦੀ ਆਰਥਕਤਾ ਦੀ ਵਿਕਾਸ ਦਰ ਵਿਚ ਤਿੱਖੀ ਗਿਰਾਵਟ ਦੀ ਪੇਸ਼ੀਨਗੋਈ ਕੀਤੀ ਹੈ। ਜੇ ਲੌਕਡਾਊਨ ਦੀ ਮਿਆਦ ਹੋਰ ਵਧਾਉਣੀ ਪੈਂਦੀ ਹੈ ਤਾਂ ਆਰਥਕ ਪ੍ਰਭਾਵ ਇਨ੍ਹਾਂ ਅੰਦਾਜ਼ਿਆਂ ਤੋਂ ਵੀ ਕਿਤੇ ਮਾੜੇ ਹੋ ਸਕਦੇ ਹਨ। ਕਾਨਫੈਡਰੇਸ਼ਨ ਆਫ ਇੰਡੀਅਨ ਇੰਡਸਟਰੀਜ਼ (ਸੀ. ਆਈ. ਆਈ.) ਅਨੁਸਾਰ ਜੇ ਸਰਕਾਰ ਵਲੋਂ ਠੋਸ ਨੀਤੀ ਨਾ ਬਣਾਈ ਗਈ ਤਾਂ ਵਿਤੀ ਸਾਲ 2021 ਵਿਚ ਜੀ. ਡੀ. ਪੀ. ਦੀ ਦਰ 5 ਫੀਸਦੀ ਤੋਂ ਹੇਠਾਂ ਡਿਗ ਸਕਦੀ ਹੈ।

ਮਾਹਰਾਂ ਦਾ ਮੰਨਣਾ ਹੈ ਕਿ ਬਿਮਾਰੀ ਦੇ ਫੈਲਾਅ ਉਪਰ ਕਾਬੂ ਪਾਉਣ ਅਤੇ ਹਰ ਕਿਸੇ ਲਈ ਖਾਣਾ ਯਕੀਨੀ ਬਣਾਏ ਜਾਣ ਤੋਂ ਬਾਅਦ ਅਗਲਾ ਬਹੁਤ ਹੀ ਮਹੱਤਵਪੂਰਨ ਕੰਮ ਆਰਥਕਤਾ ਨੂੰ ਮੁੜ ਲੀਹ 'ਤੇ ਲਿਆਉਣਾ ਹੋਵੇਗਾ। ਰੁਜ਼ਗਾਰ ਦੇ ਆਰਜ਼ੀ ਪ੍ਰੋਗਰਾਮ ਉਲੀਕਣੇ ਹੋਣਗੇ ਅਤੇ ਛੋਟੇ ਤੇ ਦਰਮਿਆਨੇ ਕਾਰੋਬਾਰਾਂ ਨੂੰ ਦੀਵਾਲੀਆ ਹੋਣ ਤੋਂ ਬਚਾਉਣ ਲਈ ਠੋਸ ਕਦਮ ਚੁੱਕਣੇ ਹੋਣਗੇ; ਲੇਕਿਨ ਸੱਤਾਧਾਰੀ ਠੋਸ ਨੀਤੀਆਂ ਬਣਾਉਣ ਦੀ ਬਜਾਏ ਪ੍ਰਧਾਨ ਮੰਤਰੀ ਦੇ ਭਾਸ਼ਨਾਂ ਅਤੇ ਗੈਰ-ਵਿਹਾਰਕ ਰਾਹਤ ਐਲਾਨਾਂ ਨਾਲ ਡੰਗ ਟਪਾ ਰਹੇ ਹਨ। ਆਖਿਰਕਾਰ 'ਟ੍ਰਿਲੀਅਨ ਇਕਾਨਮੀ' ਦੇ ਸ਼ੇਖਚਿਲੀ ਟੀਚਿਆਂ ਦੀ ਅਸਫਲਤਾ ਦਾ ਭਾਂਡਾ ਕਰੋਨਾ ਮਹਾਮਾਰੀ ਸਿਰ ਭੰਨ ਦਿੱਤਾ ਜਾਵੇਗਾ।

ਆਲਮੀ ਬੈਂਕ ਵਲੋਂ ਭਾਰਤ ਨੂੰ 1 ਅਰਬ ਡਾਲਰ ਦੀ ਸਹਾਇਤਾ ਨੂੰ ਮਨਜ਼ੂਰ ਦਿੱਤੀ ਗਈ ਹੈ। ਮੋਦੀ ਸਰਕਾਰ ਨੇ ਵਿਤੀ ਪੈਕੇਜ ਐਲਾਨ ਕੇ ਕਾਰੋਬਾਰੀ ਖੇਤਰ ਨੂੰ ਬਹੁਤ ਸਾਰੀਆਂ ਰਾਹਤਾਂ ਦਿੱਤੀਆਂ ਹਨ। ਹੁਕਮਰਾਨਾਂ ਦੀ ਤਰਜੀਹ ਵੱਡੇ ਕਾਰਪੋਰੇਟ ਕਾਰੋਬਾਰ ਹਨ। ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਅਤੇ ਗੈਰ-ਜਥੇਬੰਦ ਖੇਤਰ ਦੇ ਦਹਿ-ਕਰੋੜਾਂ ਲੋਕਾਂ ਲਈ ਕੋਈ ਠੋਸ ਰਾਹਤ ਨਹੀਂ ਹੈ, ਜਦਕਿ ਆਰਥਿਕਤਾ ਦਾ ਬੇਹੱਦ ਮਹੱਤਵਪੂਰਨ ਹਿੱਸਾ ਹੋਣ ਕਾਰਨ ਰਾਹਤ ਸਭ ਤੋਂ ਜ਼ਿਆਦਾ ਇਨ੍ਹਾਂ ਲਈ ਜ਼ਰੂਰੀ ਸੀ। ਛੋਟੇ ਕਾਰੋਬਾਰੀਆਂ ਦੀ ਦਰਦਨਾਕ ਹਾਲਤ ਦੀਆਂ ਰਿਪੋਰਟਾਂ ਬੇਹੱਦ ਪ੍ਰੇਸ਼ਾਨ ਕਰਨ ਵਾਲੀਆਂ ਹਨ। ਮਿਸਾਲ ਵਜੋਂ, ਮੱਧ ਪ੍ਰਦੇਸ਼ ਦੇ ਬੁਰਹਾਨਪੁਰ ਜ਼ਿਲ੍ਹੇ ਵਿਚ 45000 ਛੋਟੀਆਂ ਪਾਵਰਲੂਮ ਹਨ ਜੋ ਘਰਾਂ ਜਾਂ ਨਿੱਕੇ ਕਾਰਖਾਨਾਨੁਮਾ ਕਮਰਿਆਂ ਤੋਂ ਕੰਮ ਕਰਦੀਆਂ ਹਨ। ਇਨ੍ਹਾਂ ਉਪਰ ਪੌਣੇ ਦੋ ਲੱਖ ਲੋਕ ਨਿਰਭਰ ਹਨ। ਇਹ ਲੋਕ 12 ਘੰਟੇ ਕੰਮ ਕਰਕੇ 250-300 ਰੁਪਏ ਰੋਜ਼ਾਨਾ ਕਮਾ ਲੈਂਦੇ ਸਨ। ਸਮੁੱਚਾ ਕਾਰੋਬਾਰ ਠੱਪ ਹੋਣ ਇਹ ਸਾਰੇ ਹੁਣ ਭੁੱਖੇ ਮਰ ਰਹੇ ਹਨ।

ਇਸੇ ਤਰ੍ਹਾਂ ਦੀ ਹਾਲਤ ਮੁਲਕ ਦੇ ਹੋਰ ਛੋਟੇ-ਵੱਡੇ ਸ਼ਹਿਰਾਂ ਵਿਚਲੇ ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਦੀ ਹੈ। ਸਵਾਲ ਤਾਂ ਹੁਣ ਇਹ ਹੈ: ਕੀ ਸਰਕਾਰੀ ਰਾਹਤ ਵੱਖ-ਵੱਖ ਖੇਤਰਾਂ ਵਿਚ ਕੰਮ ਕਰਦੇ ਕਿਰਤੀਆਂ ਅਤੇ ਪੇਸ਼ੇਵਰ ਕਾਮਿਆਂ ਤਕ ਪਹੁੰਚੇ ਸਕੇਗੀ? ਜਿਥੋਂ ਤਕ ਵੱਡੀਆਂ ਸਨਅਤਾਂ ਦਾ ਸਵਾਲ ਹੈ, ਕੀ ਭਾਰਤ ਦੇ ਕਿਰਤ ਕਾਨੂੰਨ ਸੰਕਟ ਕਾਰਨ ਕਾਮਿਆਂ ਨੂੰ ਨੌਕਰੀਆਂ ਤੋਂ ਹਟਾਉਣ, ਕਿਰਤ ਸ਼ਕਤੀ ਦੀ ਛਾਂਟੀ ਕਰਨ ਦੇ ਖਤਰੇ ਤੋਂ ਉਨ੍ਹਾਂ ਦੀ ਢਾਲ ਬਣਨਗੇ? ਕੀ ਸੰਕਟ ਦੇ ਬਹਾਨੇ ਕਾਮਿਆਂ ਨੂੰ ਲੇਅ-ਆਫ (ਛਾਂਟੀ) ਕਰਨ ਦੀ ਪੂੰਜੀਵਾਦੀ ਰੁਚੀ ਨੂੰ ਰੋਕਣ ਨੂੰ ਤਰਜੀਹ ਦੇਣ ਦਾ ਹੁਕਮਰਾਨਾਂ ਦਾ ਕੋਈ ਇਰਾਦਾ ਹੈ? ਜ਼ਮੀਨੀ ਹਕੀਕਤ ਦੇ ਸੰਕੇਤ ਇਸ ਦੀ ਹਾਮੀ ਨਹੀਂ ਭਰ ਰਹੇ।

ਜਿਵੇਂ ਸੰਕਟ ਵਿਚ ਅਕਸਰ ਹੀ ਹੁੰਦਾ ਹੈ, ਲਾਗਤ ਖਰਚੇ ਘਟਾਉਣ ਲਈ ਕਾਰੋਬਾਰੀ ਅਦਾਰੇ ਸਭ ਤੋਂ ਪਹਿਲਾਂ ਕਾਮਿਆਂ ਦੀ ਛਾਂਟੀ ਅਤੇ ਤਨਖਾਹਾਂ ਵਿਚ ਕਟੌਤੀ ਦੇ ਰਾਹ ਪੈਂਦੇ ਹਨ। ਇਹ ਪ੍ਰਧਾਨ ਮੰਤਰੀ ਦੀ 'ਸਲਾਹ' ਦੇ ਬਾਵਜੂਦ ਵਾਪਰ ਰਿਹਾ ਹੈ। ਮੋਦੀ ਨੇ ਸਰਕਾਰੀ ਅਤੇ ਨਿੱਜੀ ਰੁਜ਼ਗਾਰਦਾਤਿਆਂ ਨੂੰ ਇਸ ਸੰਕਟ ਦੀ ਘੜੀ ਆਪਣੇ ਕਾਮਿਆਂ ਦੀ ਲੇਅ-ਆਫ ਜਾਂ ਤਨਖਾਹਾਂ ਵਿਚ ਕਟੌਤੀ ਨਾ ਕਰਨ ਦੀ ਸਲਾਹ ਦਿੱਤੀ ਸੀ। ਕਾਰੋਬਾਰੀ-ਸਨਅਤਕਾਰ ਇਸ ਤੋਂ ਉਲਟ ਪੂਰੀ ਤਰ੍ਹਾਂ ਕਿਰਤ ਕਾਨੂੰਨਾਂ ਵਿਚ ਛੋਟਾਂ ਮੰਗ ਰਹੇ ਹਨ। ਲੇਅ-ਆਫ ਦੀਆਂ ਰਿਪੋਰਟਾਂ ਪ੍ਰਧਾਨ ਮੰਤਰੀ ਦੀ 'ਸਲਾਹ' ਦਾ ਮੂੰਹ ਚਿੜਾ ਰਹੀਆਂ ਹਨ।

'ਦਿ ਹਿੰਦੂ' ਅਖਬਾਰ ਦੀ ਰਿਪੋਰਟ ਅਨੁਸਾਰ, ਗੁੜਗਾਓਂ ਵਿਚ ਨਿਊ ਯਾਰਕ ਆਧਾਰਤ ਗਲੋਬਲ ਟੈੱਕ-ਟਰੈਵਲ ਫਰਮ, ਫੇਅਰਪੋਰਟਲ, ਨੇ ਆਪਣੇ ਸੌ ਦੇ ਕਰੀਬ ਮੁਲਾਜ਼ਮਾਂ ਨੂੰ ਬਿਨਾਂ ਕਾਰਨ ਦੱਸੇ ਲੇਅ-ਆਫ ਕਰ ਦਿੱਤਾ ਹੈ। ਕੰਪਨੀ ਨੇ ਆਪਣੀ ਪੂਨੇ ਫਰਮ ਵਿਚ ਵੀ ਲੇਅ-ਆਫ ਕੀਤੀ ਹੈ। ਮੁਲਾਜ਼ਮਾਂ ਦਾ ਕਹਿਣਾ ਹੈ ਕਿ 800 ਤੋਂ ਵਧੇਰੇ ਲੋਕਾਂ ਨੂੰ ਕੰਮ ਤੋਂ ਕੱਢਿਆ ਗਿਆ ਹੈ। ਇਹ ਕਾਮੇ 5-10 ਸਾਲ ਤੋਂ ਫਰਮ ਵਿਚ ਕੰਮ ਕਰ ਰਹੇ ਸਨ। ਗੁੜਗਾਓਂ ਵਿਚ ਹੀ ਜ਼ੋਮੈਟੋ ਨੇ ਆਪਣੀਆਂ ਕਸਟਮਰ ਸਪੋਰਟ ਟੀਮਾਂ ਦੇ 541 ਮੁਲਾਜ਼ਮਾਂ ਨੂੰ ਕੰਮ ਤੋਂ ਕੱਢ ਦਿੱਤਾ ਹੈ। ਕੱਢੇ ਗਏ ਮੁਲਾਜ਼ਮ ਇਸ ਮਸ਼ਹੂਰ ਆਨਲਾਈਨ ਫੂਡ ਡਿਲਿਵਰੀ ਪਲੈਟਫਾਰਮ ਦੇ ਕੁਲ ਮੁਲਾਜ਼ਮਾਂ ਦਾ 10 ਫੀਸਦੀ ਬਣਦੇ ਹਨ। ਭਾਰਤ ਵਿਚ ਇਹ ਫਰਮ 500 ਸ਼ਹਿਰਾਂ ਵਿਚ ਸਰਵਿਸ ਦੇ ਰਹੀ ਹੈ, ਇਹ ਰੁਝਾਨ ਹੋਰ ਸ਼ਹਿਰਾਂ ਵਿਚ ਕੰਮ ਕਰਦੇ ਜ਼ੋਮੈਟੋ ਦੇ ਮੁਲਾਜ਼ਮਾਂ ਦੀ ਛਾਂਟੀ ਵੀ ਕਰ ਸਕਦਾ ਹੈ। ਏਅਰਲਾਈਜ਼ ਗੋਏਅਰ ਦੇ 5500 ਵਿਚੋਂ ਬਹੁਗਿਣਤੀ ਮੁਲਾਜ਼ਮ 3 ਮਈ ਤਕ ਬਿਨਾਂ ਤਨਖਾਹ ਛੁੱਟੀ ਉਪਰ ਭੇਜੇ ਗਏ ਹਨ।

ਲੇਅ-ਆਫ ਕਰਨ ਵਿਚ ਮੀਡੀਆ ਸਮੂਹ, ਖਾਸ ਕਰਕੇ ਵੱਡੇ ਕਾਰੋਬਾਰੀ, ਵੀ ਪਿੱਛੇ ਨਹੀਂ। ਇਹ ਸੱਚ ਹੈ ਕਿ ਆਰਥਕ ਮੰਦਵਾੜੇ ਨਾਲ ਪ੍ਰਿੰਟ ਮੀਡੀਆ ਲਈ ਇਸ਼ਤਿਹਾਰਾਂ ਵਿਚ ਵੱਡੀ ਕਮੀ ਆਈ ਹੈ, ਜਿਸ ਨਾਲ ਉਨ੍ਹਾਂ ਦੇ ਵਿਤੀ ਵਸੀਲੇ ਸੁੰਗੜੇ ਹਨ ਜਿਨ੍ਹਾਂ ਦਾ ਦਾਰੋਮਦਾਰ ਹੀ ਇਸ਼ਤਿਹਾਰਬਾਜ਼ੀ ਉਪਰ ਹੈ। ਪੈਸਾ ਖਰਚ ਕਰਨ ਤੋਂ ਬਗੈਰ ਤੱਥ ਆਧਾਰਤ ਰਿਪੋਰਟਿੰਗ ਸੰਭਵ ਨਹੀਂ। ਐਸੀ ਰਿਪੋਰਟਿੰਗ ਹੀ ਸਥਾਪਤੀ ਨੂੰ ਸਵਾਲ ਕਰ ਸਕਦੀ ਹੈ ਅਤੇ ਬਿਆਨਬਾਜ਼ੀ ਦਾ ਥੋਥ ਨੰਗਾ ਕਰਕੇ ਸੱਤਾ ਨੂੰ ਜਵਾਬਦੇਹ ਬਣਾ ਸਕਦੀ ਹੈ। ਇਸ ਦੀ ਅਣਹੋਂਦ 'ਚ ਸੱਤਾਧਾਰੀ ਕੋੜਮਾ ਅਵਾਮ ਦੇ ਸਰੋਕਾਰਾਂ ਨੂੰ ਆਪਣੇ ਜ਼ਹਿਰੀਲੇ ਏਜੰਡਿਆਂ ਕੀ ਕਾਵਾਂਰੌਲੀ ਵਿਚ ਸਹਿਜੇ ਹੀ ਦਫਨਾ ਦੇਵੇਗਾ। ਇਸੇ ਲਈ, ਅਜੋਕੇ ਸੰਕਟ ਦੇ ਅਸਰਾਂ ਦੀ ਗਹਿਰਾਈ ਨੂੰ ਸਮਝਣਾ ਅਤੇ ਦਸਤਾਵੇਜ਼ੀ ਰੂਪ ਦੇਣਾ ਜ਼ਰੂਰੀ ਹੈ। ਲਾਗਤ ਖਰਚੇ ਘਟਾਉਣ ਲਈ ਸਟਾਫ ਦੀ ਲੇਅ-ਆਫ ਖੋਜੀ ਪੱਤਰਕਾਰੀ ਦੀਆਂ ਜੜ੍ਹਾਂ ਵਿਚ ਤੇਲ ਦੇਣ ਦੇ ਤੁਲ ਹੈ। ਜੇ ਰਿਪੋਰਟਿੰਗ ਕਰਨ ਵਾਲਿਆਂ ਦਾ ਰੁਜ਼ਗਾਰ ਹੀ ਮਹਿਫੂਜ਼ ਨਹੀਂ ਤਾਂ ਜ਼ਮੀਨੀ ਹਕੀਕਤ ਦੀ ਰਿਪੋਰਟਿੰਗ ਕਿਵੇਂ ਹੋਵੇਗੀ? ਲੇਕਿਨ ਮੀਡੀਆ ਹਾਊਸਾਂ ਦੇ ਕਰਤਿਆਂ-ਧਰਤਿਆਂ ਨੂੰ ਲਾਗਤ ਘਟਾਉਣ ਦੀ ਫਿਕਰਮੰਦੀ ਵਧੇਰੇ ਹੈ, ਖੋਜੀ ਪੱਤਰਕਾਰੀ ਦੀ ਗੁਣਵੱਤਾ ਅਤੇ ਭਵਿਖ ਉਨ੍ਹਾਂ ਲਈ ਕੋਈ ਮਸਲਾ ਨਹੀਂ ਹੈ। ਮੀਡੀਆ ਸਮੂਹਾਂ ਵਿਚ ਇਹੀ ਰੁਝਾਨ ਹੈ। ਲਗਭਗ ਹਰ ਅਖਬਾਰਾਂ ਦੇ ਪੰਨੇ ਘਟਾ ਦਿੱਤੇ ਹਨ। ਇਉਂ ਪ੍ਰਿੰਟ ਮੀਡੀਆ ਉਪਰ ਮਹਾਮਾਰੀ ਦੇ ਵਧੇਰੇ ਗੰਭੀਰ ਅਸਰ ਪੈਣ ਦਾ ਖਦਸ਼ਾ ਹੈ ਜਦਕਿ ਇਹ ਮੀਡੀਆ ਪਹਿਲਾਂ ਹੀ ਵੱਡੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ।

ਲੌਕਡਾਊਨ ਦੇ ਤੀਜੇ ਹਫਤੇ ਹੀ ਮੁਲਕ ਦੇ ਸਭ ਤੋਂ ਵੱਡੇ ਮੀਡੀਆ ਸਮੂਹ, ਟਾਈਮਜ਼ ਗਰੁੱਪ, ਨੇ ਟਾਈਮਜ਼ ਆਫ ਇੰਡੀਆ ਦੀ ਸੰਡੇ ਮੈਗਜ਼ੀਨ ਟੀਮ ਨੂੰ ਲੇਅ-ਆਫ ਕਰ ਦਿੱਤਾ ਜੋ ਚਾਰ ਸਫੇ ਦਾ ਸਪਲੀਮੈਂਟ ਟਾਈਮਜ਼ ਲਾਈਫ ਤਿਆਰ ਕਰਦੀ ਸੀ ਜਿਸ ਦੀ ਸਰਕੂਲੇਸ਼ਨ 10 ਲੱਖ ਦੱਸੀ ਜਾਂਦੀ ਹੈ। ਇਨ੍ਹਾਂ ਵਿਚ ਨੋਨਾ ਵਾਲੀਆ ਵੀ ਸ਼ਾਮਲ ਹੈ ਜੋ 24 ਸਾਲ ਤੋਂ ਇਸ ਮੀਡੀਆ ਸਮੂਹ ਨਾਲ ਜੁੜੀ ਹੋਈ ਸੀ। ਨਿਊਜ਼ ਨੇਸ਼ਨ ਨੈੱਟਵਰਕ ਨੇ ਆਪਣੀ 15 ਜਣਿਆਂ ਦੀ ਪੂਰੀ ਇੰਗਲਿਸ਼ ਡਿਜੀਟਲ ਟੀਮ ਹੀ ਲੇਅ-ਆਫ ਕਰ ਦਿੱਤੀ ਹੈ। ਇਸ ਦੇ ਨਾਲ ਹੀ ਅਖਬਾਰਾਂ ਦੇ ਸਫੇ ਘਟਾਉਣਾ ਅਤੇ ਤਨਖਾਹਾਂ ਵਿਚ ਕਟੌਤੀ ਵੀ ਬਰਾਬਰ ਜਾਰੀ ਹੈ। 'ਆਊਟਲੁੱਕ' ਅਤੇ 'ਨਈ ਦੁਨੀਆ' ਨੇ ਪ੍ਰਕਾਸ਼ਨਾਵਾਂ ਮੁਅੱਤਲ ਕਰ ਦਿੱਤੀਆਂ ਹਨ। ਰਾਘਵ ਬਾਹਲ ਦੇ ਪ੍ਰਕਾਸ਼ਨ 'ਦਿ ਕੁਇੰਟ ਵਲੋਂ ਆਪਣੇ ਅੱਧੇ ਸਟਾਫ, 45 ਮੁਲਾਜ਼ਮਾਂ ਨੂੰ 15 ਅਪਰੈਲ ਤੋਂ ਲੈ ਕੇ ਅਗਲੇ ਨੋਟਿਸ ਤਕ ਬਿਨਾਂ ਤਨਖਾਹ ਛੁੱਟੀ ਉਪਰ ਭੇਜ ਦਿੱਤਾ ਗਿਆ ਹੈ। ਅਗਲਾ ਨੋਟਿਸ ਕੀ ਹੋਵੇਗਾ, ਇਹ ਦੇਖਣਾ ਬਾਕੀ ਹੈ। ਬਲੂਮਬਰਗਕੁਇੰਟ ਡਾਟ ਕਾਮ ਨੇ ਉਨ੍ਹਾਂ ਮੁਲਾਜ਼ਮਾਂ ਦੀ ਅਪਰੈਲ ਮਹੀਨੇ ਦੀ 50 ਫੀਸਦੀ ਤਨਖਾਹ ਕੱਟ ਲਈ ਹੈ ਜਿਨ੍ਹਾਂ ਦੀ ਸਾਲਾਨਾ ਸੀ. ਟੀ. ਸੀ. (ਕੌਸਟ ਟੂ ਕੰਪਨੀ) 6 ਲੱਖ ਤੋਂ 12 ਲੱਖ ਸੀ। ਕਿਹਾ ਗਿਆ ਹੈ ਕਿ ਮਈ ਤੋਂ ਨਾਰਮਲ ਤਨਖਾਹ ਦਿੱਤੀ ਜਾਵੇਗੀ। ਅਗਾਂਹ ਕੀ ਹੁੰਦਾ ਹੈ, ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਇੰਡੀਅਨ ਐਕਸਪ੍ਰੈੱਸ ਨੇ ਤਨਖਾਹਾਂ ਵਿਚ 10 ਤੋਂ 30 ਫੀਸਦੀ ਕਟੌਤੀ ਕੀਤੀ ਹੈ।

ਆਰਥਕਤਾ ਦੇ ਸਾਰੇ ਖੇਤਰਾਂ ਅਤੇ ਆਮ ਕਿਰਤੀਆਂ ਦੇ ਰੁਜ਼ਗਾਰ ਉਪਰ ਲੌਕਡਾਊਨ ਦਾ ਕਿੰਨਾ ਡੂੰਘਾ ਅਸਰ ਪੈਂਦਾ ਹੈ, ਇਸ ਦੀ ਅਸਲ ਤਸਵੀਰ ਤਾਂ ਹਾਲਾਤ ਦੇ ਦੁਬਾਰਾ ਸਹਿਜ ਹੋਣ ਅਤੇ ਸਨਅਤਾਂ/ਕਾਰੋਬਾਰਾਂ ਦੇ ਦੁਬਾਰਾ ਸ਼ੁਰੂ ਹੋਣ 'ਤੇ ਹੀ ਸਾਹਮਣੇ ਆ ਸਕੇਗੀ। ਹਕੀਕਤ ਉਦੋਂ ਉਘੜੇਗੀ ਕਿ ਕੱਚੇ ਕਾਮਿਆਂ ਨੂੰ ਦੁਬਾਰਾ ਕੰਮ 'ਤੇ ਰੱਖਿਆ ਜਾਂਦਾ ਹੈ ਜਾਂ ਨਹੀਂ। ਜੇ ਰੱਖਿਆ ਜਾਂਦਾ ਹੈ ਤਾਂ ਕੀ ਪਹਿਲੀਆਂ ਉਜਰਤਾਂ ਅਤੇ ਸ਼ਰਤਾਂ ਤਹਿਤ ਰੱਖਿਆ ਜਾਂਦਾ ਹੈ ਜਾਂ ਨਵੀਆਂ ਸ਼ਰਤਾਂ ਤਹਿਤ।

ਕਾਰੋਬਾਰੀਆਂ ਦੀਆਂ ਮਨਮਾਨੀਆਂ ਦੀ ਭਿਆਨਕਤਾ ਦੇ ਨਕਸ਼ ਮੀਡੀਆ ਰਿਪੋਰਟਾਂ ਵਿਚ ਉਘੜਨੇ ਸ਼ੁਰੂ ਹੋ ਗਏ ਹਨ। ਪਿਛਲੇ ਦਿਨੀਂ ਰਿਪੋਰਟ ਆਈ ਕਿ ਭਾਰਤ ਸਰਕਾਰ 8 ਘੰਟੇ ਦੀ ਬਜਾਏ ਕੰਮ ਦੀ ਸ਼ਿਫਟ 12 ਘੰਟੇ ਦੀ ਕਰਨ ਬਾਰੇ ਵਿਚਾਰ ਕਰ ਰਹੀ ਹੈ। ਦਲੀਲ ਕਾਮਿਆਂ ਦੀ ਥੁੜ੍ਹ ਦੀ ਦਿੱਤੀ ਗਈ ਹੈ, ਲੇਕਿਨ ਇਸ ਬਹਾਨੇ ਮਜ਼ਦੂਰਾਂ ਉਪਰ ਕੰਮ ਦਾ ਬੋਝ ਵਧਾਇਆ ਜਾਣਾ ਹੈ। ਜੀ. ਸੀ. ਸੀ. ਆਈ. (ਗੁਜਰਾਤ ਚੈਂਬਰ ਆਫ ਕਾਮਰਸ ਐਂਡ ਇੰਡਸਟ੍ਰੀਜ਼) ਨੇ ਕੇਂਦਰੀ ਕਿਰਤ ਅਤੇ ਰੁਜ਼ਗਾਰ ਮੰਤਰਾਲੇ ਤੋਂ ਮੰਗ ਕੀਤੀ ਹੈ ਕਿ ਘੱਟੋ-ਘੱਟ ਇਕ ਸਾਲ ਲਈ ਕਿਰਤ ਕਾਨੂੰਨ ਤਹਿਤ ਮਜ਼ਦੂਰ ਯੂਨੀਅਨ ਬਣਾਏ ਜਾਣ ਦੇ ਕਾਨੂੰਨੀ ਹੱਕ ਨੂੰ ਮੁਅੱਤਲ ਕਰ ਦਿੱਤਾ ਜਾਣਾ ਚਾਹੀਦਾ ਹੈ। ਦਲੀਲ ਇਹ ਦਿੱਤੀ ਗਈ ਹੈ ਕਿ ਇਹ ਯੂਨੀਅਨਾਂ 'ਫੈਕਟਰੀ ਮਾਲਕਾਂ ਨੂੰ ਬਲੈਕਮੇਲ ਕਰਦੀਆਂ ਹਨ, ਸਨਅਤਾਂ ਨੂੰ ਕਾਨੂੰਨ ਦੇ ਹਵਾਲੇ ਨਾਲ ਧਮਕਾਉਂਦੀਆਂ ਹਨ ਅਤੇ ਮਜ਼ਦੂਰਾਂ ਨੂੰ ਕੰਮ 'ਤੇ ਨਹੀਂ ਲੱਗਣ ਦਿੰਦੀਆਂ।' ਹਕੀਕਤ ਇਹ ਹੈ ਕਿ ਬਲੈਕਮੇਲ ਖੁਦ ਕਾਰੋਬਾਰੀ ਕਰ ਰਹੇ ਹਨ। ਇਹ ਵੀ ਮੰਗ ਕੀਤੀ ਗਈ ਹੈ ਕਿ ਸਰਕਾਰ ਮਜ਼ਦੂਰਾਂ ਨੂੰ ਲੌਕਡਾਊਨ ਦੇ ਅਰਸੇ ਦੀ ਪੂਰੀ ਤਨਖਾਹ ਦੇਣ ਦੇ ਫੈਸਲੇ ਉਪਰ ਮੁੜ ਨਜ਼ਰਸਾਨੀ ਕਰੇ। ਇਹ ਵੀ ਕਿ ਠੇਕੇ ਦੇ ਅਤੇ ਪੱਕੇ ਕਾਮਿਆਂ ਦੀ ਉਜਰਤ ਘਟਾ ਕੇ ਮਗਨਰੇਗਾ ਸਕੀਮ ਮੁਤਾਬਿਕ 202 ਰੁਪਏ ਕੀਤੀ ਜਾਵੇ। ਪ੍ਰਾਵੀਡੈਂਟ ਫੰਡ ਅਤੇ ਇੰਸ਼ੋਰੈਂਸ ਦੇ ਬਕਾਏ 90 ਦਿਨਾਂ ਵਿਚ ਕਲੀਅਰ ਕੀਤੇ ਜਾਣ ਦੀ ਮੋਹਲਤ ਵਧਾਉਣ ਦੀ ਮੰਗ ਵੀ ਕੀਤੀ ਗਈ ਹੈ। ਇੰਡਸਟਰੀਜ਼ ਦੀਆਂ ਕਈ ਐਸੋਸੀਏਸ਼ਨਾਂ ਨੇ ਆਪੋ-ਆਪਣੇ ਤੌਰ 'ਤੇ ਵੀ ਸਰਕਾਰ ਨੂੰ ਮਜ਼ਦੂਰਾਂ ਨੂੰ ਉਜਰਤਾਂ ਦਾ ਭੁਗਤਾਨ ਕਰਨ ਤੋਂ ਰਾਹਤ ਦੇਣ ਲਈ ਲਿਖਿਆ ਹੈ। ਹਕੀਕਤ ਇਹ ਹੈ ਕਿ ਬਹੁਤ ਥੋੜ੍ਹੀ ਗਿਣਤੀ ਮਜ਼ਦੂਰਾਂ ਉਪਰ ਹੀ ਕਿਰਤ ਕਾਨੂੰਨ ਲਾਗੂ ਹੁੰਦੇ ਹਨ। ਜੋ ਠੇਕੇ 'ਤੇ, ਪੀਸ ਰੇਟ ਅਨੁਸਾਰ ਅਤੇ ਕੱਚੇ ਮਜ਼ਦੂਰਾਂ ਦੇ ਤੌਰ 'ਤੇ ਕੰਮ ਕਰਦੇ ਹਨ, ਉਹ ਨਾਮਾਤਰ ਹੀ ਯੂਨੀਅਨ ਦੇ ਮੈਂਬਰ ਬਣਦੇ ਹਨ। ਇਸ ਸਭ ਕਾਸੇ ਦਾ ਮਨੋਰਥ ਸੰਕਟ ਦਾ ਲਾਹਾ ਲੈ ਕੇ ਕਿਰਤੀਆਂ ਦੀ ਸਮੂਹਿਕ ਹੱਕ-ਜਤਾਈ ਨੂੰ ਸੱਟ ਮਾਰਨਾ, ਯੂਨੀਅਨ ਤੋੜ ਕੇ ਨਾਮਨਿਹਾਦ ਕਾਨੂੰਨੀ ਸੁਰੱਖਿਆ ਦਾ ਭੋਗ ਪਾਉਣਾ ਅਤੇ ਇਉਂ ਕਾਰੋਬਾਰੀਆਂ ਜਾਂ ਮਾਲਕਾਂ ਦੀਆਂ ਮਨਮਾਨੀਆਂ ਦਾ ਰਾਹ ਪੱਧਰਾ ਕਰਨਾ ਹੈ।

# ਜੇਲ੍ਹ ਜਾਣ ਤੋਂ ਪਹਿਲਾਂ ਆਨੰਦ ਤੇਲਤੁੰਬੜੇ ਦਾ ਖੁੱਲ੍ਹਾ ਖਤ

***ਸੁਪਰੀਮ ਕੋਰਟ ਨੇ ਕੁਝ ਸਮਾਂ ਪਹਿਲਾਂ ਮਸ਼ਹੂਰ ਬੁੱਧੀਜੀਵੀ ਅਤੇ ਮਨੁੱਖੀ ਅਧਿਕਾਰ ਕਾਰਕੁਨ ਆਨੰਦ ਤੇਲਤੁੰਬੜੇ ਦੀ ਜ਼ਮਾਨਤ ਅਰਜ਼ੀ ਬਰਖਾਸਤ ਕਰ ਦਿੱਤੀ ਸੀ। ਉਨ੍ਹਾਂ ਉਪਰ ਭੀਮਾ ਕੋਰੇਗਾਓਂ ਵਿਚ ਹੋਏ ਸਮਾਗਮ ਦੌਰਾਨ ਹਿੰਸਾ ਭੜਕਾਉਣ ਦਾ ਦੋਸ਼ ਮੜ੍ਹਿਆ ਗਿਆ ਹੈ। ਅਦਾਲਤ ਨੇ ਉਸ ਨੂੰ ਅਤੇ ਇੱਕ ਹੋਰ ਮਨੁੱਖੀ ਅਧਿਕਾਰ ਕਾਰਕੁਨ ਗੌਤਮ ਨਵਲੱਖਾ ਨੂੰ ਆਤਮ-ਸਮਰਪਣ ਲਈ ਕਹਿ ਸੁਣਾਇਆ, ਜਿਸ ਮੁਤਾਬਕ ਉਨ੍ਹਾਂ 14 ਅਪਰੈਲ ਨੂੰ ਐਨ. ਆਈ. ਏ. ਕੋਲ ਆਤਮ-ਸਮਰਪਣ ਕਰ ਦਿੱਤਾ ਅਤੇ ਹੁਣ ਉਹ 25 ਅਪਰੈਲ ਤਕ ਐਨ. ਆਈ. ਏ. ਦੀ ਹਿਰਾਸਤ ਵਿਚ ਰਹਿਣਗੇ। ਆਪਣੀ ਗ੍ਰਿਫਤਾਰੀ ਤੋਂ ਇਕ ਦਿਨ ਪਹਿਲਾਂ 13 ਅਪਰੈਲ ਨੂੰ ਆਨੰਦ ਤੇਲਤੁੰਬੜੇ ਨੇ ਦੇਸ਼ ਦੇ ਵਾਸੀਆਂ ਦੇ ਨਾਮ ਖੁੱਲ੍ਹੀ ਚਿੱਠੀ ਲਿਖੀ ਹੈ, ਜਿਸ ਵਿਚ ਉਨ੍ਹਾਂ ਬਹੁਤ ਅਹਿਮ ਸਵਾਲ ਉਠਾਏ ਹਨ। ਇਸ ਚਿੱਠੀ ਦਾ ਅਨੁਵਾਦ ਸ਼ੁਭਕਰਮ ਦੀਪ ਸਿੰਘ ਨੇ ਕੀਤਾ ਹੈ। -ਸੰਪਾਦਕ***

**ਆਨੰਦ ਤੇਲਤੁੰਬੜੇ**
**ਤਰਜਮਾ: ਸ਼ੁਭਕਰਮ ਦੀਪ ਸਿੰਘ**

ਮੈਂ ਇਸ ਗੱਲ ਤੋਂ ਵਾਕਫ ਹਾਂ ਕਿ ਭਾਵੇਂ ਇਹ ਭਾਜਪਾ ਆਰ. ਐਸ. ਐਸ. ਗਠਜੋੜ ਤੇ ਉਨ੍ਹਾਂ ਦੇ ਅਧੀਨ ਮੀਡੀਆ ਵਲੋਂ ਪਾਏ ਸ਼ੋਰ-ਸ਼ਰਾਬੇ ਵਿਚ ਪੂਰੀ ਤਰ੍ਹਾਂ ਗ੍ਰਸਿਆ ਹੈ, ਫਿਰ ਵੀ ਮੈਂ ਸੋਚਦਾ ਹਾਂ ਕਿ ਤੁਹਾਡੇ ਨਾਲ ਗੱਲ ਕਰਨੀ ਬਣਦੀ ਹੈ ਕਿਉਂਕਿ ਮੈਂ ਨਹੀਂ ਜਾਣਦਾ ਕਿ ਫੇਰ ਮੈਨੂੰ ਕਦੇ ਮੌਕੇ ਮਿਲੇਗਾ ਜਾਂ ਨਹੀਂ। ਅਗਸਤ 2018 ਤੋਂ, ਜਦ ਗੋਆ ਇੰਸਟੀਚਿਊਟ ਆਫ ਮੈਨੇਜਮੈਂਟ ਦੇ ਫੈਕਲਟੀ ਹਾਊਸਿੰਗ ਕੰਪਲੈਕਸ ਵਿਚ ਮੇਰੇ ਘਰ ਰੇਡ ਪਾਈ ਗਈ ਸੀ, ਇਸ ਨੇ ਮੇਰੀ ਸਾਰੀ ਦੁਨੀਆਂ ਨੂੰ ਉਲਟ-ਪੁਲਟ ਕਰ ਕੇ ਰੱਖ ਦਿੱਤਾ।

ਉਸ ਮਗਰੋਂ ਜੋ ਘਟਨਾਵਾਂ ਮੇਰੇ ਨਾਲ ਵਾਪਰਨ ਲੱਗੀਆਂ, ਮੈਂ ਕਦੇ ਸੁਪਨਿਆਂ ਵਿਚ ਵੀ ਅਜਿਹੀ ਕਲਪਨਾ ਨਹੀਂ ਸੀ ਕੀਤੀ। ਮੈਂ ਭਾਵੇਂ ਜਾਣਦਾ ਸੀ ਕਿ ਪੁਲਿਸ ਮੇਰੇ ਲੈਕਚਰਾਂ ਦੇ ਪ੍ਰਬੰਧਕਾਂ ਕੋਲ ਗੇੜੇ ਮਾਰਦੀ ਸੀ। ਬਹੁਤੀ ਵਾਰ ਯੂਨੀਵਰਸਿਟੀਆਂ ਨੂੰ ਅਤੇ ਉਨ੍ਹਾਂ ਕੋਲੋਂ ਮੇਰੇ ਬਾਰੇ ਪੁੱਛ-ਪੜਤਾਲ ਕਰ ਕੇ ਉਨ੍ਹਾਂ ਨੂੰ ਡਰਾ ਦਿੰਦੀ ਸੀ। ਮੈਂ ਸੋਚਦਾ ਹਾਂ ਕਿ ਸ਼ਾਇਦ ਉਹ ਮੇਰੇ ਨਾਲ ਮੇਰੇ ਭਰਾ ਦਾ ਭੁਲੇਖਾ ਖਾ ਗਏ ਹੋਣ ਜਿਸ ਨੇ ਕਈ ਸਾਲ ਪਹਿਲਾਂ ਪਰਿਵਾਰ ਛੱਡ ਦਿੱਤਾ ਸੀ।

ਜਦ ਮੈਂ ਆਈ. ਆਈ. ਟੀ. ਖੜਗਪੁਰ ਵਿਚ ਪੜ੍ਹਾ ਰਿਹਾ ਸੀ ਤਾਂ ਬੀ. ਐਸ. ਐਨ. ਐਲ. ਦੇ ਇੱਕ ਅਧਿਕਾਰੀ ਨੇ ਮੈਨੂੰ ਫੋਨ ਕੀਤਾ ਅਤੇ ਆਪਣੀ ਪਛਾਣ ਮੇਰੇ ਪ੍ਰਸ਼ੰਸਕ ਅਤੇ ਸ਼ੁਭਚਿੰਤਕ ਵਜੋਂ ਕਰਵਾਈ। ਉਸ ਨੇ ਮੇਰਾ ਫੋਨ ਟੈਪ ਕੀਤੇ ਜਾਣ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਮੈਂ ਉਸ ਦਾ ਧੰਨਵਾਦ ਕੀਤਾ ਪਰ ਇਸ ਬਾਬਤ ਕੁਝ ਨਾ ਕੀਤਾ, ਇਥੋਂ ਤੱਕ ਕਿ ਆਪਣਾ ਸਿੰਮ ਵੀ ਨਹੀਂ ਬਦਲਿਆ।

ਮੈਂ ਇਨ੍ਹਾਂ ਕਾਰਵਾਈਆਂ ਕਾਰਨ ਪ੍ਰੇਸ਼ਾਨ ਜ਼ਰੂਰ ਹੋਇਆ, ਪਰ ਆਪਣੇ ਆਪ ਨੂੰ ਦਿਲਾਸਾ ਦਿੱਤਾ ਕਿ ਇਸ ਨਾਲ ਸ਼ਾਇਦ ਪੁਲਿਸ ਨੂੰ ਸਮਝ ਆ ਜਾਵੇ ਕਿ ਮੈਂ ਇੱਕ ਆਮ ਇਨਸਾਨ ਹਾਂ ਅਤੇ ਮੇਰੇ ਵਤੀਰੇ ਵਿਚ ਕੁਝ ਵੀ ਗੈਰ-ਕਾਨੂੰਨੀ (ਨਾਜਾਇਜ਼) ਨਹੀਂ। ਪੁਲਿਸ ਆਮ ਤੌਰ 'ਤੇ ਜਮਹੂਰੀ ਅਧਿਕਾਰ ਕਾਰਕੁਨਾਂ ਨੂੰ ਨਾਪਸੰਦ ਕਰਦੀ ਹੈ, ਕਿਉਂਕਿ ਉਹ ਪੁਲਿਸ ਨੂੰ ਸਵਾਲ ਕਰਦੇ ਹਨ। ਮੈਂ ਕਲਪਨਾ ਕਰਦਾ ਕਿ ਸ਼ਾਇਦ ਇਹ ਇਸ ਕਾਰਨ ਹੋਵੇ ਕਿ ਮੈਂ ਉਸ ਕਬੀਲੇ ਤੋਂ ਸਾਂ। ਫੇਰ ਮੈਂ ਆਪਣੇ ਆਪ ਨੂੰ ਦਿਲਾਸਾ ਦਿੰਦਾ ਕਿ ਸ਼ਾਇਦ ਉਨ੍ਹਾਂ ਨੂੰ ਇਹ ਪਤਾ ਲੱਗੇ ਕਿ ਮੈਂ ਇਹ ਭੂਮਿਕਾ ਵੀ ਆਪਣੀ ਨੌਕਰੀ ਕਰ ਕੇ ਪੂਰੀ ਨਹੀਂ ਨਿਭਾ ਰਿਹਾ।

ਪਰ ਇੱਕ ਦਿਨ ਸਵੇਰੇ-ਸਵੇਰੇ ਜਦੋਂ ਮੈਨੂੰ ਸਾਡੀ ਸੰਸਥਾ ਦੇ ਡਾਇਰੈਕਟਰ ਦਾ ਇਹ ਦੱਸਣ ਲਈ ਫੋਨ ਆਇਆ ਕਿ ਪੁਲਿਸ ਨੇ ਸਾਡੇ ਕੈਂਪਸ ਵਿਚ ਰੇਡ ਪਾਈ ਹੈ ਅਤੇ ਉਹ ਮੈਨੂੰ ਭਾਲ ਰਹੇ ਸਨ, ਮੈਂ ਕੁਝ ਪਲਾਂ ਲਈ ਮੌਨ ਹੋ ਗਿਆ। ਮੈਂ ਕਿਸੇ ਦਫਤਰੀ ਕੰਮ ਕਾਰਨ ਕੁਝ ਘੰਟੇ ਪਹਿਲਾਂ ਹੀ ਮੁੰਬਈ ਆਇਆ ਸੀ ਅਤੇ ਮੇਰੀ ਪਤਨੀ ਮੈਥੋਂ ਕੁਝ ਚਿਰ ਪਹਿਲਾਂ ਹੀ ਆਈ ਸੀ।

ਜਦ ਮੈਨੂੰ ਉਨ੍ਹਾਂ ਵਿਅਕਤੀਆਂ ਦੀਆਂ ਗ੍ਰਿਫਤਾਰੀਆਂ ਬਾਰੇ ਪਤਾ ਲੱਗਾ, ਜਿਨ੍ਹਾਂ ਦੇ ਘਰਾਂ ਵਿਚ ਉਸ ਦਿਨ ਰੇਡ ਪਈ ਸੀ, ਮੈਂ ਇਸ ਗੱਲ ਤੋਂ ਕੰਬ ਉਠਿਆ ਕਿ ਮੈਂ ਹੋਣੀ ਤੋਂ ਵਾਲ-ਵਾਲ ਬਚਿਆ ਹਾਂ। ਪੁਲਿਸ ਮੇਰੇ ਥਾਂ-ਟਿਕਾਣੇ ਬਾਰੇ ਜਾਣਦੀ ਸੀ ਅਤੇ ਮੈਨੂੰ ਗ੍ਰਿਫਤਾਰ ਵੀ ਕਰ ਸਕਦੀ ਸੀ, ਫਿਰ ਵੀ ਉਨ੍ਹਾਂ ਨੇ ਇੰਜ ਕਿਉਂ ਨਹੀਂ ਕੀਤਾ, ਇਸ ਦਾ ਕਾਰਨ ਸਿਰਫ ਉਨ੍ਹਾਂ ਨੂੰ ਹੀ ਪਤਾ ਹੈ। ਸਾਡੇ ਸਕਿਓਰਿਟੀ ਗਾਰਡ ਕੋਲੋਂ ਜਬਰਨ ਘਰ ਦੀ ਦੂਜੀ ਚਾਬੀ ਲੈ ਕੇ ਉਨ੍ਹਾਂ ਸਾਡਾ ਘਰ ਜ਼ਰੂਰ ਖੋਲ੍ਹਿਆ, ਪਰ ਇਸ ਦੀ ਵੀਡੀਓ ਵੀ ਬਣਾਈ ਅਤੇ ਮੁੜ ਤਾਲਾ ਲਾ ਦਿੱਤਾ।

ਇਥੋਂ ਹੀ ਸਾਡੇ ਲਈ ਔਖੀਆਂ ਘੜੀਆਂ ਸ਼ੁਰੂ ਹੋ ਗਈਆਂ। ਆਪਣੇ ਵਕੀਲਾਂ ਦੇ ਮਸ਼ਵਰੇ ਤੇ ਮੇਰੀ ਪਤਨੀ ਨੇ ਗੋਆ ਜਾਣ ਵਾਲੀ ਅਗਲੀ ਹੀ ਫਲਾਈਟ ਫੜ ਲਈ ਅਤੇ ਉਥੇ ਪਹੁੰਚ ਕੇ ਬਿਚੋਲਿੰਮ ਥਾਣੇ ਵਿਚ ਇਸ ਬਾਰੇ ਸ਼ਿਕਾਇਤ ਦਰਜ ਕਰਵਾਈ ਕਿ ਪੁਲਿਸ ਨੇ ਸਾਡੀ ਗੈਰ-ਹਾਜ਼ਰੀ ਵਿਚ ਸਾਡਾ ਘਰ ਖੋਲ੍ਹਿਆ ਹੈ, ਤੇ ਅਸੀਂ ਇਸ ਲਈ ਬਿਲਕੁਲ ਵੀ ਜ਼ਿੰਮੇਵਾਰ ਨਹੀਂ ਹੋਵਾਂਗੇ ਜੇ ਉਨ੍ਹਾਂ ਨੇ ਕੁਝ ਵੀ ਰੱਖ ਦਿੱਤਾ ਹੋਵੇ। ਉਸ ਨੇ ਆਪਣੇ ਆਪ ਹੀ ਪੁਲਿਸ ਨੂੰ ਸਾਡੇ ਫੋਨ ਨੰਬਰ ਵੀ ਦਿੱਤੇ ਤਾਂ ਜੋ ਪੁਲਿਸ ਸਾਡੇ ਕੋਲੋਂ ਲੋੜੀਂਦੀ ਪੁੱਛ-ਗਿੱਛ ਕਰ ਸਕੇ।


ਬਹੁਤ ਹੀ ਅਜੀਬ ਢੰਗ ਨਾਲ, ਪੁਲਿਸ ਨੇ ਆਪਣੀ ਮਾਓਵਾਦੀ ਕਹਾਣੀ ਸ਼ੁਰੂ ਕਰਨ ਦੇ ਨਾਲ ਹੀ ਪ੍ਰੈਸ ਕਾਨਫਰੰਸਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਹ ਸਾਫ ਤੌਰ 'ਤੇ ਮੇਰੇ ਅਤੇ ਹੋਰਨਾਂ ਬਾਰੇ ਜੋ ਮੀਡੀਆ ਦੇ ਇਸ਼ਾਰਿਆਂ ਉਤੇ ਉਦੋਂ ਗ੍ਰਿਫਤਾਰ ਹੋਏ ਸਨ, ਲੋਕਾਂ ਵਿਚ ਭਰਮ ਫੈਲਾਉਣ ਲਈ ਕੀਤੀਆਂ ਗਈਆਂ। 31 ਅਗਸਤ, 2018 ਦੀ ਅਜਿਹੀ ਹੀ ਇੱਕ ਪ੍ਰੈਸ ਕਾਨਫਰੰਸ ਦੌਰਾਨ, ਇੱਕ ਪੁਲਿਸ ਅਫਸਰ ਨੇ ਪਿਛਲੀਆਂ ਗ੍ਰਿਫਤਾਰੀਆਂ ਵਿਚੋਂ ਕਿਸੇ ਦੇ ਕੰਪਿਊਟਰ ਵਿਚੋਂ ਕਥਿਤ ਤੌਰ ਬਰਾਮਦ ਹੋਈ ਇੱਕ ਚਿੱਠੀ ਨੂੰ ਮੇਰੇ ਖਿਲਾਫ ਸਬੂਤ ਵਜੋਂ ਪੇਸ਼ ਕੀਤਾ।

ਇਸ ਚਿੱਠੀ ਵਿਚ ਇੱਕ ਅਕਾਦਮਿਕ ਕਾਨਫਰੰਸ ਬਾਰੇ ਜਾਣਕਾਰੀ ਸੀ ਜਿਸ ਵਿਚ ਮੈਂ ਸ਼ਾਮਿਲ ਹੋਇਆ ਸੀ ਜੋ ਅਮਰੀਕਨ ਯੂਨੀਵਰਸਿਟੀ ਆਫ ਪੈਰਿਸ ਦੀ ਵੈੱਬਸਾਈਟ ਉਤੇ ਵੀ ਹੈ। ਪਹਿਲਾਂ-ਪਹਿਲ ਮੈਂ ਇਸ ਉਪਰ ਹੱਸਿਆ, ਫਿਰ ਇਸ ਅਧਿਕਾਰੀ ਵਿਰੁਧ ਸਿਵਲ ਅਤੇ ਅਪਰਾਧਿਕ ਮਾਣਹਾਨੀ ਦਾ ਕੇਸ ਕੀਤਾ ਅਤੇ 5 ਸਤੰਬਰ, 2018 ਨੂੰ ਬਣਦੀ ਵਿਧੀ ਦੁਆਰਾ ਇਸ ਬਾਰੇ ਕਾਰਵਾਈ ਕਰਨ ਲਈ ਮਹਾਂਰਾਸ਼ਟਰ ਸਰਕਾਰ ਨੂੰ ਚਿੱਠੀ ਭੇਜੀ ਪਰ ਅੱਜ ਤੱਕ ਵੀ ਇਸ ਬਾਰੇ ਸਰਕਾਰ ਵਲੋਂ ਕੋਈ ਜਵਾਬ ਨਹੀਂ ਆਇਆ। ਉਂਜ, ਹਾਈ ਕੋਰਟ ਦੀ ਫਟਕਾਰ ਮਗਰੋਂ ਇਹ ਪ੍ਰੈਸ ਕਾਨਫਰੰਸਾਂ ਬੰਦ ਕਰ ਦਿੱਤੀਆਂ ਗਈਆਂ ਸਨ।

ਇਸ ਪੂਰੇ ਕੇਸ ਵਿਚ ਆਰ. ਐਸ. ਐਸ. ਦਾ ਹੱਥ ਹੋਣ ਦੀ ਗੱਲ ਕਦੇ ਵੀ ਲੁਕੀ ਨਹੀਂ ਸੀ। ਮੇਰੇ ਮਰਾਠੀ ਦੋਸਤਾਂ ਨੇ ਮੈਨੂੰ ਦੱਸਿਆ ਕਿ ਸੰਘ ਦੇ ਇੱਕ ਮੈਂਬਰ ਰਮੇਸ਼ ਪਤੰਗੇ ਨੇ ਉਨ੍ਹਾਂ ਦੇ ਰਸਾਲੇ 'ਪੰਚਜਨਯ' ਵਿਚ ਅਪਰੈਲ 2015 ਵਿਚ ਮੇਰੇ ਵਿਰੁਧ ਲੇਖ ਲਿਖਿਆ ਸੀ। ਉਸ ਵਿਚ ਮੇਰੀ, ਅਰੁੰਧਤੀ ਰਾਏ ਅਤੇ ਗੇਲ ਓਮਵੈਟ ਦੀ ਪਛਾਣ 'ਮਾਇਆਵੀ ਅੰਬੇਡਕਰਵਾਦੀ' ਵਜੋਂ ਕਰਵਾਈ ਗਈ ਸੀ।

'ਮਾਇਆਵੀ' ਹਿੰਦੂ ਮਿਥਿਹਾਸ ਵਿਚ ਨਸ਼ਟ ਹੋਣ ਵਾਲੇ ਰਾਖਸ਼ ਲਈ ਵਰਤਿਆ ਜਾਂਦਾ ਹੈ। ਸੁਪਰੀਮ ਕੋਰਟ ਤੋਂ ਮਿਲੀ ਸੁਰੱਖਿਆ ਦੇ ਬਾਵਜੂਦ ਜਦ ਮੈਨੂੰ ਪੁਣੇ ਪੁਲਿਸ ਦੁਆਰਾ ਗੈਰ-ਕਾਨੂੰਨੀ ਤਰੀਕੇ ਨਾਲ ਗ੍ਰਿਫਤਾਰ ਕੀਤਾ ਗਿਆ, ਉਸ ਸਮੇਂ ਹਿੰਦੂਤਵੀ ਸਾਈਬਰ ਗਰੋਹ ਵਲੋਂ ਮੇਰੇ ਵਿਕੀਪੀਡੀਆ ਪੇਜ ਨਾਲ ਛੇੜ-ਛਾੜ ਕੀਤੀ ਗਈ। ਇਹ ਪੇਜ ਜਨਤਕ ਪੇਜ ਹੈ ਅਤੇ ਕਈ ਸਾਲਾਂ ਤੱਕ ਮੈਂ ਇਸ ਬਾਰੇ ਜਾਣਦਾ ਵੀ ਨਹੀਂ ਸੀ।

ਉਨ੍ਹਾਂ ਨੇ ਪਹਿਲਾਂ ਸਾਰੀ ਜਾਣਕਾਰੀ ਡਿਲੀਟ ਕੀਤੀ ਅਤੇ ਸਿਰਫ ਅਜਿਹੀਆਂ ਗੱਲਾਂ ਲਿਖੀਆਂ, " ਇਸ ਦਾ ਭਰਾ ਮਾਓਵਾਦੀ ਹੈ... ਇਸ ਦੇ ਘਰ ਵਿਚ ਰੇਡ ਪਈ ਸੀ... ਮਾਓਵਾਦੀਆਂ ਨਾਲ ਸਬੰਧ ਹੋਣ ਕਾਰਨ ਇਸ ਦੀ ਗ੍ਰਿਫਤਾਰੀ ਹੋਈ ਸੀ..." ਆਦਿ। ਕੁਝ ਵਿਦਿਆਰਥੀਆਂ ਨੇ ਮੈਨੂੰ ਬਾਅਦ ਵਿਚ ਦੱਸਿਆ ਕਿ ਜਦ ਵੀ ਉਹ ਇਸ ਨੂੰ ਰੀਸਟੋਰ ਕਰਨ ਦੀ ਕੋਸ਼ਿਸ਼ ਕਰਦੇ ਜਾਂ ਇਸ ਨੂੰ ਅਡਿਟ ਕਰਦੇ, ਇਹ ਗਰੋਹ ਫਿਰ ਕਾਰਵਾਈ ਕਰਦਾ ਅਤੇ ਸਭ ਕੁਝ ਡਿਲੀਟ ਕਰ ਕੇ ਅਪਮਾਨਜਨਕ ਗੱਲਾਂ ਲਿਖ ਦਿੰਦੇ।




ਆਖਿਰਕਾਰ ਵਿਕੀਪੀਡੀਆ ਦੇ ਦਖਲ ਤੋਂ ਬਾਅਦ ਇਹ ਪੇਜ ਸਥਾਈ ਕਰ ਦਿੱਤਾ ਗਿਆ, ਭਾਵੇਂ ਉਨ੍ਹਾਂ ਵਲੋਂ ਕੀਤੀਆਂ ਕੁਝ ਅਪਮਾਨਜਨਕ ਟਿੱਪਣੀਆਂ ਉਥੇ ਮੌਜੂਦ ਰਹੀਆਂ। ਫਿਰ ਮੀਡੀਆ ਨੇ ਆਪਣੇ ਢੰਗ ਨਾਲ ਹਮਲਾ ਕੀਤਾ, ਆਰ. ਐਸ. ਐਸ. ਦੇ ਅਖੌਤੀ ਨਕਸਲ ਮਾਹਿਰਾਂ ਨੇ ਹਰ ਤਰ੍ਹਾਂ ਦੀਆਂ ਅਫਵਾਹਾਂ ਦਿਖਾਈਆਂ। ਇਨ੍ਹਾਂ ਚੈਨਲਾਂ ਵਿਰੁਧ ਮੇਰੀਆਂ ਸ਼ਿਕਾਇਤਾਂ, ਇੱਥੋਂ ਤੱਕ ਕਿ ਜਿਹੜੀਆਂ ਇੰਡੀਆ ਬਰਾਡਕਾਸਟਿੰਗ ਫੈਡਰੇਸ਼ਨ ਨੂੰ ਵੀ ਕੀਤੀਆਂ, ਦਾ ਵੀ ਮੈਨੂੰ ਕੋਈ ਜਵਾਬ ਨਹੀਂ ਆਇਆ।

ਫਿਰ ਅਕਤੂਬਰ 2019 ਵਿਚ ਪੈਗਾਸਸ ਦੀ ਕਹਾਣੀ ਸਾਹਮਣੇ ਆਈ ਕਿ ਸਰਕਾਰ ਨੇ ਹੋਰਨਾਂ ਵਾਂਗ ਮੇਰੇ ਫੋਨ ਵਿਚ ਇੱਕ ਇਜ਼ਰਾਇਲੀ ਸਪਾਈਵੇਅਰ ਪਾ ਦਿੱਤਾ ਹੈ। ਕੁਝ ਚਿਰ ਲਈ ਮੀਡੀਆ ਵਿਚ ਰੌਲਾ-ਰੱਪਾ ਪਿਆ ਪਰ ਇਹ ਗੰਭੀਰ ਮਾਮਲਾ ਵੀ ਆਪਣੀ ਮੌਤੇ ਆਪ ਮਰ ਗਿਆ।

ਮੈਂ ਸਾਦਾ ਜਿਹਾ ਇਨਸਾਨ ਹਾਂ ਜੋ ਆਪਣੀ ਰੋਟੀ ਇਮਾਨਦਾਰੀ ਨਾਲ ਕਮਾਉਂਦਾ ਹਾਂ ਅਤੇ ਜਿੰਨਾ ਹੋ ਸਕੇ, ਆਪਣੀਆਂ ਲਿਖਤਾਂ ਰਾਹੀਂ ਲੋਕਾਂ ਦੀ ਸਹਾਇਤਾ ਕਰਦਾ ਹਾਂ। ਦੇਸ਼ ਦੀ ਸੇਵਾ ਵਿਚ ਮੇਰੀ ਪੰਜ ਦਹਾਕਿਆਂ ਦੀ ਬੇਦਾਗ ਸੇਵਾ ਹੈ। ਅਧਿਆਪਕ, ਨਾਗਰਿਕ ਅਧਿਕਾਰ ਕਾਰਕੁਨ ਅਤੇ ਬੁੱਧੀਜੀਵੀ ਵਜੋਂ ਵੱਖ-ਵੱਖ ਭੂਮਿਕਾਵਾਂ ਨਿਭਾਈਆਂ ਹਨ। ਮੇਰੀਆਂ ਲਿਖਤਾਂ ਵਿਚ 30 ਕਿਤਾਬਾਂ, ਕਈ ਪੇਪਰ, ਲੇਖ, ਟਿੱਪਣੀਆਂ, ਕਾਲਮ, ਮੁਲਾਕਾਤਾਂ ਸ਼ਾਮਲ ਹਨ ਜੋ ਕੌਮਾਂਤਰੀ ਪੱਧਰ 'ਤੇ ਛਪੀਆਂ ਹਨ। ਇਨ੍ਹਾਂ ਵਿਚ ਕਿਤੇ ਵੀ ਹਿੰਸਾ ਦੇ ਸਮਰਥਨ ਜਾਂ ਕਿਸੇ ਵਿਨਾਸ਼ਕਾਰੀ ਅੰਦੋਲਨ ਦੇ ਪੱਖ ਵਿਚ ਕੁਝ ਨਹੀਂ ਲੱਭੇਗਾ ਪਰ ਮੇਰੀ ਜ਼ਿੰਦਗੀ ਦੇ ਆਖਰੀ ਪੜਾਅ ਵਿਚ ਮੇਰੇ ਉਤੇ ਯੂ. ਏ. ਪੀ. ਏ. ਵਰਗੇ ਕਠੋਰ ਕਾਨੂੰਨ ਤਹਿਤ ਸੰਗੀਨ ਜੁਰਮ ਦੇ ਦੋਸ਼ ਲਗਾਏ ਜਾ ਰਹੇ ਹਨ।

ਮੇਰੇ ਵਰਗਾ ਵਿਅਕਤੀ ਸਰਕਾਰ ਅਤੇ ਉਸ ਦੇ ਕਹਿਣੇ ਵਿਚ ਚਲ ਰਹੇ ਮੀਡੀਆ ਦੇ ਧੂੰਆਂਧਾਰ ਢੰਗ ਨਾਲ ਕੀਤੇ ਕੂੜ ਪ੍ਰਚਾਰ ਦਾ ਜਵਾਬ ਨਹੀਂ ਦੇ ਸਕਦਾ। ਇਸ ਕੇਸ ਦੇ ਵੇਰਵੇ ਨੈੱਟ ਉਤੇ ਕਾਫੀ ਪ੍ਰਚਾਰੇ ਗਏ ਹਨ। ਸਹੀ ਤੱਥ ਪੜ੍ਹ ਕੇ ਹਰ ਕਿਸੇ ਨੂੰ ਪਤਾ ਲੱਗ ਸਕਦਾ ਹੈ ਕਿ ਇਹ ਸਾਰਾ ਕੁਝ ਕਿਵੇਂ ਫਸਾਉਣ ਲਈ ਹੀ ਕੀਤਾ ਜਾ ਰਿਹਾ ਹੈ। ਇਸ ਸਬੰਧੀ ਕੁੱਲ ਹਿੰਦ ਸਿੱਖਿਆ ਅਧਿਕਾਰ ਮੰਚ ਦੀ ਵੈੱਬਸਾਈਟ ਉਤੇ ਦਿੱਤਾ ਗਿਆ ਨੋਟ ਪੜ੍ਹਿਆ ਜਾ ਸਕਦਾ ਹੈ। ਤੁਹਾਡੇ ਲਈ ਮੈਂ ਇਸ ਦਾ ਨਿਚੋੜ ਇਥੇ ਪੇਸ਼ ਕਰਦਾ ਹਾਂ:

ਇਸ ਕੇਸ ਵਿਚ ਪਹਿਲਾਂ ਗ੍ਰਿਫਤਾਰ ਹੋਏ ਲੋਕਾਂ ਦੇ ਕੰਪਿਊਟਰਾਂ ਵਿਚੋਂ ਪੁਲਿਸ ਵਲੋਂ ਕਥਿਤ ਤੌਰ 'ਤੇ ਬਰਾਮਦ ਹੋਈਆਂ 13 ਚਿੱਠੀਆਂ ਵਿਚੋਂ 5 ਦੇ ਆਧਾਰ 'ਤੇ ਮੈਨੂੰ ਫਸਾਇਆ ਜਾ ਰਿਹਾ ਹੈ। ਮੇਰੇ ਕੋਲੋਂ ਕੁਝ ਵੀ ਬਰਾਮਦ ਨਹੀਂ ਕੀਤਾ ਗਿਆ। ਉਸ ਚਿੱਠੀ ਵਿਚ ਕਿਸੇ 'ਆਨੰਦ' ਦਾ ਜ਼ਿਕਰ ਆਉਂਦਾ ਹੈ ਜੋ ਭਾਰਤ ਵਿਚ ਆਮ ਨਾਂ ਹੈ ਪਰ ਪੁਲਿਸ ਨੇ ਬਿਨਾਂ ਕੋਈ ਸਵਾਲ ਕੀਤਿਆਂ ਇਸ ਦੀ ਸ਼ਨਾਖਤ ਮੇਰੇ ਵਜੋਂ ਕੀਤੀ।

ਇਨ੍ਹਾਂ ਚਿੱਠੀਆਂ ਦੇ ਰੂਪ ਅਤੇ ਤੱਤ ਨੂੰ ਮਾਹਿਰਾਂ ਨੇ ਰੱਦ ਕੀਤਾ ਹੈ; ਇਥੋਂ ਤੱਕ ਕਿ ਸੁਪਰੀਮ ਕੋਰਟ ਦੇ ਇੱਕ ਜੱਜ ਨੇ ਵੀ ਅਜਿਹਾ ਹੀ ਕੀਤਾ ਹੈ। ਉਹ ਭਾਰਤੀ ਨਿਆਂਪਾਲਿਕਾ ਵਿਚੋਂ ਇਕੋ-ਇਕ ਜੱਜ ਹੈ ਜਿਸ ਨੇ ਸਬੂਤਾਂ ਦੀ ਸਥਿਤੀ ਬਾਰੇ ਸਵਾਲ ਕੀਤੇ। ਉਸ ਸਮੱਗਰੀ ਵਿਚ ਕੋਈ ਅਜਿਹਾ ਇਸ਼ਾਰਾ ਨਹੀਂ ਸੀ ਜਿਸ ਨਾਲ ਇਸ ਨੂੰ ਆਮ ਜੁਰਮ ਵੀ ਸਿੱਧ ਕੀਤਾ ਜਾ ਸਕਦਾ ਹੋਵੇ ਪਰ ਯੂ. ਏ. ਪੀ. ਏ. ਦੇ ਕਠੋਰ ਨਿਯਮਾਂ ਤਹਿਤ ਮੈਨੂੰ ਜੇਲ੍ਹ ਭੇਜਿਆ ਜਾ ਰਿਹਾ ਹੈ। ਇਹ ਉਹ ਨਿਯਮ ਹਨ ਜਿਨ੍ਹਾਂ ਤਹਿਤ ਕੋਈ ਆਪਣਾ ਬਚਾਅ (ਪੈਰਵਾਈ) ਵੀ ਨਹੀਂ ਕਰ ਸਕਦਾ।

ਤੁਹਾਨੂੰ ਸਮਝਾਉਣ ਲਈ ਕੇਸ ਹੇਠ ਲਿਖੇ ਵਾਂਗ ਦਰਸਾਇਆ ਜਾ ਸਕਦਾ ਹੈ:

ਅਚਾਨਕ, ਇੱਕ ਪੁਲਿਸ ਟੁਕੜੀ ਤੁਹਾਡੇ ਘਰ ਪਹੁੰਚ ਜਾਂਦੀ ਹੈ ਅਤੇ ਤੁਹਾਨੂੰ ਬਿਨਾਂ ਕੋਈ ਵਾਰੰਟ ਦਿਖਾਏ ਘਰ ਛਾਣ ਮਾਰਦੀ ਹੈ। ਅੰਤ ਵਿਚ ਉਹ ਤੁਹਾਨੂੰ ਗ੍ਰਿਫਤਾਰ ਕਰਦੇ ਹਨ ਅਤੇ ਹਵਾਲਾਤ ਵਿਚ ਸੁੱਟ ਦਿੰਦੇ ਹਨ। ਕੋਰਟ ਵਿਚ ਇਹ ਕਿਹਾ ਜਾਂਦਾ ਹੈ ਕਿ ਚੋਰੀ ਦੇ ਕੇਸ ਦੀ (ਜਾਂ ਕਿਸੇ ਸ਼ਿਕਾਇਤ ਦੀ) ਤਫਤੀਸ਼ ਦੌਰਾਨ 'ਐਕਸ' ਜਗ੍ਹਾ ਤੋਂ (ਭਾਰਤ ਵਿਚ ਕੋਈ ਵੀ ਥਾਂ ਚੁਣੀ ਜਾ ਸਕਦੀ ਹੈ) ਪੁਲਿਸ ਨੇ 'ਵਾਈ' ਤੋਂ ਪੈੱਨ ਡਰਾਈਵ ਜਾਂ ਕੰਪਿਊਟਰ ਬਰਾਮਦ ਕੀਤਾ ਹੈ ਜਿਸ ਵਿਚੋਂ ਕਿਸੇ ਪਾਬੰਦੀਸ਼ੁਦਾ ਜਥੇਬੰਦੀ ਦੇ ਕਿਸੇ ਮੈਂਬਰ ਵਲੋਂ ਲਿਖੀਆਂ ਕੁਝ ਚਿੱਠੀਆਂ ਬਰਾਮਦ ਹੋਈਆਂ ਹਨ ਜਿਸ ਵਿਚ ਕਿਸੇ 'ਜ਼ੇਡ' ਦਾ ਜ਼ਿਕਰ ਹੈ ਜੋ ਪੁਲਿਸ ਮੁਤਾਬਕ ਕੋਈ ਹੋਰ ਨਹੀਂ ਬਲਕਿ ਤੁਸੀਂ ਹੋ।

ਉਹ ਤੁਹਾਨੂੰ ਕਿਸੇ ਡੂੰਘੀ ਸਾਜਿਸ਼ ਦੇ ਹਿੱਸੇ ਵਜੋਂ ਪੇਸ਼ ਕਰਦੇ ਹਨ। ਤੁਸੀਂ ਇੱਕਦਮ ਮਹਿਸੂਸ ਕਰਦੇ ਹੋ ਕਿ ਇਸ ਕਾਰਨ ਤੁਹਾਡੀ ਦੁਨੀਆਂ ਉਲਟਾ ਕੇ ਰੱਖ ਦਿੱਤੀ ਗਈ ਹੈ। ਤੁਹਾਡੀ ਨੌਕਰੀ ਚਲੀ ਜਾਂਦੀ ਹੈ, ਤੁਹਾਡਾ ਪਰਿਵਾਰ ਬੇਘਰ ਹੋ ਜਾਂਦਾ ਹੈ, ਮੀਡੀਆ ਤੁਹਾਨੂੰ ਬਦਨਾਮ ਕਰ ਰਿਹਾ ਹੈ ਜਿਸ ਬਾਰੇ ਤੁਸੀਂ ਕੁਝ ਨਹੀਂ ਕਰ ਸਕਦੇ।

ਪੁਲਿਸ ਕੁਝ ਸੀਲਬੰਦ ਲਿਫਾਫੇ ਜੱਜਾਂ ਨੂੰ ਮਨਾਉਣ ਲਈ ਪੇਸ਼ ਕਰਦੀ ਹੈ ਕਿ ਤੁਹਾਡੇ ਖਿਲਾਫ ਪ੍ਰਤੱਖ ਕੇਸ ਹੈ ਜਿਸ ਲਈ ਤੁਹਾਡੇ ਕੋਲੋਂ ਹਿਰਾਸਤੀ ਪੁੱਛ-ਗਿੱਛ ਜ਼ਰੂਰੀ ਹੈ। ਕੋਈ ਸਬੂਤ ਨਾ ਹੋਣ ਬਾਰੇ ਸਭ ਦਲੀਲਾਂ ਦੀ ਕੋਈ ਪੁੱਛ-ਗਿੱਛ ਨਹੀਂ ਕੀਤੀ ਜਾਏਗੀ ਕਿਉਂਕਿ ਜੱਜ ਇਹ ਜਵਾਬ ਦੇਣਗੇ ਕਿ ਇਹ ਸਭ ਤਫਤੀਸ਼ ਵਿਚ ਦੇਖਿਆ ਜਾਵੇਗਾ। ਹਿਰਾਸਤੀ ਪੁੱਛ-ਗਿੱਛ ਮਗਰੋਂ ਤੁਹਾਨੂੰ ਜੇਲ੍ਹ ਵਿਚ ਭੇਜ ਦਿੱਤਾ ਜਾਵੇਗਾ।

ਤੁਸੀਂ ਜ਼ਮਾਨਤ ਲਈ ਬੇਨਤੀ ਕਰੋਗੇ ਪਰ ਅਦਾਲਤਾਂ ਉਸ ਨੂੰ ਬਰਖਾਸਤ ਕਰ ਦੇਣਗੀਆਂ, ਕਿਉਂਕਿ ਇਤਿਹਾਸਕ ਅੰਕੜੇ ਇਹ ਦਰਸਾਉਂਦੇ ਹਨ ਕਿ ਜਦੋਂ ਤਕ ਤੁਹਾਨੂੰ ਜ਼ਮਾਨਤ ਮਿਲਦੀ ਹੈ ਜਾਂ ਤੁਸੀਂ ਬਰੀ ਹੁੰਦੇ ਹੋ, ਉਦੋਂ ਤਕ ਤੁਸੀਂ ਜੇਲ੍ਹ ਅੰਦਰ 4 ਤੋਂ 10 ਸਾਲ ਸੜ ਚੁੱਕੇ ਹੁੰਦੇ ਹੋ।

ਤੇ ਇਹ ਕਿਸੇ ਨਾਲ ਵੀ ਵਾਪਰ ਸਕਦਾ ਹੈ। 'ਰਾਸ਼ਟਰ' ਦੇ ਨਾਮ 'ਤੇ ਅਜਿਹੇ ਸਖਤ ਕਾਨੂੰਨ ਜੋ ਬੇਕਸੂਰ ਲੋਕਾਂ ਨੂੰ ਉਨ੍ਹਾਂ ਦੀ ਆਜ਼ਾਦੀ ਅਤੇ ਸੰਵਿਧਾਨਿਕ ਹੱਕਾਂ ਤੋਂ ਵਿਰਵੇ ਕਰਦੇ ਹੋਣ, ਨੂੰ ਸੰਵਿਧਾਨਕ ਮਾਨਤਾ ਦਿੱਤੀ ਗਈ ਹੈ। ਸਿਆਸੀ ਜਮਾਤ ਜਨੂੰਨੀ ਰਾਸ਼ਟਰ ਅਤੇ ਰਾਸ਼ਟਰਵਾਦ ਨੂੰ ਅਸਹਿਮਤੀ ਨੂੰ ਖਤਮ ਕਰਨ ਅਤੇ ਲੋਕਾਂ ਦੇ ਧਰੁਵੀਕਰਨ ਲਈ ਹਥਿਆਰ ਵਜੋਂ ਵਰਤ ਰਹੀ ਹੈ। ਇਸ ਜਨਤਕ ਜਨੂੰਨ ਨੇ ਪੂਰਨ ਤੌਰ 'ਤੇ ਤਰਕਹੀਣਤਾ ਫੈਲਾਈ ਹੈ ਅਤੇ ਅਰਥਾਂ ਨੂੰ ਉਲਟਾ ਦਿੱਤਾ ਹੈ ਜਿਸ ਨਾਲ ਦੇਸ਼ ਦੇ ਵਿਨਾਸ਼ਕ 'ਦੇਸ਼ ਭਗਤ' ਬਣ ਜਾਂਦੇ ਹਨ ਅਤੇ ਲੋਕਾਂ ਦੀ ਨਿਰਸਵਾਰਥ ਸੇਵਾ ਕਰਨ ਵਾਲੇ 'ਦੇਸ਼ਧਰੋਹੀ' ਬਣਾ ਦਿੱਤ ਜਾਂਦੇ ਹਨ। ਜਦ ਮੈਂ ਆਪਣੇ ਭਾਰਤ ਨੂੰ ਬਰਬਾਦ ਹੁੰਦਿਆਂ ਦੇਖ ਰਿਹਾ ਹਾਂ, ਤਾਂ ਮੈਂ ਬਹੁਤ ਮੱਧਮ ਜਿਹੀ ਉਮੀਦ ਨਾਲ ਇਸ ਗੰਭੀਰ ਸਥਿਤੀ ਵਿਚ ਆਪ ਨੂੰ ਇਹ ਲਿਖ ਰਿਹਾ ਹਾਂ।

ਖੈਰ, ਮੈਂ ਐਨ. ਆਈ. ਏ. ਦੀ ਹਿਰਾਸਤ ਵਿਚ ਜਾਣ ਲਈ ਰਵਾਨਾ ਹੋ ਰਿਹਾ ਹਾਂ ਤੇ ਇਹ ਨਹੀਂ ਜਾਣਦਾ ਕਿ ਦੁਬਾਰਾ ਕਦ ਮੈਂ ਤੁਹਾਡੇ ਨਾਲ ਗੱਲ ਕਰ ਸਕਾਂਗਾ ਪਰ ਮੈਂ ਦਿਲੋਂ ਇਹ ਉਮੀਦ ਕਰਦਾ ਹਾਂ ਕਿ ਤੁਸੀਂ ਆਪਣੀ ਵਾਰੀ ਆਉਣ ਤੋਂ ਪਹਿਲਾਂ ਬੋਲੋਗੇ।



*ਆਨੰਦ ਤੇਲਤੁੰਬੜੇ ਨੂੰ ਗ੍ਰਿਫਤਾਰ ਕਰਕੇ ਲਿਜਾ ਰਹੇ ਪੁਲਿਸ ਮੁਲਾਜ਼ਮ।*

***ਅਚਾਨਕ, ਇੱਕ ਪੁਲਿਸ ਟੁਕੜੀ ਤੁਹਾਡੇ ਘਰ ਪਹੁੰਚ ਜਾਂਦੀ ਹੈ ਅਤੇ ਤੁਹਾਨੂੰ ਬਿਨਾਂ ਕੋਈ ਵਾਰੰਟ ਦਿਖਾਏ ਘਰ ਛਾਣ ਮਾਰਦੀ ਹੈ। ਅੰਤ ਵਿਚ ਉਹ ਤੁਹਾਨੂੰ ਗ੍ਰਿਫਤਾਰ ਕਰਦੇ ਹਨ ਅਤੇ ਹਵਾਲਾਤ ਵਿਚ ਸੁੱਟ ਦਿੰਦੇ ਹਨ। ਕੋਰਟ ਵਿਚ ਇਹ ਕਿਹਾ ਜਾਂਦਾ ਹੈ ਕਿ ਚੋਰੀ ਦੇ ਕੇਸ ਦੀ (ਜਾਂ ਕਿਸੇ ਸ਼ਿਕਾਇਤ ਦੀ) ਤਫਤੀਸ਼ ਦੌਰਾਨ 'ਐਕਸ' ਜਗ੍ਹਾ ਤੋਂ (ਭਾਰਤ ਵਿਚ ਕੋਈ ਵੀ ਥਾਂ ਚੁਣੀ ਜਾ ਸਕਦੀ ਹੈ) ਪੁਲਿਸ ਨੇ 'ਵਾਈ' ਤੋਂ ਪੈੱਨ ਡਰਾਈਵ ਜਾਂ ਕੰਪਿਊਟਰ ਬਰਾਮਦ ਕੀਤਾ ਹੈ ਜਿਸ ਵਿਚੋਂ ਕਿਸੇ ਪਾਬੰਦੀਸ਼ੁਦਾ ਜਥੇਬੰਦੀ ਦੇ ਕਿਸੇ ਮੈਂਬਰ ਵਲੋਂ ਲਿਖੀਆਂ ਕੁਝ ਚਿੱਠੀਆਂ ਬਰਾਮਦ ਹੋਈਆਂ ਹਨ ਜਿਸ ਵਿਚ ਕਿਸੇ 'ਜ਼ੇਡ' ਦਾ ਜ਼ਿਕਰ ਹੈ ਜੋ ਪੁਲਿਸ ਮੁਤਾਬਕ ਕੋਈ ਹੋਰ ਨਹੀਂ ਬਲਕਿ ਤੁਸੀਂ ਹੋ। ਉਹ ਤੁਹਾਨੂੰ ਕਿਸੇ ਡੂੰਘੀ ਸਾਜਿਸ਼ ਦੇ ਹਿੱਸੇ ਵਜੋਂ ਪੇਸ਼ ਕਰਦੇ ਹਨ। ਤੁਸੀਂ ਇੱਕਦਮ ਮਹਿਸੂਸ ਕਰਦੇ ਹੋ ਕਿ ਇਸ ਕਾਰਨ ਤੁਹਾਡੀ ਦੁਨੀਆਂ ਉਲਟਾ ਕੇ ਰੱਖ ਦਿੱਤੀ ਗਈ ਹੈ। ਤੁਹਾਡੀ ਨੌਕਰੀ ਚਲੀ ਜਾਂਦੀ ਹੈ, ਤੁਹਾਡਾ ਪਰਿਵਾਰ ਬੇਘਰ ਹੋ ਜਾਂਦਾ ਹੈ, ਮੀਡੀਆ ਤੁਹਾਨੂੰ ਬਦਨਾਮ ਕਰ ਰਿਹਾ ਹੈ ਜਿਸ ਬਾਰੇ ਤੁਸੀਂ ਕੁਝ ਨਹੀਂ ਕਰ ਸਕਦੇ। ਹਿਰਾਸਤੀ ਪੁੱਛ-ਗਿੱਛ ਮਗਰੋਂ ਤੁਹਾਨੂੰ ਜੇਲ੍ਹ ਵਿਚ ਭੇਜ ਦਿੱਤਾ ਜਾਵੇਗਾ।***

# ਕਰਫਿਊ ਦੌਰਾਨ ਪੁਲਿਸ ਤਸ਼ੱਦਦ ਵਿਚੋਂ ਪਟਿਆਲਾ ਸਮੇਤ ਉਪਜੀਆਂ ਹੋਰ ਘਟਨਾਵਾਂ ਚਿੰਤਾਜਨਕ

**ਨਿਊ ਯਾਰਕ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਕੋਆਰਡੀਨੇਸ਼ਨ ਕਮੇਟੀ ਨੇ ਟੈਲੀ ਕਾਨਫਰੰਸ ਕਰਕੇ ਬੀਤੇ ਦਿਨੀਂ ਪਟਿਆਲਾ ਦੇ ਸਨੌਰ ਰੋਡ 'ਤੇ ਸਥਿਤ ਸਬਜ਼ੀ ਮੰਡੀ ਵਿਚ ਵਾਪਰੀ ਘਟਨਾ ਅਤੇ ਹੋਰ ਮਸਲਿਆਂ 'ਤੇ ਡੂੰਘੀ ਵਿਚਾਰ ਕੀਤੀ। ਵੱਖ ਵੱਖ ਦੇਸ਼ਾਂ ਤੋਂ ਕਰੀਬ 20 ਕਾਰਕੁਨਾਂ ਨੇ ਇਸ ਟੈਲੀ ਕਾਨਫਰੰਸ ਵਿਚ ਹਿੱਸਾ ਲਿਆ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਕੈਨੇਡਾ ਦੇ ਕਿਊਬਿਕ ਸੂਬੇ ਦੇ ਪ੍ਰਧਾਨ ਮਨਵੀਰ ਸਿੰਘ ਦੀ ਬੇਨਤੀ 'ਤੇ ਰੱਖੀ ਗਈ ਟੈਲੀ ਕਾਨਫਰੰਸ ਵਿਚ ਸਰਬਸੰਮਤੀ ਨਾਲ ਪਟਿਆਲਾ ਘਟਨਾ ਵਿਚ ਪੰਜਾਬ ਪੁਲਿਸ ਦੇ ਰਵੱਈਏ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ। ਨਾਲ ਹੀ ਪੁਲਿਸ ਅਫਸਰ, ਜਿਸ ਦਾ ਗੁੱਟ ਤੋਂ ਹੱਥ ਵੱਢਿਆ ਗਿਆ, ਨਾਲ ਹਮਦਰਦੀ ਪ੍ਰਗਟ ਕਰਦਿਆਂ ਉਸ ਦੀ ਸਿਹਤਯਾਬੀ ਦੀ ਕਾਮਨਾ ਕੀਤੀ ਗਈ।

ਕੋਆਰਡੀਨੇਸ਼ਨ ਕਮੇਟੀ ਨੇ ਪੰਜਾਬ ਪੁਲਿਸ ਵਲੋਂ ਲੌਕਡਾਊਨ ਦੌਰਾਨ ਕੀਤੀ ਗਈ ਲੋਕਾਂ ਦੀ ਕੁੱਟਮਾਰ ਦਾ ਸਖਤ ਨੋਟਿਸ ਲੈਂਦਿਆਂ ਕਿਹਾ ਹੈ ਕਿ ਇਹੀ ਕਾਰਨ ਹੈ ਕਿ ਕਰੋਨਾ ਮਹਾਮਾਰੀ ਦੇ ਸਤਾਏ ਲੋਕਾਂ ਨੂੰ ਪੁਲਿਸ ਦੇ ਰਵੱਈਏ ਨੇ ਹੋਰ ਵੀ ਦੁਖੀ ਕੀਤਾ ਹੈ। ਪਟਿਆਲਾ ਵਿਖੇ ਲੰਗਰ ਲਈ ਸਬਜ਼ੀ ਲੈਣ ਗਏ ਸਿੰਘਾਂ ਨਾਲ ਤਕਰਾਰ ਕੇਸ ਨਾਲ ਜੁੜੇ ਤੱਥਾਂ ਨੂੰ ਘੋਖਦਿਆਂ ਪੰਜਾਬ ਪੁਲਿਸ ਵਲੋਂ ਜੋ ਗ੍ਰਿਫਤਾਰੀਆਂ ਦੀ ਮੁਹਿੰਮ ਵਿੱਢੀ ਗਈ ਹੈ, ਉਹ ਇਸ ਤੋਂ ਵੀ ਵੱਧ ਦੁਖਦਾਈ ਹੈ। ਕਾਨਫਰੰਸ ਵਿਚ 11 ਜਣਿਆਂ ਦੀ ਗ੍ਰਿਫਤਾਰੀ, ਜਿਸ ਵਿਚ ਦੋ ਬੀਬੀਆਂ ਵੀ ਸ਼ਾਮਲ ਹਨ, 'ਤੇ ਚਿੰਤਾ ਪ੍ਰਗਟ ਕਰਦਿਆਂ ਪੁਲਿਸ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਖਬਰ ਲਿਖੇ ਜਾਣ ਤੱਕ ਇੱਕ ਬੀਬੀ ਸਮੇਤ 4 ਜਣਿਆਂ ਨੂੰ ਰਿਹਾ ਕਰ ਦਿੱਤਾ ਗਿਆ ਹੈ।

ਪਟਿਆਲਾ ਘਟਨਾ ਦੀ ਰਿਪੋਰਟਿੰਗ ਕਰਦਿਆਂ ਪੰਜਾਬ ਪੁਲਿਸ ਦੇ ਰਵੱਈਏ 'ਤੇ ਸੁਆਲ ਚੁੱਕਣ ਵਾਲੇ ਪੱਤਰਕਾਰ ਭੁਪਿੰਦਰ ਸਿੰਘ ਸੱਜਣ ਦੀ ਘਰੋਂ ਗ੍ਰਿਫਤਾਰੀ ਕਰਕੇ ਉਸ ਨੂੰ ਜੇਲ੍ਹ ਵਿਚ ਸੁੱਟਣਾ ਸਰਾਸਰ ਧੱਕੇਸ਼ਾਹੀ ਹੈ। ਭੁਪਿੰਦਰ ਸਿੰਘ ਸੱਜਣ ਦੀ ਰਿਹਾਈ ਦੀ ਮੰਗ ਕਰਦਿਆਂ ਟੈਲੀ ਕਾਨਫਰੰਸ ਵਿਚ ਸਮੂਹ ਮੈਂਬਰਾਂ ਨੂੰ ਕਿਹਾ ਗਿਆ ਹੈ ਕਿ ਉਹ ਆਪੋ ਆਪਣੇ ਦੇਸ਼ ਦੀਆਂ ਸਰਕਾਰਾਂ ਨੂੰ ਚਿੱਠੀਆਂ ਲਿਖ ਕੇ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਦੀ ਤਾਨਾਸ਼ਾਹੀ ਤੋਂ ਜਾਣੂ ਕਰਵਾਉਣ।

ਟੈਲੀ ਕਾਨਫਰੰਸ ਵਿਚ ਇਹ ਗੱਲ ਵੀ ਵਿਚਾਰੀ ਗਈ ਕਿ ਲੁਧਿਆਣਾ ਦੇ ਗਗਨਦੀਪ ਸਿੰਘ ਦੇ ਖੁਦਕੁਸ਼ੀ ਕੇਸ ਵਿਚ ਉਸ ਵਲੋਂ ਛੱਡੇ ਗਏ ਲਿਖਤੀ ਨੋਟ ਵਿਚ ਕਿਹਾ ਗਿਆ ਹੈ, ਜੱਗਾ ਨਾਂ ਦਾ ਪੁਲਿਸੀਆ ਉਸ ਤੋਂ 50 ਲੱਖ ਰੁਪਏ ਦੀ ਮੰਗ ਕਰ ਰਿਹਾ ਸੀ, ਜਿਸ ਕਾਰਨ ਉਹ ਪ੍ਰੇਸ਼ਾਨ ਸੀ। ਫਲਸਰੂਪ ਉਸ ਨੇ ਖੁਦਕੁਸ਼ੀ ਕਰਨ ਦਾ ਫੈਸਲਾ ਲੈ ਲਿਆ। ਖਬਰਾਂ ਅਨੁਸਾਰ ਪੁਲਿਸ ਵਲੋਂ ਲਿਖਤੀ ਨੋਟ ਦੀ ਪ੍ਰਮਾਣਿਕਤਾ ਦੀ ਜਾਂਚ ਕਰਵਾਈ ਜਾ ਰਹੀ ਹੈ।

ਇਸੇ ਤਰ੍ਹਾਂ ਹੀ 17 ਅਪਰੈਲ 2020 ਨੂੰ ਪਟਿਆਲਾ ਵਿਚ 45 ਸਾਲਾ ਭੁਪਿੰਦਰ ਸਿੰਘ, ਜੋ ਘਰੋਂ ਦੁੱਧ ਲੈਣ ਲਈ ਦੁਕਾਨ 'ਤੇ ਗਿਆ ਸੀ, ਦੀ ਪੁਲਿਸ ਨੇ ਭਾਰੀ ਕੁੱਟਮਾਰ ਕੀਤੀ। ਬੇਇੱਜਤੀ ਨਾ ਸਹਾਰਦਿਆਂ ਭੁਪਿੰਦਰ ਸਿੰਘ ਨੇ ਸ਼ਾਮ ਨੂੰ ਘਰ ਵਿਚ ਹੀ ਫਾਹਾ ਲੈ ਲਿਆ। ਪੁਲਿਸ ਭਾਵੇਂ ਇਸ ਕੇਸ ਪਿਛੇ ਕਾਰਨ ਘਰ ਦਾ ਕਲੇਸ਼ ਦੱਸ ਰਹੀ ਹੈ, ਜਦਕਿ ਭੁਪਿੰਦਰ ਸਿੰਘ ਦੀ ਪਤਨੀ ਅਤੇ ਉਸ ਦੀ ਨੌਜੁਆਨ ਧੀ ਨੇ ਇਸ ਪਿਛੇ ਕਾਰਨ ਪੁਲਿਸ ਦੀ ਕੁੱਟਮਾਰ ਨੂੰ ਦੱਸਿਆ ਹੈ।

ਕੋਆਰਡੀਨੇਸ਼ਨ ਕਮੇਟੀ ਨੇ ਭਗਵੰਤ ਮਾਨ, ਹਰਵਿੰਦਰ ਫੂਲਕਾ, ਕੈਪਟਨ ਅਮਰਿੰਦਰ ਸਿੰਘ ਅਤੇ ਹੋਰਨਾਂ ਸਿਆਸਤਦਾਨਾਂ, ਜਿਨ੍ਹਾਂ ਨੇ ਤੱਥ ਜਾਣਨ ਤੋਂ ਬਿਨਾ ਹੀ ਪੰਜਾਬ ਪੁਲਿਸ ਦੀ ਬੁਰਛਾਗਰਦੀ ਨੂੰ ਨਜ਼ਰਅੰਦਾਜ਼ ਕਰਕੇ ਨਿਹਿੰਗ ਸਿੰਘਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ, ਦਾ ਸਖਤ ਨੋਟਿਸ ਲੈਂਦਿਆਂ ਉਨ੍ਹਾਂ ਨੂੰ ਸਿੱਖਾਂ ਪ੍ਰਤੀ ਜ਼ਹਿਰ ਉਗਲਣ ਤੋਂ ਬਾਜ਼ ਆਉਣ ਦੀ ਚਿਤਾਵਨੀ ਦਿੱਤੀ ਹੈ। ਇਸ ਤੋਂ ਇਲਾਵਾ ਸੋਸ਼ਲ ਮੀਡੀਆ 'ਤੇ ਨਿਹੰਗ ਸਿੰਘਾਂ ਖਿਲਾਫ ਘਟੀਆ ਸ਼ਬਦਾਵਲੀ ਵਰਤਣ ਅਤੇ ਇੱਕ ਪਾਸੜ ਸੋਚ ਤੇ ਪਹੁੰਚ ਅਪਨਾਉਂਦਿਆਂ ਨਿਹੰਗਾਂ ਨੂੰ ਦੋਸ਼ੀ ਠਹਿਰਾਉਣ ਦਾ ਨੋਟਿਸ ਲਿਆ ਗਿਆ।

ਟੈਲੀ ਕਾਨਫਰੰਸ ਵਿਚ ਬੂਟਾ ਸਿੰਘ ਖੜੌਦ, ਸੁਖਮਿੰਦਰ ਸਿੰਘ ਹੰਸਰਾ, ਸੁਰਜੀਤ ਸਿੰਘ ਕੁਲਾਰ, ਮੱਖਣ ਸਿੰਘ ਕਲੇਰ, ਪਰਮਿੰਦਰ ਸਿੰਘ ਪਾਂਗਲੀ, ਗੁਰਜੋਤ ਸਿੰਘ, ਪਰਮਜੀਤ ਸਿੰਘ ਸੋਹਲ, ਮਨਦੀਪ ਸਿੰਘ, ਸੋਹਣ ਸਿੰਘ, ਹਰਪ੍ਰੀਤ ਸਿੰਘ, ਰਣਜੀਤ ਸਿੰਘ, ਮਨਵੀਰ ਸਿੰਘ, ਚੈਨ ਸਿੰਘ ਫਰਾਂਸ, ਰੁਪਿੰਦਰ ਸਿੰਘ ਬਾਠ, ਜੀਤ ਸਿੰਘ ਆਲੋਅਰਖ, ਕਰਨੈਲ ਸਿੰਘ, ਸੁਖਜੀਵਨ ਸਿੰਘ ਅਤੇ ਇੰਦਰਜੀਤ ਸਿੰਘ ਮੈਂਬਰਾਂ ਨੇ ਆਪਣੇ ਵਿਚਾਰ ਹਿੱਸਾ ਲਿਆ।

# ਚੀਨ 'ਚ ਕਰੋਨਾ ਵਾਇਰਸ ਮੁੜ ਉਠਣ ਦਾ ਅਜੇ ਵੀ ਖਤਰਾ

**ਪੇਈਚਿੰਗ:** ਚੀਨ ਦੇ ਇਕ ਸਿਖਰਲੇ ਮੈਡੀਕਲ ਮਾਹਿਰ ਨੇ ਚਿਤਾਵਨੀ ਦਿੱਤੀ ਹੈ ਕਿ ਚੀਨ ਤੇ ਹੋਰਨਾਂ ਮੁਲਕਾਂ ਵਿਚ ਨਵੰਬਰ ਵਿਚ ਮੁੜ ਤੋਂ ਕਰੋਨਾ ਵਾਇਰਸ ਦੀ ਲਾਗ ਫੈਲ ਸਕਦੀ ਹੈ। ਇਹ ਚਿਤਾਵਨੀ ਅਜਿਹੇ ਮੌਕੇ ਦਿੱਤੀ ਗਈ ਹੈ ਜਦੋਂ ਕਰੀਬ ਤਿੰਨ ਮਹੀਨੇ ਤੱਕ ਮਹਾਮਾਰੀ ਨਾਲ ਲੜਨ ਮਗਰੋਂ ਵਿਸ਼ਵ ਦੇ ਸਭ ਤੋਂ ਵੱਡੇ ਅਰਥਚਾਰੇ ਚੀਨ ਵਿਚ ਹਾਲਾਤ ਹੌਲੀ ਹੌਲੀ ਆਮ ਵਾਂਗ ਹੋਣ ਲੱਗੇ ਹਨ।

ਸ਼ੰਘਾਈ ਵਿਚ ਕੋਵਿਡ-19 ਮਾਹਿਰ ਟੀਮ ਅਤੇ ਸ਼ਹਿਰ ਦੇ ਸਿਖਰਲੇ ਹਸਪਤਾਲ ਵਿਚ ਲਾਗ ਨਾਲ ਸਬੰਧਤ ਰੋਗ ਵਿਭਾਗ ਦੇ ਮੁਖੀ ਝਾਂਗ ਵੇਹੋਂਗ ਨੂੰ ਇਹ ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਦਾ ਮੁਲਕ ਮੁੜ-ਮੁੜ ਉਭਰਨ ਵਾਲੀ ਮਹਾਮਾਰੀ ਪ੍ਰਤੀ ਨਰਮ ਰੁਖ ਅਪਣਾਏਗਾ।

ਝਾਂਗ ਨੇ ਕਿਹਾ ਕਿ ਕੁੱਲ ਆਲਮ ਦੇ ਮੁਲਕ ਪਤਝੜ ਦੇ ਮੌਸਮ ਤੱਕ ਕਰੋਨਾ ਵਾਇਰਸ ਮਹਾਮਾਰੀ 'ਤੇ ਕਾਫੀ ਹੱਦ ਤੱਕ ਕੰਟਰੋਲ ਕਰ ਲੈਣਗੇ, ਪਰ ਉਨ੍ਹਾਂ ਕਿਹਾ ਕਿ ਆਗਾਮੀ ਸਰਦੀਆਂ ਦੇ ਮੌਸਮ ਵਿਚ ਚੀਨ ਤੇ ਹੋਰਨਾਂ ਮੁਲਕਾਂ ਨੂੰ ਇਸ ਮਹਾਮਾਰੀ ਦਾ ਮੁੜ ਟਾਕਰਾ ਕਰਨਾ ਪੈ ਸਕਦਾ ਹੈ। ਲਘੂ ਵੀਡੀਓਜ਼ ਬਣਾਉਣ ਲਈ ਮਕਬੂਲ ਪਲੇਟਫਾਰਮ 'ਕੁਆਇਸ਼ੋਅ' ਉਤੇ ਲਾਈਵ ਸਟ੍ਰੀਮਿੰਗ ਦੌਰਾਨ ਝਾਂਗ ਨੇ ਕਿਹਾ ਕਿ ਚੀਨ ਕੋਲ ਹੁਣ ਇਸ ਬਿਮਾਰੀ ਨੂੰ ਕਾਬੂ ਪਾਉਣ ਦਾ ਤਜਰਬਾ ਹੈ, ਜਿਸ ਤੋਂ ਭਾਵ ਹੈ ਕਿ ਇਸ ਸਾਲ ਦੇ ਆਖਿਰ ਤਕ ਇਸ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ ਤੇ ਇਸ ਨੂੰ ਕਾਬੂ ਵਿਚ ਰੱਖਣ ਲਈ ਨਾਟਕੀ ਤੇ ਸਖਤ ਉਪਾਅ ਦੁਹਰਾਉਣ ਦੀ ਲੋੜ ਨਹੀਂ ਪਏਗੀ। ਝਾਂਗ ਨੇ ਇਹ ਟਿੱਪਣੀ ਅਜਿਹੇ ਮੌਕੇ ਕੀਤੀ ਹੈ ਜਦੋਂ ਚੀਨ ਨੇ ਆਪਣੇ ਅਰਥਚਾਰੇ ਨੂੰ ਮੁੜ ਲੀਹਾਂ ਉਤੇ ਲਿਆਉਣ ਲਈ ਤਾਲਾਬੰਦੀ ਨੇਮਾਂ 'ਚ ਢਿੱਲ ਦੇਣੀ ਸ਼ੁਰੂ ਕੀਤੀ ਹੈ।

ਕਰੋਨਾ ਵਾਇਰਸ ਲਾਗ ਦਾ ਕੇਂਦਰ ਬਿੰਦੂ ਰਹੇ ਵੂਹਾਨ ਤੋਂ ਨਵੇਂ ਕੇਸ ਸਾਹਮਣੇ ਨਹੀਂ ਆ ਰਹੇ ਤੇ ਚੀਨ ਵਿਚ ਦਰਜ ਜ਼ਿਆਦਾਤਰ ਕੇਸ ਉਨ੍ਹਾਂ ਚੀਨੀ ਨਾਗਰਿਕਾਂ ਦੇ ਹਨ, ਜੋ ਵਿਦੇਸ਼ ਯਾਤਰਾ ਤੋਂ ਪਰਤੇ ਹਨ।

## ਚਮਗਿੱਦੜਾਂ ਦੀਆਂ 2 ਪ੍ਰਜਾਤੀਆਂ 'ਚ ਮਿਲੇ 'ਬੈਟ ਕਰੋਨਾ ਵਾਇਰਸ' ਦੇ ਲੱਛਣ

**ਵਾਸ਼ਿੰਗਟਨ:** ਚੀਨ ਪਿਛੋਂ ਹੁਣ ਭਾਰਤੀ ਚਮਗਿੱਦੜਾਂ 'ਚ ਵੀ 'ਬੈਟ ਕਰੋਨਾ ਵਾਇਰਸ' ਦੇ ਲੱਛਣ ਮਿਲੇ ਹਨ। ਇਹ ਲੱਛਣ ਦੋ ਕਿਸਮ ਦੇ ਚਮਗਿੱਦੜਾਂ ਜਿਹੜੇ ਕੇਰਲ, ਹਿਮਾਚਲ ਪ੍ਰਦੇਸ਼, ਪੁੱਡੂਚੇਰੀ ਤੇ ਤਾਮਿਲਨਾਡੂ 'ਚ ਪਾਏ ਜਾਂਦੇ ਹਨ, ਵਿਚ ਮਿਲੇ ਹਨ। ਇਸ ਗੱਲ ਦਾ ਖੁਲਾਸਾ ਇੰਡੀਅਨ ਕਾਂਸਲ ਆ ਫ ਮੈਡੀਕਲ ਰਿਸਰਚ (ਆਈ.ਸੀ. ਐਮ.ਆਰ.) ਨੇ ਕੀਤਾ ਹੈ। ਦੀ ਨੈਸ਼ਨਲ ਇੰਸਟੀਚਿਊਟ ਆਫ ਵਿਰੋਲੋਜੀ ਦੇ ਵਿਗਿਆਨੀ ਡਾ. ਪ੍ਰਗਿਆ ਡੀ ਯਾਦਵ ਨੇ ਦੱਸਿਆ ਹੈ ਕਿ ਇਸ ਗੱਲ ਦਾ ਕੋਈ ਸਬੂਤ ਜਾਂ ਖੋਜ ਨਹੀਂ ਹੈ ਕਿ ਇਹ ਬੈਟ ਕਰੋਨਾ ਵਾਇਰਸ ਮਨੁੱਖਾਂ 'ਚ ਬਿਮਾਰੀ ਦਾ ਕਾਰਨ ਬਣ ਸਕਦੇ ਹਨ। ਉਧਰ ਕਰੋਨਾ ਵਾਇਰਸ ਦੀ ਤਬਾਹੀ ਵਿਚਾਲੇ ਵਿਗਿਆਨਕਾਂ ਨੇ ਛੇ ਨਵੇਂ ਕਰੋਨਾ ਵਾਇਰਸਾਂ ਦੀ ਖੋਜ ਕੀਤੀ ਹੈ।

ਇਹ ਸਾਰੇ ਨਵੇਂ ਕਰੋਨਾ ਵਾਇਰਸ ਉਸੇ ਪਰਿਵਾਰ ਤੋਂ ਹਨ, ਜਿਸ ਪਰਿਵਾਰ ਦਾ ਕਰੋਨਾ ਵਾਇਰਸ ਹੈ, ਪਰ ਨਵੇਂ ਕਰੋਨਾ ਵਾਇਰਸ ਦਾ ਜੇਨੇਟੀਕਲ ਮਾਡਲ ਕੋਵਿਡ-19 ਤੋਂ ਵੱਖਰਾ ਹੈ। ਇਹ ਸਾਰੇ ਕਰੋਨਾ ਵਾਇਰਸ ਭਾਰਤ ਦੇ ਗੁਆਂਢੀ ਦੇਸ਼ ਮਿਆਂਮਾਰ ਦੇ ਚਮਗਿੱਦੜਾਂ 'ਚ ਖੋਜੇ ਗਏ ਹਨ। ਕਰੋਨਾ ਵਾਇਰਸ ਪਰਿਵਾਰ ਦੇ ਇਹ ਛੇ ਨਵੇਂ ਮੈਂਬਰ ਮਿਆਂਮਾਰ 'ਚ ਪਾਏ ਜਾਣ ਵਾਲੀ ਤਿੰਨ ਪ੍ਰਜਾਤੀਆਂ ਦੇ ਚਮਗਿੱਦੜਾਂ ਵਿਚ ਮਿਲੇ ਹਨ।



## ਵਿਚ ਦੁਨੀਆਂ ਸੇਵ ਕਮਾਈਐ ਤਾ ਦਰਗਹ ਬੈਸਣ ਪਾਈਐ॥

# ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਲੰਗਰ ਲਈ

# ਗਾਖਲ ਭਰਾਵਾਂ ਵਲੋਂ 500 ਕੁਇੰਟਲ ਕਣਕ ਭੇਟ




ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਲਈ ਅਮਰੀਕਾ ਨਿਵਾਸੀ ਗਾਖਲ ਭਰਾਵਾਂ ਨੇ 500 ਕੁਇੰਟਲ ਕਣਕ ਭੇਟ ਕੀਤੀ ਹੈ। ਜ਼ਿਕਰਯੋਗ ਹੈ ਕਿ ਕਰੋਨਾ ਮਹਾਮਾਰੀ ਦੇ ਚੱਲਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਲੋੜਵੰਦਾਂ ਤੱਕ ਲੰਗਰ ਪਹੁੰਚਾਉਣ ਦੀ ਪਹਿਲਕਦਮੀ ਕੀਤੀ ਗਈ ਹੈ। ਇਸ ਦੇ ਚੱਲਦਿਆਂ ਗੁਰੂ ਘਰ ਦੇ ਸ਼ਰਧਾਲੂਆਂ ਵੱਲੋਂ ਲੰਗਰ ਲਈ ਲਗਾਤਾਰ ਰਸਦਾਂ ਤੇ ਮਾਇਆ ਭੇਜੀ ਜਾ ਰਹੀ ਹੈ। ਇਸੇ ਤਹਿਤ ਕੈਲੀਫੋਰਨੀਆ (ਅਮਰੀਕਾ) ਰਹਿੰਦੇ ਸ. ਅਮੋਲਕ ਸਿੰਘ ਗਾਖਲ, ਸ. ਪਲਵਿੰਦਰ ਸਿੰਘ ਗਾਖਲ ਤੇ ਸ. ਇਕਬਾਲ ਸਿੰਘ ਗਾਖਲ ਨੇ ਪੰਜ ਟਰੱਕਾਂ ਰਾਹੀਂ ਦਰਬਾਰ ਸਾਹਿਬ ਲਈ 500 ਕੁਇੰਟਲ ਕਣਕ ਭੇਜੀ ਹੈ।

ਗਾਖਲ ਭਰਾਵਾਂ ਵੱਲੋਂ ਕਣਕ ਲੈ ਕੇ ਇੱਥੇ ਪਹੁੰਚੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਹੋਰਨਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਗੁਰੂ ਬਖਸ਼ਿਸ਼ ਸਿਰੋਪਾਓ ਨਾਲ ਸਨਮਾਨ ਕੀਤਾ। ਭਾਈ ਲੌਂਗੋਵਾਲ ਨੇ ਗਾਖਲ ਪਰਿਵਾਰ ਦਾ ਧੰਨਵਾਦ ਕਰਦਿਆਂ ਸੰਗਤਾਂ ਨੂੰ ਆਪਣੀ ਸਮਰੱਥਾ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਦੇ ਲੰਗਰ ਲਈ ਕਣਕ ਸਮੇਤ ਹੋਰ ਰਸਦਾਂ ਤੇ ਮਾਇਆ ਭੇਜਣ ਦੀ ਅਪੀਲ ਕੀਤੀ ਹੈ।

ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸੁਖਵਰਸ਼ ਸਿੰਘ ਪੰਨੂ, ਸਕੱਤਰ ਮਨਜੀਤ ਸਿੰਘ ਬਾਠ, ਨਿੱਜੀ ਸਕੱਤਰ ਮਹਿੰਦਰ ਸਿੰਘ ਆਹਲੀ, ਸ਼੍ਰੋਮਣੀ ਕਮੇਟੀ ਦੇ ਬੁਲਾਰੇ ਕੁਲਵਿੰਦਰ ਸਿੰਘ ਰਮਦਾਸ, ਮੈਨੇਜਰ ਮੁਖਤਾਰ ਸਿੰਘ, ਸਾਬਕਾ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ, ਵਧੀਕ ਮੈਨੇਜਰ ਨਰਿੰਦਰ ਸਿੰਘ, ਪ੍ਰਚਾਰਕ ਭਾਈ ਜਗਦੇਵ ਸਿੰਘ ਅਤੇ ਭਾਈ ਸਰਬਜੀਤ ਸਿੰਘ ਢੋਟੀਆਂ ਮੌਜੂਦ ਸਨ।

## ਸੰਗਤਾਂ ਦੇ ਦਾਸ



ਅਮੋਲਕ ਸਿੰਘ ਗਾਖਲ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ

## ਗਾਖਲ ਭਰਾ, ਵਾਟਸਨਵਿਲ (ਕੈਲੀਫੋਰਨੀਆ)

# 'ਦਿ ਗਰੈਂਡ ਈਵੈਂਟ' ਅਤੇ ਲੌਕਡਾਊਨ ਪ੍ਰਸਾਰਣ

ਸ਼ਿਵਦੀਪ
77shivdeep@gmail.com

ਜੋ ਦੌੜ ਕਰੋਨਾ ਮਹਾਮਾਰੀ ਨੂੰ ਇਕ 'ਗ੍ਰੈਂਡ-ਈਵੈਂਟ' ਵਿਚ ਬਦਲਣ ਦੀ ਮੈਂ ਆਪਣੇ ਮੁਲਕ ਯਾਨਿ ਭਾਰਤ ਵਿਚ ਦੇਖੀ ਹੈ, ਹਾਲੇ ਤੱਕ ਕਿਤੇ ਹੋਰ ਨਹੀਂ ਦੇਖੀ। ਸਾਡੇ ਬਹੁਤੇ ਫੈਸਲੇ ਇੰਜ ਲਗਦੇ ਹਨ, ਜਿਵੇਂ ਅਸੀਂ 'ਕਰੋਨਾ-ਈਵੈਂਟ' ਨੂੰ ਸੈਲੀਬ੍ਰੇਟ ਕਰਨ ਲਈ ਮਿਥੇ ਹਨ। ਇਹ ਸਾਡੇ ਅੰਦਰਲਾ ਮਦਾਰੀਪੁਣਾ ਅਤੇ ਪਖੰਡ ਹੈ। ਲਗਦਾ ਸੀ ਕਿ ਇਸ ਸਖਤ ਸਮੇਂ ਦੌਰਾਨ ਅਸੀਂ ਅੰਤਰ ਸੰਵਾਦ ਰਾਹੀਂ ਅੰਦਰਲੇ ਮਹਾਮਾਨਵ ਤੱਕ ਪਹੁੰਚਾਂਗੇ, ਪਰ ਉਲਟ ਹੋ ਰਿਹਾ ਹੈ; ਬ੍ਰਹਮਰਾਖਸ਼ ਵੱਡਾ ਹੋ ਰਿਹਾ ਹੈ। ਅਸੀਂ ਆਪਣੀ ਅੰਦਰਲੀ ਅੱਗ ਨੂੰ ਇਕ ਹੋਰ ਵਿਨਾਸ਼ਕਾਰੀ ਰਾਹ ਵੱਲ ਧੱਕ ਰਹੇ ਹਾਂ, ਜਿਸ ਦਾ ਖਮਿਆਜ਼ਾ ਆਉਣ ਵਾਲੀਆਂ ਨਸਲਾਂ, ਉਨ੍ਹਾਂ ਅੰਦਰ ਬਣਦੀ ਜੁਗਤ ਰਾਹੀਂ ਭੁਗਤਿਆ ਜਾਏਗਾ। ਇਹ ਜੁਗਤ ਅਸੀਂ ਉਨ੍ਹਾਂ ਨੂੰ ਦੇ ਰਹੇ ਹਾਂ।

ਸਮੇਂ ਦੀ ਇਸ ਅਤੀ ਸੰਗੀਨ ਘਟਨਾ ਬਾਰੇ ਸੰਘਣੇ ਸੁਆਲ ਅਤੇ ਲਿਖਤਾਂ ਨਾਂ-ਮਾਤਰ ਹਨ; ਜੇ ਹਨ ਵੀ ਤਾਂ ਬਹੁਤ ਦਬਾਏ ਹੋਏ, ਸਾਹਮਣੇ ਨਹੀਂ ਆਉਣ ਦਿਤੇ ਜਾ ਰਹੇ। ਜਿਸ ਤਰ੍ਹਾਂ ਇਸ ਮਹਾਮਾਰੀ ਦਾ ਸਾਹਮਣਾ ਸਿਰਫ ਹੇਠਲੇ ਪੱਧਰ ਦੀ ਬਿਆਨਬਾਜ਼ੀ ਨਾਲ ਹੋਇਆ ਹੈ, ਠੀਕ ਉਸੇ ਤਰ੍ਹਾਂ ਬਿਆਨਬਾਜ਼ੀ ਦਾ ਵਿਰੋਧ ਵੀ ਬੜੇ ਸਤਹੀ ਪੱਧਰ ਦੇ ਵਿਅੰਗ ਅਤੇ ਚੁਟਕਲਿਆਂ ਨਾਲ ਹੋ ਰਿਹਾ ਹੈ। ਸਟਾਇਰ ਮਨੁੱਖੀ ਅਭਿਵਿਅਕਤੀ ਦੀ ਇਕ ਕਮਾਲ ਦੀ ਖੋਜ ਹੈ, ਪਰ ਮਸਖਰੀ ਅਤੇ ਸਟਾਇਰ ਦਾ ਅੰਤਰ ਵੀ ਸਪੱਸ਼ਟ ਹੋਣਾ ਚਾਹੀਦਾ। ਸਮੇਂ ਦੀ ਸੰਗੀਨਗੀ ਬਿਲਕੁਲ ਗਾਇਬ ਹੈ; ਪਰ ਯਕੀਨ ਕਰਨਾ ਇਸ ਮਹਾਮਾਰੀ ਪਿਛੋਂ ਹਾਲਾਤ ਅਤੇ ਬੰਦਾ ਇਕੋ ਜਿਹੇ ਨਹੀਂ ਰਹਿਣਗੇ। ਸਾਡੇ ਹੋਛੇਪਣ ਦੇ ਸਿੱਟੇ ਬਹੁਤ ਭਿਆਨਕ ਹਨ। ਸੱਤਾ ਨੇ ਉਹੀ ਗੱਲਾਂ ਦੁਹਰਾਈਆਂ ਹਨ, ਜਿਨ੍ਹਾਂ 'ਤੇ ਅਕਸਰ ਬਿਆਨਬਾਜ਼ੀ ਹੁੰਦੀ ਹੈ; ਇਸ ਵਾਰ ਟਾਈਟਲ 'ਕਰੋਨਾ' ਹੈ।

ਵਾਇਰਸ ਨੇ ਸਾਡੇ ਅੰਦਰ ਸੁੱਤੇ ਮਹਾਮਾਨਵ ਨੂੰ ਜਗਾਉਣ ਦੀ ਥਾਂ, ਉਸ ਨੂੰ ਹੋਰ ਗੂੜ੍ਹਾ ਐਨਸਥੀਸੀਆ ਦੇ ਦਿੱਤਾ ਹੈ। ਅੰਦਰ ਅਤੇ ਬਾਹਰ ਇਹ ਇਕ ਘਾਤਕ ਸਮਾਂ ਹੈ। ਵਾਇਰਸ ਦਾ ਮਰਹਮ ਮਿਲ ਜਾਵੇਗਾ, ਪਰ ਸਿਰ ਅੰਦਰਲੇ ਜ਼ਖਮ ਦਾ ਇਲਾਜ ਅੰਦਰੋਂ ਹੀ ਲੱਭਣਾ ਪੈਣਾ ਹੈ। ਜੇ ਨਹੀਂ ਸਮਝ ਆ ਰਿਹਾ ਤਾਂ ਜੋ ਸਾਡੇ ਡਾਕਟਰ, ਨਰਸਾਂ, ਸਿਹਤ ਕਰਮਚਾਰੀ, ਆਸ਼ਾ ਵਰਕਰ, ਸੁਰੱਖਿਆ ਕਰਮੀ, ਕੁਝ ਸੰਸਥਾਵਾਂ ਬਾਹਰ ਅਤੇ ਹਾਟ-ਸਪਾਟ ਖੇਤਰ ਵਿਚ ਹਨ, ਉਨ੍ਹਾਂ ਤੋਂ ਪੁਛਿਆ ਜਾ ਸਕਦਾ ਹੈ ਕਿ ਸਥਿਤੀ ਕਿੰਨੀ ਭਿਆਨਕ ਹੈ। ਉਹ ਸ਼ਲਾਘਾਯੋਗ ਹਨ, ਜੋ ਸਾਡੀਆਂ ਬੇਵਕੂਫੀਆਂ/ਬਿਆਨਬਾਜ਼ੀਆਂ ਨੂੰ ਪਾਸੇ ਰੱਖ ਅਤੇ ਸਰਕਾਰ ਵਲੋਂ ਦਿਤੀਆਂ ਨਾਂ-ਮਾਤਰ ਸਹੂਲਤਾਂ ਅਤੇ ਉਪਕਰਣਾਂ ਨਾਲ ਆਪਣਾ ਕਾਰਜ ਕਰ ਰਹੇ ਹਨ।

**ਰਾਜਾ ਅਤੇ ਨਕਲੀ ਦਾਰਸ਼ਨਿਕਤਾ:** ਸਮਾਂ ਬਦਲ ਗਿਆ ਹੈ। ਅਸੀਂ ਕਿਸੇ ਪਹਾੜੀ ਆਸ਼ਰਮ ਵਿਚ ਪੜ੍ਹਦੇ ਚੰਗੇ ਵਿਦਿਆਰਥੀ ਨਹੀਂ ਹਾਂ, ਜੋ ਇਕ ਤੀਰ ਚਲਾ ਕੇ ਹੱਡਾਂ ਵਿਚ ਜੰਮਿਆ ਹਿਮ ਪਿਘਲਾ ਲਵਾਂਗੇ। ਸਮੇਂ ਨੇ ਰਾਜੇ ਅਤੇ ਦਾਰਸ਼ਨਿਕ ਵਿਚ ਵੀ ਫਰਕ ਕੀਤਾ ਹੈ; ਇਹ ਰਹੇਗਾ: ਦੋਹਾਂ ਦੇ ਆਪਣੇ ਆਪਣੇ ਫਰਜ਼ ਅਤੇ ਸੀਮਾਵਾਂ ਹਨ। ਰਾਜੇ ਨੂੰ ਕਹੋ ਕਿ ਹੇਕ ਲਾ ਕੇ ਦਾਰਸ਼ਨਿਕ ਬਣਨ ਦਾ ਨਾਟਕ ਖਤਮ ਕਰੇ। ਦਾਰਸ਼ਨਿਕਤਾ ਅਤੇ ਅਧਿਆਤਮ ਵਾਸਤੇ ਸਾਡੇ ਕੋਲ ਸਾਡੇ ਵੇਦ-ਪੁਰਾਣ, ਧਾਰਮਿਕ ਗ੍ਰੰਥ, ਲਿਟਰੇਚ ਆਦਿ ਸਭ ਮੌਜੂਦ ਹੈ। ਇਹ ਵਾਇਰਸ ਸਾਡੇ ਸਮੇਂ ਦਾ ਇਕ ਬਹੁਤ ਵੱਡਾ ਹਾਹਾਕਾਰ ਹੈ, ਇਸ ਦੇ ਖਾਤਮੇ ਲਈ ਯਤਨ ਕਰੋ। ਰਾਜੇ ਅਤੇ ਉਸ ਦੇ ਦਰਬਾਰੀਆਂ ਨੇ ਇਸ ਸਮੇਂ ਨੂੰ ਵੀ ਆਪਣੇ ਹੱਕ ਵਿਚ ਭੁਗਤਾਉਣ ਦੀ ਨਾਜਾਇਜ਼ ਕੋਸ਼ਿਸ਼ ਕੀਤੀ ਹੈ ਤੇ ਅਸੀਂ ਇਸ ਕੋਸ਼ਿਸ਼ ਨੂੰ ਚਾਰ ਚੰਨ ਲਾਏ ਹਨ। ਅਸੀਂ ਉਨ੍ਹਾਂ ਦੀਆਂ ਆਪਹੁਦਰੀਆਂ ਵਿਚ ਬਰਾਬਰ ਦੇ ਜਵਾਬਦੇਹ ਹਾਂ; ਤਾੜੀ ਵਿਚ ਇਕ ਹੱਥ ਸਾਡਾ ਹੈ।

ਇਸ ਤੋਂ ਪਹਿਲਾਂ ਇਸ ਦਾ ਅਸਰ ਥੋੜ੍ਹਾ ਜਿਹਾ ਉਦੋਂ ਦੇਖਣ ਨੂੰ ਮਿਲਿਆ ਸੀ, ਜਦੋਂ ਚੀਨੀ ਲੋਕਾਂ ਨੂੰ ਵਾਇਰਸ ਦੇ ਨਾਂ ਨਾਲ ਪੁਕਾਰਿਆ ਜਾਣ ਲੱਗਾ ਸੀ। ਫਿਰ ਉਦੋਂ ਜਦੋਂ ਨਾਰਥ-ਈਸਟ ਦੇ ਲੋਕਾਂ ਨੂੰ ਅਸੀਂ ਕਰੋਨਾ ਕਹਿ ਕੇ ਸੰਬੋਧਨ ਕੀਤਾ, ਸਿਰਫ ਇਸ ਲਈ ਕਿ ਉਨ੍ਹਾਂ ਦੀ ਸੂਰਤ, ਬਣਤਰ ਚੀਨੀਆਂ ਨਾਲ ਮਿਲਦੀ ਸੀ। ਸਾਡੇ ਲਈ ਇਹ ਨਵਾਂ ਮਸਾਲਾ ਸੀ ਅਤੇ ਅਸੀਂ ਕੁਝ ਦੇਰ ਇਸ ਵਿਚ ਉਲਝੇ ਰਹੇ; ਬੋਰ ਹੋ ਗਏ, ਫਿਰ ਨਵੇਂ ਕਸੀਦੇ ਕੱਢ ਲਏ। ਫਿਰ ਅਸੀਂ ਆਪਣੇ ਅੰਦਰਲੀ ਨਫਰਤ ਨੂੰ ਇਕ ਨਵੇਂ ਮਸਾਲੇ ਵਿਚ ਲਪੇਟ ਕੇ ਪਰੋਸਣਾ ਸ਼ੁਰੂ ਕਰ ਦਿਤਾ। ਸੱਤਾ, ਸੱਤਾ ਵਿਚ ਰਹਿਣ ਲਈ ਇਹੀ ਕੁਝ ਕਰਵਾਉਂਦੀ ਹੈ ਅਤੇ ਵਿਰੋਧੀ ਧਿਰ ਸੱਤਾ ਵਿਚ ਆਉਣ ਲਈ ਆਪਣਾ ਮਸਾਲਾ ਤਿਆਰ ਕਰਦੀ ਹੈ, ਇਹ ਇਸੇ ਤਰ੍ਹਾਂ ਚਲਦਾ ਹੈ। ਅਸੀਂ ਬਸ ਪਿਆਦਿਆਂ ਦੀ ਕਤਾਰ ਹਾਂ। ਇਸ ਬਾਰੇ ਲੰਮੀਆਂ ਚੌੜੀਆਂ ਮਿਸਾਲਾਂ ਲਿਖੀਆਂ ਜਾ ਸਕਦੀਆਂ ਹਨ।

ਆਪਣੇ ਕੰਮਕਾਰ ਤਸੱਲੀ ਨਾਲ ਨਿਬੇੜ ਕੇ ਇਕ ਦਿਨ ਰਾਜਾ ਲੌਕਡਾਊਨ ਕਰਦਾ ਹੈ। 'ਲੌਕਡਾਊਨ' ਠੀਕ ਉਪਰਾਲਾ ਹੈ; ਅਸੀਂ ਇਸ ਦੇ ਨਾਲ ਕੁਝ ਹੋਰ ਸਪੋਟਿਵ ਅਨਾਊਂਸਮੈਂਟਸ ਦੀ ਉਡੀਕ ਕਰ ਰਹੇ ਸਾਂ, ਜੋ ਨਹੀਂ ਆਉਂਦੀਆਂ। ਫਿਰ ਇਸ ਦੇ ਭਿਆਨਕ ਨਤੀਜੇ ਸਾਹਮਣੇ ਆਉਣ ਲਗਦੇ ਹਨ। ਅਸੀਂ ਭਾਵਨਾ ਨਾਲ ਜੁੜੇ ਲੋਕ ਹਾਂ, ਸਾਡੇ ਬਹੁਤੇ ਲੋਕ ਹੋਰ ਮੁਲਕਾਂ ਵਾਂਗ ਨਿਜੀ ਸੋਚ ਦੇ ਧਾਰਨੀ ਨਹੀਂ। ਅਸੀਂ ਝੁੰਡ ਵਿਚ ਰਹਿੰਦੇ ਹਾਂ, ਇਕੱਲੇ ਹੋਣ ਤੋਂ ਡਰਦੇ ਹਾਂ। 'ਮਨ ਕੀ ਬਾਤ' ਸਾਡੇ ਮੁਲਕ ਵਿਚ ਇਕੋ ਬੰਦਾ ਕਰਦਾ ਹੈ। ਸਾਡੀ ਭਾਵਨਾਤਮਕ ਸੋਚ ਦਾ ਸੱਤਾ ਨੇ ਬੜੀ ਬਾਰੀਕੀ ਅਤੇ ਸਮਝਦਾਰੀ ਨਾਲ ਫਾਇਦਾ ਚੁਕਿਆ ਹੈ; ਅਸੀਂ ਚਾਹੁੰਦਿਆਂ, ਨਾ ਚਾਹੁੰਦਿਆਂ ਹਮੇਸ਼ਾ ਆਪਣੇ ਆਪ ਦੇ ਖਿਲਾਫ ਭੁਗਤ ਜਾਂਦੇ ਹਾਂ। ਇਨ੍ਹਾਂ ਦਿਨਾਂ 'ਚ ਵੀ; ਕਦੇ ਤਾੜੀ, ਕਦੇ ਥਾਲੀ, ਕਦੇ ਮੋਮਬੱਤੀਆਂ।

ਗਾਲ੍ਹ ਕੱਢਣ ਨੂੰ ਜੀਅ ਕਰਦਾ ਹੈ, ਕੱਢ ਨਹੀਂ ਸਕਦਾ; ਲਿਖ ਵੀ ਨਹੀਂ ਸਕਦਾ। ਇਸ ਲਈ ਨਹੀਂ ਕਿ ਸੱਭਿਅਕ ਹਾਂ, ਸਗੋਂ ਇਸ ਲਈ ਕਿ ਡਰਦਾ ਹਾਂ। ਜਦੋਂ ਮੇਰੀ ਪਹੁੰਚ ਬਾਹਰ ਰਾਸ਼ਣ ਤੱਕ ਵੀ ਨਹੀਂ, ਸੱਤਾ ਦੀ ਪਹੁੰਚ ਮੇਰੇ ਗਿਰੇਬਾਨ ਤੱਕ ਜਿਉਂ ਦੀ ਤਿਉਂ ਬਰਕਰਾਰ ਹੈ। ਮੈਂ ਕਿਹਾ ਹੈ ਕਿ ਰਾਜੇ ਅਤੇ ਦਾਰਸ਼ਨਿਕ ਵਿਚ ਫਰਕ ਹੁੰਦਾ ਹੈ ਸ਼ਾਇਦ ਮੇਰੀ ਇਸ ਗੱਲ ਨਾਲ ਰਾਜਾ ਅਤੇ ਉਸਦੇ ਸਿਪਾਹੀ ਸਹਿਮਤ ਨਹੀਂ ਹੋਣਗੇ। ਮੈਂ ਉਸ ਦੇ ਜਿੰਨੇ ਵੀ ਭਾਸ਼ਣ ਸੁਣੇ ਹਨ, ਉਕਤਾ ਜਾਂਦਾ ਹਾਂ, ਗੁੱਸਾ ਆਉਂਦਾ ਹੈ। ਉਮੀਦ ਕਰਦਾ ਹਾਂ, ਧੀਰਜ ਬਣਾਈ ਰੱਖਦਾ ਹਾਂ ਕਿ ਹੁਣ ਕੋਈ ਗੱਲ ਕਹੇਗਾ, ਜਿਸ ਨਾਲ ਲੋਕਾਂ ਲਈ ਜ਼ਮੀਨੀ ਪੱਧਰ ਦੀ ਕੋਈ ਗੱਲ ਹੋਵੇਗੀ, ਪਰ ਉਹ ਆਪਣੇ ਮੰਗਲ ਯਾਨ ਵਿਚ ਬੈਠਾ ਕਿਸੇ ਹੋਰ ਭਾਸ਼ਾ ਵਿਚ ਗੱਲ ਕਰਦਾ ਹੈ। ਸੱਤਾ ਗੰਡ-ਗਡੋਏ ਵਾਂਗ ਆਪਣੀ ਹੀ ਮਿੱਟੀ ਵਿਚ ਘੁਸੀ ਜਾ ਰਹੀ ਹੈ। ਕਈ ਵਾਰ ਤਾਂ ਇਹ ਵੀ ਲਗਦਾ ਹੈ, ਸਰਕਾਰ ਨੂੰ ਆਪਣੇ ਮੰਤਰੀ ਪਦ ਵਿਚ ਇਕ 'ਦਾਰਸ਼ਨਿਕ ਗੁਰੂ' ਦੀ ਉਪਾਧੀ ਰੱਖ ਲੈਣੀ ਚਾਹੀਦੀ ਹੈ ਤਾਂ ਜੋ ਸਾਡੇ ਲੀਡਰ ਆਪਣੇ ਅਧਿਆਤਮ ਦਾ ਝੱਸ ਪੂਰਾ ਕਰ ਲਿਆ ਕਰਨ। ਜੋ ਕੰਮ ਜ਼ਮੀਨੀ ਪੱਧਰ 'ਤੇ ਹੋ ਰਿਹਾ, ਉਹ ਕੁਝ ਪ੍ਰਤੀਸ਼ਤ ਲੋਕ ਆਪ ਹੀ ਕਰ ਰਹੇ ਹਨ; ਪਰ ਸਾਡੇ ਕੋਲ ਸੱਤਾ ਵਲੋਂ ਦਿਤੀ ਸੁਪਨਸਾਜ਼ੀ ਦੀ ਲਿਸਟ ਵੱਡੀ ਹੈ, ਜੋ ਉਨ੍ਹਾਂ ਮੁਤਾਬਿਕ ਪ੍ਰਦਾਨ ਹੋ ਚੁਕੀ ਹੈ। ਕਦੇ ਕਦੇ ਸੋਚਦਾ ਹਾਂ ਕਿ ਜੋ ਸਰਕਾਰੀ ਪੈਕਟ ਪਹੁੰਚ ਰਹੇ ਹਨ, ਉਨ੍ਹਾਂ ਉਪਰ ਰਾਜੇ ਅਤੇ ਉਸ ਦੇ ਦਰਬਾਰੀਆਂ ਦੀ ਫੋਟੋ ਕਿਸ ਪ੍ਰਿੰਟਿੰਗ ਪ੍ਰੈਸ ਵਿਚ ਛਪਦੀ ਹੈ; ਗਰੀਬ ਲਈ ਤੇ ਕੰਮ ਬੰਦ ਹੈ।

ਅਸੀਂ ਬੇਚਾਰੇ ਪਿਆਦੇ ਇਸ ਸੰਘਣੇ ਹਨੇਰੇ ਵਿਚ ਚੁਟਕਲਿਆਂ ਦੀਆਂ ਲੜੀਆਂ ਚਲਾ ਰਹੇ ਹਾਂ। ਅਸੀਂ ਨਾਰਥ-ਈਸਟ ਦੇ ਲੋਕਾਂ ਨੂੰ ਕਰੋਨਾ ਕਹਿ ਲਿਆ, ਲਤੀਫੇ ਘੜ ਲਏ, ਰਾਜੇ ਨੇ ਹਾਸੋਹੀਣੇ ਭਾਸ਼ਣ ਦੇ ਦਿਤੇ, ਹੱਕ ਅਤੇ ਵਿਰੋਧ ਵਿਚ ਚੁਟਕਲੇ ਘੜ ਲਏ, ਵਾਇਰਸ ਦਾ ਰਿਸ਼ਤਾ ਮੁਸਲਮਾਨਾਂ ਨਾਲ ਜੋੜ ਦਿੱਤਾ, ਗਰੀਬ ਨੂੰ ਹੋਰ ਗਰੀਬ ਅਤੇ ਅਨਪੜ੍ਹ ਨੂੰ ਹੋਰ ਅਨਪੜ੍ਹ ਕਰਾਰ ਕੀਤਾ ਗਿਆ, ਇਕ ਬਾਹਰੋਂ ਆਏ ਬਜੁਰਗ ਨੂੰ ਕਰੋਨਾ ਦਾ ਦੇਵਤਾ ਐਲਾਨ ਦਿੱਤਾ, ਸਮਾਨ ਸਟਾਕ ਕਰ ਲਿਆ ਤੇ ਸ਼ਮਸ਼ਾਨ ਬੰਦ ਕਰ ਦਿਤਾ। ਮੌਤ ਦੀ ਰਾਜਨੀਤੀ ਸਾਡੇ ਲਈ ਕੋਈ ਨਵਾਂ ਕਾਂਡ ਨਹੀਂ ਹੈ। ਡਾਕਟਰਾਂ ਨੂੰ ਕਿਰਾਏ ਦੇ ਘਰਾਂ ਵਿਚੋਂ ਨਿਕਲਣ ਲਈ ਕਹਿ ਦਿਤਾ ਤੇ ਆਸ ਦੀ ਮੋਮਬੱਤੀ ਜਲਾ ਲਈ; ਕਿਹਦੇ ਲਈ? ਰਾਜੇ ਨੂੰ ਸਰਵ ਕਲਾ ਸੰਪੂਰਨ ਹੋਣ ਦਾ ਸਿੰਡਰੋਮ ਹੋ ਗਿਆ ਹੈ, ਪਰ ਉਹ ਉਹੀ ਕੰਮ ਨਹੀਂ ਕਰਦਾ, ਜਿਸ ਲਈ ਉਸ ਨੂੰ ਚੁਣਿਆ ਗਿਆ ਸੀ।

ਕਰੋਨਾ ਵਾਇਰਸ ਨਾਲ ਲੜ ਰਹੇ ਸਾਡੇ ਸਿਪਾਹੀ ਡਾਕਟਰਾਂ ਅਤੇ ਇਰਾਨ ਵਿਚ ਹੋਈ ਨਰਸਾਂ ਦੀ ਮੌਤ ਇਕੋ ਹੈ, ਕਿਉਂਕਿ ਦੋਹਾਂ ਨੂੰ ਸਰਕਾਰੀ ਅਣਗਹਿਲੀ ਕਰਕੇ ਮੌਤ ਵੱਲ ਧੱਕਿਆ ਗਿਆ। ਸਾਡੇ ਪ੍ਰਾਈਵੇਟ ਹਸਪਤਾਲ ਲੋਕਾਂ ਦੀ ਸੇਵਾ ਲਈ ਅੱਗੇ ਨਹੀਂ ਆਏ, ਸਗੋਂ ਉਨ੍ਹਾਂ ਦੇ ਬਾਹਰ ਨੋਟਿਸ ਲੱਗੇ ਹੋਏ ਹਨ ਕਿ ਖੰਘ ਅਤੇ ਬੁਖਾਰ ਵਾਲੇ ਬਾਹਰ ਰਹਿਣ। ਪਿਛਲੇ ਦਿਨਾਂ ਵਿਚ ਹੀ ਪਾਣੀ ਖੁਣੋਂ ਇਕ ਬੰਦੇ ਦੀ ਸੜਕ 'ਤੇ ਮੌਤ ਹੋਈ ਹੈ, ਹਸਪਤਾਲ ਦੇ ਬਾਹਰ ਫੱਟੇ 'ਤੇ ਇਕ ਬੱਚੇ ਨੂੰ ਜਨਮ ਦਿਤਾ ਗਿਆ ਹੈ, ਆਇਸੋਲੇਟ ਵਾਰਡ ਵਿਚ ਇਕ ਦੰਪਤੀ ਵਲੋਂ ਖੁਦਕੁਸ਼ੀ ਕਰ ਲਈ ਗਈ ਹੈ, ਮਰਨ ਵਾਲਿਆਂ ਦੀ ਆਖਰੀ ਰਿਕਾਰਡਿੰਗ ਸੁਣ ਨਹੀਂ ਹੋ ਰਹੀ। ਅਸੀਂ ਹੋਰ ਕਿੰਨਾ ਗਰਕਣਾ ਹੈ? ਅਸੀਂ ਕਿਸ ਦੀ ਮੌਤ 'ਤੇ ਖੜ ਕੇ ਥਾਲੀਆਂ, ਮੋਮਬੱਤੀਆਂ ਦੇ ਕਸੀਦੇ ਘੜ ਰਹੇ ਹਾਂ? ਠੀਕ ਉਦੋਂ ਜਦੋਂ ਇਕ ਕੰਪਨੀ ਲਗਾਤਾਰ ਮਾਸਕ ਬਣਾ ਕੇ ਦੂਜੇ ਮੁਲਕਾਂ ਨੂੰ ਭੇਜ ਰਹੀ ਹੈ ਅਤੇ ਸਾਡੇ ਡਾਕਟਰ ਮਾਸਕ ਅਤੇ ਦਸਤਾਨੇ ਨਾ ਮਿਲਣ ਕਾਰਨ ਮਰ ਰਹੇ ਹਨ, ਸੜਕਾਂ 'ਤੇ ਆ ਰਹੇ ਹਨ ਤਾਂ ਰਾਜਾ ਕਹਿ ਰਿਹਾ ਹੈ, ਬਜਾਓ ਥਾਲੀ।

**ਰੋਸ਼ਨੀ ਦੀ ਰਾਜਨੀਤੀ:** ਸਦਮਾ ਛੋਟਾ ਹੋਵੇ ਜਾਂ ਵੱਡਾ, ਕਾਰਪੋਰੇਟ ਘਰਾਣਿਆਂ ਲਈ ਵਰਦਾਨ ਹੀ ਹੁੰਦਾ। ਕਿਹੜੇ ਲੋਕ ਹਨ, ਜੋ ਇਸ ਤਰ੍ਹਾਂ ਦੇ ਬਿਆਨਾਂ 'ਤੇ ਪ੍ਰਤੀਕ੍ਰਿਆ ਦੇ ਰਹੇ ਹਨ? ਦੁਨੀਆਂ ਭਰ ਦਾ ਕੁਆਂਟਮ, ਫਿਜ਼ਿਕਸ, ਸਾਇੰਸ, ਗਣਿਤ, ਅੰਤਰਿਕਸ਼ ਵਿਦਿਆ ਰਾਜੇ ਦੇ ਭਾਸ਼ਣਾਂ ਵਿਚ ਹੀ ਕਿਉਂ ਉਤਰ ਆਇਆ ਹੈ। ਭਾਰਤੀ ਮੀਡੀਏ ਨੂੰ ਕੌਣ ਭੁੱਲੇਗਾ! ਥਾਲੀ ਨੂੰ ਸਾਊਂਡ ਵੇਵ ਅਤੇ ਰੋਸ਼ਨੀ ਨੂੰ ਟੈਂਪਰੇਚਰ ਟਰੈਪ ਕਹਿ ਕੇ ਜੋ ਇਹ ਰਾਜਾ ਇਸ ਬਾਜ਼ਾਰ ਵਿਚ ਵੇਚ ਰਿਹਾ ਅਤੇ ਇਸ ਦੀ ਮਸ਼ਹੂਰੀ ਕੌਣ ਕਰਦਾ ਹੈ? ਜੇ ਇਸੇ ਤਰ੍ਹਾਂ ਹੈ ਤਾਂ ਕਿਉਂ ਨਾ ਜੋ ਬਹੁਤੇ ਮੰਤਰੀ ਸੰਤਰੀ ਲੁਕੇ ਬੈਠੇ ਹਨ ਅਤੇ ਜਿਨ੍ਹਾਂ ਨੂੰ ਸੜਕ 'ਤੇ ਮਰ ਰਹੇ ਲੋਕ ਦਿਸ ਨਹੀਂ ਰਹੇ, ਉਨ੍ਹਾਂ ਦੇ ਹੱਥ ਛੁਣਛੁਣਾ ਫੜਾ ਦਿਤਾ ਜਾਏ, ਵਜਾਈ ਜਾਣ!

ਕੀ ਅਸੀਂ ਆਪਣੇ ਘਰ ਵਿਚ ਬੈਠੇ ਐਨੇ ਨਿਰਾਸ਼ ਹਾਂ ਕਿ ਬੇਚਾਰੇ ਰਾਜੇ ਨੂੰ ਸਾਡੇ ਅੰਦਰ ਆਸ ਜਗਾਉਣ ਲਈ ਮੋਮਬੱਤੀ ਜਲਾਉਣ ਦਾ ਹੁਕਮ ਦੇਣਾ ਪੈਂਦਾ ਹੈ; ਐਨੇ ਬੋਲੇ ਹੋ ਗਏ ਹਾਂ ਕਿ ਚੀਕਾਂ ਸੁਣਾਈ ਨਹੀਂ ਦਿੰਦੀਆਂ, ਐਨੇ ਬੁਜ਼ਦਿਲ ਕਿ ਹਾਲੇ ਵੀ ਧਰਮ, ਮੁਖੌਟਾ ਅਤੇ ਨਫਰਤ ਸਾਡੇ ਦਿਲ ਵਿਚੋਂ ਨਹੀਂ ਉਤਰੀ? ਇਹ ਮੋਮਬੱਤੀਆਂ ਜਗਾਉਣ ਵਾਲੇ ਲੋਕ ਕੌਣ ਸਨ? ਉਹੀ, ਜੋ ਕੁਝ ਦਿਨ ਪਹਿਲਾਂ ਲੋਕਾਂ ਦਾ ਨਾਂ ਬਦਲ ਕੇ ਕਰੋਨਾ ਰੱਖ ਰਹੇ ਸਨ ਜਾਂ ਚੁਟਕਲਿਆਂ ਦੀ ਲੜਾਈ ਵਿਚ ਮਸ਼ਰੂਫ ਸਨ!

ਰੋਸ਼ਨੀ ਦੀ ਰਾਜਨੀਤੀ 'ਤੇ ਹਰੀਸ਼ੰਕਰ ਪਰਸਾਈ ਦੀ ਕਹਾਣੀ 'ਟਾਰਚ ਵੇਚਣ ਵਾਲੇ' ਯਾਦ ਆ ਰਹੀ ਹੈ। ਕਹਾਣੀ ਦਾ ਸਿੱਧਾ ਸਬੰਧ ਹਨੇਰੇ ਤੋਂ ਡਰਾ ਕੇ ਰੋਸ਼ਨੀ ਵੇਚਣ ਵਾਲਿਆਂ ਨਾਲ ਹੈ। ਮੋਟੀ ਮੋਟੀ ਕਹਾਣੀ ਸੀ ਕਿ ਦੋ ਪਾਤਰ ਕੁਝ ਸਾਲਾਂ ਪਿਛੋਂ ਮਿਲੇ। ਇਕ ਟਾਰਚ ਵੇਚਦਾ ਹੈ, ਇਕ ਸਾਧ ਬਣ ਕੇ ਸੁਪਨਈ ਪ੍ਰਕਾਸ਼। ਹਨੇਰੇ ਦਾ ਇਲਾਜ ਕੋਈ ਨਹੀਂ ਕਰਦਾ। ਟਾਰਚ ਵੇਚਣ ਵਾਲਾ ਆਪਣਾ ਕਿਸਾ ਦੂਜੇ ਨੂੰ ਦੱਸਦਾ ਹੈ ਕਿ ਕਿਵੇਂ ਉਹ ਸਿਖਰ ਦੁਪਹਿਰੇ ਲੋਕਾਂ ਨੂੰ ਡਰਾਉਂਦਾ ਹੈ, ਫਿਰ ਪ੍ਰਕਾਸ਼ ਨਾ ਰਾਬਤਾ ਕਰਾਉਂਦਾ ਹੈ ਅਤੇ ਆਪਣੀ 'ਸੂਰਜ ਛਾਪ' ਟਾਰਚ ਵੇਚ ਦਿੰਦਾ ਹੈ। ਫਿਰ ਉਹ ਦੂਜੇ ਪਾਤਰ ਆਪਣੇ ਦੋਸਤ ਨੂੰ ਇਕ ਫਿਲਮੀ ਸੰਤ ਵਾਂਗ ਸਟੇਜ 'ਤੇ ਦੇਖਦਾ ਹੈ, ਜੋ ਕਰੀਬ ਕਰੀਬ ਮਿਲਦੇ-ਜੁਲਦੇ ਜੁਮਲਿਆ ਨਾਲ ਰਹੱਸਮਈ ਪ੍ਰਕਾਸ਼ ਵੇਚ ਰਿਹਾ ਹੈ। ਉਹ ਉਸ ਸੰਤ ਆਦਮੀ ਨੂੰ ਪੁੱਛਦਾ ਹੈ ਕਿ ਕਿਹੜੀ ਕੰਪਨੀ ਦੀ ਟਾਰਚ ਵੇਚਦਾ ਏਂ? ਸੰਤ ਜੁਆਬ ਦਿੰਦਾ ਹੈ ਕਿ ਮੈਂ ਟਾਰਚ ਕਿਉਂ ਵੇਚਾਂਗਾ, ਮੈਂ ਇਕ ਦਾਰਸ਼ਨਿਕ, ਸਾਧੂ ਅਤੇ ਸੰਤ ਹਾਂ। ਉਹ ਬੰਦਾ ਕਹਿੰਦਾ ਕਿ ਜੋ ਵੀ ਕਹੋ ਵੇਚਦਾ ਤੂੰ ਟਾਰਚ ਹੀ ਹੈਂ। ਤੇਰੇ ਅਤੇ ਮੇਰੇ ਪ੍ਰਵਚਨ ਇਕੋ ਜਿਹੇ ਹਨ।

**ਸੂਰਜ ਵੱਡਾ ਬੰਦਾ ਹੈ:** ਅਸੀਂ ਚੰਦ ਨੂੰ ਮਾਮਾ ਕਹਿ ਕੇ ਵੱਡੀ ਹੋਈ ਪੀੜ੍ਹੀ ਹਾਂ; ਸੂਰਜ ਵੱਡਾ ਬੰਦਾ ਹੈ। ਸ਼ਾਇਦ ਤਾਂ ਹੀ ਦਾਦੀ ਕਹਿੰਦੀ ਹੁੰਦੀ ਸੀ ਕਿ ਸੂਰਜ ਨੂੰ ਦੀਵਾ ਨਹੀਂ ਦਿਖਾਈਦਾ। ਸਾਡੇ ਪੁਰਖਿਆਂ ਦੀ ਆਸ ਦਾ ਇਤਿਹਾਸ ਬਹੁਤ ਡੂੰਘਾ ਹੈ। ਅਸੀਂ ਉਹੀ ਹਾਂ, ਜੋ ਫਸਲ ਬੀਜਣ ਵੇਲੇ ਚਾਰ ਮੁੱਠਾਂ ਜੀਆ-ਜੰਤ ਲਈ ਵੀ ਸੁਟਦੇ ਰਹੇ ਹਾਂ, ਬੰਦਾ ਅਜੇ ਸਾਡੇ ਕੋਲੋਂ ਟੁਟਿਆ ਨਹੀਂ। ਸਾਡੀ ਸਿਮਰਤੀ ਵਿਚ ਸਿਆਲਾਂ ਵਿਚ ਆਉਂਦੇ ਰਾਸ਼ੇ ਅਤੇ ਕਣਕ ਵੇਲੇ ਆਉਂਦਾ ਕੋਹੜੀ ਵੀ ਸਾਡੇ ਟੱਬਰ ਦਾ ਹੀ ਹਿੱਸਾ ਹਨ। ਇਸ ਸਮੇਂ ਵੀ ਸਾਡੇ ਕਿਸਾਨ, ਕਵੀ, ਆਰਟਿਸਟ, ਲੇਖਕ, ਦਾਰਸ਼ਨਿਕ, ਗੁਰੂ-ਚੇਲੇ ਆਸ ਦੇ ਰਹੇ ਹਨ। ਰਾਜਾ ਜੀ! ਮੇਰੀ ਆਸ ਦਾ ਫਿਕਰ ਨਾ ਕਰੋ।

ਹਾਲੇ ਤਾਂ ਸਾਡੇ ਪਿੰਡ ਆਲਾ ਅਮਲੀ ਨਸ਼ੇ ਦੀ ਤੋੜ ਭੁੱਲ ਕੇ ਕਹਿੰਦਾ ਹੈ, "ਕਾਕਾ, ਆ ਕੁਦਰਤ ਭਲੀ ਕਰੂ, ਚਿਤ ਹੌਲਾ ਨਾ ਕਰੋ।" ਰਾਜੇ ਨੂੰ ਕਹੋ ਕਿ ਹਾਲੇ ਸਮਾਂ ਹੈ, ਜਿਹੜਾ ਕੰਮ ਉਹਦੇ ਕਰਨ ਵਾਲਾ ਹੈ, ਉਹ ਕਰੇ!


# ਕਰੋਨਾ ਇਕਾਂਤਵਾਸ-ਉਚਾ ਮਨੋਬਲ ਸਹਾਈ ਹੋ ਸਕਦਾ

ਰਵਿੰਦਰ ਚੋਟ
ਫੋਨ: 91-98726-73703

ਸਾਡੇ ਘਰਾਂ ਵਿਚ ਡਰ, ਚੁੱਪ ਅਤੇ ਸੱਨਾਟਾ ਹੈ, ਜਿਵੇਂ ਘੁੱਪ ਰਾਤ ਸਮੇਂ ਜੰਗਲ ਵਿਚ ਪਹੁੰਚ ਗਏ ਹੋਈਏ। ਜਦੋਂ ਦੇ ਅਸੀਂ ਅੰਦਰ ਬੰਦ ਹੋਏ ਹਾਂ, ਬਾਹਰ ਪਾਰਕਾਂ ਵਿਚ ਚਿੜੀਆਂ ਦੀ ਚੀਂ ਚੀਂ ਤੇ ਪੰਛੀਆਂ ਦੀ ਚਹਿਚਹਾਟ ਵਾਪਿਸ ਆ ਗਈ ਹੈ। ਅਸਮਾਨ ਪਹਿਲਾਂ ਨਾਲੋਂ ਵੱਧ ਨੀਲਾ ਦਿਸ ਰਿਹਾ ਹੈ, ਜਿਵੇਂ ਉਸ ਨੂੰ ਵੀ ਕੁੱਝ ਸਮੇਂ ਲਈ ਗੱਡੀਆਂ, ਫੈਕਟਰੀਆਂ ਦੇ ਧੂੰਏ ਤੋਂ ਨਿਜ਼ਾਤ ਮਿਲ ਗਈ ਹੋਵੇ। ਹੁਣ ਪਹਾੜ ਪੰਜਾਬ ਦੇ ਸ਼ਹਿਰਾਂ ਤੋਂ ਦੇਖੇ ਜਾ ਸਕਦੇ ਹਨ। ਰੁੱਖਾਂ ਨੇ ਆਪਣੇ ਪੀਲੇ ਪੱਤੇ ਝਾੜ ਕੇ ਧਰਤੀ ਦੀ ਹਿੱਕ 'ਤੇ ਵਿਛਾ ਦਿਤੇ ਹਨ, ਜਿਵੇਂ ਮਨੁੱਖ ਵਲੋਂ ਹੋਈ ਧਰਤੀ ਦੀ ਬੇਪਤੀ ਨੂੰ ਢਕ ਲੈਣਾ ਚਾਹੁੰਦੇ ਹੋਣ।

ਦੁੱਖ ਇਹ ਹੈ ਕਿ ਅਸੀਂ ਇਕ ਭਿਆਨਕ ਬੀਮਾਰੀ ਦੇ ਡਰ ਤੋਂ ਬਾਹਰਲੀ ਦੁਨੀਆਂ, ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਤੋਂ ਟੁੱਟ ਕੇ ਅੰਦਰ ਚਾਰ ਦੀਵਾਰੀ ਵਿਚ ਸਿਮਟੇ ਬੈਠੇ ਹਾਂ। ਭਾਵੇਂ ਇਸ ਬੀਮਾਰੀ, ਜੋ 200 ਦੇਸ਼ਾਂ ਵਿਚ ਆਪਣੀ ਖੂਨੀ ਦਸਤਕ ਦੇ ਚੁਕੀ ਹੈ, ਦੀ ਭਿਆਨਕਤਾ ਦਾ ਖਤਰਨਾਕ ਪੱਖ ਦੇਖਦਿਆਂ ਸਾਡੇ ਲਈ ਸਰਕਾਰ ਤੇ ਸਿਹਤ ਵਿਭਾਗ ਦੀਆਂ ਹਦਾਇਤਾਂ ਦਾ ਪਾਲਣ ਕਰਨਾ ਜਰੂਰੀ ਹੈ, ਪਰ ਇਸ ਦਾ ਦੂਜਾ ਪੱਖ, ਜੋ ਮਨੁੱਖ ਦੇ ਲੰਮੇ ਸਮੇਂ ਲਈ ਇਕੱਲ ਜਾਂ ਇਕਾਂਤਵਾਸ ਨਾਲ ਸਬੰਧਤ ਹੈ, ਮਾਨਸਿਕ ਸਿਹਤ ਲਈ ਚੰਗਾ ਨਹੀਂ ਹੈ, ਕਿਉਂਕਿ ਮਨੁੱਖ ਇਕ ਸਮਾਜਕ ਜੀਵ ਹੈ। ਮਾਮੂਲੀ ਖੰਘ ਹੋਣ 'ਤੇ ਹੀ ਕਈ ਲੋਕਾਂ ਦੇ ਕਰੋਨਾ ਦੇ ਡਰ ਕਰਕੇ ਖੁਦਕੁਸ਼ੀ ਕਰਨ ਦੇ ਮਾਮਲੇ ਵੀ ਸਾਹਮਣੇ ਆਏ ਹਨ, ਜਦੋਂ ਕਿ ਉਨ੍ਹਾਂ ਨੂੰ ਕਰੋਨਾ ਅਜੇ ਸਾਬਤ ਨਹੀਂ ਸੀ ਹੋਇਆ। ਲੋਕ ਇਸ ਬੀਮਾਰੀ ਨਾਲ ਮਰੇ ਆਪਣੇ ਮਾਂ-ਪਿਓ ਦੀਆਂ ਲਾਸ਼ਾਂ ਲੈਣ ਤੋਂ ਇਨਕਾਰ ਕਰ ਰਹੇ ਹਨ। ਡਰ ਨੇ ਮਨੁੱਖਤਾ ਨੂੰ ਗਹਿਰੀ ਸੱਟ ਮਾਰੀ ਹੈ। ਇਹ ਹਾਲਤ ਬਜੁਰਗਾਂ ਅਤੇ ਬੱਚਿਆਂ ਲਈ ਬਹੁਤ ਖਤਰਨਾਕ ਹੈ।

ਇਕਾਂਤਵਾਸ ਵਿਚ ਵੀ ਸਾਰੇ ਲੋਕ ਕਰੋਨਾ ਵਇਰਸ ਦੇ ਫੈਲਾਓ ਬਾਰੇ ਸੋਚ ਕੇ ਖੌਫਜ਼ਦਾ ਹਨ। ਗਰੀਬ ਲੋਕਾਂ ਵਿਚ ਰੋਟੀ ਤੇ ਖਾਧ ਪਦਾਰਥਾਂ ਦੀ ਕਮੀ ਹੋਣ ਦਾ ਡਰ ਅਤੇ ਚਿੰਤਾ ਹੋ ਰਹੀ ਹੈ, ਭਾਵੇਂ ਸਰਕਾਰਾਂ, ਐਨ. ਜੀ. ਓ. ਅਤੇ ਭਾਈਚਾਰਕ ਜਥੇਬੰਦੀਆਂ ਇਸ ਕਮੀ ਨੂੰ ਪੂਰਾ ਕਰਨ ਲਈ ਬਣਦਾ ਜ਼ੋਰ ਲਾ ਰਹੀਆਂ ਹਨ, ਪਰ ਫਿਰ ਵੀ ਅਦਿਖ ਸਹਿਮ ਪਰਵਾਸੀਆਂ ਨੂੰ ਆਪਣੇ ਆਲਣੇ ਛੱਡ ਕੇ ਸੜਕਾਂ 'ਤੇ ਆਉਣ ਲਈ ਮਜ਼ਬੂਰ ਕਰ ਰਿਹਾ ਹੈ। ਇਸ ਬੀਮਾਰੀ ਦਾ ਡਰ ਬੀਮਾਰੀ ਨਾਲੋਂ ਵੀ ਖਤਰਨਾਕ ਹੁੰਦਾ ਜਾ ਰਿਹਾ ਹੈ। ਇਸ ਬੀਮਾਰੀ ਦੇ ਮਰੀਜ਼ਾਂ ਦਾ ਇਲਾਜ ਕਰ ਰਹੇ ਡਾਕਟਰ ਅਤੇ ਪੈਰਾ-ਮੈਡੀਕਲ ਸਟਾਫ, ਜੋ ਘਰਾਂ ਵਿਚ ਕੰਮ ਕਰ ਰਹੇ ਹਨ, ਲੋਕ ਡਰ ਕਾਰਨ ਬੇਵਜ੍ਹਾ ਉਨ੍ਹਾਂ ਨਾਲ



ਦੁਰ ਵਿਹਾਰ ਕਰ ਰਹੇ ਹਨ। ਹਵਾਈ ਜਹਾਜਾਂ ਵਿਚ ਕੰਮ ਕਰ ਰਹੇ ਅਮਲੇ ਨਾਲ ਵੀ ਇੰਜ ਹੀ ਵਾਪਰ ਰਿਹਾ ਹੈ, ਉਨ੍ਹਾਂ ਨੂੰ ਘਰੋਂ ਕੱਢਣ ਦੀਆਂ ਧਮਕੀਆਂ ਮਿਲ ਰਹੀਆਂ ਹਨ। ਇਹ ਸਭ ਲੋਕਾਂ ਦੇ ਜ਼ਿਹਨ ਵਿਚ ਬੈਠੇ ਡਰ ਕਾਰਨ ਹੋ ਰਿਹਾ ਹੈ। ਉਹ ਸੋਚਣ ਲੱਗ ਪਏ ਹਨ, 'ਆਪ ਮੋਏ ਜਗ ਪਰਲੋ।'

ਪੱਛਮੀ ਬੰਗਾਲ ਦੇ ਪੁਰੂਲੀਆ ਜਿਲ੍ਹੇ ਬਲਰਾਮਪੁਰ ਵਿਚ ਪਿੰਡ ਦੇ ਲੋਕਾਂ ਨੇ ਹੋਰ ਰਾਜਾਂ ਤੋਂ ਮੁੜ ਕੇ ਗਏ ਮਜ਼ਦੂਰਾਂ ਨੂੰ ਰੁੱਖਾਂ 'ਤੇ ਘਰ ਬਣਾ ਕੇ ਚੌਦਾਂ ਦਿਨ ਕੱਟਣ ਲਈ ਮਜ਼ਬੂਰ ਕੀਤਾ ਹੈ। ਇਹ ਗੱਲ ਇਸੇ ਤਰ੍ਹਾਂ ਵਧਦੀ ਗਈ ਤਾਂ ਸਮੁੱਚਾ ਸਮਾਜ ਸਨਕੀ ਤਬੀਅਤ ਵਾਲਾ ਹੋਣ ਦਾ ਡਰ ਹੈ। ਸਮਾਜਕ ਡਰ ਜਾਂ ਚਿੰਤਾ ਆਪਣੇ ਆਪ ਵਿਚ ਗਭੀਰ ਰੋਗ ਹਨ, ਕਰੋਨਾ ਵਾਇਰਸ ਨੇ ਇਥੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਜਦੋਂ ਬੰਦਾ ਜਾਂ ਸਮਾਜ ਚਿੰਤਾ ਰੋਗ ਦਾ ਸ਼ਿਕਾਰ ਹੁੰਦਾ ਹੈ ਤਾਂ ਕਈ ਵਾਰੀ ਬਿਨਾ ਕਾਰਨ ਹੀ ਘੋਰ ਨਿਰਾਸ਼ਾ ਵਿਚ ਚਲੇ ਜਾਂਦਾ ਹੈ। ਬੱਚਿਆਂ ਵਿਚ ਇਸ ਦਾ ਡਰ ਵੱਧ ਹੁੰਦਾ ਹੈ। ਬਜੁਰਗਾਂ ਲਈ ਇਹ ਮਾਨਸਿਕ ਦਬਾਓ ਦਾ ਸਮਾਂ ਹੁੰਦਾ ਹੈ। ਉਹ ਸਰੀਰਕ ਤੌਰ 'ਤੇ ਵੀ ਠੀਕ ਨਹੀਂ ਰਹਿੰਦੇ, ਉਨ੍ਹਾਂ ਦਾ ਇਮਿਊਨ ਸਿਸਟਿਮ ਪਹਿਲਾਂ ਹੀ ਕਮਜ਼ੋਰ ਹੁੰਦਾ ਹੈ।

ਪੰਜਾਬ ਵਿਚ, ਖਾਸ ਕਰਕੇ ਦੁਆਬੇ ਵਿਚ ਬਾਹਰਲੇ ਦੇਸ਼ਾਂ ਵਿਚ ਜਾਣ ਦਾ ਰੁਝਾਨ ਅੰਗਰੇਜ਼ਾਂ ਵੇਲੇ ਤੋਂ ਹੀ ਸ਼ੁਰੂ ਹੋ ਗਿਆ ਸੀ। ਇਸ ਵੇਲੇ 60-70 ਪ੍ਰਤੀਸ਼ਤ ਘਰਾਂ ਵਿਚ ਬਜੁਰਗ ਮੀਆਂ-ਬੀਬੀ ਹੀ ਹਨ ਜਾਂ ਕਈ ਥਾਂਵਾਂ 'ਤੇ ਇਕੱਲੇ ਇਕੱਲੇ ਹੀ ਹਨ। ਹੁਣ ਉਹ ਬਾਹਰਲੇ ਸਮਾਜ ਨਾਲੋਂ ਬਿਲਕੁਲ ਟੁੱਟੇ ਬੈਠੇ ਹਨ। ਵਿਦੇਸ਼ਾਂ 'ਚ ਬੈਠੇ ਬੱਚਿਆਂ ਦੀ ਕੁਸ਼ਲਤਾ ਬਾਰੇ ਸੋਚ ਸੋਚ ਕੇ ਉਹ ਨਿਰਾਸ਼ਾ ਵੱਲ ਜਾ ਰਹੇ ਹਨ। ਉਨ੍ਹਾਂ ਦੇ ਸੁਪਨੇ ਮਰ ਰਹੇ ਹਨ-'ਸਭ ਤੋਂ ਖਤਰਨਾਕ ਹੁੰਦਾ ਹੈ ਸੁਪਨਿਆਂ ਦਾ ਮਰ ਜਾਣਾ।' ਫਿਰ ਉਨ੍ਹਾਂ ਨੂੰ ਨਾਂਹਪੱਖੀ ਵਿਚਾਰ ਘੇਰਨ ਲਗਦੇ ਹਨ।

ਕਰੋਨਾ ਵਾਇਰਸ ਕੁਝ ਦੇਰ ਬਾਅਦ ਖਤਮ ਹੋ ਜਾਵੇਗਾ, ਪਰ ਇਹ ਸਮਾਜ ਦੀ ਆਤਮਾ 'ਤੇ ਆਪਣੇ ਦਾਗ ਛੱਡ ਜਾਵੇ, ਜੋ ਲੰਮਾ ਸਮਾਂ ਇਸ ਨੂੰ ਕੁਰੇਦਦੇ ਰਹਿਣਗੇ। ਉਹ ਲੋਕ, ਜੋ ਇਸ ਬੀਮਾਰੀ ਤੋਂ ਪੀੜਤ ਰਹੇ ਹਨ ਤੇ ਇਲਾਜ ਪਿਛੋਂ ਹੁਣ ਉਨ੍ਹਾਂ ਦੇ ਟੈਸਟ ਨੈਗੇਟਿਵ ਆਏ ਹਨ ਜਾਂ ਉਹ ਲੋਕ, ਜੋ ਸ਼ੱਕ ਕਾਰਨ ਇਕਾਂਤਵਾਸ ਵਿਚ ਰਹਿ ਕੇ ਆਏ ਹਨ, ਉਹ ਮਾਨਸਿਕ ਤੌਰ 'ਤੇ ਥੋੜਾ ਉਖੜ ਜਾਂਦੇ ਹਨ। ਉਨ੍ਹਾਂ ਦੇ ਮਨ ਵਿਚ ਡਰ, ਉਦਾਸੀ ਤੇ ਗੁੱਸੇ ਦੇ ਭਾਵ ਪੈਦਾ ਹੋ ਜਾਂਦੇ ਹਨ। ਇਸ ਸਬੰਧੀ ਕੁਝ ਮਨੋਵਿਗਿਆਨੀਆਂ

*(ਬਾਕੀ ਅਗਲੇ ਸਫੇ 'ਤੇ)*

# ਪੰਜਾਬ ਵਿਚ ਮਹਾਮਾਰੀਆਂ ਦੇ ਕਹਿਰ ਦਾ ਇਤਿਹਾਸ

***ਕਰੋਨਾ ਵਾਇਰਸ ਨੇ ਅੱਜ ਸਾਰੇ ਸੰਸਾਰ ਨੂੰ ਡਰਾਇਆ ਹੋਇਆ ਹੈ। ਪਹਿਲਾਂ ਵੀ ਕਈ ਅਜਿਹੀਆਂ ਬਿਮਾਰੀਆਂ ਫੈਲਦੀਆਂ ਰਹੀਆਂ ਹਨ, ਜਿਨ੍ਹਾਂ ਕਾਰਨ ਬੇਅੰਤ ਮੌਤਾਂ ਹੋਈਆਂ ਅਤੇ ਲੋਕਾਂ ਅੰਦਰ ਖੌਫ ਵੀ ਫੈਲਿਆ। ਆਖਰਕਾਰ ਸਰਕਾਰੀ ਪਹਿਲਕਦਮੀ ਅਤੇ ਇਸ ਦੇ ਨਾਲ ਹੀ ਲੋਕਾਂ ਦੇ ਸਹਿਯੋਗ ਨਾਲ ਇਨ੍ਹਾਂ 'ਤੇ ਕਾਬੂ ਪਾਇਆ ਗਿਆ। ਅਜਿਹੇ ਮਾਰਮਿਕ ਵੇਰਵੇ ਕਿਰਪਾਲ ਸਿੰਘ ਦਰਦੀ ਨੇ ਆਪਣੇ ਇਸ ਲੇਖ ਵਿਚ ਸਾਂਝੇ ਕੀਤੇ ਹਨ। -ਸੰਪਾਦਕ***

ਮਹਾਮਾਰੀਆਂ ਸਮੇਂ-ਸਮੇਂ ਸੰਸਾਰ ਵਿਚ ਵਾਪਰਦੀਆਂ ਰਹੀਆਂ ਹਨ ਅਤੇ ਲੋਕ ਇਨ੍ਹਾਂ ਦਾ ਸਮਰੱਥਾ ਅਨੁਸਾਰ ਸਾਹਮਣਾ ਕਰਦੇ ਆਏ ਹਨ। ਮੌਜੂਦਾ ਵਿਗਿਆਨ ਅਤੇ ਮੈਡੀਕਲ ਸਾਇੰਸ ਦੇ ਯੁੱਗ ਵਿਚ ਕਰੋਨਾ ਵਾਇਰਸ ਨਾਲ ਲੱਗਣ ਵਾਲੀ ਨਾਮੁਰਾਦ ਬਿਮਾਰੀ ਕੋਵਿਡ-19 ਨੇ ਦੁਨੀਆਂ ਭਰ ਨੂੰ ਲਪੇਟੇ ਵਿਚ ਲੈ ਲਿਆ ਹੈ। ਲੋਕ ਇਸ ਤੋਂ ਡਾਢੇ ਫਿਕਰਮੰਦ ਅਤੇ ਡਰੇ ਹੋਏ ਹਨ। ਇਸ ਬਿਮਾਰੀ ਦੇ ਵਾਇਰਸ ਕਾਰਨਾਂ ਦਾ ਚੰਗੀ ਤਰ੍ਹਾਂ ਪਤਾ ਨਹੀਂ ਲੱਗ ਸਕਿਆ, ਭਾਵੇਂ ਇਹ ਚੀਨ ਦੇਸ਼ ਤੋਂ ਕੁਝ ਮਹੀਨੇ ਪਹਿਲਾਂ ਸ਼ੁਰੂ ਹੋਈ। ਇਸ ਬਿਮਾਰੀ ਦਾ ਸਟੀਕ ਇਲਾਜ ਅਜੇ ਤੱਕ ਨਹੀਂ ਲੱਭ ਸਕਿਆ ਅਤੇ ਉਮੀਦ ਕੀਤੀ ਜਾਂਦੀ ਹੈ ਕਿ ਨਿਕਟ ਭਵਿਖ ਵਿਚ ਇਲਾਜ ਲੱਭ ਲਿਆ ਜਾਵੇਗਾ।

ਮਲੇਰੀਆ, ਚੇਚਕ (ਸੀਤਲਾ, ਵੱਡੀ ਮਾਤਾ), ਹੈਜ਼ਾ, ਪਲੇਗ ਆਦਿ ਬਿਮਾਰੀਆਂ ਭਾਰਤ ਵਿਚ ਭੂਤਕਾਲ ਪਸਰਦੀਆਂ ਰਹੀਆਂ ਹਨ। ਪੰਜਾਬ ਜਿਸ

ਕਿਰਪਾਲ ਸਿੰਘ ਦਰਦੀ

ਵਿਚ ਪਾਕਿਸਤਾਨੀ ਅਤੇ ਭਾਰਤੀ ਪੰਜਾਬ ਸ਼ਾਮਿਲ ਹੈ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵੀ ਸ਼ਾਮਲ ਸਨ, 'ਤੇ ਮਲੇਰੀਏ ਨੇ 1850 ਤੋਂ ਲੈ ਕੇ 1947 ਤੱਕ 15 ਹਮਲੇ ਕੀਤੇ, ਜਿਸ ਨਾਲ ਕਰੀਬ 51 ਲੱਖ 78 ਹਜ਼ਾਰ ਜ਼ਿੰਦਗੀਆਂ ਖਤਮ ਹੋਈਆਂ। 1891 ਵਿਚ ਕਈ ਵਰਗਮੀਲ ਵਿਚ ਬੀਜੀ ਝੋਨੇ ਦੀ ਪੱਕੀ ਫਸਲ ਇਸ ਵਾਸਤੇ ਵੱਢੀ ਅਤੇ ਸਾਂਭੀ ਨਾ ਜਾ ਸਕੀ ਕਿ ਪਿੰਡਾਂ ਦੇ ਲੋਕ ਏਨੇ ਕਮਜ਼ੋਰ ਹੋ ਗਏ ਸਨ ਕਿ ਉਹ ਫਸਲ ਨੂੰ ਵੱਢ ਅਤੇ ਸਾਂਭ ਨਾ ਸਕੇ। ਸ਼ਹਿਰਾਂ ਵਿਚ ਰੋਟੀ ਕਮਾਉਣ ਵਾਲੇ ਮਰਦ ਬਿਮਾਰ ਸਨ, ਜਿਸ ਕਾਰਨ ਪਰਿਵਾਰ ਭੁੱਖੇ ਮਰ ਰਹੇ ਸਨ। ਇਸ ਬਿਮਾਰੀ ਨੇ ਪੰਜਾਬ ਦੇ 25 ਕੇਂਦਰੀ ਜਿਲਿਆਂ ਵਿਚ ਤਬਾਹੀ ਮਚਾਈ ਹੋਈ ਸੀ, ਜਿਥੇ 22 ਲੱਖ ਤੋਂ ਉਪਰ (22,03,576) ਜ਼ਿੰਦਗੀਆਂ ਖਤਮ ਹੋਈਆਂ। ਜਲੰਧਰ, ਅੰਮ੍ਰਿਤਸਰ, ਲਾਹੌਰ, ਗੁੱਜਰਾਂਵਾਲਾ ਤੇ ਸ਼ਾਹਪੁਰ ਜਿਲਿਆਂ ਅਤੇ ਰਾਵਲਪਿੰਡੀ ਤੇ ਪੇਸ਼ਾਵਰ ਦੇ ਨੀਮ ਪਹਾੜੀ ਖੇਤਰਾਂ ਵਿਚ ਵਧੇਰੇ ਬਾਰਸ਼ ਹੋਈ, ਮੱਛਰ ਬਹੁਤ ਪੈਦਾ ਹੋਇਆ। ਮਿੰਟਗੁਮਰੀ, ਲਾਇਲਪੁਰ, ਝੰਗ, ਮੁਲਤਾਨ ਅਤੇ ਡੇਰਾ ਗਾਜ਼ੀ ਖਾਂ ਦੇ ਖੁਸ਼ਕ ਖੇਤਰਾਂ 'ਚ ਵੀ ਕੋਈ 8 ਲੱਖ 79 ਹਜ਼ਾਰ ਲੋਕ ਜਾਨ ਗੁਆ ਬੈਠੇ। ਪੰਜਾਬ ਦੇ ਹਿਮਾਲੀਆ ਖੇਤਰ 'ਚ ਵੀ ਕੋਈ ਡੇਢ ਲੱਖ (1,55,493) ਮੌਤਾਂ ਹੋਈਆਂ।

ਚੇਚਕ ਦੀ ਬਿਮਾਰੀ ਤੋਂ 1868-1947 ਤੱਕ ਪੰਜਾਬ ਦੇ ਖੇਤਰ ਵਿਚ ਸਵਾ 8 ਲੱਖ ਤੋਂ ਉਪਰ (8,30,591) ਮੌਤਾਂ ਹੋਈਆਂ। 1875-1919 ਵਿਚ ਜਦ ਚੇਚਕ ਨੇ ਬਹੁਤ ਜ਼ੋਰ ਫੜਿਆ ਤਾਂ 27 ਜ਼ਿਲ੍ਹਿਆਂ ਵਿਚ ਢਾਈ ਲੱਖ ਲੋਕਾਂ ਨੇ ਜਾਨ ਗੁਆਈ। ਉਤਰ-ਪੱਛਮੀ ਅਤੇ ਦੱਖਣ-ਪੂਰਬੀ ਜਿਲਿਆਂ ਵਿਚ ਇਸ ਬਿਮਾਰੀ ਦਾ ਬਹੁਤ ਜ਼ੋਰ ਸੀ, ਜਿਥੇ ਲੋਕ ਟੀਕੇ ਲਵਾਉਣ ਦੀ ਥਾਂ ਪੂਜਾ-ਅਰਚਨਾ ਵਿਚ ਯਕੀਨ ਰੱਖਦੇ ਸਨ। ਕਰਨਾਲ, ਰੋਹਤਕ ਅਤੇ ਨਾਲ ਦੇ ਖੇਤਰਾਂ ਦੇ ਲੋਕ ਗੁੜਗਾਉਂ ਵਿਖੇ ਸ਼ੀਤਲਾ ਦੇਵੀ ਦੇ ਮੰਦਿਰ ਬਹੁਤਾ ਜਾਂਦੇ ਸਨ ਅਤੇ ਟੀਕੇ ਲਵਾਉਣੇ ਪਸੰਦ ਨਹੀਂ ਸਨ ਕਰਦੇ।

1866 ਤੋਂ 1921 ਦੌਰਾਨ 12 ਹੈਜ਼ੇ ਦੇ ਹਮਲੇ ਹੋਏ, ਜਿਨ੍ਹਾਂ ਨਾਲ ਕਰੀਬ ਢਾਈ ਲੱਖ ਲੋਕਾਂ ਨੇ ਜਾਨ ਗਵਾਈ। ਸਾਲ 'ਚ ਔਸਤ 4357 ਜਾਨਾਂ ਖਤਮ ਹੋਈਆਂ। ਗੁੱਜਰਾਂਵਾਲਾ, ਰਾਵਲਪਿੰਡੀ, ਹਜ਼ਾਰਾ, ਅੰਬਾਲਾ, ਗੁੜਗਾਉਂ, ਲਾਹੌਰ, ਜਲੰਧਰ, ਪੇਸ਼ਾਵਰ, ਅੰਮ੍ਰਿਤਸਰ ਅਤੇ ਸ਼ਾਹਪੁਰ ਜਿਲੇ ਬੁਰੀ ਤਰ੍ਹਾਂ ਪ੍ਰਭਾਵਿਤ ਸਨ। ਇਨ੍ਹਾਂ ਜਿਲਿਆਂ 'ਚ ਸਥਾਨਕ ਤੇ ਖੇਤਰੀ ਮੇਲਿਆਂ 'ਤੇ ਭੀੜ-ਭੜੱਕਾ, ਸਿਹਤਯਾਬ ਹਾਲਾਤ ਵਿਚ ਨਾ ਰਹਿਣ ਅਤੇ ਇਸ ਤੋਂ ਇਲਾਵਾ ਸਾਫ ਪਾਣੀ ਦੀ ਅਣਹੋਂਦ ਕਾਰਨ ਮਹਾਮਾਰੀ ਫੈਲੀ।

1897-1918 ਦੇ ਸਮੇਂ ਪੰਜਾਬ ਦੇ 26 ਜਿਲਿਆਂ ਵਿਚ ਪਲੇਗ ਦੀ ਬਿਮਾਰੀ ਮਹਾਮਾਰੀ ਦਾ ਰੂਪ ਅਖਤਿਆਰ ਕਰ ਗਈ ਅਤੇ ਕੁੱਲ ਹਿੰਦ ਦੀ ਔਸਤਨ ਮੌਤ ਦਰ ਤੋਂ ਇਹ ਦਰ ਚੌਗੁਣੀ ਸੀ। ਦੂਜੀਆਂ ਮਹਾਮਾਰੀਆਂ ਨਾਲੋਂ ਇਹ ਬਹੁਤੀ ਭਿਆਨਕ ਸੀ। ਪਲੇਗ ਜਿਲਾ ਜਲੰਧਰ ਦੇ ਪਿੰਡ ਖਟਕੜ ਕਲਾਂ (ਹੁਣ ਜਿਲਾ ਸ਼ਹੀਦ ਭਗਤ ਸਿੰਘ ਨਗਰ) ਤੋਂ ਸ਼ੁਰੂ ਹੋਈ, ਜਿਥੇ ਇਸ ਬਿਮਾਰੀ ਦਾ ਪਹਿਲਾ ਮਰੀਜ਼ 17 ਅਕਤੂਬਰ 1897 ਨੂੰ ਮਿਲਿਆ। 1899 ਤੱਕ ਪਲੇਗ ਜਲੰਧਰ ਤੇ ਹੁਸ਼ਿਆਰਪੁਰ ਜਿਲਿਆਂ ਤੱਕ ਸੀਮਤ ਰਹੀ ਅਤੇ ਇਸ ਦੇ ਕਾਰਨਾਂ ਦੀ ਵਜ੍ਹਾ ਅਤੇ ਵਧਣ ਦੇ ਕਾਰਨਾਂ ਤੋਂ ਲੋਕਾਂ ਦੇ ਅਣਜਾਣ ਹੋਣ ਕਾਰਨ ਇਹ 1900 ਤੱਕ ਰਿਆਸਤ ਪਟਿਆਲਾ ਵਿਚ ਵੀ ਫੈਲ ਗਈ।

1901 ਵਿਚ ਇਹ ਮਹਾਮਾਰੀ ਹੋਰ ਵਧੇਰੇ ਖੇਤੀ ਵਾਲੇ ਤੇ ਸੰਘਣੀ ਆਬਾਦੀ ਵਾਲੇ ਮੱਧ ਪੰਜਾਬ ਦੇ ਖੇਤਰਾਂ ਵਿਚ ਪਸਰੀ ਅਤੇ 7 ਜਿਲੇ ਪ੍ਰਭਾਵਿਤ ਹੋਏ ਅਤੇ ਨਾਲ ਹੀ ਫਿਰੋਜ਼ਪੁਰ, ਗੁਰਦਾਸਪੁਰ ਤੇ ਸਿਆਲਕੋਟ ਜਿਲੇ ਵੀ ਇਸ ਦੀ ਮਾਰ ਥੱਲੇ ਆ ਗਏ। 1901-02 ਵਿਚ ਇਹ ਉਨ੍ਹਾਂ ਦੱਖਣ-ਪੱਛਮੀ ਖੇਤਰਾਂ ਵਿਚ ਵੀ ਚਲੀ ਗਈ, ਜਿਥੇ ਨਹਿਰਾਂ ਦੀ ਉਸਾਰੀ ਕਰਕੇ ਲੋਕਾਂ ਨੂੰ ਸਥਾਪਤ ਕੀਤਾ ਜਾ ਰਿਹਾ ਸੀ। ਨਹਿਰੀ ਸਿੰਜਾਈ ਨਾਲ ਨਮੀ ਦਾ ਪੱਧਰ ਵਧ ਗਿਆ, ਜਿਸ ਨੇ ਇਸ ਬਿਮਾਰੀ ਦੇ ਫੈਲਾਉਣ ਵਿਚ ਵਾਧਾ ਕੀਤਾ। 1902-03 ਦੇ ਅੰਤ 21 ਜਿਲੇ ਪ੍ਰਭਾਵਿਤ ਹੋਏ ਤੇ 1904-05 ਤੱਕ 26 ਜਿਲੇ ਇਸ ਦੀ ਮਾਰ ਥੱਲੇ ਆ ਗਏ, ਸਮੇਤ ਸਿੰਧ ਤੋਂ ਪਾਰ ਦਾ ਡੇਰਾ ਗਾਜ਼ੀ ਖਾਂ ਦਾ ਜਿਲਾ ਵੀ। ਇਸ ਬਿਮਾਰੀ ਕਰਕੇ ਇਹ ਹਾਲ ਸੀ ਕਿ ਲੋਕ ਘਰ ਦੇ ਇਕ ਜੀਅ ਦਾ ਸਸਕਾਰ ਕਰਕੇ ਆਉਂਦੇ, ਘਰ ਆਉਂਦਿਆਂ ਇਕ ਹੋਰ ਜੀਅ ਮਰਿਆ ਹੁੰਦਾ ਸੀ।

ਪੇਂਡੂ ਆਬਾਦੀ, ਜਿਥੇ ਗਿੱਲੇ ਅਤੇ ਦਲਦਲੀ ਹਾਲਾਤ ਹੁੰਦੇ ਸਨ, ਮੱਛਰਾਂ ਦੇ ਪਲਣ ਲਈ ਵਧੀਆ ਥਾਂ ਸੀ। ਪੈਸੇ ਦੀ ਕਮੀ ਕਾਰਨ ਪਿੰਡਾਂ ਦੇ ਛੱਪੜਾਂ, ਟੋਇਆਂ ਆਦਿ ਵਿਚੋਂ ਜਲ-ਨਿਕਾਸੀ ਦਾ ਕੋਈ ਪ੍ਰਬੰਧ ਨਹੀਂ ਸੀ। ਬੰਦੇ ਅਤੇ ਡਾਕਟਰੀ ਮਦਦ ਵੀ ਲੋੜ ਅਨੁਸਾਰ ਉਪਲਬਧ ਨਹੀਂ ਸਨ। ਲੋਕਾਂ ਨੂੰ ਕੁਝ ਸੁਝਦਾ ਨਹੀਂ ਸੀ ਤੇ ਉਨ੍ਹਾਂ ਪਾਸ ਬਿਮਾਰੀ ਦੇ ਕਾਰਨਾਂ ਅਤੇ ਲੋੜੀਂਦੇ ਰੋਗ ਰੋਕੂ ਤਰੀਕੇ ਅਪਨਾਉਣ ਲਈ ਕੋਈ ਜਾਣਕਾਰੀ ਨਹੀਂ ਸੀ।

1868 ਤੋਂ 1890 ਤੱਕ ਪੇਂਡੂ ਖੇਤਰਾਂ ਵਿਚ ਹੈਜ਼ੇ ਨਾਲ ਮਰਨ ਵਾਲਿਆਂ ਦੀ ਦਰ ਸ਼ਹਿਰੀ ਖੇਤਰਾਂ ਨਾਲੋਂ 4 ਗੁਣਾ ਵੱਧ ਸੀ। ਪਿੰਡਾਂ ਵਿਚ ਪੀਣ ਵਾਲਾ



*ਕਰਾਚੀ ਵਿਚ ਪਲੇਗ ਦੀ ਮਰੀਜ਼ ਔਰਤ।*

ਪਾਣੀ, ਜੋ ਕੱਚੇ ਤਾਲਾਬਾਂ ਜਾਂ ਖੁੱਲ੍ਹੇ ਖੂਹਾਂ ਤੋਂ ਉਪਲਬਧ ਹੁੰਦਾ ਸੀ, ਉਹ ਗੰਦਾ ਹੁੰਦਾ ਸੀ। ਖਾਣ-ਪੀਣ ਦੇ ਪਦਾਰਥ ਜੋ ਪਿੰਡਾਂ ਵਿਚ ਵੇਚੇ ਜਾਂਦੇ ਸਨ, ਮਿਲਾਵਟੀ ਅਤੇ ਗਲੇ-ਸੜੇ ਹੁੰਦੇ ਸਨ। ਸ਼ਹਿਰਾਂ ਵਿਚ ਦੁੱਧ, ਮੱਖਣ ਅਤੇ ਹੋਰ ਖਾਣ ਵਾਲੇ ਪਦਾਰਥਾਂ ਦੀ ਫਰੋਖਤ ਮਿਉਂਸਪਲ ਕਮੇਟੀਆਂ ਦੀ ਦੇਖ ਰੇਖ ਅਧੀਨ ਹੋਣ ਕਾਰਨ ਉਥੇ ਹਾਲਾਤ ਕੁਝ ਚੰਗੇ ਸਨ।

ਪਲੇਗ ਦਾ ਵੀ ਬਹੁਤਾ ਪਿੰਡਾਂ ਵਿਚ ਹੀ ਕਹਿਰ ਸੀ, ਕਿਉਂਕਿ ਉਥੇ ਰਿਹਾਇਸ਼ੀ ਮਕਾਨ ਘੱਟ ਹਵਾਦਾਰ ਸਨ। ਅਜਿਹੇ ਮਕਾਨ ਜਿਨ੍ਹਾਂ ਦੀ ਉਸਾਰੀ ਦੀ ਵਿਉਂਤ ਵੀ ਗਲਤ ਹੁੰਦੀ ਅਤੇ ਛੋਟੇ ਹੋਣ ਕਾਰਨ ਭੀੜ-ਭੜੱਕਾ ਬਹੁਤਾ ਹੁੰਦਾ ਰਹਿੰਦਾ ਸੀ। ਉਥੇ ਬਿਮਾਰੀ ਛੇਤੀ ਫੈਲਦੀ ਸੀ। ਪਿੰਡਾਂ ਵਿਚ ਅਨਾਜ ਦਾ ਭੰਡਾਰਨ ਸ਼ਹਿਰਾਂ ਨਾਲੋਂ ਵੱਧ ਹੁੰਦਾ ਸੀ ਅਤੇ ਮਕਾਨ ਵੀ ਕੱਚੇ ਹੁੰਦੇ ਸਨ, ਜਿਸ ਕਰਕੇ ਚੂਹੇ ਬਹੁਤ ਪਲਦੇ ਸਨ। ਇਸ ਕਰਕੇ ਪਿੰਡਾਂ ਵਿਚ ਪਲੇਗ ਦਾ ਫੈਲਾਓ ਸ਼ਹਿਰਾਂ ਨਾਲੋਂ ਬਹੁਤਾ ਹੁੰਦਾ ਸੀ। ਚੂਹੇ ਇਸ ਬਿਮਾਰੀ ਦਾ ਵੱਡਾ ਕਾਰਨ ਸਨ।

ਮਹਾਮਾਰੀਆਂ ਦਾ ਬਹੁਤਾ ਪਸਾਰ ਸਮਾਜਕ ਰਹਿਣ-ਸਹਿਣ, ਗਰੀਬੀ, ਅਨਪੜ੍ਹਤਾ ਅਤੇ ਗੈਰ-ਸਿਹਤਮੰਦ ਜੀਵਨ ਕਰਕੇ ਸੀ। ਬ੍ਰਿਟਿਸ਼ ਸ਼ਾਸਕ ਭਾਰਤ ਨੂੰ ਬਿਮਾਰੀਆਂ ਦਾ ਘਰ ਸਮਝਦੇ ਸਨ। ਪਲੇਗ ਨੂੰ ਗਰੀਬੀ ਅਤੇ ਗੰਦਗੀ ਦੀ ਬਿਮਾਰੀ ਸਮਝਿਆ ਗਿਆ। ਪਿੰਡਾਂ 'ਚ ਘਰਾਂ ਦੇ ਫਰਸ਼ ਕੱਚੇ ਹੋਣ ਕਾਰਨ ਗੰਦਗੀ ਛੇਤੀ ਫੜਦੇ ਸਨਅਤੇ ਬਾਰਿਸ਼ਾਂ ਦੇ ਦਿਨਾਂ ਵਿਚ ਹੋਰ ਗੰਦੇ ਹੋ ਜਾਂਦੇ ਸਨ ਤੇ ਪੈਰਾਂ ਨਾਲ ਘਰਾਂ ਵਿਚ ਰੋਗਾਂ ਦੇ ਕੀਟਾਣੂ ਆਉਂਦੇ ਸਨ। ਚੇਚਕ ਦੀ ਬਿਮਾਰੀ ਨੂੰ ਰੋਕਣ ਦੀ ਥਾਂ ਵਧਣ ਦਿੱਤਾ ਜਾਂਦਾ ਸੀ ਤੇ ਪੂਜਾ ਕੀਤੀ ਜਾਂਦੀ ਸੀ। 1873 'ਚ ਕਾਂਗੜਾ, ਹੁਸ਼ਿਆਰਪੁਰ, ਜਲੰਧਰ ਅਤੇ ਗੁਜਰਾਤ ਵਿਚ ਬਹੁਤਾ ਪੂਜਾ ਵਲ ਧਿਆਨ ਦਿੱਤਾ ਜਾਂਦਾ ਸੀ, ਜਿਸ ਕਾਰਨ ਬਿਮਾਰੀ ਮਾਰੂ ਰੂਪ ਧਾਰਨ ਕਰ ਗਈ। ਲੋਕ ਇਕੱਠੇ ਹੋ ਕੇ ਮਰੀਜ਼ਾਂ ਅਤੇ ਲਾਸ਼ਾਂ ਦੇ ਕੋਲ ਹਮਦਰਦੀ ਕਰਨ ਖਾਤਰ ਬੈਠਦੇ ਸਨ, ਜਿਸ ਨਾਲ ਬਿਮਾਰੀ ਨੂੰ ਵਧਣ ਲਈ ਬਲ ਮਿਲਦਾ ਸੀ।

ਧਾਰਮਿਕ ਮੇਲਿਆਂ ਵਿਚ ਯਾਤਰਾ 'ਤੇ ਜਾਣਾ ਹੈਜ਼ੇ ਦੇ ਫੈਲਣ ਦਾ ਵੱਡਾ ਕਾਰਨ ਸੀ, ਕਿਉਂਕਿ ਇਨ੍ਹਾਂ ਸਥਾਨਾਂ 'ਤੇ ਵੱਡੀ ਭੀੜ ਹੁੰਦੀ ਸੀ। ਸਫਾਈ ਤੇ ਸ਼ੁੱਧ ਪੀਣ ਵਾਲੇ ਪਾਣੀ ਦੀ ਅਣਹੋਂਦ ਕਾਰਨ ਲੋਕ ਛੂਤ ਦੇ ਰੋਗ ਤੋਂ ਪ੍ਰਭਾਵਿਤ ਹੋ ਜਾਂਦੇ ਸਨ ਅਤੇ ਇਨ੍ਹਾਂ ਥਾਂਵਾਂ ਤੋਂ ਜੋ ਪਾਣੀ ਪ੍ਰਸ਼ਾਦ ਦੇ ਰੂਪ ਵਿਚ ਲਿਆਉਂਦੇ ਸਨ, ਉਹ ਵੀ ਅਸ਼ੁੱਧ ਹੁੰਦਾ ਸੀ ਤੇ ਇਹ ਯਾਤਰੂ ਵਾਪਸੀ ਵੇਲੇ ਹੋਰਨਾਂ ਲੋਕਾਂ ਨੂੰ ਬਿਮਾਰ ਕਰ ਦਿੰਦੇ ਸਨ। ਹਰਿਦੁਆਰ ਦਾ ਕੁੰਭ ਦਾ ਮੇਲਾ, ਨੂਰਪੁਰ, ਕਟਾਸਰਾਜ, ਜਵਾਲਾਮੁਖੀ ਅਤੇ ਨੈਣਾ ਦੇਵੀ ਦੇ ਮੇਲਿਆਂ ਵਿਚ ਜਾਣ ਕਰਕੇ ਹਜ਼ਾਰਾਂ ਲੋਕਾਂ ਦਾ ਰੋਗਾਂ ਤੋਂ ਪ੍ਰਭਾਵਿਤ ਹੋਣਾ ਕਰੀਬ ਤੈਅ ਹੀ ਹੁੰਦਾ ਸੀ। 1872 ਵਿਚ ਪੇਸ਼ਾਵਰ ਮਾਊਨਟੇਨ ਬੈਟਰੀ ਦੇ ਫੌਜੀ ਲੁਸ਼ਾਈ ਮੁਹਿੰਮ ਤੋਂ ਜਦੋਂ ਵਾਪਸ ਆ ਰਹੇ ਸਨ ਤਾਂ ਉਨ੍ਹਾਂ ਤੋਂ ਜਿਹਲਮ, ਰਾਵਲਪਿੰਡੀ, ਲਾਹੌਰ ਅਤੇ ਮੀਆਂਮੀਰ ਵਿਚ ਹੈਜ਼ਾ ਫੈਲ ਗਿਆ।

ਬ੍ਰਿਟਿਸ਼ ਲੋਕ ਇਸ ਗੱਲ ਨੂੰ ਨਹੀਂ ਮੰਨਦੇ ਸਨ ਕਿ ਨਹਿਰਾਂ ਬਣਾਉਣ, ਰੇਲਵੇ ਅਤੇ ਸੜਕਾਂ ਬਣਾਉਣ ਨਾਲ ਮਹਾਮਾਰੀਆਂ ਫੈਲਣ ਵਿਚ ਵਾਧਾ ਹੋਇਆ, ਫਿਰ ਵੀ ਭਾਰਤ ਸਰਕਾਰ ਨੇ 1875 ਵਿਚ ਇਹ ਦੇਖਿਆ ਕਿ ਪੱਛਮੀ ਯਮਨਾ ਨਹਿਰ ਦੇ ਪਾਣੀ ਨਾਲ ਸਿੰਜਾਈ ਵਾਲੇ ਜਿਲਿਆਂ ਵਿਚ ਦੂਜੇ ਜਿਲਿਆਂ ਦੇ ਮੁਕਾਬਲੇ ਵੱਧ ਲੋਕ ਮਹਾਮਾਰੀਆਂ 'ਚ ਗ੍ਰਸਤ ਸਨ। ਕਰਨਾਲ ਲਾਗੇ ਨਹਿਰ ਦੀ ਕਤਾਰਬੰਦੀ ਚਾਰ ਸੌ ਸਾਲ ਪਹਿਲਾਂ ਵਾਲੀ ਨਹਿਰ ਦੀ ਸੀ, ਜੋ ਗਲਤ ਸੀ ਤੇ ਉਹ ਸੇਮ ਦੀ ਵੱਡੀ ਸਮੱਸਿਆ ਦਾ ਕਾਰਨ ਬਣੀ। ਖੇਤਾਂ ਵਿਚ ਪਾਣੀ ਜਮ੍ਹਾਂ ਹੋਣ ਕਾਰਨ ਮੱਛਰ ਪੈਦਾ ਹੋਇਆ ਅਤੇ ਮਲੇਰੀਆ ਫੈਲਿਆ। ਝੋਨੇ ਦੀ ਫਸਲ ਨੂੰ ਪਾਣੀ ਦੇਣ ਨਾਲ ਬਿਮਾਰੀ ਫੈਲੀ। ਇਹੋ ਹਾਲ ਬਾਰੀ ਦੁਆਬ ਨਹਿਰ ਅਤੇ ਚਨਾਬ ਨਹਿਰਾਂ ਦੇ ਖੇਤਰ ਵਿਚ ਸੀ। ਰੇਲਵੇ ਲਾਈਨ ਬਣਾਉਣ ਲਈ ਜੋ ਖਤਾਨ ਲਾਏ ਗਏ, ਉਹ ਬਾਰਸ਼ੀ ਪਾਣੀ ਦੇ ਭਰਨ ਨਾਲ ਮੱਛਰਾਂ ਦੀ ਬਰੀਡਿੰਗ ਨਰਸਰੀ ਸਾਬਤ ਹੋਏ। ਰੇਲਵੇ ਲਾਈਨਾਂ ਬਣਨ ਨਾਲ ਲਾਏ ਬੰਨ੍ਹਾਂ ਕਰਕੇ ਪਾਣੀ ਦਾ ਨਿਕਾਸ ਰੁਕ ਗਿਆ ਅਤੇ ਨੀਵੀਆਂ ਥਾਂਵਾਂ 'ਚ ਪਾਣੀ ਭਰਨ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਉਚਾ ਹੋਇਆ ਤੇ ਸੇਮ ਦੀ ਸਮੱਸਿਆ ਵਧੀ, ਜਿਸ ਨੇ ਮਲੇਰੀਏ ਨੂੰ ਜਨਮ ਦਿੱਤਾ। ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਵੇਖਿਆ ਕਿ ਦਿੱਲੀ, ਅੰਮ੍ਰਿਤਸਰ ਰੇਲਵੇ ਲਾਈਨ ਅਤੇ ਜੀ. ਟੀ. ਰੋਡ ਦੇ ਬੰਨ੍ਹਾਂ ਕਾਰਨ ਜਲੰਧਰ ਦੁਆਬ ਵਿਚ ਮਲੇਰੀਏ ਨਾਲ ਹੋਈਆਂ ਮੌਤਾਂ ਦੀ ਦਰ ਉਚੀ ਸੀ।

ਨਹਿਰੀਕਰਨ ਨੇ ਨਮੀ ਦੀ ਪੱਧਰ ਵਧਾਈ, ਜਿਸ ਕਾਰਨ ਝੰਗ, ਗੁਜਰਾਂਵਾਲਾ ਅਤੇ ਲਾਹੌਰ ਵਿਚ ਕ੍ਰਮਵਾਰ 1902-1906, 1892-1905 ਅਤੇ 1904-06 ਵਿਚ ਮਲੇਰੀਆ ਬਹੁਤ ਫੈਲਿਆ। 1897 ਵਿਚ ਇਹ ਨਤੀਜਾ ਕੱਢਿਆ ਗਿਆ ਕਿ ਮਲੇਰੀਆ ਦੀ ਬਿਮਾਰੀ ਮੱਛਰਾਂ ਕਾਰਨ ਹੁੰਦੀ ਹੈ ਅਤੇ ਇਸ ਤਰ੍ਹਾਂ ਮੱਛਰ ਮਾਰ ਮੁਹਿੰਮ ਸ਼ੁਰੂ ਹੋਈ। ਲੋਕਾਂ ਨੂੰ ਕੁਨੀਨ ਦੀਆਂ ਗੋਲੀਆਂ ਦਿੱਤੀਆਂ ਜਾਣ ਲੱਗੀਆਂ। 1898 ਤੋਂ ਡਾਕੀਏ ਵੀ ਪਿੰਡਾਂ ਵਿਚ ਕੁਨੀਨ ਵੰਡਣ ਲਾਏ ਗਏ। 1901 ਅਤੇ 1908 ਵਿਚ ਫੈਸਲਾ ਹੋਇਆ ਕਿ ਮੱਛਰਾਂ ਦੀਆਂ ਪਨਾਹਗਾਹਾਂ ਨੂੰ ਖਤਮ ਕੀਤਾ ਜਾਵੇ। ਸੋ, ਜਮ੍ਹਾਂ ਹੋਏ ਪਾਣੀ ਦਾ ਨਿਕਾਸ ਕੀਤਾ ਗਿਆ, ਛੱਪੜਾਂ, ਛੰਭਾਂ ਵਿਚ ਤੇਲ ਛਿੜਕਿਆ ਗਿਆ ਅਤੇ ਮੱਛਰਾਂ ਨੂੰ ਮਾਰਨ ਲਈ ਹਰ ਹੀਲਾ ਵਰਤਿਆ ਗਿਆ। 1940 ਵਿਚ ਜਾਵਾਦੀਪ ਅੰਗਰੇਜ਼ਾਂ ਦੇ ਹੱਥੋਂ ਜਾਂਦਾ ਰਿਹਾ, ਜਿਸ ਕਾਰਨ ਕੁਨੀਨ ਦਵਾਈ ਦੀ ਕਮੀ ਆ ਗਈ। 1944 ਵਿਚ ਮੱਛਰ ਮਾਰਨ ਲਈ ਡੀ. ਡੀ. ਟੀ. ਦੀ ਵਰਤੋਂ ਸ਼ੁਰੂ ਕੀਤੀ ਗਈ। ਲਾਹੌਰ ਵਿਚ ਮਹਿਕਮਾ ਨਹਿਰ ਵਲੋਂ ਇਕ ਜਲ ਨਿਕਾਸ ਸਰਕਲ ਖੋਲ੍ਹਿਆ ਗਿਆ।

ਚੇਚਕ ਦੀ ਬਿਮਾਰੀ ਦੇ ਟੀਕੇ ਲੱਗਣੇ ਸ਼ੁਰੂ ਹੋਏ। ਇਸ ਖਾਤਰ ਇਕ ਮਹਿਕਮਾ ਖੋਲ੍ਹਿਆ ਗਿਆ। ਲੋਕਾਂ ਨੂੰ ਇਕੱਠੇ ਕਰਕੇ ਟੀਕੇ ਲਾਏ ਜਾਂਦੇ ਸਨ। ਬੱਚਿਆਂ ਨੂੰ ਟੀਕੇ ਲਵਾਉਣੇ ਜ਼ਰੂਰੀ ਕਰ ਦਿੱਤੇ। 1929 ਵਿਚ ਟੀਕਾਕਰਨ ਨੂੰ ਪੇਂਡੂ ਖੇਤਰਾਂ ਵਿਚ ਲਿਜਾਇਆ ਗਿਆ। ਕਈ ਥਾਂਈਂ ਵਿਰੋਧ ਹੋਇਆ। ਜਿਲੇ ਦੇ ਡਿਪਟੀ ਕਮਿਸ਼ਨਰਾਂ ਅਤੇ ਹੋਰ ਮੁਲਾਜ਼ਮਾਂ ਵਲੋਂ ਲੋਕਾਂ ਨੂੰ ਟੀਕੇ ਲਵਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਸੀ। ਇਹ ਟੀਕੇ 1947 ਤੋਂ ਪਿਛੋਂ ਵੀ ਕਈ ਸਾਲ ਲਗਦੇ ਰਹੇ।

ਪਲੇਗ ਦੀ ਮਹਾਮਾਰੀ ਨੂੰ ਫੈਲਣ ਤੋਂ ਰੋਕਣ ਕਈ ਜਿਲਿਆਂ ਦੇ ਅਫਸਰਾਂ ਨੂੰ ਖਾਸ ਹਦਾਇਤਾਂ ਦਿੱਤੀਆਂ ਗਈਆਂ। ਫਿਜ਼ੀਕਲ ਡਿਸਟੈਂਸਿੰਗ ਨੂੰ ਜ਼ਰੂਰੀ ਕਰਾਰ ਦਿੱਤਾ ਗਿਆ। ਪਿੰਡਾਂ ਨੂੰ ਲਾਗ ਤੋਂ ਮੁਕਤ ਕਰਨ ਲਈ ਪੂਰੀ ਤਰ੍ਹਾਂ ਖਾਲੀ ਕਰਾਇਆ ਗਿਆ। ਪਲੇਗ ਗ੍ਰਸਤ ਖੇਤਰਾਂ ਨੂੰ ਸੀਲ ਕੀਤਾ ਗਿਆ ਅਤੇ ਲੋਕਾਂ ਨੂੰ 48 ਘੰਟਿਆਂ ਵਿਚ ਜ਼ਰੂਰੀ ਸਾਮਾਨ ਲੈ ਕੇ ਕੈਂਪਾਂ 'ਚ ਜਾਣ ਲਈ ਕਿਹਾ ਗਿਆ। ਛੱਡੇ ਗਏ ਘਰਾਂ ਨੂੰ ਸ਼ੁੱਧ ਤੇ ਕੀਟਾਣੂ ਰਹਿਤ ਕੀਤਾ ਗਿਆ, ਰੌਸ਼ਨਦਾਨ ਰੱਖੇ ਗਏ ਅਤੇ ਮਕਾਨਾਂ ਨੂੰ ਸਫੈਦੀ ਕਰਵਾਈ ਗਈ। ਪਿੰਡਾਂ ਅਤੇ ਸ਼ਹਿਰਾਂ ਵਿਚ ਲੋਕਾਂ ਦਾ ਦੂਜੀ ਥਾਂ ਜਾਣਾ ਮਨ੍ਹਾਂ ਕਰ ਦਿੱਤਾ ਗਿਆ। ਰੇਲ ਮੁਸਾਫਿਰਾਂ ਦਾ ਰਿਕਾਰਡ ਰੱਖਿਆ ਜਾਂਦਾ ਸੀ ਤੇ ਉਨ੍ਹਾਂ ਦਾ ਕਈ ਥਾਂਈਂ ਮੁਆਇਨਾ ਹੁੰਦਾ ਸੀ, ਕਿਉਂਕਿ ਪਲੇਗ ਬ੍ਰਿਟਿਸ਼ ਸਰਕਾਰ ਦੇ ਆਰਥਕ ਆਧਾਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਸੀ, ਜੋ ਸਰਕਾਰ ਨੇ ਉਚੇਚੇ ਤਰੀਕੇ ਅਖਤਿਆਰ ਕਰਦਿਆਂ ਇਸ ਬਿਮਾਰੀ ਨੂੰ ਦੂਰ ਕਰਨ ਲਈ ਆਪਣੇ ਦ੍ਰਿੜ੍ਹ ਇਰਾਦੇ ਦਾ ਪ੍ਰਯੋਗ ਕੀਤਾ, ਜਿਸ ਕਾਰਨ ਬਿਮਾਰੀ ਛੇਤੀ ਹੀ ਖਤਮ ਹੋ ਗਈ। ਲੋਕਾਂ ਨੇ ਵੀ ਆਪਣਾ ਬੜਾ ਯੋਗਦਾਨ ਪਾਇਆ।

## ਕਰੋਨਾ ਇਕਾਂਤਵਾਸ-ਉਚਾ ਮਨੋਬਲ ਸਹਾਈ ਹੋ ਸਕਦਾ

*(ਪਿਛਲੇ ਸਫੇ ਦੀ ਬਾਕੀ)*

ਦੀਆਂ ਰਾਵਾਂ ਤੇ ਸੁਝਾਓ ਵਾਚਣਯੋਗ ਹਨ।

ਬਰਮਿੰਘਮ ਯੁੰਗ ਯੂਨੀਵਰਸਿਟੀ ਦੇ ਸਾਇਕਾਲੋਜੀ ਅਤੇ ਨਿਊਰੋ ਸਾਇੰਸ ਦੇ ਪ੍ਰੋਫੈਸਰ-ਜੁਲੀਅਨ ਹੋਲਟ ਅਤੇ ਲੰਸਟਡ ਨੇ ਲਿਖਿਆ ਹੈ ਕਿ ਸਮਾਜ ਤੋਂ ਕਟੇ ਰਹਿਣਾ ਉਨਾ ਹੀ ਖਤਰਨਾਕ ਹੈ, ਜਿੰਨਾ ਹਰ ਰੋਜ਼ ਪੰਦਰਾਂ ਸਿਗਾਰ ਪੀਣ ਜਾਂ ਅਲਕੋਹਲ ਪੀ ਪੀ ਕੇ ਅਲਕੋਹਲਿਕ ਹੋ ਜਾਣਾ। ਇਹ ਗੱਲ ਮਾਨਸਿਕ ਸਿਹਤ ਲਈ ਘਾਤਕ ਹੈ। ਇਹ ਸਿਹਤ ਸਬੰਧੀ ਸਮੱਸਿਆਵਾਂ ਨੂੰ ਵਧਾਉਂਦਾ ਹੈ ਅਤੇ ਜਿੰਦਗੀ ਨੂੰ ਛੋਟਾ ਕਰਦੀ ਹੈ। ਸਮਾਜਕ ਮੇਲ-ਜੋਲ ਮਨੁੱਖ ਦੇ ਜਿਉਂਦਾ ਰਹਿਣ ਲਈ ਜਰੂਰੀ ਹੈ। ਇਸੇ ਤਰ੍ਹਾਂ ਯਾਰਕ ਯੂਨੀਵਰਸਿਟੀ ਕੈਨੇਡਾ ਦੇ ਮਨੋਵਿਗਿਆਨ ਦੇ ਪ੍ਰੋਫੈਸਰ ਅਮੀ ਰੋਕਸ ਨੇ ਆਖਿਆ ਹੈ ਕਿ ਸਮਾਜਕ ਇਕੱਲ ਜੇ ਲੰਮੇ ਸਮੇਂ ਲਈ ਹੋਵੇ ਤਾਂ ਇਹ ਮਨ ਨੂੰ ਅੰਦਰੋਂ ਢਾਹ ਲਾਉਂਦੀ ਹੈ, ਮਨ ਨੂੰ ਬੇਚੈਨ ਕਰਦੀ ਹੈ। ਇਹ ਹੋਰ ਵੀ ਦੁੱਖਦਾਈ ਹੋ ਜਾਂਦੀ ਹੈ, ਜੇ ਮਨੁੱਖ ਕੋਲ ਜ਼ਜਬਾਤੀ ਸਾਥ, ਮਾਨਸਿਕ ਸਥਿਰਤਾ, ਸਮਾਜਕ ਦਾਇਰੇ ਅਤੇ ਆਰਥਕ ਸਾਧਨਾਂ ਦੀ ਘਾਟ ਹੋਵੇ।

ਸ਼ਿਕਾਗੋ ਯੂਨੀਵਰਸਿਟੀ ਦੇ ਮਨੋਵਿਗਿਆਨੀ ਲੁਈਸ ਹਾਕਲੇ ਨੇ ਕਿਹਾ ਹੈ ਕਿ ਲੰਮੇ ਸਮੇਂ ਦੇ ਇਕਾਂਤ ਵਿਚ ਲੋਕ ਅੰਦਰੋਂ ਖਾਲੀ ਮਹਿਸੂਸ ਕਰਨ ਲੱਗ ਪੈਂਦੇ ਹਨ। ਬਾਅਦ ਵਿਚ ਉਹ ਲੋਕਾਂ ਨੂੰ ਮਿਲਣ 'ਤੇ ਜਾਂ ਇਕੱਠ ਵਿਚ ਵੀ ਇਕੱਲ ਮਹਿਸੂਸ ਕਰਨ ਲੱਗਦੇ ਹਨ ਤੇ ਉਹ ਉਦਾਸੀ ਰੋਗ (Anxiety disorder) ਵੱਲ ਵਧਦੇ ਹਨ। ਉਨ੍ਹਾਂ ਨੂੰ ਉਨੀਂਦਰਾਂ ਅਤੇ ਡਿਪਰੈਸ਼ਨ ਘੇਰ ਲੈਂਦੇ ਹਨ। ਰੋਗਾਂ ਨਾਲ ਲੜਨ ਦੀ ਉਨ੍ਹਾਂ ਦੀ ਸ਼ਕਤੀ, ਪੜ੍ਹਨ-ਲਿਖਣ ਦੀ ਸ਼ਕਤੀ ਅਤੇ ਦਿਲ ਦੀ ਕਾਰਜ ਪ੍ਰਣਾਲੀ ਦੀ ਸ਼ਕਤੀ ਵੀ ਘੱਟ ਜਾਂਦੀ ਹੈ।

ਨਿਊ ਕੇਸਲ ਯੂਨੀਵਰਸਿਟੀ ਦੇ ਮਨੋਵਿਗਿਆਨੀ ਨਿਕੋਲ ਵਲਤੇਰਾ ਅਨੁਸਾਰ ਘੋਰ ਇਕੱਲ ਵਿਚ ਮੈਂਟਲ ਸਟਰੋਕ ਅਤੇ ਦਿਲ ਦੀਆਂ ਬੀਮਾਰੀਆਂ ਦੇ 30% ਮੌਕੇ ਵੱਧ ਜਾਂਦੇ ਹਨ। ਇਸ ਨਾਲ ਸਾਡੇ ਸਰੀਰਕ ਅਤੇ ਮਾਨਸਿਕ ਵਿਹਾਰ ਵਿਚ ਬਦਲਾਓ ਆਉਂਦੇ ਹਨ, ਜਿਨ੍ਹਾਂ ਨਾਲ ਸਟਰੈਸ ਵੱਧਦਾ ਹੈ ਅਤੇ ਨੀਂਦ ਘਟ ਜਾਂਦੀ ਹੈ। ਜਦੋਂ ਅਸੀਂ ਘੋਰ ਚਿੰਤਾ ਅਤੇ ਉਦਾਸੀ ਵਿਚ ਹੁੰਦੇ ਹਾਂ ਜਾਂ ਜੇ ਕੋਈ ਕੰਮ ਡਰ ਵਿਚ ਵਾਰ ਵਾਰ ਦੁਹਰਾਉਂਦੇ ਹਾਂ ਤਾਂ ਉਹ ਸਾਡੇ ਅਰਧਚੇਤਨ ਮਨ ਦਾ ਹਿੱਸਾ ਬਣ ਜਾਂਦਾ ਹੈ। ਜਿਵੇਂ ਅਸੀ ਕਰੋਨਾ ਵਾਇਰਸ ਤੋਂ ਡਰਦੇ ਵਾਰ ਵਾਰ ਹੱਥ ਸਾਫ ਕਰਦੇ ਹਾਂ ਤਾਂ ਕਈ ਵਾਰੀ ਇਹ ਕਮਜ਼ੋਰ ਮਨ ਵਾਲਿਆਂ ਲਈ ਮਾਨਸਿਕ ਦੁਹਰਾਓ ਰੋਗ (Obsessive-Compulsive disorder) ਵਿਚ ਬਦਲ ਸਕਦਾ ਹੈ, ਪਰ ਇਹ ਗੱਲ ਬਹੁਤ ਹੀ ਘੱਟ ਲੋਕਾਂ ਵਿਚ ਵਾਪਰਦੀ ਹੈ।

ਇਸੇ ਸਬੰਧ ਵਿਚ ਰੂਸ ਦੇ ਮਹਾਨ ਲੇਖਕ ਟਾਲਸਟਾਏ ਦੀ ਕਹਾਣੀ 'ਸ਼ਰਤ' ਦਾ ਪ੍ਰਸੰਗ ਵੀ ਦੇਖਿਆ ਜਾ ਸਕਦਾ ਹੈ। ਇਸ ਕਹਾਣੀ ਵਿਚ ਦੋ ਦੋਸਤ ਸ਼ਰਤ ਲਾਉਂਦੇ ਹਨ ਕਿ ਜੇ ਉਨ੍ਹਾਂ ਵਿਚੋਂ ਇਕ ਪੂਰੇ ਮਹੀਨੇ ਲਈ ਇਕਾਂਤ ਵਿਚ ਦੂਰ-ਦੁਰਾਡੇ ਵੱਖਰੇ ਘਰ ਵਿਚ ਰਹੇਗਾ ਤਾਂ ਉਹਨੂੰ ਭਾਰੀ ਰਕਮ ਇਨਾਮ ਵਜੋਂ ਦੂਜਾ ਦੋਸਤ ਦੇਵੇਗਾ। ਉਨ੍ਹਾਂ ਵਿਚੋਂ ਇਕ ਦੋਸਤ ਸ਼ਰਤ ਮੰਨ ਕੇ ਇਕਾਂਤ ਘਰ ਵਿਚ ਚਲਾ ਗਿਆ। ਉਸ ਨੂੰ ਖਾਣ-ਪੀਣ ਦਾ ਪੂਰਾ ਸਮਾਨ ਦੇ ਦਿੱਤਾ ਗਿਆ। ਉਸ ਨੂੰ ਆਖਿਆ ਗਿਆ ਕਿ ਜਦੋਂ ਉਹ ਠੀਕ ਮਹਿਸੂਸ ਨਾ ਕਰੇ ਤਾਂ ਘੰਟੀ ਵਜਾ ਦੇਵੇ ਤਾਂ ਉਸ ਨੂੰ ਉਥੋਂ ਕੱਢ ਲਿਆ ਜਾਵੇਗਾ। ਕੁਝ ਦਿਨ ਉਹ ਕਿਤਾਬਾਂ ਪੜ੍ਹਨ ਵਿਚ ਖੁਸ਼ ਰਿਹਾ, ਪਰ ਫਿਰ ਉਸ ਦਾ ਦਿਲ ਉਚਾਟ ਹੋਣ ਲੱਗਾ। ਕੁਝ ਹੋਰ ਦਿਨ ਬੀਤਣ 'ਤੇ ਇਕੱਲ ਉਸ ਨੂੰ ਖਾਣ ਲੱਗੀ, ਉਹ ਚੀਕਣ ਲੱਗਾ, ਆਪਣੇ ਵਾਲ ਪੁੱਟਣ ਲੱਗਾ, ਹਵਾ ਨੂੰ ਗਾਲਾਂ ਕੱਢਣ ਲੱਗਾ, ਪਰ ਕੁਝ ਦਿਨਾਂ ਪਿਛੋਂ ਉਹ ਸ਼ਾਂਤ ਹੋਣ ਲੱਗਾ ਤੇ ਆਪਣੇ ਆਪ ਨੂੰ ਉਨ੍ਹਾਂ ਹਾਲਾਤ ਮੁਤਾਬਕ ਢਾਲਣ ਲੱਗਾ। ਸਮਾਂ ਪੂਰਾ ਹੋਣ ਤੋਂ ਦੋ ਦਿਨ ਪਹਿਲਾਂ ਹੀ ਉਹ ਉਥੋਂ ਆਪਣੇ ਦੋਸਤ ਲਈ ਇਕ ਪੱਤਰ ਲਿਖ ਕੇ ਭੱਜ ਗਿਆ। ਉਸ ਨੇ ਲਿਖਿਆ ਸੀ ਕਿ ਮਨੁੱਖ ਦੀਆਂ ਲੋੜਾਂ ਜਿੰਨੀਆਂ ਘੱਟਦੀਆਂ ਜਾਂਦੀਆਂ ਹਨ, ਉਸ ਨੂੰ ਉਨੀ ਜ਼ਿਆਦਾ ਸ਼ਾਂਤੀ ਅਤੇ ਖੁਸ਼ੀ ਪ੍ਰਾਪਤ ਹੁੰਦੀ ਹੈ। ਉਹ ਆਪਣੇ ਦੋਸਤ ਨੂੰ ਸ਼ਰਤ ਤੋਂ ਵੀ ਬਰੀ ਕਰ ਜਾਂਦਾ ਹੈ।

ਹੁਣ ਅਸੀਂ ਸ਼ਾਇਦ ਇਸੇ ਹਾਲਤ ਵਿਚੋਂ ਗੁਜ਼ਰ ਰਹੇ ਹਾਂ। ਸਾਨੂੰ ਮੀਡੀਆ 'ਤੇ ਆ ਰਹੀਆਂ ਕਰੋਨਾ ਬਾਰੇ ਗਲਤ ਅਤੇ ਡਰਾਉਣੀਆਂ ਪੋਸਟਾਂ ਨਹੀਂ ਪੜ੍ਹਨੀਆਂ ਚਾਹੀਦੀਆਂ। ਪੌਸ਼ਟਿਕ ਖੁਰਾਕ ਲੈਣੀ, ਲਗਾਤਾਰ ਕਸਰਤ ਕਰਨੀ ਅਤੇ ਪੂਰੀ ਨੀਂਦ ਲੈਣ ਨਾਲ ਅਸੀਂ ਬੀਮਾਰੀ ਨੂੰ ਕੁਝ ਹੱਦ ਤਕ ਦੂਰ ਰੱਖ ਸਕਦੇ ਹਾਂ। ਇਸ ਸਮੇਂ ਸ਼ਰਾਬ ਅਤੇ ਹੋਰ ਨਸ਼ਿਆਂ ਤੋਂ ਦੂਰ ਰਹਿਣ ਦੀ ਲੋੜ ਹੈ, ਕਿਉਂਕਿ ਇਹ ਸਾਡੀ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਘਟਾਉਂਦੇ ਹਨ। ਵਹਿਮਾਂ ਭਰਮਾਂ ਤੋਂ ਦੂਰ ਰਹਿ ਕੇ ਵਿਗਿਆਨਕ ਨਜ਼ਰੀਆ ਅਪਨਾਉਣ ਦੀ ਲੋੜ ਹੈ। ਅਸੀਂ ਵੀ ਇਕਾਂਤ ਦੇ ਨਾਲ ਇਕ ਮਿਕ ਹੁੰਦੇ ਜਾ ਰਹੇ ਹਾਂ, ਪਰ ਇਸ ਨਾਲ ਇਹ ਵੀ ਸ਼ਰਤ ਹੈ ਕਿ ਹਰ ਪ੍ਰਾਣੀ ਦੀਆਂ ਖਾਣ ਪੀਣ ਦੀਆਂ ਅਤੇ ਹੋਰ ਜਰੂਰੀ ਲੋੜਾਂ ਪੂਰੀਆਂ ਹੁੰਦੀਆਂ ਰਹਿਣ, ਫਿਰ ਇਹ ਸੰਕਟ ਦੀਆਂ ਘੜੀਆਂ ਸੌਖੀਆਂ ਕੱਟੀਆਂ ਜਾਣਗੀਆਂ, ਕਿਉਂਕਿ ਲੋਕ ਆਪਣੀਆਂ ਜਰੂਰੀ ਲੋੜਾਂ ਲਈ ਇਕੱਠੇ ਨਹੀਂ ਹੋਣਗੇ। ਲੋਕਾਂ ਨੂੰ ਵੀ ਚਾਹੀਦਾ ਹੈ ਕਿ ਸਰਕਾਰ ਅਤੇ ਸਿਹਤ ਵਿਭਾਗ ਦੀਆਂ ਹਦਾਇਤਾਂ ਦਾ ਪੂਰਾ ਪਾਲਣ ਕਰਨ। ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਆਮ ਲੋਕਾਂ ਵਿਚ ਪੈਦਾ ਹੋ ਰਹੇ ਮਾਨਸਿਕ ਵਿਕਾਰਾਂ ਵੱਲ ਵੀ ਧਿਆਨ ਦੇਣ, ਇਹ ਵੀ ਆਫਤ ਬਣ ਸਕਦੇ ਹਨ।

# ਕੋਰਟ ਮਾਰਸ਼ਲ ਜਾਰੀ ਹੈ



ਨਾਟਕ 'ਕੋਰਟ ਮਾਰਸ਼ਲ' ਦੀ ਇਕ ਝਲਕ।

## ਕਲਾ ਪਰਿਕਰਮਾ



ਡਾ. ਸਾਹਿਬ ਸਿੰਘ

ਸੁਦੇਸ਼ ਸ਼ਰਮਾ ਦੀ ਨਿਰਦੇਸ਼ਨਾ ਹੇਠ ਥੀਏਟਰ ਫਾਰ ਥੀਏਟਰ ਨੇ ਚੰਡੀਗੜ੍ਹ ਵਿਚ ਹਿੰਦੀ ਦੇ ਨਾਟਕਕਾਰ ਸਵਦੇਸ਼ ਦੀਪਕ ਦੇ ਲਿਖੇ ਨਾਟਕ 'ਕੋਰਟ ਮਾਰਸ਼ਲ' ਦੀ ਯਾਦਗਾਰੀ ਪੇਸ਼ਕਾਰੀ ਦਿੱਤੀ। ਮਹੀਨਾ ਭਰ ਚੱਲੇ ਰੰਗਮੰਚ ਉਤਸਵ ਦਾ ਉਹ ਅਖੀਰਲਾ ਦਿਨ ਸੀ ਤੇ ਪੇਸ਼ਕਾਰੀ ਸਚਮੁੱਚ ਸਿਖਰਾਂ ਛੋਹਣ ਵਾਲੀ ਸੀ। ਮੰਚ 'ਤੇ ਫੌਜ ਦੀ ਕਚਹਿਰੀ ਲੱਗੀ ਹੋਈ ਹੈ। ਇਸ ਕੋਰਟ ਮਾਰਸ਼ਲ ਦਾ ਪ੍ਰੀਜ਼ਾਈਡਿੰਗ ਅਫਸਰ ਕਰਨਲ ਸੂਰਤ ਸਿੰਘ ਇਕੱਲਾ ਬੈਠਾ ਹੈ ਤੇ ਹੌਲੀ-ਹੌਲੀ ਦਰਸ਼ਕਾਂ ਨੂੰ ਸੰਬੋਧਨ ਹੋਣਾ ਸ਼ੁਰੂ ਕਰਦਾ ਹੈ। ਉਹ ਇਸ ਕੋਰਟ ਮਾਰਸ਼ਲ ਦੀ ਭੂਮਿਕਾ ਬੰਨ੍ਹਦਾ ਹੈ ਤੇ ਆਪਣੇ ਕਿਰਦਾਰ ਦਾ ਖਾਕਾ ਪੇਸ਼ ਕਰਦਾ ਹੈ। ਅਜਿਹਾ ਕਰਕੇ ਸਵਦੇਸ਼ ਦੀਪਕ ਨਾਟਕਕਾਰ ਵਜੋਂ ਦਰਸ਼ਕ ਨੂੰ ਇਸ ਤਸੱਲੀ ਦਾ ਅਹਿਸਾਸ ਦੇਣਾ ਚਾਹੁੰਦਾ ਹੈ ਕਿ ਮੁੱਖ ਅਫਸਰ ਦਾ ਫੈਸਲਾ ਲਿਹਾਜ਼ੀ ਨਹੀਂ ਹੋਏਗਾ, ਬਲਕਿ ਤੱਥ ਆਧਾਰਿਤ ਹੋਏਗਾ।

ਦੂਜਾ ਮਹੱਤਵਪੂਰਨ ਕੰਮ ਉਹ ਇਹ ਕਰਦਾ ਹੈ ਕਿ ਕਰਨਲ ਦੇ ਰੂਪ 'ਚ ਉਹ ਪਹਿਲਾਂ ਹੀ ਉਸ ਸ਼੍ਰੇਣੀ ਦੇਅਫਸਰ ਨੂੰ ਇਮਤਿਹਾਨ 'ਚ ਪਾ ਦਿੰਦਾ ਹੈ ਜਿਸ ਸ਼੍ਰੇਣੀ ਨੇ ਬਹਿਸ ਦੌਰਾਨ ਹਥੌੜੇ ਦੀ ਮਾਰ ਸਹਿਣੀ ਹੈ। ਅਜਿਹੀ ਬਾਰੀਕ ਜੁਗਤ ਨਾਟਕਕਾਰ ਦੀ ਪੁਖਤਾ ਪਹੁੰਚ ਦਾ ਪ੍ਰਮਾਣ ਹੈ। ਇਸ ਕਿਰਦਾਰ ਨੂੰ ਨਿਭਾ ਰਹੇ ਗੁਰਪ੍ਰੀਤ ਸਿੰਘ ਕੋਲ ਇਸ ਨਾਟਕ ਦਾ ਸਭ ਤੋਂ ਲੰਮਾ ਸੰਵਾਦ ਹੈ। ਉਹ ਬਿਨਾਂ ਥਿੜਕਿਆਂ ਪੂਰੇ ਵਿਸ਼ਵਾਸ ਨਾਲ ਇਹ ਸੰਵਾਦ ਦਰਸ਼ਕਾਂ ਤਕ ਪਹੁੰਚਾਉਂਦਾ ਹੈ। ਇਹ ਇਸ ਨਾਟਕ ਦੀ ਪਹਿਲੀ ਲੋੜ ਹੈ। ਨਿਰਦੇਸ਼ਕ ਇਸ ਲੋੜ ਨੂੰ ਸਮਝ ਰਿਹਾ ਹੈ, ਇਸੇ ਲਈ ਸਖਤ ਨਿਰਦੇਸ਼ਕ ਵਾਂਗ ਉਸ ਨੇ ਕਲਾਕਾਰ ਦੀ ਇਕ-ਇਕ ਗਤੀਵਿਧੀ, ਸਰੀਰਕ ਅੰਦਾਜ਼, ਸੰਵਾਦ ਦੇ ਉਤਰਾਅ ਚੜ੍ਹਾਅ ਤੇ ਵਿਚ ਵਿਚਾਲੇ ਠਹਿਰਾਓ ਨੂੰ ਕਸਵੀਂ ਡੋਰ 'ਚ ਬੰਨ੍ਹ ਕੇ ਰੱਖਿਆ ਹੈ।

ਸੰਖੇਪ ਕਹਾਣੀ ਇਹ ਹੈ ਕਿ ਜਵਾਨ ਰਾਮ ਚੰਦਰ ਜੋ ਕੈਪਟਨ ਬੀ. ਡੀ. ਕਪੂਰ ਦਾ ਅਰਦਲੀ ਹੈ, ਆਪਣੇ ਦੋ ਅਫਸਰਾਂ 'ਤੇ ਗੋਲੀ ਚਲਾਈ ਹੈ ਜਿਸ ਨਾਲ ਕਪੂਰ ਜ਼ਖਮੀ ਹੋਇਆ ਹੈ ਤੇ ਦੂਜਾ ਅਫਸਰ ਮਾਰਿਆ ਗਿਆ। ਮੇਜਰ ਪੁਰੀ ਦਲੀਲਾਂ ਰਾਹੀਂ ਸਾਹਮਣੇ ਦਿਖਾਈ ਦੇ ਰਹੇ ਤੱਥਾਂ ਨੂੰ ਆਧਾਰ ਬਣਾ ਕੇ ਜਵਾਨ ਰਾਮ ਚੰਦਰ ਲਈ ਮੌਤ ਦੀ ਸਜ਼ਾ ਦੀ ਮੰਗ ਕਰਦਾ ਹੈ। ਬਚਾਓ ਪੱਖ ਦਾ ਵਕੀਲ ਵਿਕਾਸ ਰੌਇ ਇਸ ਘਟਨਾ ਦੇ ਪਿੱਛੇ ਛੁਪੇ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਦੇ ਅਭਿਆਸ 'ਚ ਪੈਂਦਾ ਹੈ। ਵਿਕਾਸ ਰੌਇ ਪਹਿਲਾਂ ਇਹ ਸਪਸ਼ਟ ਕਰਦਾ ਹੈ ਕਿ ਰਾਮ ਚੰਦਰ ਮਿਹਨਤੀ, ਆਗਿਆਕਾਰੀ ਤੇ ਜ਼ਿੰਮੇਵਾਰ ਜਵਾਨ ਹੈ ਜਿਸ ਨੇ ਕਦੇ ਕਿਸੇ ਹੁਕਮ ਦੀ ਉਲੰਘਣਾ ਨਹੀਂ ਸੀ ਕੀਤੀ। ਇਸ ਤੋਂ ਬਾਅਦ ਉਹ ਉਨ੍ਹਾਂ ਕਾਰਨਾਂ ਵਲ ਰੁਖ ਕਰਦਾ ਹੈ ਜਿਨ੍ਹਾਂ ਕਾਰਨ ਅਜਿਹੀ ਹਾਲਤ ਪੈਦਾ ਹੋਈ ਕਿ ਰਾਮ ਚੰਦਰ ਨੂੰ ਆਪਣੇ ਹੀ ਅਫਸਰਾਂ 'ਤੇ ਗੋਲੀ ਚਲਾਉਣੀ ਪਈ। ਰਾਮ ਚੰਦਰ ਤਥਾ ਕਥਿਤ ਨੀਵੀ ਜਾਤ ਦਾ ਦਲਿਤ ਹੈ। ਉਹ ਚੋਟੀ ਦਾ ਅਥਲੀਟ ਹੈ ਤੇ ਦੌੜ ਦੇ ਮੁਕਾਬਲੇ ਦੀ ਤਿਆਰੀ ਕਰ ਰਿਹਾ ਹੈ। ਕੈਪਟਨ ਬੀ. ਡੀ. ਕਪੂਰ ਅਤੇ ਉਸ ਦੇ ਹੋਰ ਦੋਸਤ ਅਫਸਰ ਰਾਮ ਚੰਦਰ ਨੂੰ ਜਾਤ ਦਾ ਨਾਮ ਲੈ ਕੇ ਜ਼ਲੀਲ ਕਰਨ ਦਾ ਕੋਈ ਮੌਕਾ ਅਜਾਈਂ ਨਹੀਂ ਜਾਣ ਦਿੰਦੇ।

ਜਦੋਂ ਸੂਬੇਦਾਰ, ਰਾਮ ਚੰਦਰ ਦੀ ਸਪੈਸ਼ਲ ਡਾਈਟ ਵੀ ਲਗਾ ਦਿੰਦਾ ਹੈ ਤੇ ਕੰਪਨੀ ਦਾ ਕਮਾਂਡਿੰਗ ਅਫਸਰ ਉਸ ਨੂੰ ਬਾਕੀ ਜ਼ਿੰਮੇਵਾਰੀਆਂ ਤੋਂ ਆਜ਼ਾਦ ਕਰ ਕੇ ਸਿਰਫ ਦੌੜ 'ਤੇ ਧਿਆਨ ਕੇਂਦਰਿਤ ਕਰਨ ਲਈ ਹੱਲਾਸ਼ੇਰੀ ਦਿੰਦਾ ਹੈ ਤਾਂ ਬੀ. ਡੀ. ਕਪੂਰ ਤੋਂ ਇਹ ਬਰਦਾਸ਼ਤ ਨਹੀਂ ਹੁੰਦਾ। ਉਹ ਰਾਮ ਚੰਦਰ ਨੂੰ ਘਰੇਲੂ ਕੰਮ ਕਾਜ ਵਿਚ ਉਲਝਾਈ ਰੱਖਦਾ ਹੈ। ਇਕ ਦਿਨ ਘਰ 'ਚ ਹੋ ਰਹੇ ਜਸ਼ਨ ਦੌਰਾਨ ਜਦੋਂ ਬੀ. ਡੀ. ਕਪੂਰ ਉਸ ਨੂੰ ਬੱਚੇ ਦੀ ਟੱਟੀ ਚੁੱਕਣ ਲਈ ਕਹਿੰਦਾ ਹੈ ਤਾਂ ਰਾਮ ਚੰਦਰ ਇਨਕਾਰ ਕਰਦਾ ਹੈ। ਕੈਪਟਨ ਉਸ ਨੂੰ ਗਾਲ੍ਹਾਂ ਕੱਢਦਾ ਹੈ। ਗੱਲ-ਗੱਲ 'ਤੇ ਉਸ ਦੀ ਬੇਇਜ਼ਤੀ ਕਰਦਾ ਹੈ। ਇਕ ਦਿਨ ਰਾਮ ਚੰਦਰ ਤੋਂ ਇਹ ਸਭ ਬਰਦਾਸ਼ਤ ਨਹੀਂ ਹੁੰਦਾ ਤੇ ਉਹ ਗੋਲੀ ਚਲਾ ਦਿੰਦਾ ਹੈ।

ਇਕ-ਇਕ ਕਰ ਕੇ ਜਦੋਂ ਰਾਮ ਚੰਦਰ ਦੀ ਇਸ ਮਾਨਸਿਕ ਦਸ਼ਾ ਲਈ ਕਸੂਰਵਾਰ ਘਟਨਾਵਾਂ ਅਤੇ ਕਾਰਨ ਸਾਹਮਣੇ ਆਉਂਦੇ ਹਨ ਤਾਂ ਸਾਡੇ ਅਸਾਵੇਂ ਸਮਾਜਿਕ ਪ੍ਰਬੰਧ ਦਾ ਘਿਨਾਉਣਾ ਰੂਪ ਉਜਾਗਰ ਹੁੰਦਾ ਹੈ, ਜਿੱਥੇ ਇਕ ਇਨਸਾਨ ਨੂੰ ਇਨਸਾਨ ਨਾ ਸਮਝ ਕੇ ਸਿਰਫ ਉਸ ਦੀ ਜਾਤ ਅਤੇ ਰੁਤਬੇ ਤੋਂ ਪਛਾਣਿਆ ਜਾਂਦਾ ਹੈ। ਕਪੂਰ ਅਤੇ ਕੈਪਟਨ ਗੁਪਤਾ ਦੇ ਮੂੰਹੋਂ ਦਿਲਚਸਪ ਟਿੱਪਣੀ ਨਿਕਲਦੀ ਹੈ, 'ਖਾਨਦਾਨੀ, ਖਾਨਦਾਨੀ ਹੀ ਹੁੰਦੇ ਹਨ। ਜਦੋਂ ਇਨ੍ਹਾਂ ਛੋਟੀ ਜਾਤ ਵਾਲਿਆਂ ਨੂੰ ਸਿਰ 'ਤੇ ਬਿਠਾਓਗੇ ਤਾਂ ਇਹ ਸਭ ਕੁਝ ਤਾਂ ਹੋਏਗਾ ਹੀ।' ਇਹ ਟਿੱਪਣੀ ਸਦੀਆਂ ਤੋਂ ਸਾਡੇ ਧਰਮ, ਸਮਾਜ, ਰਾਜਨੀਤੀ ਵਲੋਂ ਸਿਰਜੇ ਵਿਆਖਿਆਨ ਦੀ ਪੈਦਾਵਾਰ ਹੈ। ਇਸੇ ਲਈ ਗਰੀਬ 'ਤੇ ਹੁੰਦਾ ਅਨਿਆਂ ਛੋਟੀ ਗੱਲ ਕਹਿ ਕੇ ਦਬਾ ਦਿੱਤਾ ਜਾਂਦਾ ਹੈ, ਪਰ ਨਾਟਕ ਡੰਕੇ ਦੀ ਚੋਟ 'ਤੇ ਐਲਾਨ ਕਰਦਾ ਹੈ ਕਿ ਜਦੋਂ ਵੀ ਨਿੱਕੇ-ਨਿੱਕੇ ਵਿਰੋਧ ਤੇ ਵਿਦਰੋਹ ਦਬਾਏ ਜਾਣਗੇ ਤਾਂ ਵੱਡਾ ਵਿਸਫੋਟ ਹੋਏਗਾ।

ਨਾਟਕ ਦਾ ਕੰਮ ਸੱਚ ਨੂੰ ਪੇਸ਼ ਕਰਨਾ ਹੈ। 'ਕੋਰਟ ਮਾਰਸ਼ਲ' ਇਸ ਮਕਸਦ ਵਿਚ ਕਾਮਯਾਬ ਹੁੰਦਾ ਹੈ। ਅਖੀਰ, ਕਪੂਰ ਸ਼ਰਮਿੰਦਗੀ ਦਾ ਮਾਰਿਆ ਖੁਦਕੁਸ਼ੀ ਕਰ ਲੈਂਦਾ ਹੈ ਤੇ ਪ੍ਰੀਜ਼ਾਈਡਿੰਗ ਅਫਸਰ ਰਾਮ ਚੰਦਰ ਦੀ ਸਜ਼ਾ ਦਾ ਫੈਸਲਾ ਦਰਸ਼ਕਾਂ 'ਤੇ ਛੱਡ ਦਿੰਦਾ ਹੈ। ਦਰਸ਼ਕਾਂ ਨਾਲ ਭਰੇ ਹੋਏ ਹਾਲ ਵਲੋਂ ਖੜ੍ਹੇ ਹੋ ਕੇ 'ਬਰੀ ਬਰੀ' ਦੀ ਗੂੰਜ ਪੈਦਾ ਕੀਤੀ ਜਾਂਦੀ ਹੈ। ਹਰਵਿੰਦਰ ਸਿੰਘ ਨੇ ਰਾਮ ਚੰਦਰ ਦੇ ਕਿਰਦਾਰ ਨੂੰ ਜੋ ਬੁਲੰਦੀ ਬਖਸ਼ੀ, ਲਫਜ਼ਾਂ ਤੋਂ ਪਾਰ ਹੈ। ਉਸ ਨੇ ਸਾਰੇ ਨਾਟਕ ਦੌਰਾਨ ਚੁੱਪ-ਚਾਪ ਬੈਠਣਾ ਹੈ, ਸਿਰਫ ਅੰਤਲੇ ਪਲਾਂ ਵਿਚ ਕੁਝ ਸੰਵਾਦ ਬੋਲਣੇ ਹਨ ਪਰ ਉਸ ਦੀ ਸਰੀਰਕ ਭਾਸ਼ਾ, ਗਲੇ 'ਚੋਂ ਨਿਕਲਦੀਆਂ ਕੰਬਦੀਆਂ ਆਵਾਜ਼ਾਂ, ਡੁੱਲ੍ਹਣ ਨੂੰ ਤਿਆਰ ਦੀਂਹਦੇ ਹੰਝੂ ਤੇ ਆਪਣੇ ਆਪ ਨੂੰ ਜ਼ਬਤ 'ਚ ਰੱਖਣ ਦਾ ਸੰਘਰਸ਼ ਕਰ ਰਹੇ ਹੱਥ ਤੇ ਪੈਰ ਅਦਾਕਾਰੀ ਦੀ ਉਚ ਮਿਆਰੀ ਤਸਵੀਰ ਵਾਹ ਰਹੇ ਸਨ। ਬੀ. ਡੀ. ਕਪੂਰ ਦੇ ਰੂਪ 'ਚ ਨਵਦੀਪ ਬਾਜਵਾ ਨੇ ਖਾਨਦਾਨੀ ਘੁਮੰਡ ਨੂੰ ਰੱਜ ਕੇ ਜੀਵਿਆ। ਵਰਸ਼ਾ ਅਤੇ ਨਵਜੀਤ ਸੰਧੂ ਨੇ ਕ੍ਰਮਵਾਰ ਵਿਕਾਸ ਰੌਇ ਤੇ ਡਾ.ਗੁਪਤਾ ਦੇ ਪੁਰਸ਼ ਕਿਰਦਾਰ ਬਾਖੂਬੀ ਨਿਭਾਏ। ਆਸ਼ੀਸ਼ ਸ਼ਰਮਾ, ਪੁਨੀਤ ਭਾਟੀਆ, ਵਿਕਰਾਂਤ ਸੇਠ, ਸ਼ਰਨਜੀਤ ਸਿੰਘ, ਸੁਭਾਸ਼ ਤੇ ਗੌਰਵ ਖੂਬ ਨਿਭੇ।

### ਸਵਦੇਸ਼ ਦੀਪਕ ਸਾਹਿਤ ਦੇ ਰੰਗ

*ਸਵਦੇਸ਼ ਦੀਪਕ (ਜਨਮ 1943) ਨੇ ਹਿੰਦੀ ਵਿਚ ਬੜੇ ਜ਼ੋਰਦਾਰ ਨਾਟਕ, ਨਾਵਲ ਅਤੇ ਨਾਵਲ ਲਿਖੇ ਹਨ। 'ਕੋਰਟ ਮਰਾਸ਼ਲ' ਉਸ ਦਾ ਬੇਹੱਦ ਮਸ਼ਹੂਰ ਹੋਇਆ ਨਾਟਕ ਹੈ ਜਿਹੜਾ ਉਹਨੇ 1991 ਵਿਚ ਲਿਖਿਆ ਸੀ। 'ਮੈਨੇ ਮਾਂਡੂ ਨਹੀਂ ਦੇਖਾ' ਉਸ ਦੀਆਂ ਯਾਦਾਂ ਦੀ ਕਿਤਾਬ ਹੈ ਜਿਸ ਵਿਚ ਉਸ ਨੇ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਦਾ ਬਿਆਨ ਕੀਤਾ। ਉਹ ਅੰਬਾਲਾ ਦੇ ਗਾਂਧੀ ਮੈਮੋਰੀਅਲ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਂਦਾ ਰਿਹਾ। 1996 ਵਿਚ ਇਸ ਲੇਖਕ ਨੂੰ ਡਿਪਰੇਸ਼ਨ ਦੀ ਮਾਰ ਪੈਣੀ ਸ਼ੁਰੂ ਹੋ ਗਈ। 2004 ਵਿਚ ਦਿਲ ਦਾ ਦੌਰਾ ਵੀ ਪਿਆ ਪਰ 7 ਜੂਨ 2006 ਨੂੰ ਉਹ ਸਵੇਰੇ ਸੈਰ ਕਰਨ ਲਈ ਘਰੋਂ ਨਿਕਲਿਆ ਅਤੇ ਮੁੜ ਘਰ ਨਹੀਂ ਪਰਤਿਆ। ਮਗਰੋਂ 2016 ਵਿਚ ਛਪੀ ਜੈਰੀ ਪਿੰਟੋ ਦੀ ਸੰਪਾਦਤ ਕਿਤਾਬ 'ਏ ਬੁੱਕ ਆਫ ਲਾਈਟ' ਵਿਚ ਉਸ ਦੇ ਪੁੱਤਰ ਸੁਕਾਂਤ ਦੀਪਕ ਨੇ ਉਸ ਬਾਰੇ ਲੇਖ ਲਿਖਿਆ ਜਿਸ ਵਿਚ ਉਸ ਦੇ ਪਿਛਲੇ ਦਿਨਾਂ ਦੀ ਕਹਾਣੀ ਦਰਜ ਹੈ।*



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਮਈ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-427



ਤਸਵੀਰ: ਤਰਲੋਚਨ ਸਿੰਘ ਦੁਪਾਲਪੁਰ

**ਚੁੱਕ ਪਾਥੀਆਂ ਪਿੜ 'ਚੋਂ ਮਾਈਆਂ, ਚੁਗਲੀਆਂ ਕਰ ਕੇ ਆਈਆਂ।**
**ਰਹਿੰਦੀਆਂ ਗੱਲਾਂ ਮੋੜ 'ਤੇ ਆ ਕੇ, 'ਚੰਗਾ' ਆਖ ਮੁਕਾਈਆਂ!**

## ਕੈਪਸ਼ਨ ਮੁਕਾਬਲਾ-425



ਕੜਕਦੀ ਧੁੱਪ, ਰੋੜੀ ਕੁੱਟੇ,
ਗਰੀਬੀ ਵੀ ਜੀਅ ਨਾਲ ਹੰਢਾਵੇ।
ਨੰਗੇ ਪਿੰਡੇ, ਪੁੱਤ ਵੀ ਨਾਲ
ਤਾਣ ਕੇ ਛਤਰੀ, ਪਾਣੀ ਪਿਲਾਵੇ।
ਮਾਂ ਦੀ ਮਮਤਾ ਸਿਰ ਪਲੋਸੇ
ਜਿੰਨੇ ਜੋਗੀ, ਲਾਡ ਲਡਾਵੇ।
*-ਦਵਿੰਦਰ ਕੌਰ*

---

ਆ ਪੁੱਤ ਘੜੀ ਛਾਂਵੇਂ ਬਹਿ ਕੇ
ਤੈਨੂੰ ਵੀ ਮੈਂ ਪਾਣੀ ਪਿਆਵਾਂ।
ਤੂੰ ਵੀ ਰੁਲਦਾ ਫਿਰੇ ਮੇਰੇ ਪਿਛੇ
ਨਾ ਧੁੱਪ ਦੇਖੇ, ਨਾ ਛਾਂਵਾਂ।
ਤੇਰਾ ਅੱਗਾ ਸੰਵਾਰਨ ਲਈ
ਮੈਂ ਰੋੜੀ ਕੁੱਟਾਂ, ਧੂੜਾਂ ਢੋਵਾਂ।
ਮੇਰਾ ਵੀ ਪੁੱਤ ਬਣੇ ਅਫਸਰ
ਮੈਂ ਸਦਾ ਤੱਕਦੀ ਇਹੋ ਰਾਹਾਂ।
ਕਟਣ ਮੇਰੀਆਂ ਧੁੱਪਾਂ-ਠੰਢਾਂ
ਦੇਵਾਂ ਤੈਨੂੰ ਸੌ ਸੌ ਦੁਆਵਾਂ।
*-ਸੁਕੰਨਿਆ ਭਾਰਦਵਾਜ ਨਾਭਾ*
*ਫੋਨ: 815-307-3112*

---

ਸਾਡੇ ਖਾਤਰ ਹੈ ਨ੍ਹੀਂ ਰੁੱਤਾਂ
ਨਾ ਬਾਰਿਸ਼ ਤੇ ਨਾ ਹੀ ਧੁੱਪਾਂ।
ਬੱਸ ਅਸੀਂ ਤਾਂ ਡੰਗ ਟਪਾਈਏ
ਕੁੱਟ ਕੇ ਰੋੜੀ ਭੁੱਖ ਮਿਟਾਈਏ।
ਛੱਤ ਦੀ ਥਾਂ ਛੱਤਰੀ ਆ ਗਈ
ਉਹ ਵੀ ਆਪਣੀ ਉਮਰ ਪੁਗਾ ਗਈ।
ਕੋਈ ਨਾ ਸਾਡਾ ਵਾਲੀ-ਵਾਰਸ
ਬੰਨ੍ਹਾਵਣ ਐਵੇਂ ਝੂਠੇ ਢਾਰਸ।
*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਦੇਖੋ ਇਹ ਹੈ ਭਾਰਤ ਮਾਂ ਦੀ ਅਸਲੀ ਤਸਵੀਰ,
ਰੋੜੀ ਕੁੱਟਦੀ ਧੁੱਪੇ ਸੜਦੀ,
ਨਾ ਬਦਲੀ ਤਕਦੀਰ।
ਨੰਗ ਧੜੰਗੇ ਬਚਪਨ ਪਲਦੇ ਬਹੁਤੇ ਭੁੱਖੇ ਢਿੱਡ,
ਮਜ਼੍ਹਬਾਂ ਦੀ ਚੁੰਗਲ ਵਿਚ ਫਸੀ ਗਰੀਬੀ ਦਿੱਖ।
*-ਸੇਵਾ ਸਿੰਘ ਨੂਰਪੁਰੀ*

---

ਮਾਂ ਪੁੱਤ ਨੂੰ ਸਮਝਾਵੇ
ਭਾਵੇਂ ਕੋਈ ਵੀ ਆਫਤ ਆਵੇ,
ਸਾਡੀ ਜ਼ਿੰਦਗੀ ਤਾਂ ਇਵੇਂ ਰਹਿਣੀ
ਸਾਨੂੰ ਨਾ ਕੋਈ ਗਲ ਨਾਲ ਲਾਵੇ।
*-ਇੰਦਰਜੀਤ ਮੰਗਾ*
*ਪਿਟਸਬਰਗ, ਕੈਲੀਫੋਰਨੀਆ।*

---

ਇੱਟਾਂ ਤੋੜਨ ਵਾਲਿਆਂ ਦੀ ਸਾਡੀ
ਟੁੱਟੀ ਫੁੱਟੀ ਜ਼ਿੰਦਗੀ, ਟੁੱਟੇ ਲਿਖਾਏ ਲੇਖ।
ਹੱਡ ਭੰਨਵੀਂ ਮਿਹਨਤ ਕਰਦੇ
ਰੱਬਾ ਸਾਡੇ ਵੱਲ ਵੀ ਵੇਖ!
ਗਰੀਬੀ ਰੇਖਾ ਤੋਂ ਉਭਰ ਨਾ ਸਕੇ
ਕਿਵੇਂ-ਕਦੋਂ ਕਰੀਏ ਬੱਚਿਆਂ ਦੀ ਦੇਖ ਰੇਖ?
*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਤਨੋਂ ਨੰਗਾ, ਢਿੱਡੋਂ ਭੁੱਖਾ,
ਗਰੀਬੀ ਜਿਸ ਹੰਢਾਈ
ਮੁਸ਼ੱਕਤ ਕਰਦੇ ਲੱਖਾਂ ਮਜ਼ਲੂਮਾਂ ਨੇ।
ਰੋੜੀ ਕੁੱਟਦੀਆਂ, ਢੋਂਦੀਆਂ ਟੋਕਰੀਆਂ
ਬੱਚਾ ਕੱਪੜੇ ਦੇ ਪੱਲੂ 'ਚ ਪਾਇਆ।
ਸਰਦੀ ਹੋਵੇ ਜਾਂ ਗਰਮੀ ਦੀ ਰੁੱਤ
ਮੁੜ੍ਹਕਾ ਚੋਅ ਚੋਅ ਧਰਤ 'ਤੇ ਡਿੱਗਦਾ
ਬੱਚਾ ਵਿਲ੍ਹਕੇ ਭੁੱਖਾ ਮਾਂ ਨੂੰ ਹੁੱਝਾਂ ਮਾਰੇ।
ਪੀੜ ਸੁਲਘਦੀ, ਭਾਂਬੜ ਹੈ ਜਿਸ ਬਣਨਾ।
*-ਦਰਸ਼ਨਪਾਲ ਦੋਸਾਂਝ*

---

ਮਾਂ ਦਾ ਪਿਆਰ-ਦੁਲਾਰ
ਕਰਮਾਂ ਵਾਲਿਆਂ ਦੇ ਹਿੱਸੇ ਆਵੇ।
ਮਾਂ ਦੀ ਪੂਜਾ, ਰੱਬ ਦੀ ਪੂਜਾ
ਇਹਦੇ ਬਾਜ ਨਾ ਕੋਈ ਦੂਜਾ।
ਬੁਰੇ ਵਕਤ ਮਾਂ ਬੱਚੇ ਨਾਲ
ਪਿਆਰ ਪਈ ਜਤਾਵੇ,
ਸਦਕੇ ਉਨ੍ਹਾਂ ਮਾਂਵਾਂ ਦੇ
ਜੋ ਬੱਚਿਆਂ ਨੂੰ ਦਿੰਦੀਆਂ ਪਿਆਰ।
*-ਗੋਰਾ ਪ੍ਰਜਾਪਤ, ਨਿਓ ਯਾਰਕ*
*ਫੋਨ: 718-640-6660*

# ਏਕ ਸ਼ਜਰ ਮੁਹੱਬਤ ਕਾ

**ਮੁਆਫ ਕਰਨ ਲਈ ਬੰਦੇ ਨੂੰ ਜ਼ਰਾ ਜਿਹਾ ਝੁਕਣਾ ਪੈਂਦਾ ਹੈ। ਇਹ ਗੱਲ ਅਸੀਂ ਕੁਦਰਤ ਤੋਂ ਸਿੱਖ ਸਕਦੇ ਹਾਂ। ਪਾਣੀ ਸਦਾ ਨਿਵਾਣ ਵੱਲ ਵਹਿੰਦਾ ਹੈ; ਨਿਵ ਜਾਣਾ ਇਕ ਦੈਵੀ ਗੁਣ ਹੈ; ਫੁੱਲਾਂ ਨਾਲ ਲੱਦੀਆਂ ਟਾਹਣੀਆਂ ਝੁੱਕ ਜਾਂਦੀਆਂ ਹਨ। ਸਾਗਰ ਜਿੰਨਾ ਗਹਿਰਾ ਹੁੰਦਾ ਹੈ, ਉਨਾ ਹੀ ਸ਼ਾਂਤ ਹੁੰਦਾ ਹੈ।**



**ਸੁਰਜੀਤ ਕੌਰ ਕੈਨੇਡਾ**
ਈਮੇਲ: surjitk33@gmail.com

ਬਹੁਤ ਪਵਿੱਤਰ ਜਜ਼ਬਾ ਹੈ ਮੁਹੱਬਤ! ਇਹ ਇਨਸਾਨੀ ਜ਼ਿੰਦਗੀ ਨੂੰ ਖੂਬਸੂਰਤ ਬਣਾਉਂਦੈ! ਕਾਇਨਾਤ ਦਾ ਜ਼ੱਰਾ ਜ਼ੱਰਾ ਇਸੇ ਸ਼ਕਤੀ ਦਾ ਹੀ ਵਿਸਤਾਰ ਹੈ, ਜਿਸ ਨੂੰ ਮਨੁੱਖ ਨੇ ਵੱਖਰੇ ਵੱਖਰੇ ਨਾਮ ਦਿੱਤੇ ਨੇ-ਕੋਈ ਰੱਬ ਆਖਦੈ, ਕੋਈ ਅੱਲ੍ਹਾ ਅਤੇ ਕੋਈ ਗੌਡ! ਨਾਮ ਕੋਈ ਵੀ ਹੋਵੇ, ਨਾਮ ਤਾਂ ਉਸੇ ਸ਼ਕਤੀ ਦਾ ਹੀ ਹੈ। ਸਾਰਾ ਬ੍ਰਹਿਮੰਡ ਇਕੋ ਸੂਤਰ ਵਿਚ ਬੱਝਿਐ; ਵੰਡੀਆਂ ਤਾਂ ਮਨੁੱਖ ਨੇ ਪਾਈਆਂ। ਉਸ ਕਾਦਰ ਨੇ ਤਾਂ ਸਭ ਜਗ੍ਹਾ ਇਕੋ ਜਿਹੀ ਧਰਤੀ, ਇਕੋ ਜਿਹਾ ਪੌਣ-ਪਾਣੀ ਮੁਹੱਈਆ ਕਰਵਾਇਐ। ਸਾਰਾ ਸੰਸਾਰ ਇਕ ਸੂਤਰ ਵਿਚ ਬੱਝਾ ਉਸੇ ਊਰਜਾ ਦਾ ਸਰੂਪ ਹੈ, ਫਿਰ ਨਫਰਤ ਕਿਸ ਨਾਲ ਕਰਨੀ?

ਨਫਰਤ ਨੂੰ ਖਤਮ ਕਰਨ ਲਈ ਮੁਆਫ ਕਰਨਾ ਬਹੁਤ ਲਾਜ਼ਮੀ ਹੈ। ਜੇ ਤੁਸੀਂ ਕਦੇ ਕਿਸੇ ਨੂੰ ਮੁਆਫ ਕਰਕੇ ਨਹੀਂ ਵੇਖਿਆ ਤਾਂ ਕਦੇ ਅਜ਼ਮਾ ਕੇ ਵੇਖ ਲੈਣਾ। ਮੁਆਫ ਕਰਕੇ ਤੁਸੀਂ ਨਫਰਤ-ਮੁਕਤ ਹੋ ਜਾਉਗੇ! ਹਾਂ, ਥੋੜ੍ਹਾ ਔਖਾ ਤਾਂ ਹੁੰਦਾ ਹੈ! ਆਪਣੇ ਅੰਦਰ ਦੀ ਭੱਠੀ ਵਿਚ ਸੜ੍ਹਦੇ ਰਹਿਣਾ ਕਿਹੜਾ ਸੌਖਾ ਹੁੰਦਾ ਹੈ? ਪ੍ਰਤੀਸ਼ੋਧ ਦੀ ਭਾਵਨਾ ਨਾਲ ਨੁਕਸਾਨ ਕਿਸੇ ਦਾ ਨਹੀਂ, ਨੁਕਸਾਨ ਤਾਂ ਆਪਣਾ ਹੀ ਹੁੰਦੈ। ਭਲਾ ਅੱਜ ਤੱਕ ਕੋਈ ਲੜ ਕੇ ਵੀ ਜਿੱਤਿਐ? ਮੁਆਫ ਕਰ ਦੇਣਾ ਇਕ ਦੈਵੀ ਗੁਣ ਹੈ। ਗਲਤੀਆਂ ਅਸੀਂ ਸਾਰੇ ਹੀ ਕਰਦੇ ਹਾਂ। ਜੇ ਅਸੀਂ ਇਕ-ਦੂਜੇ ਦੀਆਂ ਗਲਤੀਆਂ ਨੂੰ ਮੁਆਫ ਕਰ ਦਿੰਦੇ ਹਾਂ ਤਾਂ ਵੱਡੀਆਂ ਵੱਡੀਆਂ ਮੁਸ਼ਕਿਲਾਂ ਛੋਟੀਆਂ ਲੱਗਣ ਲੱਗਦੀਆਂ ਹਨ। ਮੁਆਫ ਕਰਕੇ ਅਸੀਂ ਹਲਕੇ ਫੁੱਲ ਹੋ ਜਾਂਦੇ ਹਾਂ। ਮੁਆਫ ਕਰਨ ਨਾਲ ਈਰਖਾ, ਦਵੈਸ਼ ਅਤੇ ਝਗੜੇ ਖਤਮ ਹੋ ਜਾਂਦੇ ਹਨ।

ਮੁਆਫ ਕਰਨ ਵਾਲੇ ਬੰਦੇ ਦਾ ਦਿਲ ਬਹੁਤ ਵੱਡਾ ਹੁੰਦਾ ਹੈ। ਇਕ ਮੈਡੀਟੇਸ਼ਨ ਸੈਂਟਰ ਜਾਣ ਦਾ ਮੌਕਾ ਮਿਲਿਆ, ਜਿੱਥੇ ਇਹ ਸਿਖਾਉਂਦੇ ਸਨ ਕਿ ਸਾਨੂੰ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਮੁਆਫ ਕਰਨਾ ਚਾਹੀਦਾ ਹੈ, ਕਿਉਂਕਿ ਅਸੀਂ ਨਿੱਕੀਆਂ ਨਿੱਕੀਆਂ ਗੱਲਾਂ 'ਤੇ ਹਮੇਸ਼ਾ ਆਪਣੇ ਆਪ ਨੂੰ ਦੋਸ਼ ਦਿੰਦੇ ਰਹਿੰਦੇ ਹਾਂ, ਜੋ ਬਿਲਕੁਲ ਗਲਤ ਹੈ। ਜਦੋਂ ਅਸੀਂ ਆਪਣੇ ਆਪ ਨੂੰ ਮੁਆਫ ਕਰ ਲੈਂਦੇ ਹਾਂ ਤਾਂ ਦੂਜਿਆਂ ਨੂੰ ਮੁਆਫ ਕਰਨਾ ਬਹੁਤ ਆਸਾਨ ਹੋ ਜਾਂਦਾ ਹੈ। ਜਦੋਂ ਤੱਕ ਅਸੀਂ ਕਿਸੇ ਲਈ ਆਪਣੇ ਮਨ ਵਿਚ ਗੁੱਸਾ ਰੱਖਦੇ ਹਾਂ, ਅਸੀਂ ਆਪਣੇ ਅੰਦਰ ਕੈਦ ਹੁੰਦੇ ਹਾਂ। ਨੁਕਸਾਨ ਫਿਰ ਆਪਣਾ ਹੀ ਹੈ। ਮੁਆਫੀ ਆਪਣੇ ਵਲੋਂ ਆਪਣੇ ਆਪ ਨੂੰ ਦੇਣ ਵਾਲਾ ਸਭ ਤੋਂ ਸੁੰਦਰ ਤੋਹਫਾ ਹੈ। ਇਹ ਤੋਹਫਾ ਆਪਣੇ ਆਪ ਨੂੰ ਦੇ ਕੇ ਦੇਖਣਾ ਚਾਹੀਦਾ ਹੈ! ਸ਼ਾਇਦ ਅਸੀਂ ਵੀ ਮੁਕਤ ਹੋ ਜਾਈਏ।

ਇਕ ਵਾਰੀ ਇਕ ਕਵੀ ਦੀ ਕੋਈ ਕਵਿਤਾ ਕਿਸੇ ਨੇ ਚੋਰੀ ਕਰ ਲਈ। ਉਹ ਇਸ ਗੱਲ 'ਤੇ ਬਹੁਤ ਭੜਕਿਆ। ਉਨ੍ਹਾਂ ਨੂੰ ਬਥੇਰਾ ਕਿਹਾ ਕਿ ਚਲੋ ਮੁਆਫ ਕਰ ਦਿਉ; ਉਸ ਤੋਂ ਗਲਤੀ ਹੋ ਗਈ। ਅੰਗਰੇਜ਼ੀ ਦੀ ਕੁਟੇਸ਼ਨ ਦਾ ਹਵਾਲਾ ਦਿਤਾ, 'To err is human to forgive is divine.' ਪਰ ਕਵੀ ਸਾਹਿਬ ਟੱਸ ਤੋਂ ਮੱਸ ਨਾ ਹੋਏ। ਉਨ੍ਹਾਂ ਉਸ ਤੋਂ ਲਿਖਤੀ ਮੁਆਫੀ ਮੰਗਵਾਈ। ਫਿਰ ਵੀ ਉਨ੍ਹਾਂ ਦੀ ਤਸੱਲੀ ਨਾ ਹੋਈ। ਤਲਖੀ ਵਧਦੀ ਗਈ ਅਤੇ ਕੋਰਟ ਤੱਕ ਜਾਣ ਦੀਆਂ ਧਮਕੀਆਂ ਦਾ ਰੂਪ ਧਾਰ ਗਈ। ਵਿਚਾਰੇ ਕਵੀ ਸਾਹਿਬ ਅਚਾਨਕ ਇਸ ਸੰਸਾਰ ਨੂੰ ਅਲਵਿਦਾ ਆਖ ਗਏ, ਪਰ ਕੁੜਿੱਤਣ ਨਾਲ ਲੈ ਗਏ ਅਤੇ ਕਵਿਤਾ ਇੱਥੇ ਹੀ ਰਹਿ ਗਈ। ਨਫਰਤ ਨਾਲ ਨਫਰਤ ਪੈਦਾ ਹੁੰਦੀ ਹੈ। ਜ਼ਿੰਦਗੀ ਬਹੁਤ ਛੋਟੀ ਹੈ। ਇਹ ਵੀ ਤਾਂ ਸੰਭਵ ਹੈ ਕਿ ਸਾਡੇ ਜਾਣ ਪਿਛੋਂ ਕੋਈ ਸਾਡੀ ਰਚਨਾ ਚੋਰੀ ਕਰ ਲਏ। ਜੇ ਜਿਉਂਦੇ ਜੀਅ ਅਸੀਂ ਮੁਆਫ ਕਰ ਦੇਈਏ ਤਾਂ ਚੈਨ ਨਾਲ ਇਸ ਦੁਨੀਆਂ ਤੋਂ ਜਾ ਸਕਦੇ ਹਾਂ।

ਮੁਆਫ ਕਰਨ ਲਈ ਬੰਦੇ ਨੂੰ ਜ਼ਰਾ ਜਿਹਾ ਝੁਕਣਾ ਪੈਂਦਾ ਹੈ। ਇਹ ਗੱਲ ਅਸੀਂ ਕੁਦਰਤ ਤੋਂ ਸਿੱਖ ਸਕਦੇ ਹਾਂ। ਪਾਣੀ ਸਦਾ ਨਿਵਾਣ ਵੱਲ ਵਹਿੰਦਾ ਹੈ; ਨਿਵ ਜਾਣਾ ਇਕ ਦੈਵੀ ਗੁਣ ਹੈ; ਫੁੱਲਾਂ ਨਾਲ ਲੱਦੀਆਂ ਟਾਹਣੀਆਂ ਝੁੱਕ ਜਾਂਦੀਆਂ ਹਨ। ਸਾਗਰ ਜਿੰਨਾ ਗਹਿਰਾ ਹੁੰਦਾ ਹੈ, ਉਨਾ ਹੀ ਸ਼ਾਂਤ ਹੁੰਦਾ ਹੈ। ਭਰਿਆ ਘੜਾ ਛਲਕਦਾ ਨਹੀਂ। ਜੇ ਅਸੀਂ ਸਦੈਵ ਆਪਣੇ ਆਲੇ-ਦੁਆਲੇ ਪ੍ਰਤੀ ਚੇਤੰਨ ਹੋ ਕੇ ਜੀਵੀਏ ਤਾਂ ਕੁਦਰਤ ਸਾਨੂੰ ਪੈਰ ਪੈਰ 'ਤੇ ਜੀਵਨ ਦੇ ਇਹੋ ਜਿਹੇ ਅਸੂਲ ਸਿਖਾਉਂਦੀ ਹੈ। ਗੁਰਬਾਣੀ ਵਿਚ ਵੀ ਲਿਖਿਆ ਹੈ, "ਨਿਵੇ ਸੋ ਗਉਰਾ ਹੋਇ॥" ਜੰਗਲ ਵਿਚ ਭਾਂਤ ਭਾਂਤ ਦੇ ਬੂਟੇ ਹੁੰਦੇ ਹਨ, ਜੋ ਆਪੋ ਆਪਣੀ ਜਗ੍ਹਾ 'ਤੇ ਬੜੀ ਸਹਿਨਸ਼ੀਲਤਾ ਨਾਲ ਖੜੇ ਰਹਿੰਦੇ ਹਨ, ਅਸੀਂ ਵੀ ਆਪਣੇ ਆਲੇ-ਦੁਆਲੇ ਨਾਲ ਮੁਹੱਬਤ ਨਾਲ ਰਹਿ ਸਕਦੇ ਹਾਂ।

ਜੋ ਧਰਮ ਦੇ ਨਾਂ 'ਤੇ ਮਨੁੱਖਤਾ ਦਾ ਘਾਣ ਕਰਦੈ ਤੇ ਨਫਰਤ ਫੈਲਾਉਂਦੈ, ਅਸਲ ਵਿਚ ਉਹ ਉਸੇ ਦਾ ਹੀ ਕਤਲ ਕਰਦੈ, ਜਿਸ ਦੇ ਨਾਂ 'ਤੇ ਉਹ ਕਿਸੇ ਧਰਮ ਦਾ ਰੱਖਿਅਕ ਬਣ ਬੈਠੈ। ਧਰਮ ਕਿਸੇ ਇਕ ਬੰਦੇ ਦਾ ਬਣਾਇਆ ਇਕ ਮੱਤ ਹੈ, ਜੋ ਬੰਦੇ ਦੀ ਰਹਿਨੁਮਾਈ ਕਰਨ ਲਈ ਹੋਂਦ ਵਿਚ ਆਉਂਦੈ; ਬੰਦੇ ਨੂੰ ਧਰਮ 'ਤੇ ਬਲੀ ਚੜ੍ਹਾਉਣ ਲਈ ਨਹੀਂ। ਅਜਿਹੇ ਜਨੂੰਨੀ ਬੰਦਿਆਂ ਨੂੰ ਆਪਣੇ ਆਪ ਨੂੰ ਧਾਰਮਿਕ ਕਹਾਉਣ ਦਾ ਕੋਈ ਹੱਕ ਨਹੀਂ ਹੁੰਦਾ, ਜਿਹੜੇ ਉਸ ਕਾਦਰ ਦੇ ਨਿਜ਼ਾਮ ਨੂੰ ਆਪਣੇ ਹੱਥਾਂ ਵਿਚ ਲੈ ਕੇ, ਨਿੱਕੇ ਨਿੱਕੇ ਬੱਚਿਆਂ ਨੂੰ ਕਤਲ ਕਰ ਦਿੰਦੇ ਨੇ ਤੇ ਬੱਚਿਆਂ ਦੀ ਪਾਕ-ਪਵਿੱਤਰ ਰੂਹ ਵਿਚੋਂ ਉਨ੍ਹਾਂ ਨੂੰ ਖੁਦਾ ਨਜ਼ਰ ਨਹੀਂ ਆਉਂਦਾ। ਧਰਮ ਦੇ ਨਾਂ 'ਤੇ ਫੈਲਾਈ ਜਾਂਦੀ ਨਫਰਤ ਦੀ ਤਹਿ ਤੱਕ ਜਾਣ ਦੀ ਲੋੜ ਹੈ। ਅੱਖਾਂ ਮੀਟ ਕੇ ਇਸ 'ਤੇ ਵਿਸ਼ਵਾਸ ਕਰਨ ਦੀ ਥਾਂ ਸੁਚੇਤ ਹੋ ਕੇ ਇਸ ਨੂੰ ਖਤਮ ਕਰਨ ਦੀ ਲੋੜ ਹੈ; ਮਨੁੱਖਤਾ 'ਤੇ ਮੁਹੱਬਤ ਦਾ ਰੰਗ ਚੜ੍ਹਾਉਣ ਦੀ ਲੋੜ ਹੈ।

ਅੱਜ ਦਾ ਮਨੁੱਖ ਮਨੁੱਖਤਾ ਨਾਲੋਂ ਟੁੱਟ ਕੇ ਜੀਅ ਰਿਹਾ ਹੈ ਅਤੇ ਕੁਦਰਤ ਦੇ ਨਿਯਮਾਂ ਨੂੰ ਸਮਝਣ ਦੀ ਸ਼ਕਤੀ ਗੁਆ ਬੈਠਾ ਹੈ। ਅਜੋਕੇ ਮਨੁੱਖ ਲਈ ਸਭ ਤੋਂ ਵੱਡੀ ਚੁਣੌਤੀ ਸਹਿਜ ਜੀਵਨ ਦਾ ਅਨੰਦ ਪ੍ਰਾਪਤ ਕਰਨਾ ਨਹੀਂ, ਸਗੋਂ ਪਦਾਰਥ ਇਕੱਤਰ ਕਰਨਾ ਹੈ, ਇਸੇ ਲਈ ਉਹ ਸਹਿਜ ਜੀਵਨ ਜਿਉਣ ਦਾ ਉਦੇਸ਼ ਭੁੱਲ ਕੇ ਬਹੁਲਤਾ ਦੀ ਦੌੜ ਵਿਚ ਪੈ ਗਿਆ ਹੈ। ਦੌੜ ਵਿਚ ਮੁਕਾਬਲਾ ਹੈ ਅਤੇ ਮੁਕਾਬਲੇ ਵਿਚੋਂ ਬੇਚੈਨੀ, ਦਵੈਤ ਅਤੇ ਹਉਮੈ ਦਾ ਜਨਮ ਹੁੰਦਾ ਹੈ। ਜੇ ਅਸੀਂ ਇਸ ਤੱਥ ਨੂੰ ਸਮਝ ਸਕੀਏ ਕਿ ਦੁਨੀਆਂ ਵਿਚ ਥੋੜਾ ਚਿਰ ਰਹਿ ਕੇ ਜੀਵਨ ਨੂੰ ਮਾਣਨ ਲਈ ਆਏ ਹਾਂ ਤਾਂ ਜੀਵਨ ਬਹੁਤ ਸਰਲ ਹੋ ਜਾਵੇਗਾ; ਅਸੀਂ ਕਿਸੇ ਨੂੰ ਨਫਰਤ ਕਰ ਹੀ ਨਹੀਂ ਸਕਾਂਗੇ। ਆਉ ਨਫਰਤ ਨੂੰ ਮਿਟਾ ਕੇ ਮੁਹੱਬਤ ਕਰਨਾ ਸਿੱਖੀਏ ਅਤੇ ਕੁਦਰਤ ਦੇ ਅਸੂਲਾਂ ਅਨੁਸਾਰ ਜ਼ਿੰਦਗੀ ਬਤੀਤ ਕਰੀਏ ਤਾਂ ਜੋ ਕੁਦਰਤ ਸਾਡੇ 'ਤੇ ਮਿਹਰਬਾਨ ਰਹੇ।

ਏਕ ਸ਼ਜਰ ਐਸਾ
ਮੁਹੱਬਤ ਕਾ ਲਗਾਇਆ ਜਾਏ
ਜਿਸਕਾ ਹਮਸਾਏ ਕੇ ਆਂਗਨ ਮੇਂ ਭੀ
ਸਾਇਆ ਜਾਏ। (ਜ਼ਫਰ ਜ਼ੈਦੀ)

# ਗਰੀਨ ਕਾਰਡ

ਗੱਲ ਸਾਲ 2009-10 ਦੀ ਹੈ, ਇੱਕ ਟਰੱਕ ਸਟਾਪ 'ਤੇ ਕੰਮ ਕਰਦਾ ਸਾਂ। ਉਥੇ ਇੱਕ ਦਿਨ ਇੱਕ ਗੁਰਸਿੱਖ ਡਰਾਇਵਰ ਆਇਆ ਅਤੇ ਕਹਿੰਦਾ, "ਵੀਰ, ਇਸ਼ਨਾਨ ਕਰਨਾ ਹੈ, ਆਹ ਲਉ 10 ਡਾਲਰ।" ਮੈਂ ਕਿਹਾ, "ਸਿੰਘ ਜੀ, ਪਹਿਲਾਂ ਇਸ਼ਨਾਨ ਕਰੋ, ਪੈਸੇ ਤਾਂ ਰੋਜ਼ ਲਈਦੇ ਹਨ।"

ਇੰਨੀ ਗੱਲ ਕਹਿਣ ਨਾਲ ਹੀ ਉਹ ਕਹਿੰਦਾ, "ਤੁਸੀਂ ਇਹ ਗੱਲ ਵਧੀਆ ਕਹੀ ਹੈ।" ਉਸ ਨੇ ਦੋਸਤੀ ਦਾ ਹੱਥ ਵਧਾਇਆ। ਮੈਂ ਕਿਹਾ, "ਲਾਗੇ ਹੀ ਆਪਣਾ ਘਰ ਹੈ। ਦਰਸ਼ਨ ਦੇਣਾ ਕਦੀ ਘਰੇ।" ਉਹ ਦਿਲ ਦਾ ਸੁੱਚਾ ਬੰਦਾ ਇੱਕ ਦਿਨ ਘਰ ਆਇਆ ਤਾਂ ਉਸ ਨੇ ਜੋ ਗੱਲਾਂ ਗਰੀਨ ਕਾਰਡ ਦੀਆਂ ਦੱਸੀਆਂ, ਸੁਣੋ:

"ਅਸੀਂ ਗਾਉਣਾ ਸਿੱਖਦੇ ਹੁੰਦੇ ਸਾਂ, ਸਰਦੂਲ ਸਿਕੰਦਰ ਵੀ ਸਾਡੇ ਨਾਲ ਸੀ। ਗਾਉਣਾ ਸਿੱਖਣ ਪਿਛੋਂ ਸਰਦੂਲ ਸਿਕੰਦਰ ਗਾਉਣ ਵਾਲੇ ਪਾਸੇ ਚਲਾ ਗਿਆ ਅਤੇ ਮੈਂ ਧਾਰਮਿਕ ਕੀਰਤਨ ਤੇ ਕਵੀਸ਼ਰੀ ਵੱਲ ਆ ਗਿਆ। ਹੁਣ ਮੈਂ ਇਥੇ ਅਮਰੀਕਾ ਆ ਕੇ ਗਰੀਨ ਕਾਰਡ ਲੈਣ ਲਈ ਗੋਰੀ ਨਾਲ ਪੇਪਰਾਂ ਵਿਚ ਵਿਆਹ ਕਰ ਲਿਆ। ਬੱਸ ਇਥੋਂ ਹੀ ਮੁਸੀਬਤਾਂ ਦਾ ਦੌਰ ਸ਼ੁਰੂ ਹੋ ਗਿਆ। ਪਹਿਲਾਂ ਤਾਂ ਗੋਰੀ ਕਹਿੰਦੀ, ਮੈਨੂੰ ਕਾਰ ਚਾਹੀਦੀ ਹੈ। ਮੈਂ ਖੁਸ਼ੀ ਖੁਸ਼ੀ ਬੀ. ਐਮ. ਡਬਲਿਊ. ਕਾਰ ਲਈ ਅਤੇ ਉਸ ਨੂੰ ਦੇ ਦਿੱਤੀ। ਮਹੀਨੇ ਦੋ ਨਹੀਂ ਸੀ ਲੰਘੇ, ਗੋਰੀ ਕਹਿੰਦੀ, ਕਾਰ ਗੁਆਚ ਗਈ, ਮੈਨੂੰ ਕਾਰ ਹੋਰ ਲੈ ਕੇ ਦੇਹ। ਕਾਰ ਉਸ ਨੇ ਆਪਣੇ ਰਿਸ਼ਤੇਦਾਰ ਨੂੰ ਦੇ ਦਿੱਤੀ ਸੀ। ਵਿਆਹ ਕਰਵਾ ਕੇ ਫਸਿਆ ਹੋਇਆ ਸੀ, ਕੀ ਕਰ ਸਕਦਾ ਸੀ! ਮਰਦੇ ਜੀਂਦੇ ਨੇ ਹੌਂਡਾ ਅਕੌਰਡ ਕਾਰ ਹੋਰ ਲੈ ਕੇ ਦਿੱਤੀ, ਪਰ ਮੁਸੀਬਤਾਂ ਨੇ ਫਿਰ ਵੀ ਖਹਿੜਾ ਨਾ ਛੱਡਿਆ। ਗੋਰੀ ਹਰ ਵੇਲੇ ਪੈਸੇ ਮੰਗਦੀ ਰਹਿੰਦੀ। ਫਿਰ ਘਰ ਦਾ ਸਾਰਾ ਹੀ ਸਮਾਨ-ਸੋਫਾ ਸੈਟ, ਕੁਰਸੀਆਂ, ਟੇਬਲ, ਭਾਂਡੇ ਅਤੇ ਹੋਰ ਕਰੌਕਰੀ ਦਾ ਸਮਾਨ ਲੈ ਕੇ ਦਿੱਤਾ।

ਹੱਦ ਤਾਂ ਉਦੋਂ ਹੋ ਗਈ, ਜਦੋਂ ਮੈਂ ਭਰਮ ਪਾਲ ਲਿਆ ਕਿ ਹੁਣ ਗੱਡੀ ਲੀਹ 'ਤੇ ਆ ਗਈ ਹੈ, ਪਰ ਇਹ ਮੇਰੀ ਗਲਤ ਫਹਿਮੀ ਸੀ। ਇੱਕ ਦਿਨ ਮੈਂ ਹਦਵਾਣਾ ਕੱਟ ਰਿਹਾ ਸਾਂ ਤਾਂ ਮੇਰੇ ਹੱਥ ਵਿਚ ਚਾਕੂ ਹੋਣਾ ਕੁਦਰਤੀ ਸੀ। ਗੋਰੀ ਨੇ ਪੁਲਿਸ ਨੂੰ ਕਾਲ ਕਰ ਦਿੱਤੀ ਕਿ ਇਹ ਸ਼ਖਸ ਮੈਨੂੰ ਚਾਕੂ ਲੈ ਕੇ ਮਾਰਨ ਪੈ ਗਿਆ। ਗੋਰੀ ਨੇ ਮੇਰੇ 'ਤੇ ਕੇਸ ਪਾ ਦਿੱਤਾ ਅਤੇ ਗਰੀਨ ਕਾਰਡ ਲੈਂਦੇ ਦੀ ਸਗੋਂ ਉਲਟੀ ਗਿਣਤੀ ਸ਼ੁਰੂ ਹੋ ਗਈ।

ਕੇਸ ਸ਼ੁਰੂ ਹੋ ਗਿਆ ਅਤੇ ਮੈਂ ਗੋਰੀ ਦੇ ਤਰਲੇ ਕੱਢਣੇ ਸ਼ੁਰੂ ਕਰ ਦਿੱਤੇ। ਚੰਗੀ ਗੱਲ ਇਹ ਸੀ ਕਿ ਮੈਂ ਟਰੱਕ ਚਲਾਉਂਦਾ ਸਾਂ ਅਤੇ ਚਾਰ ਪੈਸੇ ਵੀ ਬਣਦੇ ਸਨ, ਜਿਸ ਕਰਕੇ ਮੇਰਾ ਥੋੜ੍ਹਾ ਬਚਾਅ ਹੁੰਦਾ ਰਿਹਾ। ਗੋਰੀ ਨੂੰ ਕਿਹਾ ਕਿ ਕੇਸ ਵਾਪਿਸ ਲੈ ਲਾ, ਪਰ ਉਹ ਕਿਥੇ ਮੰਨੇ। ਅਖੀਰ 20 ਕੁ ਹਜ਼ਾਰ ਕੈਸ਼ ਲੈ ਕੇ ਗੋਰੀ ਨੇ ਕੇਸ ਵਾਪਿਸ ਲੈ ਲਿਆ ਅਤੇ ਮੇਰੀ ਜਾਨ ਛੁੱਟੀ...।"

ਫਿਰ ਜਦੋਂ ਉਸ ਨੂੰ ਗਰੀਨ ਕਾਰਡ ਮਿਲਿਆ ਤਾਂ ਮੈਨੂੰ ਕਾਲ ਆਈ, "ਵੀਰ ਜੀ, ਗਰੀਨ ਕਾਰਡ ਮਿਲ ਗਿਆ ਹੈ ਪਰ ਕੇਸ ਵਾਪਿਸ ਲੈਣ ਤੋਂ ਬਾਅਦ ਕਦੀ ਪੈਸਿਆਂ ਦਾ ਹਿਸਾਬ ਹੀ ਨਹੀਂ ਕੀਤਾ ਕਿ ਲੱਖ ਡਾਲਰ ਲੱਗ ਗਿਆ ਜਾਂ ਕਿੰਨਾ।"

ਉਂਜ, ਮੇਰੇ ਨਾਲ ਦੋ ਮਿੰਟ ਦੀ ਗੱਲ ਕਰਨ ਕਰਕੇ ਉਹ ਵੀਰ ਬਰਫੀ ਦਾ ਡੱਬਾ ਦੇ ਕੇ ਗਿਆ।

*-ਬਿੰਦਰ ਤੂਰ, ਪਿੰਡ ਤੁੰਗ*
*ਫੋਨ: 209-221-2137*

# ਸਾਡੇ ਵਿਹੜੇ ਆਈ ਮੁੱਕੇਬਾਜ਼ ਕੰਵਾਰੀ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਹਥਲੀ ਘਟਨਾ ਨੂੰ ਕਰੋਨਾ ਵਾਇਰਸ ਨੇ ਦੱਬ ਲਿਆ ਸੀ। ਮਸਾਂ ਬਾਹਰ ਨਿਕਲੀ ਹੈ। ਖੇਡ ਜਗਤ ਦੀ ਗੱਲ ਹੈ, ਮੈਂ ਇਸ ਜਗਤ ਦਾ ਬੰਦਾ ਨਹੀਂ। ਖਾਲਸਾ ਕਾਲਜ ਮਾਹਿਲਪੁਰ ਪੜ੍ਹਦੇ ਸਮੇਂ ਇੱਕ ਵਾਰੀ ਸਾਈਕਲ ਰੇਸ ਵਿਚ ਹਿੱਸਾ ਲਿਆ ਸੀ। ਪ੍ਰੈਕਟਿਸ ਕੀਤੇ ਬਿਨਾ ਦੂਜੇ ਨੰਬਰ 'ਤੇ ਆ ਗਿਆ ਸਾਂ। ਇਸ ਲਈ ਕਿ ਆਪਣੇ ਪਿੰਡ ਤੋਂ ਮਾਹਿਲਪੁਰ ਜਾਣ ਲਈ ਸਵੇਰੇ-ਸ਼ਾਮ ਸਾਈਕਲ ਚਲਾਉਣਾ ਪੈਂਦਾ ਸੀ। ਹਰ ਰੋਜ਼ 13-14 ਕਿਲੋਮੀਟਰ ਜਾਣਾ ਤੇ ਏਨਾ ਹੀ ਪੈਂਡਾਂ ਵਾਪਸ ਤੈਅ ਕਰਨਾ।

ਉਂਜ ਮੈਨੂੰ ਖੇਡ ਜਗਤ ਸਦਾ ਆਪਣੇ ਵਲ ਖਿਚਦਾ ਰਿਹਾ ਹੈ। ਕੁਸ਼ਤੀ, ਕਬੱਡੀ ਤੋਂ ਲੈ ਕੇ ਫੁਟਬਾਲ ਹਾਕੀ ਤੱਕ। ਇਨ੍ਹਾਂ ਤੋਂ ਬਿਨਾ ਜੇ ਕਿਸੇ ਖੇਡ ਖਿਡਾਰੀ ਨੇ ਮੇਰਾ ਧਿਆਨ ਖਿਚਿਆ ਤਾਂ ਮੇਰੇ ਪਿੰਡਾਂ ਵਲ ਦੇ ਰਾਇਪੁਰ ਡੱਬਾ ਨਿਵਾਸੀ ਹਰਬੰਸ ਸਿੰਘ ਦੀ ਖੁੱਲ੍ਹੀ ਕੁਸ਼ਤੀ ਨੇ। ਇਸ ਨੂੰ ਫਰੀ ਸਟਾਈਲ ਰੈਸਲਿੰਗ ਕਹਿੰਦੇ ਸਨ। ਹਰਬੰਸ ਸਿੰਘ ਨੇ ਉਨ੍ਹਾਂ ਦਿਨਾਂ ਵਿਚ ਹੰਗਰੀ ਦੇ ਕਿੰਗ ਕਾਂਗ ਨੂੰ ਹਰਾ ਕੇ ਕੌਮਾਂਤਰੀ ਪ੍ਰਸਿੱਧੀ ਖੱਟੀ ਸੀ। ਪਿੰਡ ਰਾਇਪੁਰ ਡੱਬਾ ਬੰਗਾ ਸ਼ਹਿਰ ਤੋਂ ਉਨਾ ਹੀ ਦੂਰ ਹੈ, ਜਿੰਨਾ ਮੇਰਾ ਪਿੰਡ ਸੂਨੀ। ਹਰਬੰਸ ਸਿੰਘ ਨੇ ਸਾਡੇ ਇਲਾਕੇ ਦਾ ਨਾਂ ਰੌਸ਼ਨ ਕੀਤਾ ਸੀ।

ਹੁਣ 50-55 ਸਾਲ ਤੋਂ ਮੈਨੂੰ ਮੇਰੇ ਮਿੱਤਰ ਪ੍ਰਿੰਸੀਪਲ ਸਰਵਣ ਸਿੰਘ ਨੇ ਖੇਡ ਜਗਤ ਨਾਲ ਜੋੜੀ ਰਖਿਆ ਹੈ। ਉਹ ਆਪਣੀਆਂ ਖੇਡ ਲਿਖਤਾਂ ਸਦਕਾ ਸਪੋਰਟਸ ਅਥਾਰਟੀ ਆਫ ਇੰਡੀਆ ਦਾ ਨੈਸ਼ਨਲ ਐਵਾਰਡੀ ਹੈ। ਉਸ ਦਾ ਜੱਦੀ ਪਿੰਡ ਚਕਰ ਜਿਲਾ ਲੁਧਿਆਣਾ ਦੀ ਤਹਿਸੀਲ ਜਗਰਾਓਂ ਵਿਚ ਪੈਂਦਾ ਹੈ। ਚਕਰ ਦੇ ਵਸਨੀਕ ਲੜਾਈ-ਭਿੜਾਈ, ਮਾਰ-ਕੁਟਾਈ ਤੇ ਕਤਲਾਂ ਲਈ ਜਾਣੇ ਜਾਂਦੇ ਸਨ, ਪਰ ਸਰਵਣ ਸਿੰਘ ਦੇ ਲੇਖਾਂ ਨੇ ਉਨ੍ਹਾਂ ਦਾ ਧਿਆਨ ਖੇਡ ਵਲ ਖਿੱਚਿਆ ਹੈ। ਉਸ ਦੇ ਭਤੀਜੇ ਬਲਵੰਤ ਸਿੰਘ ਨੇ ਤਾਂ ਇਕ ਪੜ੍ਹਾਅ ਉਤੇ ਪਿੰਡ ਵਿਚ ਮੁੱਕੇਬਾਜ਼ ਅਕਾਦਮੀ ਸਥਾਪਤ ਕਰਕੇ ਇਲਾਕੇ ਦੇ ਮੁੰਡੇ-ਕੁੜੀਆਂ ਨੂੰ ਮੁਕੇਬਾਜੀ ਦੀ ਸਿਖਲਾਈ ਵੀ ਦਿੱਤੀ।

ਸਰਵਣ ਸਿੰਘ ਅੱਧਾ ਸਾਲ ਆਪਣੇ ਬੇਟੇ ਕੋਲ ਬਰੈਂਪਟਨ (ਕੈਨੇਡਾ) ਰਹਿੰਦਾ ਹੈ ਤੇ ਅੱਧਾ ਸਾਲ ਅਮਨਦੀਪ ਮੈਮੋਰੀਅਲ ਕਾਲਜ, ਮੁਕੰਦਪੁਰ ਦੇ ਕੰਪਲੈਕਸ ਵਿਚ। ਇਥੇ ਉਸ ਦਾ ਦੂਜਾ ਬੇਟਾ ਜਗਵਿੰਦਰ ਸਿੰਘ ਪ੍ਰੋਫੈਸਰ ਹੈ ਤੇ ਨੂੰਹ ਪਰਮਜੀਤ ਕੌਰ ਸੀਨੀਅਰ ਸਕੂਲ ਦੀ ਪ੍ਰਿੰਸੀਪਲ। ਸਰਵਣ ਵੀ ਸੰਧੂ ਹੈ ਤੇ ਇਸ ਨਾਤੇ ਮੈਨੂੰ ਆਪਣਾ ਵੱਡਾ ਵੀਰ ਮੰਨਦਾ ਹੈ।



*ਸਿਮਰ ਚਕਰ ਆਪਣੀ ਮਾਤਾ ਰਾਜਪਾਲ ਕੌਰ ਨਾਲ*

ਇਧਰ ਆਵੇ ਤਾਂ ਮੈਨੂੰ ਮਿਲੇ ਬਿਨਾ ਨਹੀਂ ਜਾਂਦਾ। ਪਿਛਲੇ ਦਿਨੀਂ ਆਇਆ ਤਾਂ ਆਪਣੇ ਨਾਲ ਪ੍ਰਸਿੱਧ ਮੁੱਕੇਬਾਜ਼ ਮਿਸ ਸਿਮਰਨਜੀਤ ਕੌਰ ਬਾਠ ਉਰਫ ਸਿਮਰ ਚਕਰ ਤੇ ਉਸ ਦੀ ਮਾਂ ਰਾਜਪਾਲ ਕੌਰ ਸਮੇਤ ਆਪਣੇ ਭਤੀਜੇ ਬਲਵੰਤ ਸਿੰਘ ਸੰਧੂ ਨੂੰ ਨਾਲ ਲੈ ਕੇ ਆਇਆ। ਸਿਮਰ ਦੀਆਂ ਮੁੱਕੇਬਾਜ਼ ਜਿੱਤਾਂ ਦਾ ਪਤਾ ਲੱਗਾ ਤਾਂ ਮੈਨੂੰ ਹਰਬੰਸ ਸਿੰਘ ਦੀ ਕੁਸ਼ਤੀ ਚੇਤੇ ਆ ਗਈ।

ਸਿਮਰ ਚਕਰ ਮਹਿੰਦਰ ਸਿੰਘ ਚਕਰ ਨਾਂ ਦੇ ਪੰਜਾਬੀ ਲੇਖਕ ਦੀ ਪੋਤਰੀ ਹੈ ਤੇ ਆਪਣੀ ਮੁੱਕੇਬਾਜ਼ੀ ਲਈ ਜਾਣੀ ਜਾਂਦੀ ਹੈ। ਉਸ ਨੇ ਬਾਕਸਿੰਗ ਭਾਵ ਮੁੱਕੇਬਾਜ਼ੀ ਦੇ ਏਸ਼ੀਆ/ਓਸ਼ਨੀਆ ਕੁਆਲੀਫਾਇੰਗ ਮੁਕਾਬਲਿਆਂ ਵਿਚ ਕਜ਼ਾਖਿਸਤਾਨ ਦੀ ਮੁੱਕੇਬਾਜ਼ ਮਹਿਲਾ ਨੂੰ 5-1 ਅਤੇ ਵਿਸ਼ਵ ਦੀ ਨੰਬਰ ਦੋ ਮੁੱਕੇਬਾਜ਼ ਮੰਗੋਲੀਅਨ ਐਨ. ਮੋਨਖੋਰ ਨੂੰ 5-0 ਨਾਲ ਹਰਾ ਕੇ ਟੋਕੀਓ ਓਲੰਪਿਕਸ ਖੇਡਾਂ ਦੀ ਟਿਕਟ ਪੱਕੀ ਕਰ ਲਈ ਹੈ। ਆਮ ਪੇਂਡੂ ਪਿਛੋਕੜ ਵਾਲੀ ਇਸ ਸ਼ੇਰਨੀ ਨੂੰ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਪੰਜ ਲੱਖ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਢਾਈ ਲੱਖ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇੱਕ ਲੱਖ ਅਤੇ ਦਸਮੇਸ਼ ਕਾਲਜ ਬਾਦਲ ਨੇ, ਜਿੱਥੋਂ ਦੀ ਉਹ ਵਿਦਿਆਰਥਣ ਹੈ, 50 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਹੈ। ਇਹ ਕਾਲਜ ਪੰਜਾਬ ਯੂਨੀਵਰਸਿਟੀ ਨਾਲ ਜੁੜਿਆ ਹੋਣ ਕਾਰਨ, ਯੂਨੀਵਰਸਿਟੀ ਨੇ ਵੀ ਦੋ ਲੱਖ ਰੁਪਏ ਦੇਣ ਦਾ ਫੈਸਲਾ ਕੀਤਾ ਹੈ। ਕੈਪਟਨ ਸਰਕਾਰ ਨੇ ਉਸ ਨੂੰ ਯੋਗ ਨੌਕਰੀ ਦੇਣ ਦਾ ਵਚਨ ਵੀ ਦਿੱਤਾ ਹੈ। ਸਰਵਣ ਸਿੰਘ ਦੇ ਸੁਝਾਅ 'ਤੇ ਉਹ ਮੈਥੋਂ ਅਸ਼ੀਰਵਾਦ ਲੈਣ ਆਈ ਸੀ। ਮਾਂ ਸਮੇਤ ਸਰਵਣ ਸਿੰਘ ਲੈ ਕੇ ਆਇਆ ਸੀ।

ਉਸ ਦੀ ਮੁੱਕੇਬਾਜ਼ੀ ਬਾਰੇ ਉਸ ਦੀ ਮਾਂ ਰਾਜਪਾਲ ਨਾਲ ਗੱਲ ਹੋਈ ਤਾਂ ਉਸ ਨੇ ਦੱਸਿਆ ਕਿ ਉਹ ਆਪਣੇ ਪਿੰਡ ਵਾਲੀ ਅਕਾਦਮੀ ਦੇ ਅਖਾੜੇ ਵਿਚ ਜਾਣੋਂ ਬਹੁਤ ਡਰਦੀ ਸੀ, ਪਰ ਮਾਂ ਨੇ ਆਪਣੀ ਵੱਡੀ ਬੇਟੀ ਦਾ ਹਵਾਲਾ ਦੇ ਕੇ ਉਸ ਨੂੰ ਧੱਕੇ ਨਾਲ ਇਸ ਖੇਡ ਲਈ ਪ੍ਰੇਰਿਆ ਸੀ। ਸਿਮਰ ਤੋਂ ਪਹਿਲਾਂ ਉਸ ਦੀ ਵੱਡੀ ਭੈਣ ਤੇ ਭਰਾ ਵੀ ਇਸ ਖੇਡ ਵਿਚ ਹਿੱਸਾ ਲੈ ਚੁਕੇ ਸਨ।

ਨੈਸ਼ਨਲ ਚੈਂਪੀਅਨ ਤਾਂ ਸਰਵਣ ਸਿੰਘ ਦੇ ਪੁੱਤਰਾਂ ਸਮੇਤ ਹੋਰ ਚਕਰੀਏ ਵੀ ਬਣੇ, ਪਰ ਸਿਮਰ ਦੀ ਪ੍ਰਾਪਤੀ ਪਿੰਡ ਚਕਰ ਤੇ ਪੰਜਾਬ ਲਈ ਹੀ ਨਹੀਂ, ਸਮੁੱਚੇ ਭਾਰਤ ਲਈ ਮਾਣ ਵਾਲੀ ਗੱਲ ਹੈ।

ਇੱਕ ਤਰ੍ਹਾਂ ਨਾਲ ਸਿਮਰ ਚਕਰ ਆਪਣੇ ਨਾਂ ਦੇ ਨਾਵਲ 'ਕੱਲਰ ਦਾ ਕੰਵਲ' ਦੀ ਨਾਇਕਾ ਹੋ ਨਿਬੜੀ ਹੈ। ਮਹਿੰਦਰ ਸਿੰਘ ਚਕਰ ਨੂੰ ਉਸ ਦੀਆਂ ਖੱਬੇ ਪੱਖੀ ਸਾਡੀ ਰੁਚੀਆਂ ਕਾਰਨ ਪੰਜਾਬ ਦੇ ਕਾਲੇ ਦਿਨਾਂ ਵਿਚ ਦੋ ਅਣਜਾਣੇ ਬੰਦਿਆਂ ਨੇ ਸ਼ਹੀਦ ਕਰ ਦਿੱਤਾ ਸੀ। ਦੁੱਖ ਦੀ ਗੱਲ ਇਹ ਕਿ ਮਹਿੰਦਰ ਦਾ ਪੁੱਤਰ ਤੇ ਸਿਮਰ ਦਾ ਪਿਤਾ ਵੀ ਅਚਾਨਕ ਚਲਾਣਾ ਕਰ ਗਿਆ ਸੀ। ਸਿਮਰ ਦੀ ਮਾਂ ਨੇ ਆਪਣੀਆਂ ਦੋਵੇਂ ਧੀਆਂ ਤੇ ਦੋਵੇਂ ਪੁੱਤਰਾਂ ਨੂੰ ਵਿਦਿਆ ਹੀ ਨਹੀਂ ਦਿੱਤੀ, ਖੇਡਾਂ ਲਈ ਵੀ ਪ੍ਰੇਰਿਆ ਹੈ।

ਮੈਨੂੰ ਸਿਮਰ ਤੇ ਉਸ ਦੀ ਮਾਤਾ ਦਾ ਆਪਣੇ ਘਰ ਆਉਣਾ ਬਹੁਤ ਚੰਗਾ ਲੱਗਾ। ਮੈਨੂੰ ਰਾਇਪੁਰ ਡੱਬਾ ਵਾਲਾ ਹਰਬੰਸ ਸਿੰਘ ਚੇਤੇ ਆ ਗਿਆ। ਉਹਦੇ ਉਤੇ ਦੁਆਬੀਆਂ ਨੂੰ ਬੜਾ ਮਾਣ ਸੀ। ਜਿਹੋ ਜਿਹਾ ਚਕਰ ਨਿਵਾਸੀ ਸਰਵਣ ਸਿੰਘ ਤੇ ਉਸਦੇ ਭਤੀਜੇ ਬਲਵੰਤ ਸਿੰਘ ਸੰਧੂ ਨੂੰ ਹੈ।

ਸਾਡੇ ਵਿਹੜੇ ਆਉਣ ਸਮੇਂ ਸਿਮਰ ਟੋਕੀਓ ਓਲੰਪਿਕਸ ਵਿਚ ਭਾਗ ਲੈਣ ਲਈ ਪੂਰੇ ਜਲੌ ਵਿਚ ਸੀ। ਕਰੋਨਾ ਵਾਇਰਸ ਨੇ ਇਹ ਖੇਡਾਂ ਅਗਲੇ ਸਾਲ ਉਤੇ ਪਾ ਦਿੱਤੀਆਂ ਹਨ। ਸਾਨੂੰ ਸਭ ਨੂੰ ਝਟਕਾ ਤਾਂ ਲੱਗਾ ਹੈ, ਪਰ ਅਸੀਂ ਸਮਝਦੇ ਹਾਂ ਕਿ ਇਸ ਨੇ ਮਿਸ ਸਿਮਰਜੀਤ ਚਕਰ ਦੀ ਸ਼ਕਤੀ ਨੂੰ ਹੋਰ ਦਮ ਦੇਣਾ ਹੈ। ਉਹ ਸਾਹਸੀ ਜਿਊੜਾ ਹੈ।

**ਅੰਤਿਕਾ: ਸਿਮਰਜੀਤ ਕੌਰ ਗਰੇਵਾਲ**

ਅਸੀਂ ਨਹੀਂ ਬਣਨਾ ਹਨੇਰੇ ਦੇ ਵਾਸੀ,
ਜਿਉਣਾ ਹੈ ਬਣ ਕੇ ਸਵੇਰੇ ਦੇ ਵਾਸੀ।
ਹਨੇਰਾ ਤਾਂ ਖੁਦ ਹੀ ਹਨੇਰੇ 'ਚ ਭਟਕੇ,
ਦਸਦੇ ਸੀ ਉਹਦੇ ਹੀ ਡੇਰੇ ਦੇ ਵਾਸੀ।

# ਤਾਰਿਆਂ ਦੀਆਂ ਗੱਲਾਂ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਲੇਖ ਵਿਚ ਉਨ੍ਹਾਂ ਸੂਰਜ ਦੇ ਪ੍ਰਸੰਗ ਵਿਚ ਜ਼ਿੰਦਗੀ ਵਿਚਲੇ ਸੂਰਜਾਂ ਤੋਂ ਰੋਸ਼ਨੀ ਲੈ ਕੇ ਨਵੇਂ ਕੀਰਤੀਮਾਨ ਸਿਰਜਣ ਦੀ ਨਸੀਹਤ ਕੀਤੀ ਸੀ, "ਸਭ ਤੋਂ ਵੱਡੇ ਅਤੇ ਦਗਦੇ ਸੂਰਜ ਤਾਂ ਘਰ ਵਿਚ ਬੈਠੇ ਬਜੁਰਗ ਹੁੰਦੇ, ਜਿਨ੍ਹਾਂ ਦੀਆਂ ਸਲਾਹਾਂ ਅਤੇ ਮੱਤਾਂ ਕਾਰਨ ਸਾਡੀ ਸ਼ਖਸੀ ਸਿਰਜਣਾ ਹੋਈ ਹੁੰਦੀ। ਇਨ੍ਹਾਂ ਸੂਰਜਾਂ ਨੂੰ ਕਦੇ ਧੁਖਣ ਨਾ ਲਾਓ, ਸਗੋਂ ਇਨ੍ਹਾਂ ਦੇ ਧੁੱਪੀਲੇ ਸੇਕ ਵਿਚ ਆਪਣੇ ਅੰਤਰੀਵ ਨੂੰ ਰੁਸ਼ਨਾਓ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਅੰਬਰ ਦੇ ਮਾਣ ਤਾਰਿਆਂ ਨਾਲ ਗੱਲਾਂ ਕਰਦਿਆਂ ਪ੍ਰੇਰਿਆ ਹੈ, "ਤਾਰਿਆਂ ਵੱਲ ਦੇਖੋ। ਉਨ੍ਹਾਂ ਨੂੰ ਨਿਹਾਰੋ। ਉਨ੍ਹਾਂ ਦੇ ਦੀਦਿਆਂ ਵਿਚ ਝਾਕੋ। ਫਿਰ ਪਤਾ ਲੱਗੇਗਾ ਕਿ ਤਾਰੇ ਤੁਹਾਨੂੰ ਹੀ ਦੇਖਣ ਲਈ ਹਰ ਰਾਤ ਨੂੰ ਅੰਬਰ-ਵਿਹੜੇ ਵਿਚ ਦਸਤਕ ਦਿੰਦੇ।...ਤਾਰਿਆਂ ਨਾਲ ਗੱਲਾਂ ਕੀਤਿਆਂ ਹੀ ਮਨੁੱਖ ਸਵੈ-ਚਿੰਤਨ ਕਰਨ ਦੀ ਸੋਚੇਗਾ। ਤਾਰਿਆਂ ਨਾਲ ਗੱਲਾਂ ਕਰੋਗੇ ਤਾਂ ਤਾਰੇ ਦੀ ਆਭਾ ਤੁਹਾਨੂੰ ਕੁਝ ਚੰਗੇਰਾ ਕਰਨ ਲਈ ਪ੍ਰੇਰਿਤ ਕਰੇਗੀ। ਇਸ ਦੀ ਮਹੱਤਤਾ ਵਿਚੋਂ ਹੀ ਮਹਾਨਤਾ ਅਤੇ ਮਸ਼ਹੂਰ ਹੋਣ ਵਿਚਲੇ ਅੰਤਰ ਦੀ ਸੋਝੀ ਹੋਵੇਗੀ।" -ਸੰਪਾਦਕ***

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਤਾਰਿਆਂ ਨਾਲ ਗੱਲਾਂ ਕਰੋ। ਤਾਰਾ ਬਣਨ ਦਾ ਖਿਆਲ ਮਨ ਵਿਚ ਪੈਦਾ ਹੋਵੇਗਾ। ਤਾਰੇ ਜਿਹਾ ਹੋਣ ਦਾ ਸੁਪਨ-ਬੀਜ ਸੋਚ-ਜਮੀਂ 'ਚ ਪੁੰਗਰੇਗਾ। ਤਾਰਾ, ਚਾਨਣ ਦਾ ਵਣਜਾਰਾ। ਚਾਨਣ ਸੰਗ ਭਰਿਆ, ਚਾਨਣ ਚਾਨਣ ਹੋਇਆ, ਚਾਨਣ-ਵਿਹੜੇ ਦੀ ਹੋਂਦ ਅਤੇ ਹਾਸਲ।

ਤਾਰੇ ਨੂੰ ਆਪਣੇ ਮੁੱਢ, ਅਤੀਤ ਅਤੇ ਭਵਿੱਖ ਬਾਰੇ ਪੂਰਨ ਗਿਆਨ। ਉਸ ਨੂੰ ਯਾਦ ਹੈ। ਬਿੱਗ ਬੈਂਗ ਵਿਚੋਂ ਉਪਜਣਾ। ਊਰਜਾ ਦਾ ਸਰੋਤ ਬਣ ਕੇ ਆਲੇ-ਦੁਆਲੇ 'ਚ ਚਾਨਣ ਦੀ ਚਾਦਰ ਵਿਛਾਉਣਾ ਅਤੇ ਕਿਰਨਾਂ ਦੀ ਕਲਾ-ਨਕਾਸ਼ੀ ਕਰਨਾ। ਉਸ ਨੂੰ ਯਾਦ ਹੈ ਕਿ ਉਸ ਦਾ ਅੰਤ ਨਿਸ਼ਚਿਤ ਹੈ, ਜਿਸ ਦਿਨ ਉਸ ਨੇ ਬਲੈਕ ਹੋਲ ਬਣ ਕੇ, ਆਖਰੀ ਸਫਰ ਨੂੰ ਤੁਰ ਪੈਣਾ; ਪਰ ਬੰਦੇ ਨੂੰ ਯਾਦ ਹੀ ਨਹੀਂ ਕਿ ਉਸ ਨੇ ਕਿਸ ਕੁੱਖ ਵਿਚੋਂ ਜਨਮ ਲਿਆ? ਉਸ ਦਾ ਮੂਲ ਕੀ ਏ? ਉਹ ਤਾਂ ਆਪਣੀ ਮੌਤ ਹੀ ਭੁੱਲ ਚੁਕਾ। ਤਾਰਿਆਂ ਨਾਲ ਗੱਲਾਂ ਕੀਤਿਆਂ ਹੀ ਮਨੁੱਖ ਸਵੈ-ਚਿੰਤਨ ਕਰਨ ਦੀ ਸੋਚੇਗਾ।

ਤਾਰਾ 'ਕੱਲਾ ਹੋ ਕੇ ਵੀ 'ਕੱਲਾ ਨਹੀਂ ਹੁੰਦਾ। ਤਾਰਿਆਂ ਦੇ ਸੰਗ੍ਰਿਹ ਦੇ ਰੂਪ ਵਿਚ ਅਕਾਸ਼-ਗੰਗਾ ਦਾ ਨਿੱਕਾ ਜਿਹਾ ਹਿੱਸਾ ਹੁੰਦਾ। ਕੋਈ ਵੀ ਤਾਰਾ ਖੁਦ ਵੱਡਾ ਨਹੀਂ ਹੁੰਦਾ, ਸਗੋਂ ਸਾਥੀਆਂ ਦੇ ਸਮੂਹ ਵਿਚ ਹੀ ਆਪਣੀ ਹੋਂਦ ਨੂੰ ਸਹੀ ਸੰਦਰਭ ਵਿਚ ਸਮਝ ਅਤੇ ਸਮਝਾ ਸਕਦਾ। ਉਸ ਦੀ ਜੀਵਨ-ਜਾਚ ਵਿਚ ਸ਼ਾਮਲ ਹੈ, ਮਿਲ ਜੁਲ ਕੇ ਰਹਿਣ ਦਾ ਹੁਨਰ। ਤਾਂਹੀਓਂ ਰਾਤ ਵੇਲੇ ਤਾਰਿਆਂ ਨੂੰ ਵੱਖ-ਵੱਖ ਸ਼ਕਲਾਂ ਜਾਂ ਕਲਾ-ਕਿਰਤਾਂ ਦੇ ਰੂਪ ਵਿਚ ਕਲਪਿਤ ਕੀਤਾ ਜਾਂਦਾ।

ਤਾਰਾ ਰੋਸ਼ਨੀ ਵੰਡਦਾ ਹੈ, ਕਿਉਂਕਿ ਉਸ ਨੂੰ ਪਤਾ ਹੈ ਕਿ ਵੰਡਣ ਨਾਲ ਕੁਝ ਘਟਦਾ ਨਹੀਂ, ਸਗੋਂ ਇਸ ਵਿਚ ਵਾਧਾ ਹੁੰਦਾ। ਮਨ ਦੀ ਤ੍ਰਿਪਤੀ, ਕੁਝ ਚੰਗੇਰਾ ਕਰਨ ਦਾ ਅਹਿਸਾਸ ਅਤੇ ਹਨੇਰੇ ਖੂੰਜਿਆਂ ਨੂੰ ਚਾਨਣ ਨਾਲ ਭਰਨ ਦਾ ਵਿਸਮਾਦ।

ਤਾਰਿਆਂ ਦੇ ਕਾਫਲੇ ਵਿਚ ਕੋਈ ਵੱਡਾ, ਕੋਈ ਛੋਟਾ। ਕੁਝ ਦੇ ਗ੍ਰਹਿ ਹੁੰਦੇ, ਪਰ ਕੁਝ ਗ੍ਰਹਿਹੀਣ। ਇਹ ਗ੍ਰਹਿ ਉਸ ਦੇ ਸੇਵਕ ਹੁੰਦੇ, ਜੋ ਆਪਣੇ ਆਕਾ ਦੇ ਹੁਕਮ ਵਿਚ ਬੱਧੇ, ਪਰਿਕਰਮਾ ਕਰਦੇ ਅਤੇ ਚਾਨਣ ਤੇ ਧੁੱਪ ਦੀਆਂ ਦਾਤਾਂ ਹਾਸਲ ਕਰਦੇ, ਆਪਣੇ ਆਪ ਨੂੰ ਵਡਭਾਗਾ ਸਮਝਦੇ। ਸੂਰਜੀ ਤਾਰੇ ਦੀ ਰਿਣੀ ਹੈ ਧਰਤੀ, ਕਿਉਂਕਿ ਧਰਤੀ ਦਾ ਸਮੁੱਚਾ ਜੀਵ-ਸੰਸਾਰ ਸੂਰਜ ਤੋਂ ਆਉਂਦੀ ਊਰਜਾ ਸਦਕਾ ਹੀ ਸੰਭਵ ਅਤੇ ਸਦੀਵ ਹੈ; ਪਰ ਤਾਰਾ ਕਦੇ ਵੀ ਅਹਿਸਾਨ ਨਹੀਂ ਜਿਤਾਉਂਦਾ ਸਗੋਂ ਨਿਆਮਤਾਂ ਦੀ ਨਿਰੰਤਰਤਾ ਵਰਤਾਉਂਦਾ। ਸੂਰਜ ਸਿਰਫ ਆਪਣੇ ਗ੍ਰਹਿਆਂ ਨੂੰ ਹੀ ਨਹੀਂ, ਸਗੋਂ ਚੰਦ ਜਿਹੇ ਉਪ-ਗ੍ਰਹਿਆਂ ਨੂੰ ਰੋਸ਼ਨੀ ਦਿੰਦਾ, ਜੋ ਬਦਲ ਕੇ ਚੰਨ-ਚਾਨਣੀ ਬਣ ਪੁੰਨਿਆ ਦਾ ਰੂਪ ਧਾਰਦੀ। ਸੂਰਜ ਕਦੇ ਵੀ ਆਪਣੇ ਸੂਰਜੀ ਪਰਿਵਾਰ ਨੂੰ ਹੀਣਾ ਨਹੀਂ ਹੋਣ ਦਿੰਦਾ, ਸਗੋਂ ਇਹ ਵਰਤਾਰਾ ਕਰੋੜਾਂ ਸਾਲਾਂ ਤੋਂ ਅਰੋਕ ਜਾਰੀ ਹੈ।

ਤਾਰੇ ਅੰਬਰ ਵਿਚ ਵੱਸਦੇ। ਇਨ੍ਹਾਂ ਦੀ ਆਪਣੀ ਬਸਤੀ ਤੇ ਹਸਤੀ। ਆਪਣਾ ਵਰਤਾਰਾ, ਖਲਾਰਾ, ਪਸਾਰਾ ਤੇ ਝਲਕਾਰਾ। ਰਾਤ ਦੀ ਸੁੰਦਰਤਾ। ਅੰਬਰ ਵਿਚ ਤਾਰਿਆਂ ਦੀਆਂ ਖਿੱਤੀਆਂ ਦੇ ਵੱਖ-ਵੱਖ ਅਕਾਰਾਂ ਨੂੰ ਨਿਹਾਰਨਾ, ਬਚਪਨੀ ਯਾਦਾਂ ਦਾ ਅਮੀਰ ਸਰਮਾਇਆ। ਗਰਮੀਆਂ ਦੀ ਰੁੱਤੇ ਕੋਠੇ 'ਤੇ ਮੰਜੇ ਡਾਹੁਣਾ, ਬਜੁਰਗਾਂ ਦਾ ਤਾਰਿਆਂ ਦੀਆਂ ਕਹਾਣੀਆਂ ਸੁਣਾਉਣਾ ਅਤੇ ਇਨ੍ਹਾਂ ਨੂੰ ਰੂਹ ਦਾ ਖਜਾਨਾ ਬਣਾਉਣਾ।

ਤਾਰਿਆਂ ਦੀ ਨਗਰੀ 'ਚ ਚਾਨਣ ਦੀ ਰੁੱਤ ਮੌਲੇ ਤੇ ਕਿਰਨਾਂ ਦਾ ਵੱਗੇ ਦਰਿਆ। ਅੰਬਰ ਦੇ ਵਿਹੜੇ ਵਿਚ ਰੰਗਾਂ ਦੀ ਇਬਾਦਤ ਅਤੇ ਸੋਚਾਂ ਵਿਚ ਸੰਦਲੀ ਸਦਾਅ। ਤਾਰਿਆਂ ਦੀ ਗੱਲਬਾਤ ਵਿਚ ਵੱਗਦੀ ਏ ਰਹਿਮਤ ਭਰੇ ਬੋਲਾਂ ਦੀ ਹਵਾ, ਜਿਹਦੇ ਵਿਚ ਭਿੱਜੀ ਹੋਈ ਅਨਾਇਤ ਜਿਹੀ ਬੰਦਗੀ, ਸੂਹੇ ਕਰੇ ਫਿੱਕੜੇ ਜਿਹੇ ਚਾਅ।

ਤਾਰਿਆਂ ਦੀ ਬੀਹੀ ਵਿਚ ਗਾਉਂਦਾ ਏ ਫਕੀਰ ਜਦ, ਜ਼ਿੰਦਗੀ ਦੀ ਉਘੜੇ ਤਕਦੀਰ; ਮੱਥੇ ਦੀਆਂ ਲਿਖੀਆਂ ਨੂੰ ਚਾਨਣਾਂ ਦੀ ਗੁੜਤੀ ਤੇ ਕਿਰਨਾਂ ਦੀ ਹਾਸਲ ਜਗੀਰ। ਤਾਰਿਆਂ ਦੇ ਸਾਥ ਨਾਲ ਫਿਜ਼ਾ ਵਿਚ ਨਾਦ ਗੂੰਜੇ, ਵਕਤ ਭਲਿਆਈ ਵਾਲਾ ਰਾਗ; ਰਹਿਮਤਾਂ ਦੀ ਨਗਰੀ ਵਿਚ ਜਾਗਦੇ ਨੇ, ਸੁੱਤੇ ਹੋਏ ਖਲਕਤ ਦੇ ਭਾਗ।

ਤਾਰਿਆਂ ਦੇ ਦੇਸ਼ ਦੀ ਧਰਤ ਨੂੰ ਉਡੀਕ ਰਹੇ, ਖੜੀ ਰਹੇ ਬਾਹਾਂ ਨੂੰ ਖਲਾਰ। ਉਸ ਦਿਆਂ ਨੈਣਾਂ ਵਿਚ ਸੁਪਨੇ ਦੀ ਸਾਦਗੀ ਨੂੰ, ਪਲ ਪਲ ਚੜ੍ਹਦਾ ਖੁਮਾਰ। ਧਰਤੀ ਦੀਆਂ ਸੋਚਾਂ ਵਿਚ ਤਾਰਿਆਂ ਦੇ ਸੰਗ ਰਹਿਣਾ, ਜੀਵਨ ਦਾ ਸੁਪਨ-ਸਕਾਰ ਅਤੇ ਇਹਦੇ ਵਿਚੋਂ ਹੋਣਾ ਨੇ ਹਾਸਲ ਸਰੂਰ ਤੇ ਮਿਲਣਾ ਏ ਭਿੰਨਾ ਭਿੰਨਾ ਪਿਆਰ। ਧਰਤੀ ਵੀ ਚਾਹੁੰਦੀ ਏ ਕਿ ਰੋਸ਼ਨੀ ਦੇ ਬੀਜ ਇਹਦੀ ਕੁੱਖ ਨੂੰ ਨਸੀਬ ਹੋਣਾ ਅਤੇ ਚਾਨਣ ਦਾ ਕਰਾਂ ਮੈਂ ਵਪਾਰ; ਤਾਂ ਕਿ ਇਹਦੀਆਂ ਜੂਹਾਂ ਵਿਚ ਮੁੱਕ ਜਾਵੇ ਨਫਰਤ ਤੇ ਹਿਰਦਿਆਂ ਵਿਚ ਵੱਸ ਜੇ ਪਿਆਰ। ਧਰਤੀ ਤਾਂ ਸੁੱਖਾਂ ਮੰਗੇ ਤਾਰਿਆਂ ਦੀਆਂ ਨਿਸ ਦਿਨ, ਤਾਰੇ ਬਿਨ ਕਾਹਦਾ ਇਹਦਾ ਜੀਣਾ; ਤਾਰਿਆਂ ਦੀ ਸੰਗਤਾ ਤੇ ਪਾਕੀਜ਼ਗੀ ਦੀ ਭਿੱਜਤਾ 'ਚੋਂ, ਪਾਕ ਰੂਹਾਂ ਸੰਗ ਥੀਣਾ। ਤਾਰੇ ਜਦ ਜੂਹ ਵਿਚ ਦੀਵੇ ਬਣ ਜਗਦੇ ਨੇ, ਹਨੇਰਿਆਂ ਦਾ ਉਜੜਦਾ ਵਾਸਾ; ਤਾਰਿਆਂ ਦੇ ਸਾਥ ਵਿਚ ਕਾਲਖੀ ਜਿਹੇ ਵਕਤਾਂ ਦਾ, ਇਕ ਦਮ ਬਦਲਦਾ



ਪਾਣੀ 'ਤੇ ਪੈ ਰਿਹਾ ਤਾਰਿਆਂ ਦਾ ਪਰਛਾਵਾਂ

ਖਾਸਾ।

ਕਦੇ ਬਚਪਨ ਦੇ ਉਹ ਦਿਨ ਯਾਦ ਕਰਨਾ, ਜਦ ਤਾਰਿਆਂ ਨੂੰ ਫੜਨ ਨੂੰ ਜੀਅ ਕਰਦਾ ਸੀ। ਇਸ ਨੂੰ ਆਗੋਸ਼ ਵਿਚ ਲੈਣ ਨੂੰ ਮਨ ਕਰਦਾ ਸੀ। ਇਸ ਦੀ ਆਗੋਸ਼ ਵਿਚ ਬਹਿ ਕੇ ਤੋਤਲੀਆਂ ਗੱਲਾਂ ਕਰਨ ਅਤੇ ਤਾਰੇ ਨੂੰ ਆੜੀ ਬਣਾਉਣ ਦੀ ਬਹੁਤ ਤਮੰਨਾ ਹੁੰਦੀ ਸੀ; ਪਰ ਤਾਰੇ ਇੰਨੇ ਦੂਰ ਸਨ ਕਿ ਤਾਰਿਆਂ ਨੂੰ ਮੁੱਠ ਵਿਚ ਲੈਣਾ ਸੰਭਵ ਨਹੀਂ ਸੀ ਹੁੰਦਾ ਅਤੇ ਬਜੁਰਗਾਂ ਦਾ ਵਰਚਾਉਣਾ ਹੀ ਨੀਂਦ ਦੇ ਆਗੋਸ਼ ਵਿਚ ਲੈ ਜਾਂਦਾ ਸੀ। ਤਾਰੇ ਬਣਨ ਦੀ ਚਾਹਤ ਮਨ ਵਿਚ ਪਾਲਣ ਵਾਲੇ ਲੋਕ ਆਖਰ ਨੂੰ ਤਾਰੇ ਬਣਨ ਦੀ ਲੋਚਾ ਨੂੰ ਆਪਣਾ ਹਾਸਲ ਜਰੂਰ ਬਣਾਉਂਦੇ ਹਨ। ਉਨ੍ਹਾਂ ਦੀ ਭਲਿਆਈ ਤੇ ਚੰਗਿਆਈ ਦੀਆਂ ਬਾਤਾਂ ਪਾਓ। ਉਨ੍ਹਾਂ ਤੋਂ ਜ਼ਿੰਦਗੀ ਜਿਉਣ ਦੇ ਗੁਰ ਸਿੱਖੋ। ਉਨ੍ਹਾਂ ਵਾਂਗ ਅੰਤਰੀਵ ਦੀ ਪਵਿੱਤਰਤਾ ਨੂੰ ਆਪਣਾ ਹਕੂਕ ਬਣਾਉਣ ਵੰਨੀਂ ਕਦਮ ਉਠਾਓ। ਤਾਰੇ ਜਿਹਾ ਜਰੂਰ ਬਣ ਜਾਵੋਗੇ।

ਤਾਰਿਆਂ ਦਾ ਕਾਫਲਾ ਸਿਰਫ ਅੰਬਰ ਵਿਚ ਹੀ ਨਹੀਂ ਹੁੰਦਾ, ਤਾਰਿਆਂ ਜਿਹੇ ਕੁਝ ਲੋਕ ਸਾਡੇ ਆਲੇ-ਦੁਆਲੇ ਵੀ ਹੁੰਦੇ, ਉਨ੍ਹਾਂ ਦੇ ਚਾਨਣ ਵਿਚ ਨਹਾਓ। ਖੁਦ ਦੀ ਮਲੀਨਤਾ ਨੂੰ ਉਤਾਰੋ ਅਤੇ ਕਾਲਖੀ ਸੋਚਾਂ, ਕਮੀਨਗੀਆਂ, ਕੁਤਾਹੀਆਂ ਜਾਂ ਕੁਰੀਤੀਆਂ ਨੂੰ ਦੂਰ ਕਰਨ ਦਾ ਉਪਰਾਲਾ ਕਰੋ। ਤਾਰਿਆਂ ਜਿਹੇ ਲੋਕ ਤੁਹਾਡੇ ਅਧਿਆਪਕ, ਮਾਪੇ, ਕੋਈ ਬਜੁਰਗ ਜਾਂ ਚਾਨਣ-ਰੰਗੀ ਸ਼ਖਸੀਅਤ ਹੋ ਸਕਦਾ, ਜਿਨ੍ਹਾਂ ਤੋਂ ਚਾਨਣ ਦੀ ਗੁੜਤੀ ਮਿਲੀ ਹੋਵੇ। ਉਹ ਚਾਨਣ ਦੇ ਵਣਜ ਵਿਚੋਂ ਹੀ ਆਪਣੀ ਸਮੁੱਚਤਾ ਅਤੇ ਉਤਮਤਾ ਨੂੰ ਗ੍ਰਹਿਣ ਕਰਨ ਦੇ ਚਾਹਵਾਨ ਹੁੰਦੇ। ਅਜਿਹੇ ਲੋਕਾਂ ਦੀ ਸੰਗਤ ਮਾਣਨ ਵਾਲੇ ਲੋਕ ਪਾਈਆਂ ਪੈੜਾਂ ਨੂੰ ਹੋਰ ਵਿਸਥਾਰ ਦਿੰਦੇ। ਇਹ ਤਾਰੇ ਹੀ ਬਹੁਤ ਸਾਰੇ ਤਾਰਾ-ਕਾਫਲਿਆਂ ਨੂੰ ਜਨਮਦੇ, ਆਪਣਾ ਜੀਵਨ ਸਫਲਾ ਕਰ ਜਾਂਦੇ।

ਤਾਰਿਆ ਦੀ ਸੱਦ ਲਾਉਣ ਵਾਲੇ ਲੋਕ ਮਨੁੱਖਤਾ ਦੇ ਸੁੱਚੇ ਅਲੰਮਬਰਦਾਰ, ਸੱਚੇ-ਸੁੱਚੇ ਸੇਵਕ। ਉਨ੍ਹਾਂ ਸੇਵ-ਕਮਾਈ ਵਿਚੋਂ ਹੀ ਸਾਧਨਾ ਅਤੇ ਸਮਰਪਣ ਨੂੰ ਨਵੀਆਂ ਬੁਲੰਦੀਆਂ ਮਿਲਦੀਆਂ। ਇਹ ਲੋਕ-ਹੱਕਾਂ ਲਈ ਜੂਝਦੇ ਯੋਧੇ, ਕੁਦਰਤੀ ਸੁੰਦਰਤਾ ਦੀ ਬਰਕਰਾਰੀ ਵਿਚ ਯੋਗਦਾਨ ਪਾਉਣ ਵਾਲੇ ਕਰਮੀ, ਸਦਭਾਵਨਾ ਤੇ ਪ੍ਰੇਮ-ਭਾਵ ਦਾ ਸੁਨੇਹਾ ਦੇਣ ਵਾਲੇ ਸ਼ੁਭ-ਚਿੰਤਕ ਅਤੇ ਗਿਆਨ-ਹੀਣਾਂ ਦੇ ਮਸਤਕਾਂ ਵਿਚ ਗਿਆਨ-ਜੋਤ ਜਗਾਉਣ ਵਾਲੇ ਉਦਮੀ ਹੁੰਦੇ, ਜਿਨ੍ਹਾਂ ਦੇ ਬਲਿਹਾਰੇ ਜਾਣ ਨੂੰ ਜੀਅ ਕਰਦਾ।

ਤਾਰੇ ਕਦੇ ਅਗਿਆਤ ਨਹੀਂ ਰਹਿੰਦੇ। ਇਨ੍ਹਾਂ ਦੀ ਚਾਨਣ-ਚੋਗ ਬਹੁਤ ਜਲਦੀ ਜੱਗ-ਜਾਹਰ ਹੁੰਦੀ। ਇਹ ਚਾਨਣ-ਸੁਰਤੀ ਨਾਲ ਸੀਰਤ ਤੇ ਸੂਰਤ ਵਿਚੋਂ ਸੁਹਜ, ਸੂਖਮਤਾ ਅਤੇ ਸੁਖਨਭਾਵੀ ਅਹਿਸਾਸ ਮਨ ਵਿਚ ਪੈਦਾ ਕਰਦੇ।

ਤਾਰੇ ਖੁਦ ਨੂੰ ਮਹਾਨ ਨਹੀਂ ਅਖਵਾਉਂਦੇ। ਤਾਰੇ ਸਿਰਫ ਤਾਰੇ ਹੁੰਦੇ ਅਤੇ ਉਨ੍ਹਾਂ ਦਾ ਕਰਮ-ਧਰਮ ਹੁੰਦਾ ਚਾਨਣ ਦੀ ਸੱਦ ਉਸ ਬੀਹੀ ਵਿਚ ਲਾਉਣਾ, ਜਿਸ ਨੂੰ ਰੌਸ਼ਨ-ਰਾਹਾਂ ਦੀ ਲੋੜ ਹੋਵੇ, ਜਿਥੇ ਕੁੱਲੀ ਵਿਚ ਹਨੇਰਾ ਹੋਵੇ ਜਾਂ ਜਿਸ ਘਰ ਦੇ ਆਲ੍ਹੇ ਵਿਚ ਤੇਲ ਹੀਣ ਦੀਵਿਆਂ ਨੂੰ ਬੁੱਝੇ ਰਹਿਣ ਦਾ ਸਰਾਪ ਮਿਲਿਆ ਹੋਵੇ।

ਤਾਰਿਆਂ ਨਾਲ ਗੱਲਾਂ ਕਰੋਗੇ ਤਾਂ ਤਾਰੇ ਦੀ ਆਭਾ ਤੁਹਾਨੂੰ ਕੁਝ ਚੰਗਾ ਕਰਨ ਲਈ ਪ੍ਰੇਰਿਤ ਕਰੇਗੀ। ਇਸ ਦੀ ਮਹੱਤਤਾ 'ਚੋਂ ਹੀ ਮਹਾਨਤਾ ਤੇ ਮਸ਼ਹੂਰ ਹੋਣ ਵਿਚਲੇ ਅੰਤਰ ਦੀ ਸੋਝੀ ਹੋਵੇਗੀ।

ਤਾਰੇ ਚੜ੍ਹਦੇ ਨਹੀਂ, ਸਗੋਂ ਤਾਰੇ ਉਗਮਦੇ ਨੇ, ਕਾਲਖੀ ਫਿਜ਼ਾ 'ਚੋਂ, ਤੰਗੀਆਂ-ਤੁਰਸ਼ੀਆਂ 'ਚੋਂ, ਪੇਟ ਦੀ ਭੁੱਖ ਨੂੰ ਪੂਰਾ ਕਰਨ ਦੀ ਤਮੰਨਾ 'ਚੋਂ, ਪਿੰਡੇ 'ਤੇ ਲੱਗੇ ਫੱਟਾਂ ਦੀ ਚਸਕ 'ਚੋਂ, ਮਿੱਧੀਆਂ ਲਾਸ਼ਾਂ 'ਚੋਂ, ਮਧੋਲੇ ਫੁੱਲਾਂ ਦੇ ਦਰਦ 'ਚੋਂ ਅਤੇ ਬੇਦਰਦਪੁਣੇ ਨੂੰ ਕਿਸਮਤ ਲਕੀਰ ਵਿਚ ਉਕਰਿਆਂ ਦੇਖ ਕੇ।

ਤਾਰੇ ਤਾਂ ਸ਼ਬਦਾਂ ਵਿਚੋਂ ਵੀ ਅਰਥ ਬਣ ਕੇ ਉਗਦੇ ਬਸ਼ਰਤੇ ਸਾਨੂੰ ਅਰਥਾਂ ਦੀ ਤਹਿ ਤੀਕ ਜਾਣ ਅਤੇ ਇਸ ਦੀਆਂ ਪਰਤਾਂ ਫਰੋਲ ਕੇ ਸੁਗਮ ਸੋਚ, ਸ਼ੁਭ-ਸੰਵੇਦਨਾ ਤੇ ਚਾਹਤ-ਚਿੰਤਾ ਨੂੰ ਜੁਸਤਜੂ ਬਣਾਉਣ ਦੀ ਆਦਤ ਹੋਵੇ। ਫਿਕਰ ਵਿਚ ਖੁਦ ਨੂੰ ਧੁਖਾਉਣ ਨਾਲੋਂ ਚੰਗਾ ਹੈ ਕਿ ਫਿਕਰਮੰਦ ਹੋ ਕੇ, ਫਿਕਰਾਂ ਨੂੰ ਫੱਖਰਤਾ ਵਿਚ ਤਬਦੀਲ ਕਰਨ ਦਾ ਰਿਆਜ਼ ਕੀਤਾ ਜਾਵੇ।

ਤਾਰੇ ਤਾਂ ਧਾਰਮਿਕ ਗ੍ਰੰਥਾਂ, ਮਹਾਨ ਕਲਾ-ਕਿਰਤਾਂ ਅਤੇ ਮਹਾਨ ਵਿਅਕਤੀਆਂ ਦੀਆਂ ਜੀਵਨੀਆਂ ਵਿਚੋਂ ਹੀ ਝਲਕਾਰੇ ਮਾਰਦੇ। ਸਿਰਫ ਇਨ੍ਹਾਂ ਝਲਕਾਰਿਆਂ ਨੂੰ ਰੂਹ ਵਿਚ ਉਤਾਰਨ ਅਤੇ ਇਨ੍ਹਾਂ ਜਿਹਾ ਬਣਨ ਦਾ ਮਨ ਬਣਾ ਲਿਆ ਜਾਵੇ ਤਾਂ ਇਨ੍ਹਾਂ ਤਾਰਿਆਂ ਨੂੰ ਆਪਣੇ ਹੋਂਦ ਦਾ ਮਾਣ ਜਰੂਰ ਹੁੰਦਾ।

ਆਪਣੇ ਹਿੱਸੇ ਦੇ ਤਾਰੇ ਨੂੰ ਉਡੀਕਦੀ ਵਿਯੋਗਣ ਵੀ ਕੂਕਦੀ,

ਤਾਰੇ ਵਰਗਿਆ ਸੱਜਣਾ
ਮੈਂ ਗਲੀਓ ਗਲੀਏ ਕੂਕਾਂ,
ਕੰਨ ਵਲੇਟ ਕਿਥੇ ਤੁਰ ਗਿਉਂ
ਕਦੇ ਸੁਣ ਤੱਤੜੀ ਦੀਆਂ ਹੂਕਾਂ।

ਤਾਰੇ ਵਰਗਿਆ ਸੱਜਣਾ
ਕਦੇ ਆ ਜਾ ਰਾਤ-ਬਰਾਤੇ,
ਅੱਖੀਆਂ ਸੁੱਜੀਆਂ, ਆਸਾਂ ਮੁੱਕੀਆਂ
ਅਸੀਂ ਹਾਰੇ ਕੱਟ ਜਗਰਾਤੇ।

ਤਾਰੇ ਵਰਗਿਆ ਸੱਜਣਾ
ਆ ਮਹਿਕਣ ਲਾ ਦੇ ਰਾਹਾਂ,
ਸਦੀਆਂ ਬੀਤੀਆਂ ਤੈਨੂੰ ਉਡੀਕਾਂ
ਖੜੀ ਹਾਂ ਖੋਲ੍ਹ ਕੇ ਬਾਹਾਂ।

ਤਾਰੇ ਵਰਗਿਆ ਸੱਜਣਾ
ਕਦੇ ਚੜ੍ਹ ਬਨੇਰੇ ਆ ਕੇ,
ਹੌਲੀ ਜਿਹੇ ਹੇਠਾਂ ਆ ਜਾ
ਚਾਅ ਚਹਿਕਣ ਹਿੱਕ 'ਨਾ ਲਾ ਕੇ।

ਤਾਰੇ ਵਰਗਿਆ ਸੱਜਣਾ
ਕਦੇ ਢੁੱਕ ਨੈਣਾਂ ਦੇ ਬੂਹੇ,
ਮੁੰਦ ਨੈਣੀਂ ਕਰਨ ਵਸੇਬਾ
ਸਾਥੋਂ ਵਿਛੜੇ ਸੁਪਨੇ ਸੂਹੇ।

ਤਾਰੇ ਜਿਹੇ ਸੰਗੀ-ਸਾਥੀਆਂ ਨਾਲ ਦਿਲ ਦੀਆਂ ਤਹਿਆਂ ਫਰੋਲੋ। ਸੁਪਨਿਆਂ ਦੀ ਸਾਂਝ ਪਾਵੋ ਅਤੇ ਇਨ੍ਹਾਂ ਨੂੰ ਪੂਰਾ ਕਰਨ ਲਈ ਤਦਬੀਰਾਂ ਦੀ ਘਾੜਤ ਘੜੋ। ਹੋ ਸਕਦਾ ਹੈ ਕਿ ਇਹ ਤਦਬੀਰਾਂ, ਤਕਦੀਰਾਂ ਬਣਨ ਲਈ ਕਾਹਲੀਆਂ ਹੋਣ। ਸਿਰਫ ਤੁਹਾਡੇ ਹੋਸ਼, ਜੋਸ਼ ਅਤੇ ਲੋਚ ਨੂੰ ਹੀ ਉਡੀਕਦੀਆਂ ਹੋਣ। ਤਾਂ ਹੀ ਕਿਹਾ ਜਾਂਦਾ,

ਇਕ ਤਾਰਾ ਮਨ ਦੀ ਜੂਹੇ
ਚਾਨਣ ਵਣਜ ਕਰੇਂਦਾ,
ਅੰਤਰ-ਮਨ ਵਿਚ ਸੁੱਤੀਆਂ ਰੀਝਾਂ
ਹੁੱਝਾਂ ਮਾਰ ਉਠੀਂਦਾ।

ਇਕ ਤਾਰਾ ਆ ਸਰਦਲੀਂ ਵਿਛਿਆ
ਰਾਹਾਂ ਨੂੰ ਰੁਸ਼ਨਾਏ,
ਦਰ ਦੀ ਦਸਤਕ ਬਣ ਕੇ
ਭਾਗ ਬੂਹਿਆਂ ਨੂੰ ਲਾਏ।

ਇਕ ਤਾਰਾ ਵਰਕੀਂ ਚੜ੍ਹਿਆ
ਸ਼ਬਦਾਂ ਦੀ ਜੂਨ ਹੰਢਾਵੇ,
ਸਤਰ ਸਤਰ ਬਣ ਫੈਲਦਾ
ਅਰਥ-ਕਿਰਤ ਬਣ ਜਾਵੇ।

ਇਕ ਤਾਰਾ ਰਾਤੀਂ ਅੰਦਰ ਆ
ਕੰਧਾਂ ਨੂੰ ਘਰ ਬਣਾਵੇ,
ਹਰ ਕਮਰੇ ਤੇ ਖੂੰਜੇ 'ਚ
ਜੀਵਨ-ਨਾਦ ਉਪਜਾਵੇ।

ਇਕ ਤਾਰਾ ਨੈਣਾਂ ਵਿਚ ਜਗਦਾ
ਸੁਪਨ-ਸੁਪਨ ਹੋ ਜਾਵੇ,
ਤੇ ਇਕ ਰੰਗਲੀ ਰੁੱਤ ਨੂੰ
ਜ਼ਿੰਦਗੀ ਦੇ ਨਾਂ ਲਾਵੇ।

ਇਕ ਤਾਰਾ, ਤਾਰਿਆਂ ਸੰਗ ਰਲ
ਕਾਫਲਾ ਬਣਦਾ ਜਾਵੇ,
ਤੇ ਪਿੰਡ ਦੀ ਫਿਰਨੀ ਦੇ ਵਿਚ
ਸੱਦ ਮਹਿਕ ਦੀ ਲਾਵੇ।

ਇਕ ਤਾਰਾ ਜੋ ਤਾਰੇ ਵਰਗਾ
ਕਿਰਨ-ਕਮਾਈ ਜਾਵੇ,
ਤੇ ਮੋਢੇ ਲਟਕੀ ਖਾਲੀ ਬਗਲੀ
ਮੁੱਠ ਚਾਨਣ ਦੀ ਪਾਵੇ।

ਇਕ ਤਾਰਾ ਮਨ ਦੀ ਨਗਰੀ
ਉਚਾ ਹੋਕਰਾ ਲਾਵੇ,
ਤੇ ਸੁਖਨ-ਸੋਚਾਂ ਦਾ ਸ਼ਜਰਾ
ਕੀਰਤੀ-ਕਰਮ ਬਣਾਵੇ।

ਇਕ ਤਾਰਾ ਅੰਬਰ ਜੂਹੇ
ਤਾਰਿਆਂ ਦਾ ਸੰਗ ਹੰਢਾਵੇ,
ਸਾਹ-ਸੁਰੰਗੀ ਦੀ ਸੋਗੀ ਸੁਰ ਨੂੰ
ਸੂਹੀ ਰਾਗ ਬਣਾਵੇ।

ਤਾਰੇ, ਅੰਬਰ ਦਾ ਮਾਣ। ਕੁਦਰਤੀ ਬਖਸ਼ਿਸ਼ਾਂ ਦਾ ਭੰਡਾਰ ਅਤੇ ਨਹੀਂ ਕੋਈ ਪਾਰਾਵਾਰ। ਤਾਰਿਆਂ ਕਾਰਨ ਹੀ ਅੰਬਰ ਦੀ ਪਛਾਣ। ਤਾਰਿਆਂ ਬਿਨਾ ਅੰਬਰ ਕਾਹਦਾ ਅਤੇ ਕੀ ਏ ਇਸ ਦੀ ਔਕਾਤ। ਅੰਬਰ ਹੋਵੇ ਤਾਂ ਤਾਰੇ ਵੱਸਦੇ, ਬਿਨ ਤਾਰੇ ਅੰਬਰ ਨਹੀਂ ਜੱਚਦੇ।

ਤਾਰਿਆਂ ਦੀਆਂ ਬਹੁਤ ਸਾਰੀਆਂ ਅਕਾਸ਼-ਗੰਗਾਵਾਂ। ਅਣਮਿਣੀਆਂ ਨੇ ਇਨ੍ਹਾਂ ਦੀਆਂ ਦੂਰੀਆਂ। ਅਣਗਿਣਤ ਏ ਇਨ੍ਹਾਂ ਦੀ ਗਿਣਤੀ, ਪਰ ਹਰ ਤਾਰੇ ਦਾ ਆਪੋ-ਆਪਣਾ ਕਿਰਦਾਰ, ਵਿਹਾਰ ਅਤੇ ਪਸਾਰ; ਪਰ ਇਹ ਤਾਰੇ ਰੋਸ਼ਨੀ ਨੂੰ ਚੌਫੇਰੇ ਵੰਡਣ ਵਿਚ ਕੋਈ ਹੇਰਾਫੇਰੀ ਜਾਂ ਕਾਣੀ ਵੰਡ ਨਹੀਂ ਕਰਦੇ, ਸਗੋਂ ਹਰ ਤਲੀ 'ਤੇ ਤਾਰਿਆਂ ਦੀ ਮੁੱਠ ਧਰਦੇ।

ਕਈ ਵਾਰ ਜਦ ਤਾਰਿਆਂ ਨੂੰ ਦੇਖਦੇ ਹਾਂ ਤਾਂ ਤਾਰਾ ਬਣ ਚੁਕੇ ਆਪਣੇ ਯਾਦ ਆਉਂਦੇ। ਭਾਵੇਂ ਉਹ ਮਾਪੇ ਹੋਣ, ਜੀਵਨ ਸਾਥੀ ਹੋਵੇ ਜਾਂ ਪਿਆਰਾ, ਜਿਸ ਨੇ ਸਾਨੂੰ ਆਪਣੇ ਸਾਹਾਂ ਨਾਲੋਂ ਵੀ ਵੱਧ ਪਿਆਰ ਕੀਤਾ ਹੋਵੇ ਤੇ ਜਿਨ੍ਹਾਂ ਦੀਆਂ ਮਿਹਰਬਾਨੀਆਂ ਸਦਕਾ ਜ਼ਿੰਦਗੀ ਹੀ ਜਿਉਣ ਦਾ ਨਾਮ ਬਣੀ।

ਚਾਨਣ ਵੰਡਦੇ ਤਾਰੇ ਬਹੁਤ ਚੰਗੇ ਲੱਗਦੇ, ਪਰ ਰਾਤ ਵੀ ਚੰਗੀ ਲੱਗਦੀ ਕਿਉਂਕਿ ਰਾਤ ਕਰਕੇ ਹੀ ਸਾਨੂੰ ਤਾਰਿਆਂ ਦੀ ਹੋਂਦ ਅਤੇ ਇਨ੍ਹਾਂ ਦੇ ਜਲੌਅ ਦਾ ਜਲਵਾ ਨਜ਼ਰ ਆਉਂਦਾ। ਦਿਨ ਵੇਲੇ ਤਾਂ ਸੂਰਜ ਦੀ ਰੋਸ਼ਨੀ ਵਿਚ ਬਾਕੀ ਤਾਰੇ ਓਹਲੇ ਹੋ ਜਾਂਦੇ ਨੇ।

ਤਾਰਿਆਂ ਵੱਲ ਦੇਖੋ। ਉਨ੍ਹਾਂ ਨੂੰ ਨਿਹਾਰੋ। ਉਨ੍ਹਾਂ ਦੇ ਦੀਦਿਆਂ ਵਿਚ ਝਾਕੋ। ਫਿਰ ਪਤਾ ਲੱਗੇਗਾ ਕਿ ਤਾਰੇ ਤੁਹਾਨੂੰ ਹੀ ਦੇਖਣ ਲਈ ਹਰ ਰਾਤ ਨੂੰ ਅੰਬਰ-ਵਿਹੜੇ ਵਿਚ ਦਸਤਕ ਦਿੰਦੇ; ਪਰ ਅਜੋਕੇ ਮਨੁੱਖ ਨੇ ਖੁਦ ਨੂੰ ਕਮਰਿਆਂ ਵਿਚ ਬੰਦ ਕਰਕੇ ਤਾਰਿਆਂ ਦੀ ਇਹ ਚਾਹਨਾ ਵੀ ਮਰਨਾਊ ਕਰ ਦਿਤੀ ਏ।

ਤਾਰਿਆਂ ਭਰੀ ਰਾਤ ਵਿਚ ਸੱਜਣ-ਪਿਆਰੇ ਨਿੱਘਾ ਸਾਥ ਮਾਣਦੇ। ਨਿੱਕੀਆਂ-ਨਿੱਕੀਆਂ ਗੱਲਾਂ ਜਾਂ ਚੁੱਪ 'ਚੋਂ ਬਹੁਤ ਕੁਝ ਕਹਿਣ ਦਾ ਅੰਦਾਜ਼ ਤੇ ਅਭਾਵ ਜਦ ਤਾਰਿਆਂ ਨੂੰ ਹੁੰਦਾ ਤਾਂ ਤਾਰੇ ਹੁਲਾਸ

***(ਬਾਕੀ ਅਗਲੇ ਸਫੇ 'ਤੇ)***

# ਹਰ ਗੱਲ ਨਾਲ ਅਖੇ 'ਜੰਗਲ ਦਾ ਰਾਜ ਹੈ!'

ਵਿਅੰਗ

## ਜੰਗਲ ਦੇ ਬਾਦਸ਼ਾਹ ਦਾ ਪ੍ਰਧਾਨ ਮੰਤਰੀ ਨੂੰ ਖਤ



ਐਸ. ਅਸ਼ੋਕ ਭੌਰਾ
ashokbhaura@gmail.com



ਮੇਰੇ ਪਿਆਰੇ ਹਮਰੁਤਬਾ ਪ੍ਰਧਾਨ ਮੰਤਰੀ ਜੀਓ, ਦੁਆ ਸਲਾਮ ਕਬੂਲ ਕਰਨੀ।

ਤੁਹਾਨੂੰ ਰੋਜ਼ਾਨਾ ਬੜੇ ਖਤ ਆਉਂਦੇ ਹੋਣਗੇ, ਪਰ ਇਹ ਸ਼ਾਇਦ ਪਹਿਲਾ ਮੌਕਾ ਹੈ ਕਿ ਕੋਈ ਖਤ ਤੁਹਾਨੂੰ ਜੰਗਲ 'ਚੋਂ ਲਿਖਿਆ ਜਾ ਰਿਹਾ ਹੋਵੇ। ਤੁਸੀਂ ਵੀ ਬਾਦਸ਼ਾਹ ਹੋ ਤੇ ਮੈਂ ਵੀ ਬਾਦਸ਼ਾਹ ਹਾਂ, ਪਰ ਫਰਕ ਇੰਨਾ ਹੀ ਹੈ ਕਿ ਮੈਂ ਜਾਨਵਰਾਂ ਦਾ ਬਾਦਸ਼ਾਹ ਹਾਂ ਤੇ ਤੁਸੀਂ ਬੰਦਿਆਂ ਦੇ ਬਾਦਸ਼ਾਹ ਹੋ, ਜਿਨ੍ਹਾਂ 'ਚੋਂ ਬੰਦੇ ਕਹਿਣ ਨੂੰ ਜੀਅ ਨਹੀਂ ਕਰਦਾ। ਤੁਸੀਂ ਹਕੂਮਤਾਂ ਬੈਸਾਖੀਆਂ ਦੇ ਸਹਾਰੇ ਕਰਦੇ ਹੋ, ਪਰ ਮੈਂ ਕਿਸੇ ਦੇ ਸਹਾਰੇ ਤੋਂ ਬਿਨਾ ਠਾਠ-ਬਾਠ ਨਾਲ ਰਹਿੰਦਾ ਹਾਂ। ਤੁਸੀਂ ਵਿਰੋਧੀਆਂ ਦੇ ਅਗਨ-ਬਾਣ ਝੱਲਦੇ ਹੋ, ਪਰ ਮੈਂ ਨਿਰਵਿਰੋਧ ਸ਼ਾਸਨ ਚਲਾ ਰਿਹਾ ਹਾਂ। ਤੁਹਾਨੂੰ ਪੰਜ ਸਾਲ ਦਾ ਸਮਾਂ ਰਾਜ ਭਾਗ ਲਈ ਮਿਲਦਾ ਹੈ, ਮੈਂ ਜੰਗਲ ਦਾ ਸਦਾ-ਬਾਹਾਰ ਰਾਜਾ ਹਾਂ।

ਖੈਰ! ਅੱਜ ਮੇਰਾ ਖਤ ਲਿਖਣ ਦਾ ਮਕਸਦ ਕੁਝ ਹੋਰ ਹੈ। ਇਸ ਲਈ ਇਸ ਗੁੰਝਲਦਾਰ ਜਿਰਾਹ ਵਿਚ ਕਦੇ ਫੇਰ ਉਲਝ ਲਵਾਂਗੇ। ਤੁਸੀਂ ਸੋਚਦੇ ਹੋਵੋਗੇ ਕਿ ਕਿਸੇ ਹੋਰ ਦੇਸ਼ ਦਾ ਬਾਦਸ਼ਾਹ ਮੈਨੂੰ ਖਤ ਲਿਖਣ ਵੇਲੇ ਹਮਰੁਤਬਾ ਲਿਖੇ ਤਾਂ ਗੱਲ ਬਣਦੀ ਹੈ, ਇਹ ਜੰਗਲ ਦੇ ਰਾਜੇ ਦਾ ਕੱਦ ਮੇਰੇ ਬਰਾਬਰ ਕਿਵੇਂ ਹੋ ਗਿਆ? ਮੈਂ ਤਾਂ ਤੁਹਾਡਾ ਇਹ ਭਰਮ ਭੁਲੇਖਾ ਇਹ ਕਹਿ ਕੇ ਕੱਢ ਦੇਣਾ ਚਾਹੁੰਦਾ ਹਾਂ ਕਿ ਮੈਂ ਉਹ ਬਾਦਸ਼ਾਹ ਹਾਂ, ਜਿਸ ਦੇ ਰਾਜ ਵਿਚ ਸਾਰੀ ਪਰਜਾ ਸੁੱਖ ਨਾਲ ਸੌਂਦੀ ਹੈ, ਜਿੱਥੇ ਸ਼ਾਂਤੀ ਹੀ ਸ਼ਾਂਤੀ ਹੈ ਤੇ ਤੁਸੀਂ ਆਪਣੇ ਦਿਲ 'ਤੇ ਹੱਥ ਰੱਖ ਕੇ ਇਹ ਗੱਲ ਹਰਗਿਜ਼ ਨਹੀਂ ਕਹਿ ਸਕਦੇ ਕਿ ਜਦੋਂ ਦੇ ਤੁਸੀਂ ਵੋਟਾਂ ਦੇ ਸਹਾਰੇ; ਚੋਰਾਂ, ਲੁਟੇਰਿਆਂ ਤੇ ਜੁਗਾੜੀ ਭ੍ਰਿਸ਼ਟ ਲੋਕਾਂ ਦੇ ਸਹਾਰੇ ਇਸ ਗੱਦੀ 'ਤੇ ਬੈਠੇ ਹੋ, ਤੁਸੀਂ ਇਕ ਦਿਨ ਵੀ ਰੱਜ ਕੇ ਘੋੜੇ ਵੇਚ ਕੇ ਸੌਂ ਕੇ ਨਹੀਂ ਵੇਖਿਆ ਹੋਣਾ!

ਚਲੋ, ਇਹ ਗੱਲਾਂ ਤਾਂ ਰਾਮ ਕਹਾਣੀਆਂ ਵਾਂਗ ਬਹੁਤ ਲੰਮੀਆਂ ਹਨ। ਕਦੇ ਵਕਤ ਮਿਲਿਆ ਤਾਂ ਇਨ੍ਹਾਂ ਦਾ 'ਕੱਠੇ ਬਹਿ ਕੇ ਖੁਲਾਸਾ ਕਰਾਂਗੇ। ਅੱਜ ਮੈਂ ਜਿਸ ਕੋਇਲੇ ਵਾਂਗ ਭਖਦੇ ਮਸਲੇ ਦੀ ਵਿਆਖਿਆ ਤੁਹਾਡੇ ਨਾਲ ਸਾਂਝੀ ਕਰਨ ਲੱਗਾ ਹਾਂ, ਉਹ ਮੈਂ ਜਾਣਦਾ ਤਾਂ ਹਾਂ ਕਿ ਫਿਰ ਕਈ ਦਿਨਾਂ ਤੱਕ ਤੁਹਾਡੀ ਨੀਂਦ ਦੇ ਲੱਤਾਂ ਮਾਰੇਗਾ; ਕਿਉਂਕਿ ਤੁਸੀਂ ਸਿਆਣੇ ਵੀ ਹੋ, ਸਮਝਦਾਰ ਵੀ; ਇਸ ਲਈ ਤੁਸੀਂ ਇਕ ਬਾਦਸ਼ਾਹ ਦੇ ਦਰਦ ਦੀ ਚੀਸ ਨੂੰ ਸਮਝੋਗੇ ਵੀ; ਪਰ ਇਸ ਗੱਲ ਦੀ ਮੈਨੂੰ ਆਸ ਬਹੁਤ ਫਿੱਕੀ ਲੱਗਦੀ ਹੈ ਕਿ ਤੁਸੀਂ ਇਸ ਦੇ ਚੰਗੇ ਨਤੀਜੇ ਕੱਢ ਸਕੋਗੇ। ਫਿਰ ਵੀ ਇਸ ਆਸ ਨਾਲ ਤੁਹਾਨੂੰ ਮੁਖਾਤਿਬ ਹੋਣ ਲੱਗਾਂ ਹਾਂ ਕਿ ਜਿਵੇਂ ਬਦਸੂਰਤ ਪਤੀ ਦੀ ਪਤਨੀ ਖੂਬਸੂਰਤ ਬੱਚੇ ਨੂੰ ਜਨਮ ਦੇਣ ਤੱਕ ਇਸੇ ਆਸ 'ਤੇ ਬੈਠੀ ਹੁੰਦੀ ਹੈ ਕਿ ਇਹ ਮੇਰੇ ਜਿਹਾ ਹੋਵੇਗਾ।

ਬੜੇ ਲੰਮੇ ਸਮੇਂ ਤੋਂ ਮੈਂ ਜੰਗਲ ਦੇ ਹਰ ਜਾਨਵਰ ਨਾਲ ਸਲਾਹ ਕੀਤੀ ਹੈ ਕਿ ਗਲਤੀਆਂ ਬੰਦੇ ਕਰ ਰਹੇ ਹਨ, ਜੁਰਮ ਮਨੁੱਖ ਕਰ ਰਹੇ ਹਨ ਤੇ ਜਦੋਂ ਇਹ ਕਾਬੂ ਨਹੀਂ ਹੁੰਦੇ ਤਾਂ ਲੋਕ ਰੌਲਾ ਪਾਉਂਦੇ ਹਨ ਕਿ ਇਹ ਤਾਂ ਨਿਰ੍ਹਾ ਜੰਗਲ ਦਾ ਰਾਜ ਐ। ਲੋਕ ਸਭਾ ਜਾਂ ਵਿਧਾਨ ਸਭਾ ਵਿਚ ਉਹ ਲੋਕ, ਜਿਨ੍ਹਾਂ ਨੂੰ ਜਨਤਾ ਸਿਆਣੇ ਸਮਝ ਕੇ ਚੁਣ ਕੇ ਭੇਜਦੀ ਹੈ, ਮੂਰਖਾਂ ਵਾਂਗ ਸਿੰਗ ਫਸਾਉਂਦੇ ਹਨ ਤਾਂ ਤੁਸੀਂ ਇਕ ਵਾਰ ਖੁਦ ਵੀ ਟਿੱਪਣੀ ਕੀਤੀ ਸੀ, "ਇੱਥੇ ਜੰਗਲ ਦਾ ਰਾਜ ਨਹੀਂ!" ਦਿੱਲੀ 'ਚ ਬਲਾਤਕਾਰ ਹੋਵੇ, ਧਰਮ ਦੇ ਨਾਂ 'ਤੇ ਦੰਗਿਆਂ 'ਚ ਲੋਕ ਮਰਨ ਤਾਂ ਅਵਾਜ਼ਾਂ ਉਠਦੀਆਂ ਨੇ, "ਇੱਥੇ ਤਾਂ ਜੰਗਲ ਦਾ ਰਾਜ ਹੈ।"

ਮੈਂ ਇਸ ਖਤ ਰਾਹੀਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਨੂੰ ਬਦਨਾਮ ਕਿਉਂ ਕਰ ਰਹੇ ਹੋ? ਸਵਾਲਾਂ ਦੀ ਜੋ ਵਿਥਿਆ ਮੈਂ ਹੇਠਾਂ ਸੁਣਾਉਣ ਲੱਗਾ ਹਾਂ, ਤੁਸੀਂ ਮੰਨਿਓ ਭਾਵੇਂ ਨਾ, ਪਰ ਇਹ ਸੱਚ ਹੈ ਕਿ ਜੰਗਲ ਵਿਚ ਉਹ ਕੁਝ ਨਾ ਕਦੇ ਹੋਇਆ ਹੈ, ਨਾ ਹੋ ਰਿਹਾ ਹੈ, ਨਾ ਹੋਵੇਗਾ। ਜੋ ਤੁਹਾਡੇ ਰਾਜ ਵਿਚ ਹੋ ਰਿਹਾ ਹੈ, ਉਹ ਕੁਝ ਜਾਨਵਰਾਂ ਦੇ ਰਾਜ ਵਿਚ ਨਹੀਂ ਹੋ ਸਕਦਾ। ਜੇ ਤੁਸੀਂ ਬੰਦਿਆਂ ਨੂੰ ਜਾਨਵਰਾਂ ਤੋਂ ਸਿਆਣੇ ਸਮਝ ਰਹੇ ਹੋ ਤਾਂ ਇਹ ਸਿਰਫ ਤੁਹਾਡਾ ਭਰਮ ਹੋ ਸਕਦਾ ਹੈ।

ਜ਼ਰਾ ਸੋਚ ਕੇ ਦੱਸੋਗੇ ਕਿ ਨਾ ਤਾਂ ਮੇਰੇ ਕੋਲ ਗੰਨਮੈਨ ਹਨ, ਨਾ ਮੇਰੇ ਕੋਲ ਮਹਿੰਗੀਆਂ ਕਾਰਾਂ ਹਨ, ਨਾ ਸਲਾਹਕਾਰਾਂ/ਚਮਚਿਆਂ ਦੀ ਭੀੜ ਹੈ, ਨਾ ਸ਼ਾਹੀ ਮਹਿਲ ਹੈ, ਨਾ ਮੈਨੂੰ ਤਨਖਾਹ ਮਿਲਦੀ ਹੈ, ਨਾ ਖਾਣਾ ਪਕਾਉਣ ਵਾਲਾ, ਨਾ ਜਹਾਜ ਤੇ ਨਾ ਕੋਈ ਮਹਿਕਮਾ। ਫਿਰ ਵੀ ਮੈਨੂੰ ਨਾ ਕਿਸੇ ਤੋਂ ਖਤਰਾ ਹੈ, ਨਾ ਭੁੱਖ ਦਾ ਫਿਕਰ ਹੈ, ਨਾ ਬਿਮਾਰ ਹੋਣ ਦਾ ਡਰ ਹੈ, ਨਾ ਸ਼ੇਰਨੀ ਮੇਰੇ ਨਾਲ ਸਰਕਾਰੀ ਦੌਰਿਆਂ 'ਤੇ ਜਾਂਦੀ ਐ। ਨਾ ਕਿਤੇ ਚੈਕਿੰਗ, ਨਾ ਅਸਲਾ ਲੱਭਣ ਵਾਲੇ ਕੁੱਤੇ। ਮੇਰਾ ਰਾਜ ਭਾਗ ਸ਼ਾਨੋ-ਸ਼ੌਕਤ ਨਾਲ ਚੱਲ ਰਿਹਾ ਹੈ। ਇਹ ਸਾਰੀਆਂ ਮਾੜੀਆਂ ਅਲਾਮਤਾਂ ਸਿਰਫ ਤੁਹਾਨੂੰ ਚਿੰਬੜੀਆਂ ਹੋਈਆਂ ਹਨ। ਜੰਗਲ ਦੀ ਪਰਜਾ ਇੰਨੀ ਸਿਆਣੀ ਰਹੀ ਹੈ ਕਿ ਉਨ੍ਹਾਂ ਕਦੇ ਸੋਚਿਆ ਹੀ ਨਹੀਂ ਕਿ ਬਾਦਸ਼ਾਹ ਵੋਟਾਂ ਪਾ ਕੇ ਚੁਣ ਲਈਦੇ ਹਨ। ਮੈਂ 'ਕੱਲਾ ਵੀ ਤੁਰਿਆ ਜਾ ਰਿਹਾ ਹੋਵਾਂ, ਤਦ ਵੀ ਹਰ ਜਾਨਵਰ ਸਲੂਟ ਮਾਰ ਕੇ ਲੰਘਦਾ ਹੈ। ਤੁਸੀਂ ਜੰਗਲ ਦੇ ਰਾਜੇ ਦੀ ਰੀਸ ਕਦੇ ਵੀ ਨਹੀਂ ਕਰ ਸਕਦੇ। ਕਿਤੇ ਮੈਨੂੰ ਦੋ ਪੈਰ ਇਨ੍ਹਾਂ ਕਾਲੇ ਕੱਪੜਿਆਂ ਵਾਲੇ ਜਮਾਂ ਤੇ ਰਫਲਾਂ, ਬੰਦੂਕਾਂ ਤੋਂ ਬਿਨਾ ਤੁਰ ਕੇ ਤਾਂ ਵਿਖਾਇਓ! ਆਪਣੀ ਪੀੜ੍ਹੀ ਹੇਠ ਸੋਟਾ ਨਹੀਂ, ਡਾਂਗ ਫੇਰੋ। ਭੰਡੀ ਖਾਹ-ਮਖਾਹ ਸਾਨੂੰ ਜਾਨੇ ਓਂ!

ਤੁਹਾਡੇ ਥਾਂ-ਥਾਂ 'ਤੇ ਬਾਲੜੀਆਂ ਨਾਲ, ਧੀਆਂ ਨਾਲ, ਬਜੁਰਗ ਔਰਤਾਂ ਨਾਲ ਨਿੱਤ ਬਲਾਤਕਾਰ ਹੋ ਰਹੇ ਹਨ। ਜੰਗਲ ਦੀ ਖਬਰ ਕਦੇ ਸੁਣੀ ਐ ਕਿ ਕਿਸੇ ਨਿਹੱਥੇ ਜਾਂ ਬੇਸਹਾਰਾ ਜਾਨਵਰ ਨਾਲ ਕਿਸੇ ਨੇ ਇੱਦਾਂ ਕੀਤਾ ਹੋਵੇ? ਜੰਗਲ ਦੇ ਬਘਿਆੜ ਗਊਆਂ ਜਿਹੇ ਆ, ਤੇ ਬੰਦੇ ਬਘਿਆੜਾਂ ਤੋਂ ਹਜ਼ਾਰ ਗੁਣਾ ਦਰਿੰਦੇ ਜ਼ਾਲਮ। ਇੱਥੇ ਕਦੇ ਕਿਸੇ ਨੇ, ਕਿਸੇ ਵੀ ਜਾਨਵਰ ਨੂੰ ਰੰਗ-ਰਲੀਆਂ ਮਨਾਉਂਦੇ ਨਹੀਂ ਦੇਖਿਆ ਤੇ ਤੁਹਾਡੇ ਹੋਟਲਾਂ 'ਚ ਰੋਜ਼ ਵੱਗ ਫੜੇ ਜਾ ਰਹੇ ਹਨ। ਤੁਹਾਡੇ ਮੰਤਰੀਆਂ 'ਤੇ ਬਲਾਤਕਾਰ ਦੇ ਕੇਸ ਚੱਲ ਰਹੇ ਹਨ। ਜੰਗਲ ਦੀ ਕੋਈ ਵੀ ਇਕ ਮਿਸਾਲ ਪੇਸ਼ ਕਰ ਦਿਓ ਖਾਂ। ਦਿੱਲੀ ਵਿਚ ਅਬਲਾ ਨਾਲ ਜੋ ਹੋਇਆ, ਸਾਰਾ ਜੱਗ ਜਾਣਦੈ ਤੇ 'ਜੰਗਲ ਦਾ ਰਾਜ' ਕਹਿ ਕੇ ਦਫਾ ਸਾਡੀ ਪੁੱਟ ਰਹੇ ਹੋ। ਸੰਗ ਆਉਣੀ ਚਾਹੀਦੀ ਐ ਇੱਦਾਂ ਦੇ ਰਾਜ 'ਤੇ!!

ਮੇਰੇ ਹਮਰੁਤਬਾ ਪ੍ਰਧਾਨ ਮੰਤਰੀ ਜੀਓ! ਤੁਹਾਡੇ ਕੋਲ ਪੁਲਿਸ, ਫੌਜਾਂ ਦਾ ਲਾਮ-ਲਸ਼ਕਰ, ਬਾਰੂਦ, ਤੋਪਾਂ, ਰਾਕਟ, ਮਿਜ਼ਾਈਲਾਂ-ਇਹ ਹੇੜ੍ਹ ਫਿਰ ਵੀ ਲੋਕਾਂ ਨੂੰ ਕਾਬੂ ਨਹੀਂ ਰੱਖ ਸਕੀ। ਜੰਗਲ ਦੁਆਲੇ ਨਾ ਬੀ. ਐਸ. ਐਫ, ਨਾ ਕੰਡਿਆਲੀ ਤਾਰ; ਕੀਹਦੀ ਮਜਾਲ ਅੰਦਰ ਆ ਜਾਵੇ! ਬੰਦਿਆਂ ਦਾ ਪੈਂਟ-ਪਜਾਮਾ ਗਿੱਲਾ ਨਾ ਕਰ ਦੇਈਏ ਵੜਦਿਆਂ ਦਾ।

ਤੁਸੀਂ ਇੰਨੇ ਵੱਗ ਨਾਲ ਵੀ ਸ਼ਾਂਤੀ ਨਹੀਂ ਰੱਖ ਸਕੇ। ਕਿਤੇ ਬੰਬ ਫਟ ਰਹੇ ਨੇ, ਕਿਤੇ ਸਰਹੱਦ ਪਾਰੋਂ ਦੁਸ਼ਮਣ ਨੇ ਤੁਹਾਡੀਆਂ ਪੂਛਾਂ ਚੁਕਾਈਆਂ ਹੋਈਆਂ ਨੇ। ਕਿਤੇ ਦੰਗੇ-ਫਸਾਦ ਹੋ ਰਹੇ ਨੇ, ਜੇਲ੍ਹਾਂ ਖੂੰਖਾਰ ਅਤਿਵਾਦੀਆਂ ਨਾਲ ਭਰੀਆਂ ਪਈਆਂ ਨੇ। ਸੱਚ ਪੁੱਛੋ ਤਾਂ ਮੁਲਕ ਦੇ ਹਰ ਹਿੱਸੇ ਵਿਚ ਹਾਹਾਕਾਰ ਮੱਚੀ ਹੋਈ ਹੈ ਤੇ ਮੇਰੇ ਜੰਗਲ ਦੇ ਲਾਅ ਐਂਡ ਆਰਡਰ ਦੀ ਸਥਿਤੀ ਕਿਸੇ ਤੋਂ ਲੁਕੀ ਹੋਈ ਨਹੀਂ। ਜਾਨਵਰ ਜ਼ਿੰਦਗੀ ਮਾਣ ਰਹੇ ਨੇ, ਤੁਸੀਂ ਭੋਗ ਰਹੇ ਹੋ। ਨਾ ਕਿਤੇ ਰੋਸ ਮੁਜਾਹਰਾ, ਨਾ ਹੜਤਾਲ, ਤੇ ਨਾ ਤਨਖਾਹਾਂ ਦਾ ਰੌਲਾ, ਨਾ ਤਰੱਕੀਆਂ ਦੀ ਲੜਾਈ। ਸਭ ਜਾਨਵਰਾਂ ਕੋਲ ਸਬਰ ਵੀ ਹੈ ਤੇ ਸੰਜਮ ਵੀ। ਤੁਸੀਂ ਤੀਏ ਦਿਨ ਬੇਨਿਆਈਂ ਮੌਤ ਮਰਨ ਵਾਲਿਆਂ 'ਤੇ ਹਾਅ ਦੇ ਨਾਅਰੇ ਮਾਰਦੇ ਹੋ, ਪਰਿਵਾਰਾਂ ਨੂੰ ਨੌਕਰੀਆਂ, ਪੈਸੇ ਵੰਡਦੇ ਹੋ। ਕਿਹੜਾ ਜੰਗਲ ਐ ਜਿੱਥੇ ਬੰਬਾਂ, ਗੋਲੀਆਂ ਨਾਲ ਜਾਨਵਰ ਮਰਦੇ ਹੋਣ? ਪ੍ਰਧਾਨ ਮੰਤਰੀ ਜੀਓ! ਐਵੇਂ ਪਰਦਾ ਈ ਐ। ਚਾਰ ਜਮਾਤਾਂ ਪੜ੍ਹ ਕੇ ਬੰਦੇ, ਬੰਦੇ ਹੋਣ ਦੀ ਰਾਗਣੀ ਛੇੜੀ ਬੈਠੇ ਜੇ, ਇਹ ਤਾਂ ਜਾਨਵਰਾਂ ਦੇ ਬਰਾਬਰ ਬਹਿਣ ਜੋਗੇ ਵੀ ਨਹੀਂ ਰਹੇ।

ਜੰਗਲ 'ਚ ਜਾਨਵਰਾਂ ਦਾ ਧਰਮ ਸਿਰਫ ਨੇਕ ਬਣੇ ਰਹਿਣਾ ਤੇ ਪਾਪ ਨਾ ਕਰਨਾ ਹੈ। ਅਸੀਂ ਘੁਰਨਿਆਂ ਵਿਚ ਨਹੀਂ ਰਹਿੰਦੇ, ਉਹਦੀ ਰਜ਼ਾ ਵਿਚ ਸਬਰ ਨਾਲ ਵੀ ਰਹਿੰਦੇ ਹਾਂ। ਤੁਸੀਂ ਧਰਮ ਕੋਲ ਮੁਲਕ ਗਿਰਵੀ ਰੱਖ ਦਿੱਤਾ ਹੈ। ਮੰਦਿਰਾਂ, ਮਸੀਤਾਂ ਦੇ ਰੌਲੇ ਪਾ ਕੇ ਮਨੁੱਖਤਾ 'ਚ ਵੰਡੀਆਂ ਪਾ ਦਿੱਤੀਆਂ ਹਨ। ਧਰਮ ਦਾ ਵਾਸਤਾ ਪਾ ਕੇ ਵੋਟਾਂ ਮੰਗੀਆਂ ਜਾ ਰਹੀਆਂ ਹਨ। ਕਿਤੇ ਧਰਮ ਦੇ ਨਾਂ 'ਤੇ ਪਾਰਟੀਆਂ, ਕਿਤੇ ਧਰਮ ਦੇ ਨਾਂ 'ਤੇ ਕਤਲ। ਰੱਬ ਜਿਵੇਂ ਤੁਹਾਡਾ ਸਿੱਧਾ ਰਿਸ਼ਤੇਦਾਰ ਹੋਵੇ! ਚੰਦਰਾ ਸਵਾਮੀ ਤੋਂ ਲੈ ਕੇ ਆਸਾ ਰਾਮ, ਰਾਮ ਰਹੀਮ ਤੱਕ ਧਰਮ ਦੇ ਚੋਲੇ ਦੀ ਆੜ ਵਿਚ ਕੀ ਕੀ ਹੁੰਦਾ ਰਿਹਾ ਹੈ, ਸਭ ਜਾਣਦੇ ਨੇ? ਕੋਈ ਚਿਮਟੇ ਵਜਾ ਕੇ ਲੁੱਟ ਰਿਹੈ, ਕੋਈ ਖੜਤਾਲਾਂ ਵਜਾ ਕੇ। ਜੰਗਲ 'ਚ ਕਿੱਥੇ ਹੈ ਇਹ ਸਭ? ਮੰਦਿਰ ਕਿੱਥੇ ਹੈ? ਤੇ ਮਸਜਿਦ ਕਿੱਥੇ? ਕਿਥੇ ਹੈ ਗਿਰਜਾਘਰ ਤੇ ਕਿੱਥੇ ਹੈ ਗੁਰਦੁਆਰਾ? ਸ਼ੈਤਾਨ ਬੰਦੇ ਧਰਮ ਦੀਆਂ ਕੂਕਾਂ ਮਾਰ ਕੇ ਭੋਲੀ ਜਨਤਾ ਨੂੰ ਦੋਹਾਂ ਹੱਥਾਂ ਨਾਲ ਲੁੱਟ ਰਹੇ ਹਨ। ਜੇ ਸੱਚੀਂ ਰੱਬ ਵਸਦਾ ਵੇਖਣੈ, ਤਾਂ ਜੰਗਲ ਦਾ ਗੇੜਾ ਮਾਰ ਕੇ ਦੇਖੋ। ਜ਼ਰੂਰੀ ਨਹੀਂ, ਰੱਬ ਦੇ ਰਹਿਣ ਲਈ ਇਮਾਰਤਾਂ ਦੀ ਲੋੜ ਐ! ਤੇ ਤੁਸੀਂ ਜੰਗਲ ਰਾਜ ਦੀਆਂ ਵੱਖੀਆਂ ਭੰਨ੍ਹ ਰਹੇ ਹੋ। ਰੱਬ ਦੇ ਵਾਸਤੇ ਚੋਰਾਂ ਦੀ ਸਾਧਾਂ ਨਾਲ ਤੁਲਨਾ ਨਾ ਕਰੋ।

ਪਰਮ ਸਤਿਕਾਰਯੋਗ ਪ੍ਰਧਾਨ ਮੰਤਰੀ ਜੀਓ! ਅੱਖਾਂ ਤੋਂ ਪੱਟੀ ਥੋੜ੍ਹੀ ਜਿਹੀ ਹੇਠਾਂ ਕਰੋ। ਕਿਸੇ ਜਾਨਵਰ 'ਤੇ ਦੁਨੀਆਂ 'ਚ ਹਾਲੇ ਤੀਕ ਭ੍ਰਿਸ਼ਟ ਹੋਣ ਦਾ ਦੋਸ਼ ਨਹੀਂ ਲੱਗਾ। ਤੁਹਾਡੇ ਮੰਤਰੀ ਅਰਬਾਂ 'ਚ ਰਿਸ਼ਵਤ ਲੈਣ ਦੇ ਚੱਕਰਾਂ 'ਚ ਫਸੇ ਹੋਏ ਹਨ। ਕਾਮਨਵੈਲਥ ਖੇਡਾਂ 'ਚ ਕੀ ਨਹੀਂ ਹੋਇਆ? ਟੈਲੀਫੋਨ ਘੋਟਾਲੇ 'ਚ ਛੱਡਿਆ ਹੀ ਕੀ ਹੈ? ਥੋੜੇ ਰਾਜ ਦੇ ਲੋਕ ਪਸੂਆਂ ਦਾ ਚਾਰਾ ਵੀ ਖਾ ਗਏ, ਬੰਦੇ ਜਾਨਵਰਾਂ ਦੀ ਖੁਰਾਕ ਖਾਣ ਲੱਗ ਪਏ! ਹੱਦ ਈ ਕਰ'ਤੀ ਤੁਸੀਂ ਤਾਂ!! ਤੇ ਉਲਾਂਭਿਆਂ ਦੇ ਠੀਕਰੇ ਸਾਡੇ ਸ਼ਰੀਫਾਂ ਦੇ ਸਿਰ ਭੰਨਦੇ ਓ! ਓਨਾਵ ਕਾਂਡ 'ਚ ਸਾਂਗਰ 'ਤੇ ਕਿਹੜੇ ਦੋਸ਼ ਲੱਗੇ ਨੇ, ਕਦੇ ਸੋਚੋ ਤਾਂ ਸਹੀ। ਇਕ ਬੱਚੀ ਨਾਲ ਦੁਸ਼ਕਰਮ ਪਿਛੋਂ ਉਸ ਦਾ ਪਰਿਵਾਰ ਹੀ ਮਾਰ ਮੁਕਾਇਆ ਹੋਵੇ, ਦੇਸ਼ ਦੇ ਲੋਕਾਂ ਦਾ ਪੈਸਾ ਲੈ ਕੇ ਕਿੰਨੇ ਮੋਦੀ/ਮਾਲਿਆ ਭੱਜੇ ਫਿਰਦੇ ਨੇ? ਸਮਝ ਨਹੀਂ ਆਉਂਦੀ, ਮੈਂ ਮੱਥੇ 'ਤੇ ਹੱਥ ਮਾਰਾਂ ਜਾਂ ਮੱਥਾ ਦਰਖਤ 'ਚ ਮਾਰਾਂ!

ਉਧਰ ਪੰਜਾਬ ਦੀਆਂ ਖਬਰਾਂ ਸੁਣੀਆਂ ਹੀ ਹੋਣੀਆਂ! ਉਥੇ ਤਾਂ ਜਮ੍ਹਾਂ ਗੱਲ ਸਿਰੇ ਲੱਗੀ ਪਈ ਐ। ਜੋ ਵਸਤਾਂ ਕਿਸੇ ਤੋਂ ਵੀ ਖਾ ਨਹੀਂ ਹੋਈਆਂ, ਉਥੇ ਹਕੂਮਤਾਂ ਕਰਨ ਵਾਲੇ ਉਹ ਵੀ ਛਕ ਗਏ। ਰੇਤੇ, ਬਜਰੀ ਦੇ ਰੌਲੇ ਦਾ ਤੁਹਾਨੂੰ ਕਿਹੜਾ ਪਤਾ ਨਹੀਂ ਹੋਣਾ? ਸ਼ਰਾਬ ਵੇਚ ਕੇ ਰਾਜ ਭਾਗ ਚਲਾਇਆ ਜਾ ਰਿਹਾ, ਪੰਜਾਬ 'ਚ ਇਕ ਸਾਲ ਸ਼ਰਾਬ ਬੰਦ ਕਰਕੇ ਵੇਖ ਲਵੋ, ਜੇ ਮੰਤਰੀ, ਮੁੱਖ ਮੰਤਰੀ ਸਾਈਕਲਾਂ 'ਤੇ ਨਾ ਘੁੰਮਣ ਲੱਗ ਜਾਣ। ਚਲੋ ਸ਼ਰਾਬ ਵੇਚੀ ਜਾਂਦੇ ਕੋਈ ਗੱਲ ਨਹੀਂ ਸੀ, ਜਵਾਨੀ ਨੂੰ ਨਸ਼ਿਆਂ 'ਚ ਗਾਲਣ ਤੋਂ ਕੌਣ ਬਚਾਵੇਗਾ? ਚਿੱਟੇ ਨਾਲ ਜਵਾਨ ਮਾਂਵਾਂ ਦੇ ਪੁੱਤ ਰੋਜ਼ ਮਰ ਰਹੇ ਹਨ। ਹਰ ਚੌਥਾ ਬੰਦਾ ਨਸ਼ਈ ਹੋਇਆ ਫਿਰਦਾ। ਮਾੜੇ ਦਾ ਜਿਉਣਾ ਹਰਾਮ ਹੋਇਆ ਪਿਐ। ਲੁਟੇਰਿਆਂ ਨੇ ਅੱਜ ਕੱਲ੍ਹ ਕਾਲੇ ਕੱਛੇ ਸਿਲਾ ਲਏ ਨੇ। ਕਦੇ ਕਿਸੇ ਨੇ ਜੰਗਲ 'ਚ ਸ਼ਰਾਬ ਦਾ ਠੇਕਾ ਵੇਖਿਆ? ਕੋਈ ਜਾਨਵਰ ਨਸ਼ੇ ਦੀ ਓਵਰ ਡੋਜ਼ ਕਰਕੇ ਮਰਿਆ? ਸਹੁੰ ਖਾ ਕੇ ਕਹੋ ਕਿ ਇਹ ਧੰਦਾ ਵੱਡਿਆਂ ਦੀ ਸ਼ਹਿ ਤੋਂ ਬਿਨਾ ਚੱਲ ਸਕਦਾ? ਸਰਹੱਦਾਂ 'ਤੇ ਨਸ਼ੇ ਦੀ ਤਸਕਰੀ ਜੰਗਲ ਦੇ ਜਾਨਵਰ ਨਹੀਂ ਕਰਦੇ, ਤੁਹਾਡੇ ਰਾਜ ਦੇ ਬੰਦੇ ਕਰਵਾ ਰਹੇ ਹਨ। ਫਿਰ ਦੱਸੋ ਰਾਜ ਥੋਡਾ ਚੰਗਾ ਜਾਂ ਸਾਡੇ ਜੰਗਲ ਦਾ? ਜੰਗਲ ਵਿਚ ਕੋਈ ਪੈਸੇ ਟਕੇ ਦਾ ਲੈਣ-ਦੇਣ ਨਹੀਂ ਚੱਲਦਾ। ਮੇਰੇ ਕੋਲ ਕੋਈ ਖਜਾਨਾ ਨਹੀਂ, ਪਰ ਭੁੱਖੇ ਅਸੀਂ ਫਿਰ ਵੀ ਨਹੀਂ ਮਰਦੇ। ਇੱਥੇ ਕਿਸੇ ਅਨਾਜ ਸੁਰੱਖਿਆ ਬਿੱਲ ਦੀ ਚਰਚਾ ਨਹੀਂ। ਇੱਥੇ ਸਭ ਰਾਤ ਨੂੰ ਢਿੱਡ ਭਰ ਕੇ ਖਾਂਦੇ ਆ, ਢੋਲੇ ਦੀਆਂ ਲਾਉਂਦੇ ਆ, ਤੇ ਤੜਕੇ ਤੱਕ ਘਰਾੜੇ ਵੱਜਦੇ ਨੇ।

ਘੱਟ-ਗਿਣਤੀ ਲੋਕਾਂ ਦਾ ਜਿਉਣਾ ਹਰਾਮ ਹੋਇਆ ਪਿਐ। ਮੈਥੋਂ ਪੁੱਛਣਾ ਚਾਹੁੰਨੇ ਹੋ? ਇਹ ਸੱਚਾਈ ਜੱਗ ਜਾਹਰ ਹੈ। ਜੰਗਲ 'ਚ ਕੋਈ ਘੱਟ ਗਿਣਤੀ ਵਿਚ ਹੋਏ, ਚਾਹੇ ਵੱਧ 'ਚ, ਮਜਾਲ ਐ, ਮੇਰੇ ਰਾਜ 'ਚ ਕਿਸੇ ਵੱਲ ਕੋਈ ਅੱਖ ਭਰ ਕੇ ਵੀ ਤੱਕ ਸਕੇ। ਮੈਂ ਸੰਗਤ ਦਰਸ਼ਨ ਨਹੀਂ ਕਰਦਾ, ਕੰਮ ਪ੍ਰਦਰਸ਼ਨ ਕਰਦਾ ਹਾਂ।

ਤੁਹਾਡੇ ਰਾਜ ਵਿਚ ਲੀਡਰ ਘੱਟ ਐ, ਪਾਰਟੀਆਂ ਬਹੁਤ ਨੇ। ਹਰ ਕੋਈ ਆਪੋ ਆਪਣੀ ਟਿੰਡ ਵਜਾਈ ਫਿਰਦੈ। ਜੰਗਲ 'ਚ ਕਿਸੇ ਨੇ ਵੀ ਕਦੇ ਕਿਸੇ ਪਾਰਟੀ ਦਾ ਨਾਂ ਸੁਣਿਐ? ਇਹ ਧੜੇਬੰਦੀਆਂ, ਦੁਸ਼ਮਣੀਆਂ, ਵਿਰੋਧ ਸਭ ਮਨੁੱਖ ਕਰ ਰਿਹੈ। ਕਿਸੇ ਦਾ ਕੋਈ ਦੀਨ-ਮਜ਼ਹਬ ਨਹੀਂ। ਕੱਲ੍ਹ ਅਲਾਦੀਨ ਨਾਲ ਹੁੰਦੇ ਨੇ ਤੇ ਅੱਜ ਚਿਰਾਗਦੀਨ ਨਾਲ। ਜਿੱਥੋਂ ਖਾਣ ਨੂੰ ਮਿਲਦਾ, ਉਧਰ ਭੱਜੀ ਫਿਰਦੇ ਨੇ। ਇਹ ਭੋਲੇ ਲੋਕਾਂ ਨੂੰ ਲੜਾ ਕੇ ਆਪ ਕੰਧ 'ਤੇ ਬੈਠ ਕੇ ਤਮਾਸ਼ਾ ਵੇਖ ਰਹੇ ਨੇ। ਕਾਹਦੇ ਪ੍ਰਧਾਨ ਮੰਤਰੀ ਹੋ ਤੁਸੀਂ? ਮੈਂ ਜੰਗਲ ਵਿਚ ਕਿਸੇ ਨੂੰ ਘੂਰਦਾ ਵੀ ਨਹੀਂ, ਮਜਾਲ ਐ ਕਿ ਕੋਈ ਮੂਹਰੇ ਅੱਖ ਵੀ ਚੁੱਕ ਲਵੇ। ਮੈਂ ਹਾਥੀ ਕੁੱਜੇ 'ਚ ਨਹੀਂ ਪਾਇਆ, ਕੁੱਜੀ 'ਚ ਬੰਦ ਕੀਤਾ ਹੋਇਆ ਹੈ। ਘੋੜੇ, ਗੈਂਡੇ ਸਭ ਮੇਰੇ ਕਹਿਣ 'ਚ ਨੇ। ਤੇ ਜੋ ਹਾਲਤ ਥੋਡੀ ਹੈ, ਭਲਾ ਦੱਸਣ ਦੀ ਲੋੜ ਹੈਗੀ ਆ ਮੇਰੀ?

ਆਬਾਦੀ ਵਧਾ ਕੇ ਸ਼ਰਮਿੰਦਾ ਕੀਹਨੇ ਕੀਤਾ ਏ ਮੁਲਕ ਨੂੰ? ਰੋਜ਼ ਜਿਹੜੀ ਇੰਨੀ ਆਬਾਦੀ ਵਧੀ ਜਾਂਦੀ ਆ, ਇਹ ਨਿਆਣਿਆਂ ਦੀਆਂ ਢੇਰੀਆਂ ਕੌਣ ਲਾ ਰਿਹੈ? ਮੁੰਡੇ-ਕੁੜੀ 'ਚ ਫਰਕ ਪਾ ਕੇ ਕੁੱਖ 'ਚ ਧੀਆਂ ਕੌਣ ਮਰਵਾ ਰਿਹੈ? ਅਦਾਲਤਾਂ ਸਹੀ ਹਨ, ਪਰ ਸਬੂਤ ਫੂਕੇ ਜਾ ਰਹੇ ਨੇ। ਜੰਗਲ 'ਚ ਵੰਸ਼ ਚਲਾਉਣ ਲਈ ਜਾਨਵਰ ਬੱਚੇ ਪੈਦਾ ਕਰ ਰਹੇ ਹਨ ਤੇ ਤੁਸੀਂ ਰੌਣਕਾਂ ਲਾਉਣ ਲਈ। ਜੰਗਲ 'ਚ ਨਾ ਕੋਈ ਸੁਪਰੀਮ ਕੋਰਟ ਹੈ, ਨਾ ਹਾਈ ਕੋਰਟ। ਇਨਸਾਫ ਦਾ ਉਲਾਂਭਾ ਫਿਰ ਵੀ ਕੋਈ ਨਹੀਂ ਦੇ ਰਿਹਾ। ਫਿਰ ਰਾਮ ਰਾਜ ਜੰਗਲ 'ਚ ਹੈ ਕਿ ਤੁਹਾਡੇ ਕੋਲ?

ਜੰਗਲ 'ਚ ਕੋਈ ਸਕੂਲ, ਕਾਲਜ ਨਹੀਂ; ਥਾਣਾ ਨਹੀਂ, ਹਸਪਤਾਲ ਨਹੀਂ। ਫਿਰ ਦੱਸੋ, ਪੜ੍ਹੇ-ਲਿਖੇ ਬੰਦਿਆਂ ਨਾਲੋਂ ਜਾਨਵਰਾਂ ਵਿਚ ਲਿਆਕਤ ਕਿੱਥੇ ਘੱਟ ਐ? ਜਾਨਵਰ, ਜੋ ਤੁਸੀਂ ਘਰਾਂ 'ਚ ਪਾਲਦੇ ਹੋ, ਉਹੀ ਬਿਮਾਰ ਹੁੰਦੇ ਹਨ। ਇਸੇ ਕਰ ਕੇ ਡੰਗਰਾਂ, ਬਿੱਲੀਆਂ, ਕੁੱਤਿਆਂ ਦੇ ਹਸਪਤਾਲ ਅਤੇ ਡਾਕਟਰ ਤੁਸੀਂ ਬਣਾਏ ਹਨ, ਜੰਗਲ 'ਚੋਂ ਕਦੇ ਕਿਸੇ ਜਾਨਵਰ ਦੇ ਬਿਮਾਰ ਹੋਣ ਦੀ ਕਦੇ ਖਬਰ ਆਈ ਹੈ? ਫਿਰ ਸੰਗ ਕਰੋ, ਆਪਣੇ ਰਾਜ ਦੀ ਜੰਗਲ ਦੇ ਰਾਜ ਨਾਲ ਤੁਲਨਾ ਕਰਨ ਵੇਲੇ।

ਜੰਗਲ 'ਚ ਨਾ ਟੈਲੀਫੋਨ ਹੈ, ਨਾ ਟੈਲੀਵਿਜ਼ਨ ਹੈ। ਨਾ ਫਿਲਮਾਂ ਨੇ, ਨਾ ਕੋਈ ਕੋਇਲ ਤੋਂ ਸਿਵਾ ਗਾਉਂਦਾ ਹੈ। ਕੋਇਲ ਜੰਗਲ ਦੀ ਹਰ ਸਵੇਰੇ ਸੰਗੀਤਮਈ ਬਣਾ ਦਿੰਦੀ ਹੈ ਤੇ ਤੁਸੀਂ ਲੁੱਚ-ਗੜੁੱਚ ਤੇ ਨੰਗੇ-ਅੱਧਨੰਗੇ ਗੀਤਾਂ ਦੀ ਖੱਪ ਪਾਈ ਹੋਈ ਹੈ। ਜੰਗਲ ਵਿਚ ਨਾ ਬਿਜਲੀ ਦੀ ਸਮੱਸਿਆ ਹੈ, ਨਾ ਰੇਲਾਂ ਜਾਂ ਬੱਸਾਂ ਦੀ। ਨਾ ਟੈਲੀਫੋਨ ਨੇ ਤੇ ਨਾ ਹੀ ਅੜੇ ਇੰਟਰਨੈਟ। ਨਾ ਹੀ ਸਾਨੂੰ ਇਨ੍ਹਾਂ ਬੇਲੋੜੀਆਂ ਚੀਜ਼ਾਂ ਦੀ ਲੋੜ ਹੈ। ਜੰਗਲ 'ਚ ਪਖੰਡ ਤੇ ਝੂਠ ਦੀ ਕੋਈ ਦੁਕਾਨ ਵੀ ਨਹੀਂ।

ਪ੍ਰਧਾਨ ਮੰਤਰੀ ਜੀ! ਸਿਰਫ ਹੈਲੋ ਕਹਿ ਕੇ ਗੱਲ ਨਾ ਮੁਕਾ ਦਿਓ। ਇਹਦੇ 'ਤੇ ਅਮਲ ਕਰਿਓ! ਹੁਕਮ ਕਰ ਦਿਓ ਕਿ ਤੁਹਾਡੇ ਰਾਜ ਵਿਚ ਹੁਣ ਕੋਈ ਭੈੜੀ ਹਰਕਤ ਜੰਗਲ ਦੇ ਰਾਜ ਨਾਲ ਨਾ ਜੋੜੇ। ਜੇ ਕੰਨ, ਅੱਖਾਂ ਇਕ ਵਾਰ ਨਾਲ ਨਾ ਖੁੱਲ੍ਹਣ ਤਾਂ ਇਸ ਨੂੰ ਤਿੰਨ-ਚਾਰ ਵਾਰ ਪੜ੍ਹ ਲਿਓ। ਲੱਗਦੈ, 'ਭਲਾਮਾਣਸ' ਪ੍ਰਧਾਨ ਮੰਤਰੀ ਸਾਡੀ ਬੇਨਤੀ ਸਵੀਕਾਰ ਕਰੇਗਾ।

ਜੰਗਲ 'ਚ ਨਾ ਈ-ਮੇਲ ਹੈ, ਨਾ ਡਾਕ ਸੇਵਾਵਾਂ। ਉਂਜ ਹਮਰੁਤਬਾ ਲੋਕਾਂ ਤੱਕ ਦਿਲ ਦੀ ਗੱਲ ਪੁੱਜ ਹੀ ਜਾਂਦੀ ਹੈ।

ਆਸ ਤੇ ਉਮੀਦ ਨਾਲ,
ਜੰਗਲ ਦਾ ਬਾਦਸ਼ਾਹ।

---

## ਤਾਰਿਆਂ ਦੀਆਂ ਗੱਲਾਂ

*(ਪਿਛਲੇ ਸਫੇ ਦੀ ਬਾਕੀ)*

ਨਾਲ ਭਰ ਜਾਂਦੇ। ਇਸ ਵਿਚੋਂ ਹੀ ਸੱਜਣ-ਪਿਆਰਿਆਂ ਨੂੰ ਰੂਹ-ਸ਼ਰਸ਼ਾਰਤਾ ਨਸੀਬ ਹੁੰਦੀ।

ਤਾਰਿਆਂ ਜਿਹੇ ਵਿਚਾਰ ਜਦ ਕਿਸੇ ਸ਼ਖਸੀਅਤ ਨੂੰ ਬਿਆਨਦੇ ਤਾਂ ਤਾਰਿਆਂ ਦਾ ਸ਼ਰਫ ਮਨ ਦੀਆਂ ਝੀਤਾਂ 'ਚੋਂ ਬਾਹਰ ਨੂੰ ਝਾਤੀਆਂ ਮਾਰਦਾ।

ਤਾਰੇ ਹੀ ਯਾਦ ਕਰਵਾਉਂਦੇ ਨੇ ਪਿਆਰ-ਪਰੁੱਚੀ ਮਿਲਣੀ, ਇਕਾਂਤ ਵਿਚ ਮਾਣੀ ਰੂਬਰੂਤਾ, ਇਕੱਲ ਨਾਲ ਰਚਾਏ ਸੰਵਾਦ, ਮਨ-ਬਰੂਹਾਂ ਵਿਚ ਮਾਰੀਆਂ ਝਾਤੀਆਂ ਅਤੇ ਹਨੇਰੀਆਂ ਕੰਦਕਾਂ ਵਿਚ ਮਾਰੇ ਚਾਨਣ ਦੇ ਛੱਟੇ।

ਤਾਰੇ ਹੀ ਹੁੰਦੇ, ਜੋ ਕਿਸਮਤ ਸਿਤਾਰੇ ਬਣ ਕੇ ਕਰਮ-ਰੇਖਾਵਾਂ ਨੂੰ ਉਲੀਕਣ ਲਈ ਹੱਥ ਦੀਆਂ ਲਕੀਰਾਂ ਵਿਚ ਉਗਦੇ ਅਤੇ ਕਰਮਸ਼ੈਲੀ ਵਿਚ ਕਰਮਯੋਗਤਾ ਉਪਜਾਉਂਦੇ।

ਤਾਰਿਆਂ ਦੀ ਰਾਤ-ਥਾਲੀ ਨੂੰ ਛਲਕਾਉਣਾ ਅਤੇ ਰਾਤ ਦੀ ਚੁੱਪ ਨਾਲ ਸੰਵਦ ਰਚਾਉਣਾ, ਤੁਹਾਨੂੰ ਕਾਇਨਾਤੀ ਅਹਿਸਾਸ ਦੀ ਭਰਪੂਰਤਾ ਦਾ ਅਹਿਸਾਸ ਹੋਵੇਗਾ। ਇਸੇ ਲਈ ਹੀ ਘਰ-ਰੂਪੀ ਘੁਰਨਿਆਂ ਵਿਚ ਬੰਦ ਲੋਕ, ਛੁੱਟੀਆਂ ਦੌਰਾਨ ਕੈਂਪਿੰਗ ਕਰਨ ਲਈ, ਘਰਾਂ ਤੋਂ ਦੂਰ ਜੰਗਲਾਂ ਵਿਚ ਕੁਝ ਦਿਨ ਕੱਟ, ਤਰੋ-ਤਾਜ਼ੇ ਹੋ ਕੇ ਜੀਵਨ-ਦੌੜ ਵਿਚ ਮੁੜ ਤੋਂ ਸ਼ਾਮਲ ਹੋ ਜਾਂਦੇ ਨੇ। ਸ਼ਾਇਦ ਉਹ ਬੀਤੇ ਨੂੰ ਫਿਰ ਜਿਉਣਾ ਲੋਚਦੇ ਨੇ, ਜੋ ਕਦੇ ਉਨ੍ਹਾਂ ਦੇ ਬਜੁਰਗਾਂ ਦਾ ਜੀਵਨ ਢੰਗ ਹੁੰਦਾ ਸੀ।

ਤਾਰਿਆਂ ਦੇ ਛੱਜ ਵਿਚ ਜਦ ਕਿਸੇ ਨੂੰ ਛੱਟਿਆ ਜਾਂਦਾ ਤਾਂ ਇਸ ਵਿਚੋਂ ਨਾ-ਚਾਹੁੰਦਿਆਂ ਵੀ ਕਿਰਨਾਂ ਦੀ ਖੁਸ਼ਬੋਈ ਹੀ ਬਾਹਰ ਨਿਕਲਦੀ। ਤਾਰਿਆਂ ਵਿਚ ਕਦੇ ਮਿੱਟੀ-ਘੱਟਾ ਜਾਂ ਕੱਖ-ਕਾਨ ਨਹੀਂ ਹੁੰਦਾ। ਸਗੋਂ ਉਹ ਤਾਂ ਮੋਤੀ ਹੁੰਦੇ, ਜਿਸ ਦੇ ਚਾਨਣ ਵਿਚ ਜ਼ਿੰਦਗੀ ਨੂੰ ਆਪਣੇ ਹੁਸੀਨ, ਸੁੰਦਰਤਾ ਅਤੇ ਸੁਹੱਪਣ ਦਾ ਸਦਭਾਵ ਹੁੰਦਾ।

ਤਾਰਾ ਹਰ ਪੜਾਅ 'ਤੇ ਆਪਣੀ ਨੇਕਨੀਤੀ ਨੂੰ ਨਹੀਂ ਤਿਆਗਦਾ। ਟੁੱਟਦਾ ਤਾਰਾ ਵੀ ਚਾਨਣ ਦੀ ਲਕੀਰ ਅੰਬਰ ਦੀ ਜੂਹ ਵਿਚ ਖਿੱਚਦਾ, ਧਰਤ ਨਾਂਵੇਂ ਰੋਸ਼ਨੀ ਹੀ ਕਰਦਾ ਤਾਂ ਕਿ ਉਹ ਆਖਰੀ ਪਲਾਂ ਵਿਚ ਵੀ ਰਾਹ ਭੁੱਲ ਚੁਕੇ ਰਾਹਗੀਰ ਦਾ ਰਾਹ ਰੁਸ਼ਨਾ ਕੇ ਉਸ ਨੂੰ ਮੰਜ਼ਿਲ ਦੀ ਦੱਸ ਪਾ ਸਕੇ ਅਤੇ ਕਿਸੇ ਦੇ ਜੀਵਨ ਨੂੰ ਸੁਹੰਢਤਾ ਅਤੇ ਸਦੀਵਤਾ ਦੇਣ ਵਿਚ ਯੋਗਦਾਨ ਪਾ ਸਕੇ।

ਖੁਦਾ ਕਰੇ! ਤੁਹਾਡੇ ਕਰਮ-ਖੇਤ ਵਿਚ ਤਾਰਿਆਂ ਦੀ ਫਸਲ ਮੌਲਦੀ ਰਹੇ ਤਾਂ ਕਿ ਤਾਰਿਆਂ ਦੇ ਬੋਹਲ ਨਾਲ ਜ਼ਿੰਦਗੀ ਨੂੰ ਜਿਉਣ ਦਾ ਹੁਨਰ ਅਤੇ ਹਾਸਲ ਨਸੀਬ ਹੁੰਦਾ ਰਹੇ। ਤਾਰਿਆਂ ਨਾਲ ਭਰੇ ਹੋਏ ਭੜੋਲੇ ਹੀ ਘਰਾਂ ਦੇ ਭਾਗ ਹੁੰਦੇ। ਬੋਝੇ ਵਿਚ ਪਏ ਤਾਰਿਆਂ ਦਾ ਬਹੁਤ ਆਸਰਾ ਹੁੰਦਾ, ਕਿਉਂਕਿ ਤਾਰੇ ਹੀ ਡੋਲਦੇ ਕਦਮਾਂ ਨੂੰ ਸਥਿਰਤਾ, ਔਝੜ ਰਾਹਾਂ ਨੂੰ ਪੈੜ ਦਾ ਸਿਰਨਾਂਵਾਂ ਅਤੇ ਅਪਹੁੰਚ ਮੰਜ਼ਿਲਾਂ ਨੂੰ ਪ੍ਰਾਪਤ ਕਰਨ ਦਾ ਸੰਦੇਸ਼ ਹੁੰਦੇ।

ਤਾਰੇ ਜਿਹਾ ਬਣਨ ਦੀ ਲੋਚਾ ਮਨ ਵਿਚ ਪੈਦਾ ਕਰਨੀ। ਇਹ ਧਰਤੀ ਵੀ ਤਾਰਿਆਂ ਦੀ ਜਾਈ ਬਣ ਕੇ, ਅੰਬਰ ਨਾਲ ਹਿੱਕ ਮੇਚਣ ਦੇ ਯੋਗ ਹੋ ਜਾਵੇਗੀ।

ਗੁਰਬਾਣੀ ਗਿਆਨ

# ਸੁਣਿਐ ਸਰਾ ਗੁਣਾ ਕੇ ਗਾਹ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਸਭ ਸਿੱਖ ਵਿਦਵਾਨ ਕਹਿੰਦੇ ਹਨ ਕਿ ਗੁਰੂ ਨਾਨਕ ਬ੍ਰਾਹਮਣਵਾਦ ਦੇ ਖਿਲਾਫ ਸਨ। ਉਨ੍ਹਾਂ ਪਿੱਛੇ ਲੱਗ ਕੇ ਸਾਰੇ ਸਿੱਖ ਸ਼ਰਧਾਲੂ ਵੀ ਇਹੀ ਦੁਹਰਾਉਂਦੇ ਹਨ ਕਿ ਉਹ 'ਬਿਪ੍ਰਨ ਕੀ ਰੀਤ' ਦੇ ਵਿਰੁਧ ਹਨ ਭਾਵ ਉਹ ਬ੍ਰਾਹਮਣਵਾਦੀ ਨਹੀਂ ਹਨ। ਬ੍ਰਾਹਮਣਵਾਦ ਕੀ ਹੈ ਤੇ ਗੁਰੂ ਸਾਹਿਬ ਨੇ ਇਸ ਨੂੰ ਕਿਵੇਂ ਨਕਾਰਿਆ ਹੈ? ਸੰਖੇਪ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਅੱਖਾਂ ਬੰਦ ਕਰ ਕੇ ਮੰਤਰ ਪੜ੍ਹਨ ਤੇ ਕੱਟੜਤਾ ਨਾਲ ਉਨ੍ਹਾਂ ਅਨੁਸਾਰ ਚਲਣਾ ਹੀ ਬ੍ਰਾਹਮਣਵਾਦ ਹੈ। ਬ੍ਰਾਹਮਣਵਾਦੀ ਸੋਚ ਦੇ ਮਾਲਕ ਰਟੀ ਰਟਾਈ ਗੱਲ ਨੂੰ ਬਿਨਾ ਸੋਚੇ ਸਮਝੇ ਮੰਨਦੇ ਚਲੇ ਜਾਂਦੇ ਹਨ। ਵਿਚਾਰਾਂ ਦੀ ਕੱਟੜਤਾ ਕਾਰਨ ਉਹ ਰੂੜੀਵਾਦੀ ਹੁੰਦੇ ਹਨ ਤੇ ਅਕਲ ਤੋਂ ਬਿਨਾ ਨਕਲ ਕਰਦਿਆਂ ਕਰਮ-ਕਾਂਡੀ ਬਣ ਜਾਂਦੇ ਹਨ। ਬ੍ਰਾਹਮਣਵਾਦੀਆਂ ਦਾ ਮੁੱਖ ਲੱਛਣ ਹੀ ਕਹੀ ਕਹਾਈ ਭਾਵ ਸੁਣੀ-ਸੁਣਾਈ ਗੱਲ 'ਤੇ ਯਕੀਨ ਕਰਨਾ ਹੈ। ਉਨ੍ਹਾਂ ਦਾ ਵਿਸ਼ਵਾਸ ਇੰਨਾ ਦ੍ਰਿੜ ਹੁੰਦਾ ਹੈ ਕਿ ਉਹ ਇਸ ਤੋਂ ਪਾਸੇ ਜਾਣ ਨੂੰ ਪਾਪ ਸਮਝਦੇ ਹਨ।

ਵਿਦਵਾਨਾਂ ਨੇ ਸਮੇਂ ਸਮੇਂ ਤੇ ਲੋਕਾਂ ਨੂੰ ਬ੍ਰਾਹਮਣਵਾਦੀ ਸੋਚ ਤੋਂ ਸੁਚੇਤ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਲੋਕ ਰਸਮਵਾਦੀ ਬਣ ਕੇ ਆਪਣੀ ਸਮਝ ਤੋਂ ਮੂੰਹ ਨਾ ਮੋੜ ਲੈਣ। ਇਸ ਦੀ ਝਲਕ ਲੋਕ ਕਥਾਵਾਂ ਵਿਚ ਵੀ ਮਿਲਦੀ ਹੈ। ਇਕ ਲੋਕ ਕਥਾ ਅਨੁਸਾਰ ਇਕ ਲੱਕੜਹਾਰਾ ਨਦੀ ਕਿਨਾਰੇ ਇਕ ਦਰਖਤ 'ਤੇ ਚੜ੍ਹ ਕੇ ਲੱਕੜਾਂ ਵੱਢ ਰਿਹਾ ਸੀ। ਉਸ ਦਾ ਕੁਹਾੜਾ ਹੇਠ ਵਗਦੀ ਨਦੀ ਵਿਚ ਡਿੱਗ ਪਿਆ। ਉਸ ਨੇ ਸੁਣਿਆ ਹੋਇਆ ਸੀ ਕਿ ਪਾਣੀ ਆਪਣੇ ਵਿਚ ਡਿਗੀ ਚੀਜ਼ ਨੂੰ ਨਾਲ ਬਹਾ ਕੇ ਲੈ ਜਾਂਦਾ ਹੈ। ਇਸ ਲਈ ਉਹ ਹੇਠ ਉਤਰ ਕੇ ਵਹਿੰਦੇ ਪਾਣੀ ਨਾਲ ਭੱਜਦਾ ਹੋਇਆ ਪੰਜ ਛੇ ਕਦਮ ਅੱਗੇ ਜਾ ਕੇ ਕੁਹਾੜਾ ਢੂੰਡਣ ਲੱਗਾ। ਜਦੋਂ ਨਾ ਮਿਲਿਆ ਤਾਂ ਹਾਰ ਕੇ ਪਿੰਡ ਦੇ ਇੱਕ ਸਿਆਣੇ ਮਨੁੱਖ ਨੂੰ ਪੁੱਛਣ ਗਿਆ ਕਿ ਦਰਿਆ ਵਿਚ ਡਿੱਗਿਆ ਉਸ ਦਾ ਕੁਹਾੜਾ ਲੱਭਦਾ ਕਿਉਂ ਨਹੀਂ?

ਸਿਆਣੇ ਮਨੁੱਖ ਨੇ ਸਾਰਾ ਮਸਲਾ ਸਮਝ ਕੇ ਉਸ ਨੂੰ ਸਲਾਹ ਦਿੱਤੀ ਕਿ ਜਿਸ ਥਾਂ ਤੋਂ ਟਾਹਣਾ ਕੱਟਦਿਆਂ ਕੁਹਾੜਾ ਡਿਗਿਆ ਸੀ, ਉਹ ਉਸ ਤੋਂ ਸਿੱਧਾ ਹੇਠ ਵਾਲੀ ਥਾਂ 'ਤੇ ਗੋਤਾ ਮਾਰ ਕੇ ਲੱਭੇ। ਲੱਕੜਹਾਰੇ ਨੇ ਉਸ ਦੀ ਸਲਾਹ 'ਤੇ ਅਮਲ ਕੀਤਾ ਤੇ ਉਸ ਨੂੰ ਉਸ ਦਾ ਕੁਹਾੜਾ ਮਿਲ ਗਿਆ। ਇਕ ਦਿਨ ਫਿਰ ਜਦੋਂ ਉਹੀ ਲੱਕੜਹਾਰਾ ਕਿਸ਼ਤੀ ਵਿਚ ਸਵਾਰ ਹੋ ਕੇ ਕਿਤੇ ਜਾ ਰਿਹਾ ਸੀ ਤਾਂ ਉਸ ਦਾ ਚੱਪੂ ਨਦੀ ਵਿਚ ਡਿੱਗ ਪਿਆ। ਉਸ ਲਕੀਰ ਦੇ ਫਕੀਰ ਨੇ ਕਿਸ਼ਤੀ ਰੋਕੀ ਤੇ ਉਤਰ ਕੇ ਚੱਪੂ ਘੁਮਾਉਣ ਵਾਲੇ ਕੁੰਡੇ ਦੇ ਬਿਲਕੁਲ ਹੇਠ ਜਿੱਥੋਂ ਚੱਪੂ ਡਿਗਿਆ ਸੀ, ਲੱਭਣ ਲੱਗਾ। ਉਦੋਂ ਤੀਕ ਕਿਸ਼ਤੀ ਕਈ ਕਦਮ ਅੱਗੇ ਵਹਿ ਆਈ ਸੀ, ਇਸ ਲਈ ਉਥੇ ਉਸ ਨੂੰ ਚੱਪੂ ਨਾ ਮਿਲਿਆ। ਉਹ ਕਿਸ਼ਤੀ ਨੂੰ ਕਿਨਾਰੇ ਲਾ ਪਿੰਡ ਦੇ ਉਸੇ ਸਿਆਣੇ ਪੁਰਸ਼ ਕੋਲ ਫਿਰ ਗਿਆ ਤੇ ਬੋਲਿਆ, "ਤੁਹਾਡੀ ਸਲਾਹ ਇਕੋ ਵਾਰ ਕੰਮ ਆਈ ਜੀ, ਦੂਜੀ ਵਾਰ ਨਹੀਂ। ਅੱਜ ਕਿਸ਼ਤੀ 'ਚ ਜਾਂਦਿਆਂ ਚੱਪੂ ਨਦੀ ਵਿਚ ਡਿੱਗ ਪਿਆ। ਕਿਸ਼ਤੀ ਰੋਕ ਕੇ ਜਿਸ ਕੁੰਡੀ ਤੋਂ ਡਿਗਿਆ ਸੀ, ਉਸ ਦੇ ਹੇਠ ਵਾਲੀ ਥਾਂ ਗੋਤੇ ਮਾਰੇ, ਪਰ ਨਹੀਂ ਮਿਲਿਆ।"

ਸਿਆਣੇ ਮਨੁੱਖ ਨੇ ਪੂਰੀ ਗੱਲ ਸਮਝ ਕੇ ਕਿਹਾ, "ਸਲਾਹ ਤਾਂ ਮੈਂ ਠੀਕ ਦਿੱਤੀ ਸੀ, ਪਰ ਤੂੰ ਆਪਣੀ ਅਕਲ ਬਿਲਕੁਲ ਨਹੀਂ ਵਰਤੀ। ਵਾਪਸ ਜਾਹ। ਚੱਪੂ ਡਿਗਣ ਵੇਲੇ ਕਿਸ਼ਤੀ ਜਿਸ ਥਾਂ 'ਤੇ ਸੀ, ਉਥੇ ਹੀ ਵਾਪਸ ਮੋੜ ਕੇ ਲਿਜਾ ਤੇ ਫਿਰ ਉਸ ਦੇ ਕੁੰਡੇ ਦੀ ਸੇਧ ਵਿਚ ਹੇਠ ਗੋਤਾ ਮਾਰ ਕੇ ਲੱਭੀਂ, ਮਿਲ ਜਾਵੇਗਾ।"

ਲੱਕੜਹਾਰੇ ਨੇ ਉਵੇਂ ਹੀ ਕੀਤਾ ਤੇ ਉਸ ਨੂੰ ਆਪਣਾ ਚੱਪੂ ਲੱਭ ਗਿਆ। ਪਿੰਡ ਦਾ ਸਿਆਣਾ ਮਨੁੱਖ ਕੋਈ ਪੀਰ ਪੈਗੰਬਰ ਨਹੀਂ ਸੀ। ਉਹ ਆਮ ਸਮਝ ਵਾਲਾ ਇਕ ਪੇਂਡੂ ਬੰਦਾ ਸੀ, ਜੋ ਜਾਣਦਾ ਸੀ ਕਿ ਲੱਕੜਹਾਰੇ ਦੇ ਔਜਾਰ ਦੋ ਵਾਰ ਪਾਣੀ ਵਿਚ ਡਿੱਗੇ, ਦੋਵੇਂ ਵਾਰ ਉਸ ਨੇ ਆਪਣੀ ਅਕਲ ਨਾ ਵਰਤਣ ਦੀ ਥਾਂ ਸੁਣੀ-ਸੁਣਾਈ ਵਰਤੀ ਤੇ ਉਨ੍ਹਾਂ ਨੂੰ ਕੱਢ ਨਾ ਸਕਿਆ। ਉਸ ਨੇ ਲੱਕੜਹਾਰੇ ਨੂੰ ਰੂੜ੍ਹੀ ਦੀ ਥਾਂ ਅਕਲ ਤੋਂ ਕੰਮ ਲੈਣ ਦੀ ਗੱਲ ਸਮਝਾਈ ਤਾਂ ਉਹ ਕਾਮਯਾਬ ਹੋਇਆ।

ਫਿਰ ਗੁਰੂ ਨਾਨਕ ਤਾਂ ਹੋਇਆ ਜਗਤ ਗੁਰੂ, ਜਿਸ ਨੇ ਅਕਲ ਦੀ ਗੱਲ ਸਭ ਨੂੰ ਦੇਣੀ ਸੀ। ਬੇਸਮਝੀ ਦੀਆਂ ਰਸਮਾਂ ਦਾ ਤਾਂ ਉਨ੍ਹਾਂ ਧੁਰੋਂ ਵਿਰੋਧ ਕੀਤਾ ਸੀ, ਚਾਹੇ ਉਹ ਕਿਤੇ ਵੀ ਮੰਨੀਦੀਆਂ ਹੋਣ। ਬ੍ਰਾਹਮਣਵਾਦ ਕੋਈ ਬ੍ਰਾਹਮਣਾਂ ਨਾਲ ਚਿਮੜੀ ਚੀਜ਼ ਨਹੀਂ, ਸਗੋਂ ਇਹ ਤਾਂ ਇਕ ਮੋਰੀਬੰਦ ਸੋਚ ਪ੍ਰਣਾਲੀ ਹੈ, ਜੋ ਕਿਸੇ ਵੀ ਸੂਝ-ਰਹਿਤ ਇਨਸਾਨ ਦੇ ਦਿਮਾਗ ਵਿਚ ਪਈ ਹੋ ਸਕਦੀ ਹੈ। ਇਸ ਲਈ ਗੁਰੂ ਸਾਹਿਬ ਜਿੰਨੇ ਹਿੰਦੂ ਬ੍ਰਾਹਮਣਵਾਦੀਆਂ ਦੇ ਆਲੋਚਕ ਸਨ, ਉਨੇ ਹੀ ਇਸਲਾਮਿਕ ਰੂੜ੍ਹੀਵਾਦੀਆਂ ਦੇ ਵੀ। ਇਨ੍ਹਾਂ ਸੋਚ ਕੁਰੀਤੀਆਂ ਕਰਕੇ ਤਾਂ ਉਨ੍ਹਾਂ ਨੇ ਨਾਥ ਜੋਗੀਆਂ ਤੇ ਡੇਰੇਵਾਦੀਆਂ ਨੂੰ ਵੀ ਨਹੀਂ ਸੀ ਬਖਸ਼ਿਆ। ਉਨ੍ਹਾਂ ਨੇ ਆਪਣੇ ਸਮੇਂ ਦੇ ਤਿੰਨਾਂ ਰੂੜ੍ਹੀਵਾਦੀ ਸਮੁਦਾਇਆਂ ਦੀਆਂ ਕੁਰੀਤੀਆਂ ਦਾ ਪੁਰਜੋਰ ਖੰਡਨ ਕੀਤਾ। ਜੇ ਅਜੋਕਾ ਸਿੱਖ ਸਮਾਜ ਉਸ ਵੇਲੇ ਹੁੰਦਾ ਤਾਂ ਨਿਸ਼ਚਿਤ ਤੌਰ 'ਤੇ ਉਹ ਇਸ ਦੀਆਂ ਤਰਕਹੀਣ ਪਰੰਪਰਾਵਾਂ ਨੂੰ ਵੀ ਉਨੀ ਹੀ ਬੇਕਿਰਕੀ ਨਾਲ ਨਕਾਰਦੇ। ਉਨ੍ਹਾਂ ਦਾ ਉਦੇਸ਼ ਗਲਤ ਸੋਚ ਦੀ ਨਿਖੇਧੀ ਕਰਨਾ ਸੀ, ਨਾ ਕਿ ਕਿਸੇ ਸਮੁਦਾਏ ਦੇ ਲੋਕਾਂ ਦੀ। ਉਹ ਲੋਕਾਂ ਦੀ ਹਰ ਉਸ ਸੋਚ ਨੂੰ ਸਹੀ ਲੀਹ 'ਤੇ ਲਿਆਉਣਾ ਚਾਹੁੰਦੇ ਸਨ, ਜੋ ਯਥਾਰਥਕ ਭਾਵ ਕੁਦਰਤੀ ਨਿਯਮਾਂ ਦੀ ਉਲੰਘਣਾ ਕਰਦੀ ਹੋਵੇ। ਉਹ ਭਗਤੀ ਲਹਿਰ ਦੇ ਨਹੀਂ, ਜਾਗ੍ਰਿਤੀ ਲਹਿਰ ਦੇ ਬਾਨੀ ਸਨ। ਉਨ੍ਹਾਂ ਦੀ ਜਾਗ੍ਰਿਤੀ ਪੱਛਮ ਦੀ ਪੁਨਰ-ਜਾਗ੍ਰਿਤੀ ਲਹਿਰ ਵਾਂਗ ਅਫਲਾਤੂਨ (Plato) ਤੇ ਅਰਸਤੂ (Aristotle) ਦੀਆਂ ਲਿਖਤਾਂ ਤੋਂ ਪ੍ਰੇਰਿਤ ਨਹੀਂ ਸੀ, ਸਗੋਂ ਉਨ੍ਹਾਂ ਦੀ ਆਪਣੀ ਪ੍ਰਤਿਭਾ ਤੋਂ ਪ੍ਰੇਰਿਤ ਸੀ। ਉਹ ਆਮ ਸਮਝ (common sense) ਦੇ ਧਨੀ ਸਨ ਤੇ ਆਮ ਸਮਝ ਤਰਕ ਅਤੇ ਵਿਵੇਕ ਨੂੰ ਨਾਲ ਲੈ ਕੇ ਚਲਦੀ ਹੈ।

ਫਿਰ ਜੋ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਅੱਜ ਵੀ ਸੁਣੀ ਗੱਲ 'ਤੇ ਭਰੋਸਾ ਕਰਕੇ 'ਸਤਿ ਬਚਨ' ਕਹਿਣ ਨੂੰ ਗੁਰਬਾਣੀ ਮੰਨਦੇ ਹਨ, ਉਨ੍ਹਾਂ ਨੂੰ ਕੀ ਕਹੀਏ? 'ਸੁਣੀਐ' ਦੀਆਂ ਸਾਰੀਆਂ ਪਉੜੀਆਂ ਬਾਰੇ ਉਨ੍ਹਾਂ ਦੀ ਇਹੀ ਧਾਰਨਾ ਰਹੀ ਹੈ। ਇਸ ਮੁੱਖ ਸ਼ਬਦ ਦੀ ਆਖਰੀ ਪਉੜੀ, ਜੋ ਹੇਠ ਦਿੱਤੀ ਗਈ ਹੈ, ਦੀ ਵਿਆਖਿਆ ਵੀ ਉਹ ਇਵੇਂ ਹੀ ਕਰਦੇ ਹਨ।

ਸੁਣਿਐ ਸਰਾ ਗੁਣਾ ਕੇ ਗਾਹ॥
ਸੁਣਿਐ ਸੇਖ ਪੀਰ ਪਾਤਿਸਾਹ॥
ਸੁਣਿਐ ਅੰਧੇ ਪਾਵਹਿ ਰਾਹੁ॥
ਸੁਣਿਐ ਹਾਥ ਹੋਵੈ ਅਸਗਾਹੁ॥
ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥੧੧॥

ਇਸ ਪਉੜੀ ਦੀ ਵਿਆਖਿਆ ਕਰਦਿਆਂ ਭਾਈ ਸਾਹਿਬ ਭਾਈ ਵੀਰ ਸਿੰਘ ਆਪਣੇ ਜਪੁ ਜੀ ਸਟੀਕ ਵਿਚ ਲਿਖਦੇ ਹਨ, "ਸੁਣਨੇ ਨਾਲ ਗੁਣਾਂ ਦੇ ਸਰਾਂ ਦੇ ਜਾਣਨਹਾਰ ਹੋ ਜਾਈਦਾ ਹੈ। ਸੁਣਨੇ ਨਾਲ ਸ਼ੇਖ, ਪੀਰ ਤੇ ਪਾਤਸ਼ਾਹ (ਭਾਵ ਦੀਨ ਦੁਨੀ ਦੇ ਵੱਡੇ) ਬਣ ਜਾਈਦਾ ਹੈ। ਸੁਣਨੇ ਨਾਲ ਅੰਨ੍ਹੇ (ਗਯਾਨਹੀਨ ਲੋਕ ਗਯਾਨ ਦਾ) ਮਾਰਗ ਪਾ ਲੈਂਦੇ ਹਨ। ਸੁਣਨੇ ਨਾਲ (ਸੁਣਨ ਵਾਲੇ ਨੂੰ) ਅਥਾਹ (ਭਵ ਸਾਗਰ) ਹਥਾਲੜਾ ਹੋ ਜਾਂਦਾ ਹੈ। (ਪਰੰਤੂ) ਭਗਤਾਂ ਨੂੰ ਸੁਣਨੇ ਨਾਲ ਪਾਪਾਂ ਦਾ ਨਾਸ਼, ਦੁੱਖਾਂ ਦਾ ਵਿਨਾਸ਼ ਤੇ ਸਦਾ ਦਾ ਅਨੰਦ ਪ੍ਰਾਪਤ ਹੁੰਦਾ ਹੈ, ਹੇ ਨਾਨਕ।" (ਵੇਖੋ www.sikhbookclub.com, P. 77-78).

ਇਸ ਪਉੜੀ ਦੀ ਅਜਿਹੀ ਵਿਆਖਿਆ ਇੱਕਲੇ ਭਾਈ ਵੀਰ ਸਿੰਘ ਨੇ ਨਹੀਂ ਕੀਤੀ, ਸਗੋਂ ਹਰ ਉਸ ਵਿਦਵਾਨ ਨੇ ਕੀਤੀ ਹੈ, ਜਿਸ ਨੇ ਵੀ ਇਸ ਦਾ ਟੀਕਾ (translation) ਕੀਤਾ ਹੈ।

ਆਪਣੀ ਇਸ ਵਿਆਖਿਆ ਵਿਚ ਵਿਚ ਭਾਈ ਸਾਹਿਬ ਨੇ ਸੁਣਨ ਦੀ ਪ੍ਰਸ਼ੰਸਾ ਤਾਂ ਕੀਤੀ ਹੈ, ਪਰ ਉਸ ਨੇ ਰੱਬ ਤੇ ਪਰਮਾਤਮਾ ਦਾ ਨਾਂ ਕਿਤੇ ਨਹੀਂ ਵਰਤਿਆ। ਉਂਜ ਇਹ ਗੱਲ ਉਸ ਨੂੰ ਦੂਜੇ ਅਧਿਆਤਮਵਾਦੀ ਟੀਕਾਕਾਰਾਂ ਤੋਂ ਨਿਖੇੜਦੀ ਨਹੀਂ, ਕਿਉਂਕਿ ਇਸੇ ਭਾਵ ਦੀਆਂ ਪਹਿਲੀਆਂ ਤਿੰਨੇ ਪਉੜੀਆਂ ਵਿਚ ਉਸ ਨੇ ਸੁਣਿਐ ਦੀ ਵਿਆਖਿਆ 'ਨਾਮ' ਦੇ ਸੰਦਰਭ ਵਿਚ ਹੀ ਕੀਤੀ ਹੈ। ਇਸ ਲਈ ਇਸ ਪਉੜੀ ਦੀ ਵਿਆਖਿਆ ਵਿਚ ਵੀ 'ਨਾਮ' ਦਾ ਅਰਥ ਅੰਦਰਖਾਤੇ ਸ਼ਾਮਲ ਹੈ। ਕਈ ਵਿਦਵਾਨ ਸੋਚਣਗੇ ਕਿ ਇਹ ਪਰਮਾਤਮਾ ਦੇ ਨਾਮ ਨਾਲ ਕੇਹੀ ਅਲਰਜ਼ੀ ਹੈ ਕਿ ਜਿਸ ਨੂੰ ਸਭ ਲੋਕ ਜਪਦੇ ਹਨ, ਉਸੇ ਨੂੰ ਗੁਰੂ ਸਾਹਿਬ ਦੀ ਬਾਣੀ ਤੋਂ ਦੂਰ ਰੱਖਣ ਨੂੰ ਵਡਿਆਇਆ ਜਾ ਰਿਹਾ ਹੈ! ਪਰ ਗੱਲ ਅਲਰਜ਼ੀ ਦੀ ਨਹੀਂ, ਸਗੋਂ ਗੱਲ ਨਦਰਿ ਦੀ ਹੈ, ਵਫਾਦਾਰੀ ਦੀ ਹੈ ਤੇ ਸਿਧਾਂਤ ਦੀ ਹੈ। ਜੋ ਗੱਲ ਗੁਰੂ ਸਾਹਿਬ ਨੇ ਲਿਖੀ ਹੀ ਨਹੀਂ, ਉਸ ਨੂੰ ਲਿਖਤ ਵਿਚ ਸ਼ਾਮਲ ਕਰਨਾ ਪੱਖਪਾਤੀ ਰੁਝਾਨ ਹੈ। ਜੋ ਮਿਲਾਵਟ ਕਰਨ ਦੇ ਤੁਲ ਹੈ।

ਗੁਰੂ ਸਾਹਿਬ ਵਲ ਵਫਾਦਾਰੀ ਦਾ ਪਹਿਲਾ ਪੜਾਉ ਇਹ ਹੈ ਕਿ ਉਨ੍ਹਾਂ ਦੀ ਲਿਖਤ ਵਲ ਵਫਾਦਾਰੀ ਨਿਭਾਈ ਜਾਵੇ, ਭਾਵ ਉਸ ਨੂੰ ਜਿਉਂ ਦੀ ਤਿਉਂ ਲਿਆ ਜਾਵੇ। ਇਹ ਇਸ ਲਈ ਕਿ ਵਿਗਾੜ ਪਾਉਣ ਵਾਲੇ ਦੀ ਸੋਚ ਗੁਰੂ ਸਾਹਿਬ ਦੀ ਸੋਚ ਤੋਂ ਨਿਸ਼ਚੇ ਹੀ ਭਿੰਨ ਹੈ। ਇਸ ਵਿਚ ਉਨ੍ਹਾਂ ਦਾ ਦਿੱਤਾ ਸਿੱਖੀ ਸਿਧਾਂਤ ਹੈ, ਜੋ ਵਾਲੋਂ ਨਿੱਕਾ ਖੰਨਿਓਂ ਤਿੱਖਾ ਹੈ। ਲਿਖਤ ਨੂੰ ਵਿਗਾੜਨ ਨਾਲ ਇਹ ਸਿਧਾਂਤ ਬਦਲ ਜਾਵੇਗਾ ਤੇ ਪਾਠਕ ਦਾ ਧਿਆਨ ਗੁਰੂ ਸਾਹਿਬ ਦੀ ਸੋਚ ਤੋਂ ਹਟ ਕੇ ਵਿਗਾੜ ਪਾਉਣ ਵਾਲੇ ਦੀ ਸੋਚ ਵਲ ਤਿਲ੍ਹਕ ਜਾਵੇਗਾ। ਸਿੱਖ ਸ਼ਰਧਾਲੂ ਗੁਰਬਾਣੀ ਨੂੰ ਗੁਰੂ ਦੀ ਸਿੱਖਿਆ ਨਾਲ ਜੁੜਨ ਲਈ ਪੜ੍ਹਦੇ ਹਨ, ਨਾ ਕਿ ਟੀਕਾਕਾਰਾਂ, ਪ੍ਰਚਾਰਕਾਂ, ਪੁਜਾਰੀਆਂ ਤੇ ਡੇਰੇਦਾਰ ਸਾਧਾਂ-ਸੰਤਾਂ ਦੀ ਸਿੱਖਿਆ ਨਾਲ। ਇਸ ਲਈ ਬਾਣੀ ਦੇ ਵਿਆਖਿਆਕਾਰਾਂ ਦੀ ਬੜੀ ਭਾਰੀ ਜਿੰਮੇਵਾਰੀ ਬਣਦੀ ਹੈ ਕਿ ਉਹ ਪੂਰੀ ਖੋਜ ਭਾਲ ਪਿਛੋਂ ਬਾਣੀ ਦੇ ਸਹੀ ਤੇ ਬਣਦੇ ਅਰਥ ਦੱਸਣ।

**ਗੁਰੂ ਸਾਹਿਬ ਵਲ ਵਫਾਦਾਰੀ ਦਾ ਪਹਿਲਾ ਪੜਾਉ ਇਹ ਹੈ ਕਿ ਉਨ੍ਹਾਂ ਦੀ ਲਿਖਤ ਵਲ ਵਫਾਦਾਰੀ ਨਿਭਾਈ ਜਾਵੇ, ਭਾਵ ਉਸ ਨੂੰ ਜਿਉਂ ਦੀ ਤਿਉਂ ਲਿਆ ਜਾਵੇ। ਇਹ ਇਸ ਲਈ ਕਿ ਵਿਗਾੜ ਪਾਉਣ ਵਾਲੇ ਦੀ ਸੋਚ ਗੁਰੂ ਸਾਹਿਬ ਦੀ ਸੋਚ ਤੋਂ ਨਿਸ਼ਚੇ ਹੀ ਭਿੰਨ ਹੈ। ਇਸ ਵਿਚ ਉਨ੍ਹਾਂ ਦਾ ਦਿੱਤਾ ਸਿੱਖੀ ਸਿਧਾਂਤ ਹੈ, ਜੋ ਵਾਲੋਂ ਨਿੱਕਾ ਖੰਨਿਓਂ ਤਿੱਖਾ ਹੈ। ਲਿਖਤ ਨੂੰ ਵਿਗਾੜਨ ਨਾਲ ਇਹ ਸਿਧਾਂਤ ਬਦਲ ਜਾਵੇਗਾ ਤੇ ਪਾਠਕ ਦਾ ਧਿਆਨ ਗੁਰੂ ਸਾਹਿਬ ਦੀ ਸੋਚ ਤੋਂ ਹਟ ਕੇ ਵਿਗਾੜ ਪਾਉਣ ਵਾਲੇ ਦੀ ਸੋਚ ਵਲ ਤਿਲ੍ਹਕ ਜਾਵੇਗਾ। ਸਿੱਖ ਸ਼ਰਧਾਲੂ ਗੁਰਬਾਣੀ ਨੂੰ ਗੁਰੂ ਦੀ ਸਿੱਖਿਆ ਨਾਲ ਜੁੜਨ ਲਈ ਪੜ੍ਹਦੇ ਹਨ, ਨਾ ਕਿ ਟੀਕਾਕਾਰਾਂ, ਪ੍ਰਚਾਰਕਾਂ, ਪੁਜਾਰੀਆਂ ਤੇ ਡੇਰੇਦਾਰ ਸਾਧਾਂ-ਸੰਤਾਂ ਦੀ ਸਿੱਖਿਆ ਨਾਲ। ਇਸ ਲਈ ਬਾਣੀ ਦੇ ਵਿਆਖਿਆਕਾਰਾਂ ਦੀ ਬੜੀ ਭਾਰੀ ਜਿੰਮੇਵਾਰੀ ਬਣਦੀ ਹੈ ਕਿ ਉਹ ਪੂਰੀ ਖੋਜ ਭਾਲ ਪਿਛੋਂ ਬਾਣੀ ਦੇ ਸਹੀ ਤੇ ਬਣਦੇ ਅਰਥ ਦੱਸਣ।**

ਜੇ ਇਸ ਪਉੜੀ ਨੂੰ ਨਿਰਪੱਖਤਾ ਨਾਲ ਪੜ੍ਹਿਆ ਜਾਵੇ ਤਾਂ ਅਰਥ ਕੁਝ ਹੋਰ ਬਣਦੇ ਹਨ। ਸੁਣਿਐ ਸ਼ਬਦ ਨਾਲ ਅਰੰਭ ਹੋਣ ਵਾਲੀਆਂ ਚਾਰੇ ਪਉੜੀਆਂ ਦੇ ਮੁਢਲੇ ਸਰਵੇਖਣ ਤੋਂ ਪਤਾ ਚਲਦਾ ਹੈ ਕਿ ਪਹਿਲੀਆਂ ਤਿੰਨ ਹਿੰਦੂਵਾਦ ਨਾਲ ਸਬੰਧ ਰੱਖਦੀਆਂ ਹਨ ਤੇ ਚੌਥੀ ਇਸਲਾਮ ਨਾਲ। ਇਸ ਲਈ ਇੱਥੇ 'ਸਰਾ' ਦਾ ਸ਼ਬਦ ਗੁਰੂ ਸਾਹਿਬ ਨੇ ਸਰੋਵਰ ਜਾਂ ਸਾਗਰ ਵਜੋਂ ਨਹੀਂ ਵਰਤਿਆ, ਸਗੋਂ ਇਸਲਾਮੀ ਸ਼ਰੀਅਤ ਭਾਵ ਕੁਰਾਨ ਸ਼ਰੀਫ ਦੇ ਨਿਯਮਾਂ ਲਈ ਵਰਤਿਆ ਹੈ। ਇਸ ਨੂੰ ਸਰੋਵਰ ਦੱਸ ਕੇ ਭਾਈ ਸਾਹਿਬ ਨੇ ਇਸ ਸ਼ਬਦ ਦੇ ਵਾਜਬ ਅਰਥ ਨਹੀਂ ਕੀਤੇ ਹਨ; ਪਰ ਜੇ ਇਸ ਤੱਥ ਨੂੰ ਅਣਗੌਲਿਆ ਵੀ ਕਰ ਦੇਈਏ ਤਾਂ ਵੀ ਉਨ੍ਹਾਂ ਦੀ ਵਿਆਖਿਆ ਮੰਨਣਯੋਗ ਨਹੀਂ, ਕਿਉਂਕਿ ਇਹ ਯਥਾਰਥਕ ਮੁੱਲਾਂ ਦੇ ਨੇੜੇ-ਤੇੜੇ ਵੀ ਨਹੀਂ ਹੈ। ਮਿਸਾਲ ਵਜੋਂ ਸੁਣਨ ਨਾਲ ਲੋਕ ਗੁਣਾਂ ਦੇ ਸਾਗਰ ਭਾਵ ਰੱਬ ਦੇ ਜਾਣਨਹਾਰ ਨਹੀਂ ਹੋ ਸਕਦੇ। ਗੁਰੂ ਸਾਹਿਬ ਕਹਿੰਦੇ ਹਨ ਕਿ ਉਸ 'ਗੁਣਾਂ ਦੇ ਸਾਗਰ' ਦਾ ਤਾਂ ਹਾਲੇ ਨਾਮ ਵੀ ਪਤਾ ਨਹੀਂ ਹੈ। ਉਸ ਦੇ ਤਾਂ ਹਾਲੇ ਗੁਣ ਵੀ ਪਤਾ ਕਰਨੇ ਹਨ, ਜਿਨ੍ਹਾਂ ਦੇ ਆਧਾਰ 'ਤੇ ਉਸ ਨਾਮ ਦਾ ਪਤਾ ਚਲੇਗਾ। ਉਸ ਦੀ ਤਾਂ ਅਜੇ ਸੇਧ ਵੀ ਪਤਾ ਨਹੀਂ ਹੈ। ਇਹ ਸੇਧ ਵੀ ਉਸ ਦੇ ਨਿਯਮਾਂ ਦਾ ਅਧਿਐਨ ਕਰਨ ਪਿਛੋਂ ਹੀ ਪਤਾ ਚਲੇਗੀ। ਇਹ ਸੇਧ ਵੀ ਧੁੰਦਲੇ ਹਨੇਰੇ ਵਿਚ ਦੂਰ ਝੂਲਦੇ ਨਿਸ਼ਾਨ ਜਿਹੀ ਹੀ ਹੋਵੇਗੀ। ਇਸ ਹਨੇਰੇ ਨੂੰ ਉਜਾਲੇ ਵਿਚ ਬਦਲਣ ਲਈ ਪਤਾ ਨਹੀਂ ਹੋਰ ਕਿੰਨੀ ਮਿਹਨਤ ਕਰਨੀ ਪਵੇਗੀ?

ਗੁਰੂ ਸਾਹਿਬ ਅਨੁਸਾਰ ਇਸ ਮੁਸ਼ੱਕਤ ਭਰੇ ਕਾਰਜ ਨੂੰ ਸਦੀਆਂ ਭਰ ਤੋਂ ਅਣਗਿਣਤ ਲੋਕ ਕਰ ਕੇ ਚਲੇ ਗਏ ਹਨ ਤੇ ਬਾਕੀ ਰਹਿੰਦੇ ਨੂੰ ਅਣਗਿਣਤ ਖੋਜੀ ਭਵਿੱਖ ਵਿਚ ਕਰਨਗੇ, ਤਾਂ ਜਾ ਕੇ ਕਿਤੇ ਗੋਹੜੇ 'ਚੋਂ ਕੋਈ ਪੂਣੀ ਕੱਤੀ ਜਾਵੇਗੀ। ਭਾਈ ਵੀਰ ਸਿੰਘ ਦੀ ਵਿਆਖਿਆ ਅਨੁਸਾਰ ਸੁਣਨ ਵਾਲਿਆਂ ਨੂੰ ਉਸ ਦਾ ਨਾਮ ਵੀ ਪਤਾ ਹੈ ਤੇ ਇਸ ਨੂੰ ਸੁਣ ਨਾਲ ਉਨ੍ਹਾਂ ਨੂੰ ਗਿਆਨ ਵੀ ਹੋ ਚੁਕਾ ਹੈ! ਹੈਰਾਨੀ ਹੈ ਕਿ ਇੱਡੀ ਵੱਡੀ ਅਤਿ-ਕਥਨੀ ਸੁਣ ਕੇ ਸ਼ਰਧਾਵਾਨ ਸਿੱਖ ਸ਼ਰਧਾਲੂ ਇਸ ਨੂੰ ਬੜੇ ਸਾਲਾਂ ਤੋਂ ਸਨਮਾਨਪੂਰਵਕ ਮੰਨੀ ਜਾ ਰਹੇ ਹਨ!

ਭਾਈ ਸਾਹਿਬ ਹੋਰ ਅੱਗੇ ਲਿਖਦੇ ਹਨ ਕਿ ਸੁਣਨ ਨਾਲ ਸ਼ੇਖ, ਪੀਰ ਤੇ ਪਾਤਸ਼ਾਹ ਭਾਵ ਦੀਨ ਦੁਨੀ ਦੇ ਵੱਡੇ ਬਣ ਜਾਈਦਾ ਹੈ, ਪਰ ਜੇ ਇੱਦਾਂ ਹੋਵੇ ਫਿਰ ਤਾਂ ਦੁਨੀਆਂ ਵਿਚ ਸਾਰੇ ਹੀ ਪੀਰ ਪਾਤਸ਼ਾਹ ਹੋ ਜਾਣ ਤੇ ਆਮ ਆਦਮੀ ਕੋਈ ਨਾ ਰਹੇ, ਕਿਉਂਕਿ ਕੁਝ ਨਾ ਕੁਝ ਤਾਂ ਸਾਰੇ ਹੀ ਸੁਣਦੇ ਹਨ। ਚਾਰੇ ਪਾਸੇ ਸੁਣਨ ਦਾ ਹੀ ਤਾਂ ਬੋਲ ਬਾਲਾ ਹੈ। ਨਾਲ ਸਮੱਸਿਆ ਇਹ ਵੀ ਹੈ ਕਿ ਸੁਣਨ ਵਾਲਾ ਸੁਣੇ ਕੀ? ਕੀ ਉਹ ਕੁਰਾਨ ਸ਼ਰੀਫ ਸੁਣੇ ਕਿ ਉਪਨਿਸ਼ਦ ਸੁਣੇ? ਕਈ ਸੁਣਨ ਵਾਲੇ ਇਨ੍ਹਾਂ ਨੂੰ ਵੀ ਸੁਣਦੇ ਹਨ, ਪਰ ਉਹ ਤਾਂ ਕੋਈ ਪੀਰ ਪਾਤਸ਼ਾਹ ਨਹੀਂ ਹੋਏ। ਫਿਰ ਕੀ ਉਹ ਗੁਰੂ ਸਾਹਿਬ ਨੂੰ ਜਾਂ ਉਨ੍ਹਾਂ ਦੀ ਬਾਣੀ ਨੂੰ ਸੁਣਨ? ਉਹ ਵੀ ਕਈ ਕੋਟ ਲੋਕਾਂ ਨੇ ਪੜ੍ਹੀ ਤੇ ਸੁਣੀ। ਕਈਆਂ ਨੂੰ ਤਾਂ ਲਾਊਡ ਸਪੀਕਰਾਂ 'ਤੇ ਘਰ ਬੈਠੇ ਹੀ ਸੁਣਾਈ ਗਈ, ਪਰ ਉਨ੍ਹਾਂ ਵਿਚੋਂ ਵੀ ਕੋਈ ਵੀ ਸ਼ੇਖ ਪੀਰ ਪਾਤਸ਼ਾਹ ਨਹੀਂ ਬਣਿਆ। ਕਿਸੇ ਦਾ 'ਅਥਾਹ ਭਵਸਾਗਰ ਹਥਾਲੜਾ' ਵੀ ਨਾ ਹੋਇਆ। ਉਨ੍ਹਾਂ ਦੇ ਦੂਖ ਪਾਪ ਵੀ ਦੂਰ ਨਹੀਂ ਹੋਏ ਤੇ ਨਾ ਹੀ ਕਿਸੇ ਦੇ ਕਸ਼ਟਾਂ ਦਾ ਨਾਸ਼ ਹੋਇਆ ਹੈ। ਜੇ ਕਿਸੇ ਦਾ ਕੁਝ ਵੀ ਦੱਸੇ ਅਨੁਸਾਰ ਨਹੀਂ ਹੋਇਆ ਤਾਂ ਉਨ੍ਹਾਂ ਨੂੰ ਅਨੰਦ ਕਿਸ ਚੀਜ਼ ਦਾ ਆਇਆ?

ਸਵਾਲ ਹੈ ਕਿ ਕੀ ਗੁਰੂ ਸਾਹਿਬ ਅਜਿਹੀਆਂ ਅਰਥਹੀਣ ਗੱਲਾਂ ਕਹਿ ਸਕਦੇ ਸਨ, ਜੋ ਤਰਕ ਦੇ ਕਲਾਵੇ ਵਿਚ ਨਾ ਆ ਸਕਣ? ਜੇ ਨਹੀਂ, ਤਾਂ ਜਾਂ ਲਿਖਣ ਵਾਲਾ ਗਲਤ ਹੈ ਜਾਂ ਵਿਆਖਿਆਕਾਰ ਗਲਤ ਹੈ; ਪਰ ਲਿਖਣ ਵਾਲਾ ਗੁਰੂ ਤਾਂ ਤਰਕ-ਮਜ਼ਮੂਨ ਦਾ ਪੂਰਾ ਮਾਹਿਰ ਹੈ, ਜੋ ਅਜਿਹੀ ਗਲਤੀ ਨਹੀਂ ਕਰ ਸਕਦਾ। ਇਹ ਸਿੱਧ ਕਰਦਾ ਹੈ ਕਿ ਵਿਆਖਿਆਕਾਰ ਹੀ ਗਲਤ ਹੈ।

ਫਿਰ ਸਹੀ ਵਿਆਖਿਆ ਕੀ ਹੈ? ਸਹੀ ਵਿਆਖਿਆ ਇਹ ਹੈ ਕਿ ਗੁਰੂ ਸਾਹਿਬ ਇਹ ਸਭ ਗੱਲਾਂ ਆਪਣੇ ਵਲੋਂ ਨਹੀਂ ਕਹਿ ਰਹੇ, ਸਗੋਂ ਲੋਕਾਂ ਵਲੋਂ ਅਜਿਹੀਆਂ ਪ੍ਰਚਾਰੀਆਂ ਜਾਣ ਵਾਲੀਆਂ ਗੱਲਾਂ ਦੀ ਪੋਲ ਕੱਢ ਰਹੇ ਹਨ। ਉਹ ਇਨ੍ਹਾਂ ਗੱਲਾਂ ਦੀ ਭਰੋਸੇਯੋਗਤਾ 'ਤੇ ਸਵਾਲ ਕਰ ਕੇ ਲੋਕਾਂ ਨੂੰ, ਭਾਵ ਆਪਣੇ ਹੋਣ ਵਾਲੇ ਸਿੱਖਾਂ ਨੂੰ ਇਹ ਸੋਝੀ ਦੇ ਰਹੇ ਹਨ ਕਿ ਉਹ ਸੁਣੀਆਂ ਗੱਲਾਂ 'ਤੇ ਬਿਨਾ ਕਿਸੇ ਪ੍ਰਮਾਣ ਯਕੀਨ ਨਾ ਕਰਨ। ਇਹ ਸਹੀ ਵਿਆਖਿਆ ਦਾ ਮੁੱਢ ਹੈ, ਕਿਉਂਕਿ ਆਮ ਸਮਝ ਅਨੁਸਾਰ ਸੁਣੀ-ਸੁਣਾਈ ਗੱਲ ਦਾ ਸਬੂਤ ਲੈ ਕੇ ਹੀ ਉਸ ਉਤੇ ਯਕੀਨ ਕੀਤਾ ਜਾਂਦਾ ਹੈ। ਇਹ ਗੱਲ ਪੂਰੀ ਤਰ੍ਹਾਂ ਤਰਕ-ਸੰਗਤ ਹੈ ਤੇ ਗੁਰੂ ਸਾਹਿਬ, ਜੋ ਆਮ ਸਮਝ ਤੇ ਤਰਕ-ਵਿਵੇਕ ਦੇ ਧਨੀ ਸਨ, ਨੇ ਵੀ ਇਹੀ ਗੱਲ ਕਹੀ ਹੈ।

ਇਸ ਪੱਕੀ ਗੱਲ ਨੂੰ ਆਧਾਰ ਬਣਾ ਕੇ ਉਪਰੋਕਤ ਪਉੜੀ ਦੇ ਸਹੀ ਅਰਥ ਇਸ ਤਰ੍ਹਾਂ ਕੀਤੇ ਜਾ ਸਕਦੇ ਹਨ, "ਸੁਣਨ ਵਿਚ ਆਉਂਦਾ ਹੈ ਕਿ ਸ਼ਰੀਅਤ ਦੇ ਐਡੇ ਵੱਡੇ ਵੱਡੇ ਧੁਰੰਦਰ ਵਿਦਵਾਨ ਪਏ ਹਨ, ਜਿਨ੍ਹਾਂ ਨੂੰ ਇਸਲਾਮੀ ਫਲਸਫੇ ਤੇ ਕਾਨੂੰਨ ਦਾ ਪੂਰਾ ਗਿਆਨ ਹੈ। ਇਹ ਵੀ ਸੁਣਨ ਵਿਚ ਆਉਂਦਾ ਹੈ ਕਿ ਇਸਲਾਮ ਦੇ ਕਈ ਗਿਆਨੀਆਂ ਨੇ ਤਾਂ ਆਪਣੀ ਵਿਦਵਤਾ ਕਾਰਨ ਸ਼ੇਖਾਂ, ਪੀਰਾਂ ਤੇ ਪਾਤਸ਼ਾਹਾਂ ਦੀਆਂ ਮਾਨਯੋਗ ਪਦਵੀਆਂ ਹਾਸਲ ਕਰ ਲਈਆਂ ਹਨ। ਸੁਣੀਦਾ ਹੈ ਕਿ ਉਹ ਅੰਨ੍ਹਿਆਂ ਨੂੰ ਵੀ ਰਸਤਾ ਦਿਖਾ ਦਿੰਦੇ ਹਨ, ਭਾਵ ਅਕਲ ਦੇ ਅੰਨ੍ਹਿਆਂ ਨੂੰ ਸਮਝ ਦੇ ਦਿੰਦੇ ਹਨ ਜਾਂ ਅਣਜਾਣ ਆਦਮੀ ਨੂੰ ਜਾਣਕਾਰੀ ਦੇ ਕੇ ਉਸ ਦੀਆਂ ਅੱਖਾਂ ਖੋਲ੍ਹ ਦਿੰਦੇ ਹਨ। ਇਹ ਵੀ ਸੁਣਿਆ ਹੈ ਕਿ ਇਨ੍ਹਾਂ ਕਰਨੀ ਵਾਲੇ ਪੁਰਸ਼ਾਂ ਦੇ ਹੱਥ ਕੋਈ ਡੂੰਘੀ ਭਾਵ ਗੈਬੀ ਸ਼ਕਤੀ ਹੁੰਦੀ ਹੈ, ਜਿਸ ਨਾਲ ਉਹ ਆਪਣਾ ਤੇ ਆਪਣੇ ਭਗਤਾਂ ਦਾ ਹਰ ਕੰਮ ਰਾਸ ਕਰ ਦਿੰਦੇ ਹਨ ਅਰਥਾਤ ਹੱਥ ਦੇ ਫੇਰ ਨਾਲ ਹੀ ਮਰਦੇ ਨੂੰ ਬਚਾ ਲੈਂਦੇ ਹਨ, ਅਣਸੁਖਾਵੀਆਂ ਘਟਨਾਵਾਂ ਮੋੜ ਦਿੰਦੇ ਹਨ, ਭਵਿੱਖਵਾਣੀ ਕਰ ਦਿੰਦੇ ਹਨ ਤੇ ਕੁਦਰਤ ਨੂੰ ਉਂਗਲੀਆਂ 'ਤੇ ਨਚਾ ਲੈਂਦੇ ਹਨ। ਫਿਰ ਇਹ ਵੀ ਸੁਣਦੇ ਹਾਂ ਕਿ ਅਜਿਹੇ ਮਹਾਂਪੁਰਸ਼ਾਂ ਦੀ ਸੰਗਤ ਵਿਚ ਦੂਖ ਤੇ ਪਾਪ ਕੱਟੇ ਜਾਂਦੇ ਹਨ, ਭਾਵ ਕੁਦਰਤ ਦੀਆਂ ਕਰੋਪੀਆਂ ਕਾਰਨ ਆਏ ਕਸ਼ਟ ਅਤੇ ਲੋਕਾਂ ਦੇ ਆਪਣੇ ਗੁਨਾਹਾਂ ਕਾਰਨ ਪੈਦਾ ਹੋਏ ਦੁੱਖ ਦਲਿੱਦਰ ਦੂਰ ਹੋ ਜਾਂਦੇ ਹਨ। ਅਜਿਹਾ ਸੁਣ ਕੇ ਭਗਤ ਜਨਾਂ ਭਾਵ ਸੁਣਨ ਵਾਲਿਆਂ ਦੇ ਮਨਾਂ ਵਿਚ ਖੁਸ਼ੀ ਦੀ ਲਹਿਰ ਦੌੜ ਜਾਂਦੀ ਹੈ।" ਫਿਰ ਉਹ ਖਾਮੋਸ਼ ਭਾਸ਼ਾ ਵਿਚ ਪੁੱਛਦੇ ਹਨ, "ਕੀ ਇਨ੍ਹਾਂ ਗੱਲਾਂ ਨੂੰ ਮੰਨ ਲਈਏ?"

ਇਹ ਲਿਖ ਕੇ ਗੁਰੂ ਸਾਹਿਬ ਇਕ ਤੀਰ ਨਾਲ ਦੋ ਨਿਸ਼ਾਨੇ ਲਾਉਂਦੇ ਹਨ। ਪਹਿਲਾ, ਉਹ ਇਹ ਦੱਸਦੇ ਹਨ ਕਿ ਗੈਬੀ ਸ਼ਕਤੀਆਂ ਬਾਰੇ ਸੁਣੀਆਂ ਸੁਣਾਈਆਂ ਕਥਾਵਾਂ ਗੱਪਾਂ ਹੁੰਦੀਆਂ ਹਨ। ਇਸ ਸੰਸਾਰ ਵਿਚ ਕਿਸੇ ਵਲੋਂ ਕੁਦਰਤ ਦੇ ਕਾਨੂੰਨ ਨੂੰ ਆਪਣੇ ਹੱਥ ਵਿਚ ਲੈਣਾ ਅਸੰਭਵ ਹੈ। ਕੋਈ ਮਨੁੱਖ ਕਿੰਨਾ ਵੀ ਗਿਆਨੀ ਕਿਉਂ ਨਾ ਹੋਵੇ, ਉਹ ਹੱਥਾਂ 'ਤੇ ਸਰ੍ਹੋਂ ਨਹੀਂ ਜਮਾ ਸਕਦਾ। ਕੁਦਰਤ ਨੂੰ ਹੱਥ ਪਾਉਣ ਲਈ ਵਿਗਿਆਨ ਦੀ ਲੋੜ ਹੈ ਤੇ ਵਿਗਿਆਨ ਦੀ ਵਿਧੀ ਸਿੱਖੀ ਦੇ ਰਸਤੇ ਤਾਈਂ ਆਉਂਦੀ ਹੈ। ਸਿੱਖੀ ਨਦਰਿ, ਤਰਕ ਤੇ ਬੁੱਧੀ ਦੇ ਪ੍ਰਯੋਗ ਰਾਹੀਂ ਛੋਟੀਆਂ ਛੋਟੀਆਂ ਜਾਣਕਾਰੀਆਂ ਨੂੰ ਪੁਣ-ਪਰਖ ਕੇ ਸਥਾਈ ਤੱਥਾਂ ਵਿਚ ਢਾਲਣਾ ਸਿਖਾਉਂਦੀ ਹੈ। ਇਸ ਤੋਂ ਪੈਦਾ ਹੋਈ ਪ੍ਰਬੀਨਤਾ (skill) ਇਕ ਅਜਿਹਾ ਔਜ਼ਾਰ ਹੈ, ਜੋ ਕੁਦਰਤ ਦੀਆਂ ਪਰਤਾਂ ਫਰੋਲਦਾ ਹੈ ਤੇ ਇਸ ਦੇ ਗੁਪਤ ਨਿਯਮਾਂ ਦੀ ਖੋਜ ਕਰਦਾ ਹੈ। ਇਨ੍ਹਾਂ ਨਿਯਮਾਂ ਦੀ ਵਰਤੋਂ ਰਾਹੀਂ ਇਹ ਸ਼ਕਤੀਸ਼ਾਲੀ ਤੇ ਅਧਭੁਤ ਪ੍ਰਾਪਤੀਆਂ ਦੀ ਸਮਰੱਥਾ ਪੈਦਾ ਕਰਨ ਦਾ ਦਾਈਆ ਕਰਦੀ ਹੈ। ਸਿੱਖੀ ਹੀ ਵਿਗਿਆਨ ਹੈ ਤੇ ਹਰ ਵਿਗਿਆਨ ਅੰਦਰੋਂ ਸਿੱਖੀ ਦੇ ਵਿਧੀ-ਵਿਧਾਨ 'ਤੇ ਹੀ ਚਲ ਰਿਹਾ ਹੈ। ਗੈਬੀ ਸ਼ਕਤੀਆਂ ਦੀ ਕਲਪਨਾ ਤੇ ਅਧਿਆਤਮਕ ਗੱਲਾਂ ਮਿਥਿਹਾਸਕ ਹਨ। ਇਨ੍ਹਾਂ ਤੋਂ ਮਨ ਨੂੰ ਮੁਕਤ ਰੱਖਣਾ ਹੀ ਸਹੀ ਸੇਧ ਹੈ।

ਦੂਜੇ ਗੁਰੂ ਸਾਹਿਬ ਨੇ ਇਸ ਪਉੜੀ ਰਾਹੀਂ ਇਹ ਧਾਰਨਾ ਨਕਾਰੀ ਹੈ ਕਿ ਸੁਣੀਆਂ ਗੱਲਾਂ ਸੱਚ ਹੁੰਦੀਆਂ ਹਨ। ਜਿਵੇਂ ਪਹਿਲਾਂ ਵਰਣਨ ਕੀਤਾ ਗਿਆ ਹੈ ਕਿ ਇਹ ਸੱਚ ਵੀ ਹੋ ਸਕਦੀਆਂ ਹਨ ਤੇ ਗਲਤ ਵੀ। ਸਭ ਅਫਵਾਹਾਂ ਸੁਣੀਆਂ ਸੁਣਾਈਆਂ ਹੁੰਦੀਆਂ ਹਨ ਤੇ ਇਹ ਕਿਸੇ ਗਿਆਨ ਦਾ ਹਿੱਸਾ ਨਹੀਂ ਹੋ ਸਕਦੀਆਂ। ਸੱਚ ਮੰਨਣ ਤੋਂ ਪਹਿਲਾਂ ਇਨ੍ਹਾਂ ਦੀ ਪੂਰੀ ਜਾਂਚ ਪੜਤਾਲ ਹੋਣੀ ਚਾਹੀਦੀ ਹੈ। ਜੇ ਸਹੀ ਪਾਈਆਂ ਜਾਣ ਤਾਂ ਹੀ ਇਨ੍ਹਾਂ ਨੂੰ ਸੱਚ ਮੰਨਣਾ ਚਾਹੀਦਾ ਹੈ, ਨਹੀਂ ਤਾਂ ਨਹੀਂ। ਜਾਂਚ ਪੜਤਾਲ ਆਮ ਪੁੱਛ-ਗਿੱਛ ਕਰ ਕੇ ਭਾਵ ਸਰਵੇ ਰਾਹੀਂ ਵੀ ਹੋ ਸਕਦੀ ਹੈ ਤੇ ਕਿਸੇ ਗਵਾਹੀ ਦੇ ਆਧਾਰ 'ਤੇ ਵੀ। ਇਹ ਕੋਈ ਲਿਖਤੀ ਸਬੂਤ ਜਾਂ ਪ੍ਰਮਾਣ ਪੱਤਰ ਵੇਖ ਕੇ ਵੀ ਹੋ ਸਕਦੀ ਹੈ ਤੇ ਪ੍ਰੀਖਣ ਕਰ ਕੇ ਜਾਂ ਲੈਬਾਰਟਰੀ ਟੈਸਟ ਰਾਹੀਂ ਵੀ। ਸੁਣੀ-ਸੁਣਾਈ ਗੱਲ ਨੂੰ ਪਰਖਣ ਦਾ ਇਕ ਮੋਟਾ ਤੇ ਅਹਿਮ ਤਰੀਕਾ ਇਸ ਨੂੰ ਤਰਕ ਦੀ ਕਸੌਟੀ 'ਤੇ ਪਰਖਣਾ ਹੈ, ਪਰ ਜਾਂਚ ਪੜਤਾਲ ਕਿਸੇ ਢੰਗ ਨਾਲ ਵੀ ਹੋਵੇ, ਇਸ ਦੇ ਸਿੱਟੇ ਤਰਕ ਦੇ ਤਰਾਜ਼ੂ ਵਿਚ ਪੂਰੇ ਉਤਰਨੇ ਚਾਹੀਦੇ ਹਨ। ਪਰਖ ਜਿੰਨੀ ਸਖਤ ਹੋਵੇਗੀ, ਉਨਾ ਹੀ ਗਿਆਨ ਦਾ ਆਧਾਰ ਪੱਕਾ ਹੋਵੇਗਾ। ਵਿਗਿਆਨ ਜਿੰਨਾ ਪੱਕਾ ਤੇ ਸਥਾਈ ਹੋਵੇਗਾ, ਉਨਾ ਹੀ ਇਹ ਕੁਦਰਤ ਦੇ ਨੇੜੇ ਹੋਵੇਗਾ। ਕੁਦਰਤ ਦੇ ਪੱਕੇ ਨਿਯਮਾਂ ਦਾ ਗਿਆਨ ਵੀ ਪੱਕਾ ਹੀ ਹੋਵੇਗਾ। ਜੇ ਕੁਦਰਤ ਦੇ ਨਿਯਮਾਂ ਨੂੰ ਸਮਝ ਲਿਆ ਜਾਵੇ ਤਾਂ ਇਸ ਦੇ ਕਾਦਰ ਦੀ ਪਛਾਣ ਵੀ ਹੋ ਜਾਵੇਗੀ। ਇਸ ਤਰ੍ਹਾਂ ਗਿਆਨ ਤੇ ਵਿਗਿਆਨ ਇੱਕਠੇ ਹੋ ਕੇ ਇਕੋ ਮੰਜ਼ਿਲ ਵਿਚ ਸਮਾ ਜਾਣਗੇ। ਜੇ ਇਹ ਸਿੱਖੀ ਹੈ ਤਾਂ ਵਿਗਿਆਨ ਵੀ ਇਹੀ ਹੈ।

ਸਪਸ਼ਟ ਹੈ ਕਿ ਜੋ ਵਿਦਵਾਨ ਹੁਣ ਤੀਕ ਇਹ ਕਹਿੰਦੇ ਆ ਰਹੇ ਸਨ ਕਿ ਸਿੱਖੀ ਦਾ ਵਿਗਿਆਨ ਨਾਲ ਕੋਈ ਸਬੰਧ ਨਹੀਂ, ਉਹ ਇਸ ਲਈ ਖੰਭ ਮਾਰ ਰਹੇ ਸਨ ਕਿ ਉਨ੍ਹਾਂ ਨੇ ਹਾਲੇ ਜਪੁਜੀ 'ਪੜ੍ਹਿਆ' ਨਹੀਂ ਸੀ। ਉਨ੍ਹਾਂ ਵਿਚੋਂ ਜੇ ਕੋਈ ਹੁਣ ਵੀ ਉਸੇ ਸ਼ੱਕ ਵਿਚ ਫਸਿਆ ਹੋਵੇ ਤਾਂ ਉਹ ਅਗਲੀ ਪਉੜੀ ਦੀ ਵਿਆਖਿਆ ਦਾ ਇੰਤਜਾਰ ਕਰੇ।

# ਤੇਰਾ ਥਾਨੁ ਸੁਹਾਵਾ

## ਪਾਕਿਸਤਾਨ ਯਾਤਰਾ



ਡਾ. ਗੁਰਨਾਮ ਕੌਰ, ਕੈਨੇਡਾ

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਸ਼ਹਿਰ ਕਸੂਰ ਲਾਹੌਰ ਤੋਂ ਕਰੀਬ 49 ਕਿਲੋਮੀਟਰ ਦੂਰ ਹੈ ਅਤੇ ਲਾਹੌਰ ਤੋਂ ਕਸੂਰ ਤੱਕ ਗੱਡੀ 'ਚ ਘੰਟਾ ਕੁ ਲੱਗਦਾ ਹੈ। ਇਹ ਭਾਰਤੀ ਸਰਹੱਦ ਦੇ ਪੱਛਮ ਵੱਲ ਪੈਂਦਾ ਹੈ। ਕਸੂਰ ਜਿਲਾ ਹੈ, ਜਿਸ ਦੀ ਹੱਦ ਇਕ ਪਾਸੇ ਨਾਰੋਵਾਲ ਅਤੇ ਲਾਹੌਰ ਜਿਲਿਆਂ ਨਾਲ ਲੱਗਦੀ ਹੈ ਤੇ ਦੂਜੇ ਪਾਸੇ ਪੰਜਾਬ ਦੇ ਹੀ ਓਕਾਰਾ ਜਿਲੇ ਨਾਲ ਲੱਗਦੀ ਹੈ। ਅਰਬੀ ਭਾਸ਼ਾ ਦੇ ਸ਼ਬਦ 'ਕਸੂਰ' ਦਾ ਅਰਥ ਹੈ-ਮਹਿਲ, ਕਿਲੇ। ਹਿੰਦੂ ਪਰੰਪਰਾ ਅਨੁਸਾਰ ਇਸ ਨੂੰ ਰਮਾਇਣ ਦੇ ਪਾਤਰ ਕੁਸ਼ ਨੇ ਵਸਾਇਆ ਸੀ, ਜੋ ਸੀਤਾ ਅਤੇ ਰਾਮ ਚੰਦਰ ਦਾ ਪੁੱਤਰ ਸੀ; ਪਰ ਇਤਿਹਾਸਕ ਤੱਥ ਪੁਰਾਤਨ ਮਿਥਿਹਾਸਕ ਨੀਂਹ ਨੂੰ ਨਕਾਰਦੇ ਹਨ। ਇਤਿਹਾਸਕਾਰਾਂ ਅਨੁਸਾਰ ਕਸੂਰ ਸ਼ਹਿਰ ਮੁਹੰਮਦਜ਼ਈ ਪਖਤੂਨਾਂ ਦੇ ਕਬੀਲੇ ਖੇਸ਼ਗੀ ਵੱਲੋਂ 1525 ਵਿਚ ਵਸਾਇਆ ਗਿਆ ਸੀ, ਜੋ ਅਫਗਾਨਿਸਤਾਨ ਤੋਂ ਬਾਬਰ ਦੇ ਸਮੇਂ ਦੱਰਾ ਖੈਬਰ ਪਖਤੂਨ ਖਵਾ (ਪਾਕਿਸਤਾਨ-ਅਫਗਾਨਿਸਤਾਨ) ਤੋਂ ਆਏ ਸਨ ਅਤੇ ਉਨ੍ਹਾਂ ਨੇ ਇਲਾਕੇ ਵਿਚ ਛੋਟੇ ਛੋਟੇ ਕਿਲੇ ਬਣਾਏ। ਇਸੇ ਸਮੇਂ ਸੂਫੀ ਸੰਤਾਂ ਦੇ ਪ੍ਰਚਾਰ ਸਦਕਾ ਪੰਜਾਬ ਦਾ ਇਹ ਇਲਾਕਾ ਧਰਮ ਬਦਲੀ ਕਰਕੇ ਕਾਫੀ ਗਿਣਤੀ ਵਿਚ ਮੁਸਲਿਮ ਹੋ ਗਿਆ ਸੀ। ਬਰਤਾਨਵੀ ਰਾਜ ਸਮੇਂ ਨਹਿਰਾਂ ਕੱਢ ਕੇ ਕਸੂਰ ਦੇ ਬਹੁਤ ਵੱਡੇ ਖੇਤਰ ਨੂੰ ਨਹਿਰੀ ਸਿੰਜਾਈ ਅਧੀਨ ਲਿਆਂਦਾ ਗਿਆ ਸੀ। 1947 ਵਿਚ ਹੋਈ ਮੁਲਕ ਦੀ ਵੰਡ ਸਮੇਂ ਹਿੰਦੂ-ਸਿੱਖ ਭਾਰਤ ਵੱਲ ਪਲਾਇਨ ਕਰ ਗਏ ਅਤੇ ਇਸ ਪਾਸਿਓਂ ਮੁਸਲਮਾਨ ਮੁਹਾਜ਼ਿਰ ਓਧਰ ਚਲੇ ਗਏ। ਵੰਡ ਪਿਛੋਂ ਕਸੂਰ ਚਮੜਾ ਰੰਗਣ ਦਾ ਵੱਡਾ ਕੇਂਦਰ ਬਣ ਗਿਆ, ਜਿੱਥੇ ਪਾਕਿਸਤਾਨ ਦੇ ਚਮੜਾ ਰੰਗਣ ਦੇ ਕਾਰੋਬਾਰ ਦਾ ਕਰੀਬ ਤੀਜਾ ਹਿੱਸਾ ਸਥਾਪਤ ਹੈ।

ਮਹਾਨ ਸੂਫੀ ਸੰਤ ਅਤੇ ਪੰਜਾਬੀ ਦੇ ਸਥਾਪਤ ਕਵੀ ਬਾਬਾ ਬੁੱਲ੍ਹੇ ਸ਼ਾਹ ਤੋਂ ਕੌਣ ਨਾਵਾਕਫ ਹੈ! ਇਧਰਲੇ ਜਾਂ ਉਧਰਲੇ ਪੰਜਾਬ ਦਾ ਕੋਈ ਸੂਫੀ ਗਾਇਕ ਨਹੀਂ ਹੋਣਾ, ਜਿਸ ਨੇ ਬਾਬਾ ਬੁੱਲ੍ਹੇ ਸ਼ਾਹ ਨੂੰ ਨਾ ਗਾਇਆ ਹੋਵੇ। ਪਾਕਿਸਤਾਨੀ ਫਨਕਾਰਾ ਫਰੀਹਾ ਪਰਵੇਜ਼ ਦੇ ਗਾਏ 'ਜਾਣਾ ਜੋਗੀ ਦੇ ਨਾਲ' ਅਤੇ ਭਾਰਤੀ ਪੰਜਾਬੀ ਗਾਇਕ ਰੱਬੀ ਗਿੱਲ ਦਾ 'ਬੁੱਲ੍ਹਾ ਕੀ ਜਾਣਾ ਮੈਂ ਕੌਣ' ਸਿੱਧੇ ਦਿਲ ਵਿਚ ਉਤਰਦੇ ਹਨ। ਬੁੱਲ੍ਹੇ ਸ਼ਾਹ ਅਨੁਸਾਰ ਧਾਰਮਿਕ ਰਸਮਾਂ ਜਾਂ ਕਰਮਕਾਂਡ, ਭਾਵੇਂ ਉਹ ਕੋਈ ਵੀ ਹੋਣ ਅਤੇ ਕਿਸੇ ਵੀ ਧਰਮ ਦੀਆਂ ਹੋਣ ਰੱਬ ਦੇ ਮਿਲਾਪ ਦਾ ਰਸਤਾ ਨਹੀਂ ਹਨ; ਰੱਬ ਦਾ ਰਾਹ ਰੱਬ ਅਤੇ ਮਾਨਵਤਾ ਦੇ ਪ੍ਰੇਮ ਦਾ, ਇਮਾਨਦਾਰੀ, ਹਲੀਮੀ ਅਤੇ ਸੱਚਾਈ ਦਾ ਰਾਹ ਹੈ। ਕਸੂਰ ਵਿਚ ਬਾਬਾ ਬੁੱਲ੍ਹੇ ਸ਼ਾਹ ਦਾ ਮਜ਼ਾਰ ਬਹੁਤ ਹੀ ਖੁੱਲ੍ਹੀ ਥਾਂ 'ਤੇ ਬਣਿਆ ਹੋਇਆ ਹੈ।

ਲਾਹੌਰ ਤੋਂ ਕਸੂਰ ਨੂੰ ਜਾਂਦੀ ਫਿਰੋਜਪੁਰ ਸੜਕ ਬਹੁਤ ਹੀ ਵਧੀਆ ਬਣੀ ਹੋਈ ਹੈ। ਪਾਕਿਸਤਾਨ ਦੀਆਂ ਕਰੀਬ ਸਾਰੀਆਂ ਹੀ ਸੜਕਾਂ ਬਹੁਤ ਸੁਹਣੀਆਂ ਬਣੀਆਂ ਹੋਈਆਂ ਹਨ; ਕਿਧਰੇ ਵੀ ਟੋਏ-ਟਿੱਬੇ ਨਹੀਂ ਹਨ। ਮਜ਼ਾਰ ਵੱਲ ਜਾਂਦੀ ਬਾਜ਼ਾਰ ਦੀ ਸੜਕ ਸ਼ੁਰੂ ਹੋਣ ਤੋਂ ਪਹਿਲਾ ਹੀ ਇੱਕ ਖੁੱਲ੍ਹੀ ਜਿਹੀ ਪਾਰਕਿੰਗ ਲਈ ਬਣੀ ਥਾਂ ਦੇਖ ਕੇ ਮਨਜ਼ੂਰ ਭਾਈ ਨੇ ਗੱਡੀ ਖਲ੍ਹਾਰ ਲਈ ਅਤੇ ਅਸੀਂ ਉਥੋਂ ਉਤਰ ਕੇ ਸਲਮਾਨ ਦੇ ਪਿੱਛੇ ਪਿੱਛੇ ਬਾਜ਼ਾਰ ਵਿਚੋਂ ਦੀ ਪੈਦਲ ਹੋ ਲਏ; ਕਾਫੀ ਭੀੜ ਸੀ। ਆਸ ਪਾਸ ਬਾਜ਼ਾਰ ਵਿਚ ਹੋਰ ਨਿੱਕ-ਸੁੱਕ ਦੇ ਨਾਲ ਨਾਲ ਪੰਜਾਬੀ ਜੁੱਤੀਆਂ ਦੀਆਂ ਦੁਕਾਨਾਂ ਵੀ ਸਜੀਆਂ ਹੋਈਆਂ ਸਨ, ਪਰ ਸਾਨੂੰ ਮਜ਼ਾਰ 'ਤੇ ਪਹੁੰਚਣ ਦੀ ਕਾਹਲ ਸੀ। ਕਾਫੀ ਲੋਕ ਮਜ਼ਾਰ ਵਿਚੋਂ ਆ-ਜਾ ਰਹੇ ਸਨ। ਅੰਦਰਲੇ ਪ੍ਰਵੇਸ਼ ਦੁਆਰ 'ਤੇ ਹੀ ਜੋੜੇ ਖੋਲ੍ਹਣ ਦੀ ਥਾਂ ਬਣੀ ਹੋਈ ਸੀ ਅਤੇ ਉਥੇ ਕਸੂਰੀ ਮੇਥੀ ਅਤੇ ਹੋਰ ਪੰਜਾਬੀ ਸਭਿਆਚਾਰ ਨਾਲ ਸਬੰਧਤ ਆਮ ਵਰਤੋਂ ਦੀਆਂ ਕੁਝ ਚੀਜ਼ਾਂ ਤੇ ਸਜਾਵਟੀ ਸਮਾਨ ਵੀ ਵਿਕ ਰਿਹਾ ਸੀ।



*ਗੁਰਦੁਆਰਾ ਸੱਚਾ ਸੌਦਾ ਵਿਖੇ*

ਜੋੜੇ ਉਤਾਰ ਕੇ ਮਜ਼ਾਰ ਦੀ ਚਾਰਦੀਵਾਰੀ ਅੰਦਰ ਬਹੁਤ ਖੁੱਲ੍ਹੀ ਥਾਂ ਹੈ, ਜਿੱਥੇ ਸ਼ਰਧਾਲੂ ਘੁੰਮ ਫਿਰ ਰਹੇ ਸਨ। ਬੀਬੀਆਂ ਨੂੰ ਸਾਈਂ ਬੁੱਲੇ ਸ਼ਾਹ ਦੀ ਕਬਰ ਵਾਲੇ ਖਾਸ ਸਥਾਨ ਤੇ ਮਜ਼ਾਰ ਵਿਚ ਜਾਣ ਦੀ ਆਗਿਆ ਨਹੀਂ ਹੈ; ਪਰ ਦੀਵਾਰਾਂ ਵਿਚ ਸੀਮਿੰਟ ਦੀਆਂ ਜਾਲੀਆਂ ਲਾ ਕੇ ਬਣਾਏ ਝਰੋਖਿਆਂ ਰਾਹੀਂ ਅੰਦਰ ਝਾਤ ਪਾਈ ਜਾ ਸਕਦੀ ਹੈ। ਇਨ੍ਹਾਂ ਝਰੋਖਿਆਂ ਦੀ ਜਾਲੀ ਨਾਲ ਹੀ ਔਰਤਾਂ ਧਾਗੇ ਬੰਨ੍ਹ ਕੇ ਆਪਣੀਆਂ ਸੁੱਖਾਂ ਸੁੱਖ ਰਹੀਆਂ ਸਨ। ਅਸੀਂ-ਮਿਸਿਜ ਗਿੱਲ, ਉਨ੍ਹਾਂ ਦੀਆਂ ਬੱਚੀਆਂ ਜੋਤੀ ਤੇ ਸਿਮਰ ਨੇ ਇਨ੍ਹਾਂ ਝਰੋਖਿਆਂ ਰਾਹੀਂ ਹੀ ਮਜ਼ਾਰ ਦੇ ਅੰਦਰਲੇ ਦਰਸ਼ਨ ਕੀਤੇ। ਜਦੋਂ ਹਰਜੀਤ ਗਿੱਲ ਆਪਣੇ ਬੇਟੇ ਪ੍ਰਤੀਕ ਸਮੇਤ ਬਾਹਰ ਆਇਆ ਤਾਂ ਵਾਰੀ ਵਾਰੀ ਉਥੇ ਦਰਸ਼ਨਾਂ ਲਈ ਆਏ ਕਈਆਂ ਨੇ ਉਨ੍ਹਾਂ ਨਾਲ ਫੋਟੋ ਖਿਚਾਉਣ ਦੀ ਇੱਛਾ ਪ੍ਰਗਟ ਕੀਤੀ ਅਤੇ ਫੋਟੋਆਂ ਖਿਚਾਈਆਂ। ਉਥੋਂ ਅਸੀਂ ਕਸੂਰੀ ਮੇਥੀ ਦੇ ਬੰਦ ਪੈਕਟ ਵੀ ਖਰੀਦੇ। ਮੇਥੀ ਦੀ ਖੁਸ਼ਬੋ ਦੂਰ ਦੂਰ ਤੱਕ ਫੈਲੀ ਹੋਈ ਸੀ। ਹਰਜੀਤ ਸਿੰਘ ਨੇ ਦੱਸਿਆ ਕਿ ਉਥੋਂ ਦੇ ਆਟੋ-ਰਿਕਸ਼ਾ ਵਿਚ ਬੈਠਣ ਦਾ ਆਪਣਾ ਹੀ ਸੁਆਦ ਹੈ। ਸਾਨੂੰ ਹਨੇਰਾ ਹੋ ਜਾਣ ਦਾ ਵੀ ਖਦਸ਼ਾ ਸੀ, ਕਿਉਂਕਿ ਫਰਵਰੀ ਦੇ ਦਿਨ ਹਾਲੇ ਬਹੁਤੇ ਵੱਡੇ ਨਹੀਂ ਹੋਏ ਹੁੰਦੇ। ਇਸ ਲਈ ਅਸੀਂ ਸਭ ਆਟੋ-ਰਿਕਸ਼ਾ ਵਿਚ ਬੈਠ ਗਏ ਅਤੇ ਬਾਜ਼ਾਰ ਪਾਰ ਕਰਕੇ ਗੱਡੀ ਤੱਕ ਪਹੁੰਚਣ ਵਿਚ ਬੜਾ ਚੰਗਾ ਲੱਗਾ।

ਵਾਪਸੀ ਤੇ ਰਾਤ ਦੇ ਖਾਣੇ ਦਾ ਪ੍ਰਬੰਧ ਸਲਮਾਨ ਨੇ ਸਾਨੂੰ ਬਿਨਾ ਦੱਸੇ ਹੀ ਆਪਣੇ ਪਰਿਵਾਰ ਨਾਲ ਆਪਣੇ ਘਰੇ ਬਰਕੀ ਰੋਡ 'ਤੇ ਕੀਤਾ ਹੋਇਆ ਸੀ। ਅਸੀਂ ਜਦੋਂ ਰਸਤੇ ਵਿਚ ਕਿਧਰੇ ਖਾਣਾ ਖਾਣ ਦੀ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਉਸ ਦਾ ਪਰਿਵਾਰ ਰਾਤ ਦੇ ਖਾਣੇ ਲਈ ਸਾਡੀ ਉਡੀਕ ਕਰ ਰਿਹਾ ਹੈ। ਉਸ ਦੇ ਘਰ ਪਹੁੰਚਦਿਆਂ ਨੂੰ ਸਾਨੂੰ ਕਾਫੀ ਹਨੇਰਾ ਹੋ ਗਿਆ ਸੀ। ਘਰ ਵੜਦਿਆਂ ਹੀ ਡਿਉੜੀ ਦੇ ਸੱਜੇ ਹੱਥ ਵਾਹਵਾ ਹੀ ਖੁੱਲ੍ਹਾ ਮਹਿਮਾਨ ਕਮਰਾ ਬਣਿਆ ਹੋਇਆ ਸੀ, ਜਿਸ ਵਿਚ ਕੰਧ ਨਾਲ ਡਾਹੇ ਸੋਫਿਆਂ ਦੇ ਨਾਲ ਅੰਦਰ ਵੜਦਿਆਂ ਹੀ ਖੱਬੇ ਹੱਥ ਕੰਧ ਨਾਲ ਸੂਤ ਦਾ ਬੁਣਿਆ ਮੰਜਾ ਡਾਹਿਆ ਹੋਇਆ ਸੀ। ਲੰਮੇ ਰੁੱਖ ਵੱਡਾ ਸਾਰਾ ਡਾਈਨਿੰਗ ਟੇਬਲ ਲੱਗਾ ਸੀ, ਜਿਸ 'ਤੇ ਵੱਡੇ ਪਰਿਵਾਰ ਨਾਲ ਕਾਫੀ ਗਿਣਤੀ ਵਿਚ ਮਹਿਮਾਨ ਖਾਣੇ ਦਾ ਅਨੰਦ ਮਾਣ ਸਕਦੇ ਹਨ। ਇਸ ਤੋਂ ਹੀ ਮਹਿਮਾਨ ਨਿਵਾਜੀ ਦਾ ਪਤਾ ਲਗਦਾ ਸੀ। ਸਲਮਾਨ ਦੀ ਅੰਮੀ, ਅੱਬਾ, ਵੱਡੇ ਭਰਾ-ਭਰਜਾਈਆਂ ਬਹੁਤ ਹੀ ਪਿਆਰ ਅਤੇ ਨਿੱਘ ਨਾਲ ਮਿਲੇ ਜਿਵੇਂ ਚਿਰਾਂ ਦੇ ਜਾਣਦੇ ਹੋਣ। ਵੈਸੇ ਵੀ ਟੱਬਰ ਕਾਫੀ ਪੜ੍ਹਿਆ ਲਿਖਿਆ ਅਤੇ ਨੌਕਰੀਆਂ ਕਰਨ ਵਾਲਾ ਹੈ; ਸਭ ਤੋਂ ਵੱਡਾ ਭਾਈ ਹਾਈ ਕੋਰਟ ਦਾ ਵਕੀਲ ਹੈ, ਜਦੋਂ ਕਿ ਸਲਮਾਨ ਤੋਂ ਬਿਨਾ ਬਾਕੀ ਤਿੰਨੋਂ ਪੰਜਾਬ ਪੁਲਿਸ 'ਚ ਹਨ। ਦੋ ਵੱਡੀਆਂ ਭਰਜਾਈਆਂ ਉਚੀ ਵਿੱਦਿਆ ਪ੍ਰਾਪਤ ਹਨ ਅਤੇ ਸਕੂਲਾਂ ਵਿਚ ਪੜ੍ਹਾਉਂਦੀਆਂ ਹਨ। ਸਲਮਾਨ ਦੇ ਜੌੜੇ ਭਰਾ ਦੀ ਬੀਵੀ ਉਸ ਦੀ ਭਰਜਾਈ ਪੂਰੀ ਪੜਦੇਦਾਰ ਹੈ ਅਤੇ ਉਸ ਦਾ ਭਰਾ ਔਰਤ ਦਾ ਘਰੋਂ ਬਾਹਰ ਜਾ ਕੇ ਨੌਕਰੀ ਕਰਨ ਨੂੰ ਚੰਗਾ ਨਹੀਂ ਸਮਝਦਾ। ਇਸ ਲਈ ਉਹ ਨੌਕਰੀ ਨਹੀਂ ਕਰਦੀ। ਸਲਮਾਨ ਦੇ ਭਤੀਜੇ-ਭਤੀਜੀਆਂ ਭਾਰਤੀ ਮਹਿਮਾਨਾਂ ਨੂੰ ਦੇਖਣ ਦੀ ਉਤਸੁਕਤਾ ਨਾਲ ਉਡੀਕ ਉਡੀਕ ਕੇ ਸੌਂ ਗਏ ਸਨ।

ਖਾਣਾ ਭਾਵੇਂ ਘਰ ਦੀਆਂ ਸੁਆਣੀਆਂ ਨੇ ਤਿਆਰ ਕੀਤਾ ਸੀ, ਪਰ ਜਿਸ ਤਰ੍ਹਾਂ ਵੰਨ-ਸੁਵੰਨਾ ਭੋਜਨ ਸਮੇਤ ਦੇਸੀ ਘਿਉ ਦੇ ਕੜਾਹ ਦੇ ਸਜਾ ਕੇ ਰੱਖਿਆ ਹੋਇਆ ਸੀ, ਲੱਗਦਾ ਸੀ ਜਿਵੇਂ ਕਿਸੇ ਤਕੜੇ ਰੈਸਟੋਰੈਂਟ ਤੋਂ ਮੰਗਵਾਇਆ ਹੋਵੇ। ਛਾਬੇ ਵਿਚ ਰੱਖੇ ਫੁਲਕੇ ਦੇਖ ਕੇ ਬਚਪਨ ਯਾਦ ਆ ਗਿਆ, ਜਦੋਂ ਸਾਡੇ ਘਰਾਂ ਵਿਚ ਵੀ ਫੁਲਕੇ ਛਾਬੇ ਵਿਚ ਰੱਖੇ ਜਾਂਦੇ ਸਨ। ਬਹੁਤੇ ਪਾਕਿਸਤਾਨੀ ਪਰਿਵਾਰਾਂ ਵਾਂਗ ਉਸ ਦਾ ਘਰ ਵੀ ਪੜਦੇਦਾਰ ਬਣਿਆ ਹੋਇਆ ਸੀ। ਗੱਲਾਂ ਕਰਦਿਆਂ ਕਿ ਲਾਹੌਰ ਦੇ ਆਲੇ-ਦੁਆਲੇ ਕਿਹੜੇ ਕਿਹੜੇ ਗੋਤ ਦੇ ਜੱਟ ਵਸਦੇ ਹਨ, ਸਲਮਾਨ ਦੀ ਅੰਮੀ, ਜਿਸ ਦਾ ਆਪਣਾ ਗੋਤ ਸਿੱਧੂ ਹੈ, ਬੋਲੀ, "ਸਾਰੇ ਹੀ ਗੋਤ ਬਥੇਰੇ ਹਨ, ਪਰ ਸਿੱਧੂ ਬਹੁਤ ਘੱਟ ਨੇ।"

ਦੂਜੇ ਦਿਨ ਸਵੇਰ ਵੇਲੇ ਫਿਰ ਉਸ ਨੇ ਘਰ ਵਿਚ ਹੀ ਦੇਸੀ ਘਿਉ ਦੇ ਪਰੌਂਠਿਆਂ ਦਾ ਨਾਸ਼ਤਾ ਤਿਆਰ ਕਰਵਾ ਰੱਖਿਆ ਸੀ। ਸਾਡੇ ਮਨ੍ਹਾਂ ਕਰਨ 'ਤੇ ਬੋਲਿਆ ਕਿ ਸਾਡੇ ਬੱਚਿਆਂ ਨੂੰ ਤੁਹਾਨੂੰ ਦੇਖਣ ਦਾ ਬਹੁਤ ਚਾਅ ਸੀ, ਜੋ ਰਾਤੀ ਉਡੀਕਦੇ ਸੌਂ ਗਏ ਸਨ। ਇਸ ਲਈ ਹੁਣ ਨਾਸ਼ਤੇ 'ਤੇ ਉਨ੍ਹਾਂ ਨੂੰ ਮਿਲਣ ਦਾ ਸਬੱਬ ਵੀ ਬਣ ਜਾਵੇਗਾ।

ਖੈਰ! 15 ਫਰਵਰੀ ਨੂੰ ਸਾਡਾ ਸਭ ਤੋਂ ਪਹਿਲਾ ਪ੍ਰੋਗਰਾਮ ਨਨਕਾਣਾ ਸਾਹਿਬ ਜਾਣ ਦਾ ਸੀ ਤਾਂ ਕਿ ਜਿਸ ਮਕਸਦ ਲਈ ਆਏ ਸਾਂ, ਉਹ ਪੂਰਾ ਹੋ ਜਾਵੇ। ਸਲਮਾਨ ਨੇ ਹਰਜੀਤ ਸਿੰਘ ਨੂੰ ਪੁੱਛਿਆ ਕਿ ਕੀ ਉਸ ਦੇ ਮਾਮੇ ਦੀਆਂ ਦੋ ਬੇਟੀਆਂ ਸਾਡੇ ਨਾਲ ਚੱਲ ਸਕਦੀਆਂ ਹਨ, ਜਿਨ੍ਹਾਂ ਨੇ ਕਦੀ ਪਹਿਲਾਂ ਨਨਕਾਣਾ ਸਾਹਿਬ ਨਹੀਂ ਦੇਖਿਆ। ਸਾਨੂੰ ਕੀ ਉਜਰ ਹੋ ਸਕਦਾ ਸੀ, ਜਦੋਂ ਕਿ ਗੱਡੀ ਵਿਚ ਲੋੜ ਤੋਂ ਵੀ ਵੱਧ ਸੀਟਾਂ ਹੈਗੀਆਂ ਸਨ। ਅਸੀਂ ਨਾਸ਼ਤੇ ਪਿਛੋਂ ਉਨ੍ਹਾਂ ਨੂੰ ਵੀ ਨਾਲ ਲਿਆ, ਜੋ ਜੀ. ਸੀ. ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਹਨ। ਇੱਕ ਬੀ.ਐਸਸੀ. ਕਰ ਰਹੀ ਹੈ, ਦੂਜੀ ਪਰਸ਼ੀਅਨ ਦੀ ਮਾਸਟਰ ਡਿਗਰੀ। ਨਨਕਾਣਾ ਸਾਹਿਬ ਲਾਹੌਰ ਤੋਂ ਕੋਈ 57 ਮੀਲ ਪੱਛਮ ਵੱਲ ਅਤੇ ਫੈਸਲਾਬਾਦ ਤੋਂ ਪੂਰਬ ਵੱਲ 47 ਮੀਲ 'ਤੇ ਹੈ। ਅਸੀਂ ਜਾਣਦੇ ਹੀ ਹਾਂ ਕਿ ਨਨਕਾਣਾ ਸਾਹਿਬ ਦਾ ਪਹਿਲਾ ਨਾਂ ਰਾਇ ਭੋਇੰ ਦੀ ਤਲਵੰਡੀ ਸ, ਜਿਸ ਨੂੰ ਰਾਏ ਬੁਲਾਰ ਭੱਟੀ ਦੇ ਪੂਰਵਜ ਰਾਇ ਭੋਇੰ ਨੇ ਵਸਾਇਆ ਸੀ। ਗੁਰੂ ਨਾਨਕ ਸਾਹਿਬ ਦਾ ਜਨਮ ਸਥਾਨ ਹੋਣ ਕਰਕੇ ਪਿੱਛੋਂ ਇਸ ਦਾ ਨਾਂ ਨਨਕਾਣਾ ਸਾਹਿਬ ਪੈ ਗਿਆ। ਰਾਇ ਬੁਲਾਰ ਭੱਟੀ ਨੇ ਵੀ ਗੁਰੂ ਨਾਨਕ ਸਾਹਿਬ ਨੂੰ ਬਚਪਨ ਤੋਂ ਹੀ ਪਛਾਣ ਲਿਆ ਸੀ ਕਿ ਉਹ ਰੱਬੀ ਜੋਤਿ ਹਨ। ਉਸ ਨੇ ਗੁਰੂ ਨਾਨਕ ਦੇ ਨਾਮ 7500 ਏਕੜ ਜ਼ਮੀਨ ਕੀਤੀ ਸੀ, ਜੋ ਅੱਜ ਵੀ ਗੁਰੂ ਨਾਨਕ ਦੇ ਨਾਂ ਹੀ ਬੋਲਦੀ ਹੈ।

ਸੰਨ 2005 ਤੱਕ ਨਨਕਾਣਾ ਸਾਹਿਬ ਜਿਲਾ ਸ਼ੇਖੂਪੁਰਾ ਦੀ ਤਹਿਸੀਲ ਸੀ, ਪਰ 2005 ਵਿਚ ਨਨਕਾਣਾ ਸਾਹਿਬ ਨੂੰ ਜਿਲਾ ਬਣਾ ਦਿਤਾ ਗਿਆ, ਜਿਸ ਵਿਚ ਹੁਣ ਤਿੰਨ ਤਹਿਸੀਲਾਂ-ਨਨਕਾਣਾ ਸਾਹਿਬ, ਸ਼ਾਹਕੋਟ ਅਤੇ ਸੰਗਲਾ ਹਿੱਲ ਸ਼ਾਮਲ ਹਨ। 2008 ਤੋਂ ਪਹਿਲਾਂ ਸਫਦਰਾਬਾਦ ਦੀ ਤਹਿਸੀਲ ਵੀ ਨਨਕਾਣਾ ਸਾਹਿਬ ਵਿਚ ਹੀ ਸ਼ਾਮਲ ਸੀ। 100 ਏਕੜ ਜ਼ਮੀਨ ਵਿਚ ਸਥਾਨਕ ਭਾਈਚਾਰਿਆਂ ਅਤੇ ਰਾਇ ਬੁਲਾਰ ਪਰਿਵਾਰ ਨਾਲ ਮਿਲ ਕੇ ਯੂਨੀਵਰਸਿਟੀ ਅਤੇ ਹਸਪਤਾਲ ਬਣਾਉਣ ਦੀ ਵਿਉਂਤ ਹੈ, ਜਿਸ ਬਾਰੇ 2007 ਵਿਚ ਪਾਕਿਸਤਾਨ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਨਾਂ 'ਤੇ ਯੂਨੀਵਰਸਿਟੀ ਬਣਾਈ ਜਾਵੇ, ਜਿਸ ਵਿਚ ਸਿੱਖ ਧਰਮ ਅਤੇ ਸਭਿਅਚਾਰ 'ਤੇ ਖੋਜ ਕੀਤੀ ਜਾਵੇ।

ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਧਿਆਨ ਵਿਚ ਰੱਖਦਿਆਂ 28 ਅਕਤੂਬਰ 2019 ਨੂੰ ਪਾਕਿਸਤਾਨ ਸਦਰ ਜਨਾਬ ਇਮਰਾਨ ਖਾਨ ਨੇ 'ਬਾਬਾ ਗੁਰੂ ਨਾਨਕ ਦੇਵ ਯੂਨੀਵਰਸਿਟੀ' ਦਾ ਮੁੜ ਨੀਂਹ ਪੱਥਰ ਰੱਖਿਆ, ਜਿਸ ਨੂੰ ਕੌਮਾਂਤਰੀ ਪੱਧਰ 'ਤੇ ਸਿੱਖ ਧਰਮ ਅਤੇ ਸਭਿਆਚਾਰ, ਪੰਜਾਬੀ ਬੋਲੀ ਦੇ ਨਾਲ ਨਾਲ ਸਾਇੰਸ, ਇੰਜੀਨੀਅਰਿੰਗ, ਮੈਡੀਕਲ ਆਦਿ ਦੀ ਤਾਲੀਮ ਸਮੇਤ ਹਰ ਤਰ੍ਹਾਂ ਨਾਲ ਉਚ ਪਾਏ ਦੀ ਯੂਨੀਵਰਸਿਟੀ ਬਣਾਉਣ ਦੀ ਵਿਉਂਤ ਹੈ। ਨਵੇਂ ਅੰਦਾਜ਼ੇ ਅਨੁਸਾਰ ਇਸ ਲਈ ਕਰੀਬ 2500 ਏਕੜ ਜ਼ਮੀਨ ਦੀ ਲੋੜ ਪਵੇਗੀ। ਨਨਕਾਣਾ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਨਾਲ ਸਬੰਧਤ ਹੋਰ ਵੀ ਕਈ ਗੁਰਦੁਆਰੇ ਹਨ, ਪਰ ਸਮੇਂ ਦੀ ਘਾਟ ਕਰਕੇ ਸਾਡਾ ਮਕਸਦ ਮੁਖ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨਾ ਸੀ।

ਲਾਹੌਰ ਤੋਂ ਨਨਕਾਣਾ ਸਾਹਿਬ ਜਾਂਦਿਆਂ ਬਹੁਤ ਚੰਗਾ ਲੱਗ ਰਿਹਾ ਸੀ; ਲਗਦਾ ਹੀ ਨਹੀਂ ਸੀ ਕਿ ਪੰਜਾਬ ਦਾ ਇਹ ਕੋਈ ਹੋਰ ਹਿੱਸਾ ਜਾਂ ਦੂਜਾ ਮੁਲਕ ਹੈ। ਰਸਤੇ ਵਿਚ ਕਣਕ, ਸਰ੍ਹੋਂ, ਗੰਨੇ ਅਤੇ ਗੋਭੀ ਦੇ ਖੁੱਲ੍ਹੇ ਖੇਤ ਨਜ਼ਰ ਆ ਰਹੇ ਸਨ। ਸਲਮਾਨ ਦੇ ਨਾਨਕੇ ਸਿੱਧੂ ਜੱਟ ਹਨ, ਪਰ ਸਾਡੇ ਇਧਰਲੇ ਬੱਚਿਆਂ ਵਾਂਗ ਹੀ ਸ਼ਹਿਰਾਂ ਵਿਚ ਪਲਣ ਕਰਕੇ ਉਨ੍ਹਾਂ ਨੂੰ ਵੀ ਖੇਤਾਂ ਵਿਚ ਉੱਗੀਆਂ ਫਸਲਾਂ ਦੀ ਘੱਟ ਪਛਾਣ ਹੈ। ਇਸੇ ਲਈ ਸਲਮਾਨ ਦੀਆਂ ਭੈਣਾਂ (ਮਾਮੇ ਦੀਆਂ ਧੀਆਂ) ਜਦੋਂ ਕਹਿੰਦੀਆਂ, "ਸਲਮਾਨ ਵੀਰ! ਇਹ ਗੋਭੀ ਹੈ ਨਾ; ਇਹ ਗੰਨੇ ਦਾ ਖੇਤ ਹੈ, ਇਹ ਕਣਕ ਹੈ?" ਤੇ ਜਦੋਂ ਸਲਮਾਨ ਵੱਲੋਂ ਜਾਂ ਸਾਡੇ ਵੱਲੋਂ ਕਿਸੇ ਕੋਲੋਂ 'ਹਾਂ' ਵਿਚ ਉਤਰ ਮਿਲਦਾ ਤਾਂ ਖੁਸ਼ ਹੋ ਜਾਂਦੀਆਂ, "ਦੇਖਿਆ ਮੈਨੂੰ ਪਛਾਣ ਹੈ।"



*ਜੀ. ਸੀ. ਯੂਨੀਵਰਸਿਟੀ ਲਾਹੌਰ ਦੇ ਪਰਸ਼ੀਅਨ ਡਿਪਾਰਟਮੈਂਟ ਵਿਚ ਡਾ. ਇਕਬਾਲ ਸ਼ਾਹਿਦ (ਐਨ ਸੱਜੇ), ਡਾ. ਗੁਰਨਾਮ ਕੌਰ, ਹਰਜੀਤ ਸਿੰਘ ਗਿੱਲ ਅਤੇ ਸੁਖਬੀਰ ਕੌਰ ਗਿੱਲ ਦੇ ਸਨਮਾਨ ਮੌਕੇ*

ਚਾਰ-ਚੁਫੇਰੇ ਖੇਤਾਂ ਦੇ ਨਜ਼ਾਰਿਆਂ ਨੂੰ ਆਪਣੀਆਂ ਅੱਖਾਂ ਵਿਚ ਭਰਦਿਆਂ ਅਸੀਂ ਛੇਤੀ ਹੀ ਨਨਕਾਣਾ ਸਾਹਿਬ ਪਹੁੰਚ ਗਏ। ਮਨ ਕਰਦਾ ਸੀ, ਇਸ ਸਾਰੇ ਕੁਝ ਨੂੰ ਆਪਣੇ ਅੰਦਰ ਸਦਾ ਲਈ ਭਰ ਲਿਆ ਜਾਵੇ; ਕੀ ਪਤਾ ਮੁੜ ਇਸ ਧਰਤੀ ਦੇ ਦਰਸ਼ਨ ਕਰਨੇ ਨਸੀਬ ਹੋਣ ਕਿ ਨਾ! ਗੁਰਦੁਆਰਾ ਸਾਹਿਬ ਦੇ ਸਾਹਮਣੇ ਵਾਲੇ ਪਾਸੇ ਬਣੀ ਪਾਰਕਿੰਗ ਵਿਚ ਮਨਜ਼ੂਰ ਭਾਈ ਨੇ ਗੱਡੀ ਲਾਈ ਤਾਂ ਅਸੀਂ ਉਤਰ ਕੇ ਗੁਰਦੁਆਰਾ ਸਾਹਿਬ ਦੇ ਮੁਖ ਦੁਆਰ ਵੱਲ ਗਏ। ਸਿਕਿਉਰਿਟੀ ਵਾਲਿਆਂ ਨੇ ਸਾਡੇ ਪਾਸਪੋਰਟ ਦੇਖ ਕੇ ਕੋਲ ਰੱਖ ਲਏ, ਇਥੇ ਦੱਸਣਾ ਪਿਆ ਕਿ ਲੋਕਲ ਯਾਤਰੀ ਕੌਣ ਕੌਣ ਹਨ? ਅੰਦਰ ਲੰਘਦਿਆਂ ਹੀ ਸਾਡੇ ਨਾਲ ਦੋ ਜਣੇ ਗਾਈਡ ਕਰਨ ਲਈ ਤੁਰ ਪਏ, ਜੋ ਸਾਨੂੰ ਗੁਰਦੁਆਰਾ ਸਾਹਿਬ ਬਾਰੇ ਜਾਣਕਾਰੀ ਵੀ ਦੇਈ ਜਾਂਦੇ ਸਨ ਤੇ ਨਾਲ ਛੋਟੇ ਛੋਟੇ ਸਵਾਲ ਵੀ ਕਰੀ ਜਾਂਦੇ ਸਨ-ਅਸੀਂ ਕਿੱਥੋਂ ਆਏ ਹਾਂ, ਕੀ ਕਰਦੇ ਹਾਂ, ਵਗੈਰਾ ਵਗੈਰਾ। ਉਨ੍ਹਾਂ ਨੇ ਹੀ ਸਾਨੂੰ ਉਹ ਜੰਡ ਦਿਖਾਇਆ, ਜਿਸ ਨਾਲ ਬੰਨ੍ਹ ਕੇ ਮਹੰਤ ਨਰਾਇਣ ਦਾਸ ਦੇ ਬੰਦਿਆਂ ਨੇ ਭਾਈ ਲਛਮਣ ਸਿੰਘ ਨੂੰ ਜਿਉਂਦਿਆਂ ਅੱਗ ਲਾ ਦਿੱਤੀ ਸੀ।

ਕੁਝ ਫੋਟੋਆਂ ਖਿੱਚ ਕੇ ਅਸੀਂ ਦਰਬਾਰ ਸਾਹਿਬ ਦੇ ਅੰਦਰ ਗਏ, ਮੱਥਾ ਟੇਕਿਆ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਭਾਈ ਬੂਟਾ

*(ਬਾਕੀ ਅਗਲੇ ਸਫੇ 'ਤੇ)*



*ਗੁਰਦੁਆਰਾ ਨਨਕਾਣਾ ਸਾਹਿਬ ਦੇ ਦਰਸ਼ਨਾਂ ਮੌਕੇ*



*ਗ੍ਰੰਥੀ ਸਿੰਘ ਭਾਈ ਬੂਟਾ ਸਿੰਘ ਨਾਲ*

# ਮੋਹਿ ਨੀਚੁ ਕਛੂ ਨ ਜਾਨਾ

ਹਿੰਦੁਸਤਾਨ ਨੂੰ ਪੂਰਨ ਤੌਰ 'ਤੇ ਮੁਸਲਿਮ ਦੇਸ਼ ਬਣਾ ਦੇਣ ਲਈ ਔਰੰਗਜ਼ੇਬ ਵਲੋਂ ਅਪਨਾਈ ਗਈ ਨੀਤੀ ਨੂੰ ਸਫਲਤਾ ਨਾ ਮਿਲੀ, ਕਿਉਂਕਿ ਦੱਖਣ ਵਿਚ ਮਰਾਠੇ ਅਤੇ ਪੰਜਾਬ ਵਿਚ ਸਿੱਖ ਇਸ ਦੇ ਵਿਰੋਧ ਵਿਚ ਡੱਟ ਗਏ ਸਨ। ਸਿੱਖਾਂ ਦੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਇਸ ਜ਼ੁਲਮ ਖਿਲਾਫ ਆਪਣੇ ਕੁਝ ਸੇਵਾਦਾਰਾਂ ਸਮੇਤ ਕੁਰਬਾਨੀ ਦਿਤੀ ਸੀ। ਉਧਰ ਬਾਦਸ਼ਾਹ ਨੂੰ ਆਪਣੀ ਜ਼ਿੰਦਗੀ ਦੇ ਆਖਰੀ ਦਿਨਾਂ ਵਿਚ ਅਪਨਾਈ ਗਈ ਸਖਤੀ ਦੀ ਨੀਤੀ ਦੇ ਨਤੀਜਿਆਂ ਦਾ ਝਲਕਾਰਾ ਨਜ਼ਰ ਆਉਣ ਲੱਗ ਪਿਆ ਸੀ। ਉਂਜ ਵੀ ਉਹ ਉਮਰ ਦੇ ਆਖਰੀ ਪੜਾਅ ਵਿਚ ਹੋਣ ਕਾਰਨ ਕਮਜ਼ੋਰ ਪੈ ਗਿਆ ਸੀ। ਕਾਰਨ ਕੁਝ ਵੀ ਹੋਣ, ਬਾਦਸ਼ਾਹ ਨੇ ਆਪਣੇ ਵਲੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਾਈ ਲਈ ਇਕ ਚਿੱਠੀ ਲਿਖ ਭੇਜੀ ਅਤੇ ਗੱਲਬਾਤ ਕਰਨ ਦੀ ਇੱਛਾ ਜਾਹਰ ਕੀਤੀ। ਇਸ ਦੇ ਉਤਰ ਵਿਚ ਗੁਰੂ ਜੀ ਨੇ ਜ਼ਫਰਨਾਮਾ ਲਿਖ ਭੇਜਿਆ, ਜਿਸ ਵਿਚ ਉਨ੍ਹਾਂ ਨੇ ਔਰੰਗਜ਼ੇਬ ਦਾ ਧਿਆਨ ਦੇਸ਼ ਦੀ ਪਰਜਾ ਨਾਲ ਚੰਗਾ ਵਰਤਾਓ ਨਾ ਹੋਣ ਵਲ ਦੁਆਇਆ ਅਤੇ ਦੱਸਿਆ ਕਿ



ਡਾ. ਅਜੀਤ ਸਿੰਘ ਕੋਟਕਪੂਰਾ
ਫੋਨ: 585-305-0443

ਮੈਨੂੰ ਤਾਂ ਸਾਰੇ ਤੌਰ ਤਰੀਕੇ ਅਪਨਾ ਲੈਣ ਪਿਛੋਂ ਹੀ ਤਲਵਾਰ ਚੁੱਕਣੀ ਪਈ ਸੀ, ਤੇ ਮੈਂ ਤਾਂ ਹਾਲੇ ਵੀ ਗੱਲਬਾਤ ਲਈ ਤਿਆਰ ਹਾਂ,

ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

ਅਰਥਾਤ ਜਦ ਕੋਈ ਕੰਮ-ਕਾਜ ਸਾਰੇ ਹੀਲਿਆਂ ਤੋਂ ਲੰਘ ਜਾਵੇ ਜਾਂ ਕਿਸੇ ਕੰਮ ਨੂੰ ਕਰਨ ਲਈ ਕੋਈ ਹੋਰ ਸਾਧਨ ਨਾ ਰਹਿ ਜਾਵੇ ਤਾਂ ਤਲਵਾਰ ਹੱਥ ਵਿਚ ਲੈਣੀ ਜਾਇਜ਼ ਹੈ।

ਬਾਦਸ਼ਾਹ ਇਸ ਸਮੇਂ ਤਕ ਬਹੁਤ ਬੁੱਢਾ ਤੇ ਕਮਜ਼ੋਰ ਹੋ ਚੁਕਾ ਸੀ ਅਤੇ ਸਿਹਤ ਵੀ ਦਿਨੋ ਦਿਨ ਕਮਜ਼ੋਰ ਹੋ ਰਹੀ ਸੀ। ਚਿੱਠੀ ਲੈ ਕੇ ਜਾਣ ਵਾਲਾ ਵੀ ਵਾਪਸ ਨਹੀਂ ਸੀ ਪੁੱਜਾ, ਇਸ ਲਈ ਸੱਚੇ ਪਾਤਸ਼ਾਹ ਨੇ ਆਪ ਹੀ ਦੱਖਣ ਜਾ ਕੇ ਉਸ ਨੂੰ ਮਿਲਣ ਦਾ ਇਰਾਦਾ ਕਰ ਲਿਆ ਸੀ। ਹਾਲੇ ਗੁਰੂ ਜੀ ਦਿੱਲੀ ਦੇ ਨੇੜੇ ਹੀ ਸਨ ਕਿ ਉਨ੍ਹਾਂ ਨੂੰ ਔਰੰਗਜ਼ੇਬ ਦੀ ਮੌਤ ਦੀ ਖਬਰ ਮਿਲ ਗਈ। ਗੁਰੂ ਗੋਬਿੰਦ ਸਿੰਘ ਜੀ ਦੇ ਇਕ ਹੁਕਮਨਾਮੇ ਤੋਂ ਪਤਾ ਲਗਦਾ ਹੈ, ਜਿਸ ਵਿਚ ਲਿਖਿਆ ਸੀ, "ਅਸੀਂ ਵੀ ਥੋੜੇ ਹੀ ਦਿਨਾਂ ਨੌ ਆਵਤੇ ਹਾਂ, ਸਰਬਤ੍ਰ ਖਾਲਸੇ ਕੋ ਮੇਰਾ ਹੁਕਮ ਹੈ ਆਪਸ ਮੇਂ ਮੇਲ ਕਰਣਾ ਜਦ ਅਸੀਂ ਕਹਿਲੂਰ ਆਵਤੇ ਤਦ ਸਰਬਤ੍ਰ ਖਾਲਸੇ ਹਥਿਆਰ ਬੰਨ ਕੇ ਹਜ਼ੂਰ ਆਵਣਾ ਜੋ ਆਵੇਗਾ ਸੋ ਨਿਹਾਲ ਹੋਵੇਗਾ।"

ਉਸ ਵੇਲੇ ਦੇ ਹਾਕਮਾਂ ਨਾਲ ਗੱਲਬਾਤ ਸਿਰੇ ਨਾ ਚੜ੍ਹ ਸਕੀ ਤਾਂ ਗੁਰੂ ਸਾਹਿਬਾਂ ਨੇ ਕੁਝ ਸਮੇਂ ਲਈ ਨਾਂਦੇੜ ਵਿਚ ਹੀ ਡੇਰਾ ਲਾ ਲਿਆ, ਜਿਥੇ ਉਨ੍ਹਾਂ ਦਾ ਮਾਧੋ ਦਾਸ ਬੈਰਾਗੀ ਨਾਲ ਮੇਲ ਹੋਇਆ।

ਜਦੋਂ ਹੰਕਾਰ ਦਾ ਭਰਿਆ ਮਾਧੋ ਦਾਸ ਆਪਣੇ ਪੁਰਾਣੇ ਜੰਤਰ ਮੰਤਰ ਵਰਤਣ ਵਿਚ ਕਾਮਯਾਬ ਨਾ ਹੋਇਆ ਤਾਂ ਉਹ ਘਾਬਰ ਗਿਆ। ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਆਤਮਾ ਸਨ, ਉਨ੍ਹਾਂ ਦੇ ਤੇਜ ਪ੍ਰਤਾਪ ਦੇ ਸਾਹਮਣੇ ਹੰਕਾਰੀ ਸਾਧੂ ਦੀਆਂ ਅੱਖਾਂ ਨਿਵ ਗਈਆਂ ਅਤੇ ਝੁਕੇ ਹੋਏ ਸਿਰ ਨਾਲ ਅੱਗੇ ਵੱਧ ਕੇ ਸਤਿਗੁਰੂ ਨੂੰ ਬੇਨਤੀ ਕੀਤੀ,

ਮਾਧੋ ਦਾਸ: (ਮਹਾਰਾਜ) ਆਪ ਕੌਣ ਹੋ?

ਗੁਰੂ ਸਾਹਿਬ: ਉਹ, ਜਿਸ ਨੂੰ ਤੂੰ ਜਾਣਦਾ ਹੈਂ।

ਮਾਧੋ ਦਾਸ: ਮੈਂ ਕੀ ਜਾਣਦਾ ਹਾਂ?

ਗੁਰੂ ਸਾਹਿਬ: ਆਪਣੇ ਮਨ ਨੂੰ ਇਕਾਗਰ ਕਰ ਅਤੇ ਸੋਚ!

ਮਾਧੋ ਦਾਸ: (ਸੋਚਣ ਪਿਛੋਂ) ਆਪ ਗੁਰੂ ਗੋਬਿੰਦ ਸਿੰਘ ਹੋ?

ਗੁਰੂ ਸਾਹਿਬ: ਹਾਂ।

ਮਾਧੋ ਦਾਸ: ਆਪ ਇੱਥੇ ਕਿਸ ਤਰ੍ਹਾਂ ਪਧਾਰੇ ਹੋ?

ਗੁਰੂ ਸਾਹਿਬ: ਮੈਂ ਇਥੇ ਤੈਨੂੰ ਆਪਣਾ ਸਿੰਘ ਸਜਾਉਣ ਲਈ ਆਇਆ ਹਾਂ।

ਮਾਧੋ ਦਾਸ: ਹਜ਼ੂਰ! ਮੈਂ ਹਾਜ਼ਰ ਹਾਂ, ਮੈਂ ਤਾਂ ਆਪ ਦਾ (ਗੁਲਾਮ) ਬੰਦਾ ਹਾਂ।

(ਇਹ ਵਾਰਤਾਲਾਪ ਫਾਰਸੀ ਦੀ ਇਕ ਕਿਤਾਬ ਵਿਚ ਦਰਜ ਹੈ)

ਅਸਲ ਵਿਚ ਮਾਧੋ ਦਾਸ ਗੁਰੂ ਸਾਹਿਬ ਦੇ ਦਰਸ਼ਨ ਕਰ ਕੇ ਹੀ ਗੁਰੂ ਜੀ ਦਾ ਹੋ ਗਿਆ ਸੀ। ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਕਰ ਉਸ ਅੰਦਰ ਬਿਜਲੀ ਜਿਹੀ ਰੁਮਕਣ ਲੱਗ ਪਈ ਸੀ ਅਤੇ ਉਹ ਇਕ ਪਾਰਸ ਦੇ ਸੰਪਰਕ ਵਿਚ ਆ ਜਾਣ ਕਾਰਨ ਲੋਹੇ ਤੋਂ ਸੁੱਧ ਸੋਨਾ ਬਣ ਗਿਆ ਸੀ। ਜਦੋਂ ਗੁਰੂ ਸਾਹਿਬ ਨੇ ਉਸ ਅੰਦਰ ਅੰਤਰ ਆਤਮਾ ਦੀ ਚਮਕਦੀ ਚਿਣਗ ਪ੍ਰਤੀਤ ਕੀਤੀ, ਜਿਸ ਨੂੰ ਉਨ੍ਹਾਂ ਨੇ ਆਪਣੀ ਮਿਹਰ ਸਦਕਾ ਜੋਤ ਬਣਾ ਕੇ ਜਗਾ ਦਿੱਤਾ। ਇਸ ਬਦਲੀ ਹੋਈ ਮਾਨਸਿਕ ਹਾਲਤ ਵਿਚ ਉਸ ਨੂੰ ਇੱਕ ਨਵੇਂ ਸੰਚੇ ਵਿਚ ਢਾਲ ਦੇਣ ਲਈ ਉਸੇ ਸਮੇਂ ਸ਼ਸ਼ਤਰਧਾਰੀ ਸਿੰਘਾਂ ਵਾਲਾ ਬਾਣਾ ਪਹਿਨਾ ਪੂਰਨ ਸਿੱਖ ਰੀਤਾਂ ਅਨੁਸਾਰ ਅੰਮ੍ਰਿਤ ਛਕਾ ਦਿੱਤਾ। ਉਸ ਨੂੰ ਨਵਾਂ ਨਾਂ ਬੰਦਾ ਸਿੰਘ ਦੇ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕ ਕੇ ਬੈਰਾਗੀ ਮਾਧੋ ਦਾਸ ਪੰਜ ਕੱਕਾਰ ਪਹਿਨ ਕੇ ਬੰਦਾ ਸਿੰਘ ਬਣ ਗਿਆ ਅਤੇ ਸਤਿਗੁਰੂ ਜੀ ਦੀ ਕਿਰਪਾ ਸਦਕਾ ਕੌਮੀ ਸੇਵਾ ਦੇ ਸੰਗਰਾਮ ਵਿਚ ਆ ਨਿਤਰਿਆ। ਸਿੱਖੀ ਦੇ ਸਿਧਾਂਤਾਂ ਅਤੇ ਢਹਿੰਦੀਆਂ ਕਲਾ ਵਿਚ ਜਾ ਰਹੀ ਪੰਜਾਬ ਦੀ ਜਨਤਾ ਵਿਚੋਂ ਸੂਰਬੀਰਾਂ ਦੀ ਕੌਮ ਬਣਾ ਦੇਣ ਲਈ ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਯਤਨ ਤੋਂ ਜਾਣੂੰ ਹੋਣ ਲਈ ਬੰਦਾ ਸਿੰਘ ਨੂੰ ਕੋਈ ਬਹੁਤਾ ਸਮਾਂ ਨਾ ਲੱਗਾ। ਸ਼ਹੀਦਾਂ ਦਾ ਇਤਿਹਾਸ ਸੁਣ ਕੇ ਬੰਦਾ ਸਿੰਘ ਰੋਹ ਨਾਲ ਭਰ ਗਿਆ ਅਤੇ ਮੁਗਲਾਂ ਦੇ ਜ਼ੁਲਮਾਂ ਨਾਲ ਭੰਨੀ ਜਾ ਰਹੀ ਹਿੰਦੂ ਲੋਕਾਈ ਦੀ ਹਾਲਤ ਉਸ ਨੇ ਆਪ ਵੀ ਡਿੱਠੀ ਹੋਈ ਸੀ। ਜਦੋਂ ਪਠਾਣਾਂ ਵਲੋਂ ਗੁਰੂ ਜੀ 'ਤੇ ਕੀਤੇ ਘਾਤਕ ਵਾਰ ਦਾ ਬੰਦਾ ਸਿੰਘ ਨੂੰ ਪਤਾ ਲੱਗਾ ਤਾਂ ਉਹ ਹੋਰ ਗੁੱਸੇ ਨਾਲ ਭਰ ਗਿਆ ਅਤੇ ਉਸ ਦਾ ਖੂਨ ਉਬਾਲੇ ਖਾਣ ਲੱਗਾ। ਉਸ ਲਈ ਚੁੱਪ ਕਰ ਕੇ ਬਹਿਣਾ ਔਖਾ ਹੋ ਗਿਆ ਤਾਂ ਉਸ ਨੇ ਗੁਰੂ ਸਾਹਿਬ ਤੋਂ ਪੰਜਾਬ ਜਾਣ ਦੀ ਆਗਿਆ ਮੰਗੀ ਤਾਂ ਜੋ ਜ਼ੁਲਮੀ ਮੁਗਲਾਂ ਨੂੰ ਸੋਧ ਸਕੇ ਅਤੇ ਦੋਖੀਆਂ ਨੂੰ ਉਨ੍ਹਾਂ ਦੇ ਕਰਮਾਂ ਦੀ ਸਜ਼ਾ ਦੇ ਸਕੇ।

ਇਤਿਹਾਸ ਗਵਾਹ ਹੈ ਕਿ ਜੇ ਗੁਰੂ ਸਾਹਿਬ ਜ਼ਖਮੀ ਨਾ ਹੋਏ ਹੁੰਦੇ ਤਾਂ ਉਨ੍ਹਾਂ ਨੇ ਭੀ ਉਸ ਵੇਲੇ ਪੰਜਾਬ ਵਲ ਮੁੜ ਪੈਣਾ ਸੀ। ਇਹ ਗੱਲ ਉਪਰ ਆਏ ਹੁਕਮਨਾਮੇ ਵਿਚੋਂ ਵੀ ਸਪਸ਼ਟ ਹੁੰਦੀ ਹੈ ਕਿ ਜੇ ਬਾਦਸ਼ਾਹ ਨਾਲ ਗਲਬਾਤ ਲੰਮੀ ਨਾ ਹੁੰਦੀ ਤਾਂ ਉਨ੍ਹਾਂ ਨੇ ਆਗਰੇ ਤੋਂ ਹੀ ਵਾਪਸ ਮੁੜ ਆਉਣਾ ਸੀ।



ਬਾਬਾ ਬੰਦਾ ਸਿੰਘ ਬਹਾਦਰ ਦਾ ਇਕ ਬੁੱਤ

ਬੰਦਾ ਸਿੰਘ ਨੂੰ ਪੰਜਾਬ ਵਲ ਤੋਰਨ ਤੋਂ ਪਹਿਲਾਂ ਗੁਰੂ ਜੀ ਨੇ ਉਸ ਨੂੰ ਕੋਲ ਬੁਲਾ ਕੇ ਥਾਪੜਾ ਦਿੱਤਾ, ਪੰਜ ਤੀਰ ਆਪਣੇ ਭੱਠੇ ਵਿਚੋਂ ਬਖਸ਼ੇ। ਉਸ ਦੀ ਮਦਦ ਲਈ ਪੰਜ ਸਿੰਘਾਂ-ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ਼ ਸਿੰਘ, ਭਾਈ ਦਯਾ ਸਿੰਘ ਤੇ ਭਾਈ ਰਨ ਸਿੰਘ ਪੰਜ ਪਿਆਰੇ ਥਾਪ ਕੇ ਨਾਲ ਭੇਜੇ।

ਇਨ੍ਹਾਂ ਪੰਜ ਪਿਆਰਿਆਂ ਤੋਂ ਇਲਾਵਾ ਵੀਹ ਕੁ ਹੋਰ ਸੂਰਬੀਰ ਸਿੰਘ ਵੀ ਦਿਤੇ। ਇੱਕ ਨਿਸ਼ਾਨ ਸਾਹਿਬ ਅਤੇ ਨਗਾਰਾ ਵੀ ਬਖਸ਼ਿਆ, ਜੋ ਉਸ ਦੀ ਸੰਸਾਰਕ ਸੱਤਾ ਦੀਆਂ ਬਾਹਰਮੁਖੀ ਨਿਸ਼ਾਨੀਆਂ ਸਨ। ਉਸ ਨੂੰ ਇਹ ਵੀ ਹੁਕਮ ਕੀਤਾ ਕਿ ਪ੍ਰਭੂਤਾ ਪ੍ਰਾਪਤ ਹੋ ਜਾਣ 'ਤੇ ਉਹ ਆਪੇ ਨੂੰ ਨਾ ਭੁੱਲੇ, ਜਤ-ਸਤ ਕਾਇਮ ਰੱਖਣਾ ਹੈ ਅਤੇ ਗੁਰੂ ਰੂਪ ਖਾਲਸੇ ਦੀ ਖੁਸ਼ੀ ਵਿਚ ਹੀ ਆਪਣੀ ਖੁਸ਼ੀ ਸਮਝੇ। ਸਫਲਤਾ ਦਾ ਭੇਦ ਇਸੇ 'ਚ ਛੁਪਿਆ ਹੋਇਆ ਹੈ। ਇਸ ਤਰ੍ਹਾਂ ਬਖਸ਼ਿਸ਼ਾਂ ਪ੍ਰਾਪਤ ਕਰ ਸਿੱਖਾਂ ਦੇ ਨਾਮ ਹੁਕਮਨਾਮੇ ਲੈ ਕੇ ਬੰਦਾ ਸਿੰਘ ਨੂੰ ਖਾਲਸੇ ਦਾ ਜਥੇਦਾਰ ਥਾਪ ਪੰਜਾਬ ਵਲ ਨੂੰ ਤੋਰ ਦਿਤਾ।

ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਲਿਖਦੇ ਹਨ,

ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ॥
ਪਾਲਹਿ ਅਕਿਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ॥
ਅਗਾਧਿ ਬੋਧਿ ਅਪਾਰ ਕਰਤੇ ਮੋਹਿ ਨੀਚੁ ਕਛੂ ਨ ਜਾਨਾ॥
ਰਤਨੁ ਤਿਆਗਿ ਸੰਗ੍ਰਹਨ ਕਉਡੀ ਪਸੂ ਨੀਚੁ ਇਆਨਾ॥
ਤਿਆਗਿ ਚਲਤੀ ਮਹਾ ਚੰਚਲਿ ਦੋਖ ਕਰਿ ਕਰਿ ਜੋਰੀ॥
ਨਾਨਕ ਸਰਨਿ ਸਮਰਥ ਸੁਆਮੀ ਪੈਜ ਰਾਖਹੁ ਮੋਰੀ॥੩॥ (ਗੁਰੂ ਗ੍ਰੰਥ ਸਾਹਿਬ, ਪੰਨਾ 547)

ਅਰਥਾਤ, ਹੇ ਪਰਮਾਤਮਾ! ਤੂੰ ਵੱਡੀ ਤਾਕਤ ਵਾਲਾ ਹੈਂ ਅਤੇ ਮੇਰੀ ਅਕਲ ਤਾਂ ਨਿੱਕੀ ਜਿਹੀ ਹੈ, ਜੋ ਤੇਰੇ ਵਡੱਪਣ ਨੂੰ ਸਮਝ ਨਹੀਂ ਸਕਦੀ। ਤੇਰੀ ਨਿਗਾਹ ਇਕਸਾਰ ਹੈ ਅਤੇ ਤੂੰ ਨਾ-ਸ਼ੁਕਰਿਆਂ ਦੀ ਵੀ ਪਾਲਣਾ ਕਰਦਾ ਹੈਂ। ਹੇ ਬੇਅੰਤ ਅਪਰੰਪਾਰ! ਤੂੰ ਜੀਵਨ ਦੀ ਸਮਝ ਤੋਂ ਪਰੇ ਹੈਂ, ਅਥਾਹ ਹੈਂ, ਮੈਂ ਨੀਵੇਂ ਜੀਵਨ ਵਾਲਾ ਤੇਰੇ ਬਾਬਤ ਕੁਝ ਵੀ ਨਹੀਂ ਜਾਣ ਸਕਦਾ। ਹੇ ਵਾਹਿਗੁਰੂ! ਤੇਰਾ ਕੀਮਤੀ ਨਾਮ ਛੱਡ ਕੇ ਮੈਂ ਕੌਡੀਆਂ ਇਕੱਠੀਆਂ ਕਰਦਾ ਰਹਿੰਦਾ ਹਾਂ, ਮੈਂ ਪਸੂ ਹਾਂ, ਨੀਵਾਂ ਹਾਂ, ਅਣਜਾਣ ਹਾਂ। ਮੈਂ ਪਾਪ ਕਰ ਕਰ ਕੇ ਉਸ ਮਾਇਆ ਨੂੰ ਹੀ ਜੋੜਦਾ ਰਿਹਾ ਹਾਂ, ਜੋ ਕਦੇ ਵੀ ਟਿਕ ਕੇ ਨਹੀਂ ਬੈਠਦੀ, ਜੋ ਜੀਵਾਂ ਦਾ ਸਾਥ ਛੱਡ ਜਾਂਦੀ ਹੈ। ਹੇ ਨਾਨਕ! ਸਭ ਤਾਕਤਾਂ ਦੇ ਮਾਲਕ ਮੇਰੇ ਸੁਆਮੀ! ਮੈਂ ਤੇਰੀ ਸ਼ਰਨ ਵਿਚ ਆਇਆ ਹਾਂ, ਮੇਰੀ ਲਾਜ ਰੱਖ ਲੈ।

ਉਪਰੋਕਤ ਅਨੁਸਾਰ ਮੈਂ ਥੋੜੀ ਮਤ ਵਾਲਾ ਬੰਦਾ ਸਿੰਘ ਬਹਾਦਰ ਦੇ ਪੰਜਾਬ ਆਉਣ ਦਾ ਮੰਤਵ ਪੂਰੀ ਤਰ੍ਹਾਂ ਸਮਝ ਨਹੀਂ ਸਕਿਆ ਅਤੇ ਇਹ ਹੀ ਮਹਿਸੂਸ ਕੀਤਾ ਕਿ ਦਸਵੇਂ ਗੁਰੂ ਸਾਹਿਬ ਦੇ ਮਨ ਅੰਦਰ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਦੇ ਕਤਲ ਦਾ ਬਦਲਾ ਲੈਣ ਦੀ ਇੱਛਾ ਸੀ। ਹੋਰ ਬਹੁਤ ਸਾਰੇ ਇਤਿਹਾਸਕਾਰ ਆਪਣੇ ਆਪਣੇ ਅੰਦਾਜ਼ਿਆਂ ਅਨੁਸਾਰ ਲਿਖਦੇ ਹਨ ਕਿ ਉਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਪ੍ਰੇਰਨਾ ਕੀਤੀ ਸੀ। ਕੁਝ ਲੇਖਕ ਲਿਖਦੇ ਹਨ ਕਿ ਦਸਵੇਂ ਨਾਨਕ ਨੇ ਆਪਣੇ ਬੱਚਿਆਂ ਦਾ ਬਦਲਾ ਲੈਣ ਲਈ ਭੇਜਿਆ ਸੀ, ਪਰ ਜਦੋਂ ਸਾਰੇ ਇਤਿਹਾਸ ਨੂੰ ਨਿੱਠ ਬੈਠ ਕੇ ਸੋਚਿਆ ਅਤੇ ਵਿਚਾਰਿਆ ਗਿਆ ਤਾਂ ਅਜਿਹੀ ਕੋਈ ਗੱਲ ਵੀ ਲਿਖਤ ਵਿਚ ਪ੍ਰਾਪਤ ਨਹੀਂ ਹੋਈ ਹੈ, ਜਿਸ ਤੋਂ ਅਜਿਹੇ ਕਿਸੇ ਸਿੱਟੇ 'ਤੇ ਪੁੱਜਿਆ ਜਾ ਸਕੇ, ਕਿਉਂਕਿ ਦਸਵੇਂ ਪਾਤਸ਼ਾਹ ਇਸ ਤਰ੍ਹਾਂ ਦੀਆਂ ਨਿਜੀ ਦੁਸ਼ਮਣੀਆਂ ਤੋਂ ਬਹੁਤ ਹੀ ਉਚੇਰੇ ਸਨ। ਜੋ ਲੋਕ ਸਿੱਖੀ ਦੇ ਉਪਦੇਸ਼ਾਂ, ਗੁਰੂ ਜੀ ਦੀਆਂ ਲਿਖਤਾਂ ਅਤੇ ਜੀਵਨ ਦੀਆਂ ਵੱਖ ਵੱਖ ਘਟਨਾਵਾਂ ਤੋਂ ਪੂਰੀ ਤਰ੍ਹਾਂ ਜਾਣੂ ਹਨ, ਉਹ ਕਦੇ ਵੀ ਇਨ੍ਹਾਂ ਦਲੀਲਾਂ ਨਾਲ ਸਹਿਮਤ ਨਹੀਂ ਹੋ ਸਕਦੇ ਕਿ ਗੁਰੂ ਸਾਹਿਬ ਜੀ ਦਾ ਮਨੋਰਥ ਸਿਰਫ ਆਪਣੇ ਪੁੱਤਰਾਂ ਦਾ ਜਾਂ ਆਪਣੇ ਪਿਤਾ ਜੀ ਦਾ ਬਦਲਾ ਲੈਣਾ ਹੀ ਸੀ। ਇਸ ਲਈ ਅਸੀਂ ਆਖ ਸਕਦੇ ਹਾਂ ਕਿ ਬੰਦਾ ਸਿੰਘ ਮੁਗਲ ਹਾਕਮਾਂ ਨੂੰ ਗੁਰੂ ਸਾਹਿਬ ਉਪਰ ਢਾਏ ਜ਼ੁਲਮਾਂ ਦੀ ਸਜ਼ਾ ਦੇਣ ਦੇ ਸੀਮਤ ਜਿਹੇ ਮਨੋਰਥ ਨੂੰ ਲੈ ਕੇ ਪੰਜਾਬ ਵਲ ਨਹੀਂ ਆਇਆ ਸੀ। ਬਾਜ਼ਾਂ ਵਾਲੇ ਸਤਿਗੁਰੂ ਨੇ ਉਸ ਨੂੰ ਗੁਰੂ ਨਾਨਕ ਦੇਵ ਜੀ ਵਲੋਂ ਸ਼ੁਰੂ ਕੀਤੇ ਗਏ ਮਿਸ਼ਨ ਨੂੰ ਅੱਗੇ ਵਲ ਤੋਰਨ ਲਈ ਭੇਜਿਆ ਸੀ।

ਇਸ ਬਹੁ ਰੰਗੇ ਸੰਸਾਰ ਅੰਦਰ ਆਦਮੀ ਦਾ ਸਦਾ ਸੰਤਾਂ, ਮਹਾਤਮਾ ਅਤੇ ਫਿਲਾਸਫਰਾਂ ਨਾਲ ਹੀ ਵਾਹ ਨਹੀਂ ਪੈਂਦਾ, ਕਈ ਵਾਰੀ ਅਜਿਹੇ ਲੋਕਾਂ ਨਾਲ ਵਾਹ ਪੈਂਦਾ ਹੈ, ਜੋ ਰਾਜ-ਮਦ ਜਾਂ ਸੱਤਾ ਦੇ ਨਸ਼ੇ 'ਚ ਅੰਨ੍ਹੇ ਬੋਲੇ ਹੋ ਚੁਕੇ ਹੁੰਦੇ ਹਨ। ਰੋਜ਼ ਰੋਜ਼ ਦੇ ਅਨਿਆਂ ਅਤੇ ਅਤਿਆਚਾਰਾਂ ਨਾਲ ਇਨ੍ਹਾਂ ਦੀ ਅਕਲ ਅਤੇ ਆਤਮਾ 'ਤੇ ਐਸਾ ਪਰਦਾ ਪੈ ਜਾਂਦਾ ਹੈ ਕਿ ਇਨ੍ਹਾਂ ਨੂੰ ਆਪਣੇ ਸੁਆਰਥਾਂ ਅਤੇ ਪੱਖਪਾਤ ਤੋਂ ਬਿਨਾ ਕੁਝ ਵੀ ਨਜ਼ਰ ਹੀ ਨਹੀਂ ਪੈਂਦਾ, ਭਾਵੇਂ ਉਹ ਮਸਲੇ ਕੌਮੀ ਹੋਣ, ਰਾਜਸੀ ਹੋਣ ਜਾਂ ਧਾਰਮਿਕ। ਅਮਨ ਦੇ ਸੁਨੇਹੇ ਅਤੇ ਧਾਰਮਿਕ ਫਿਲਾਸਫੀਆਂ ਇਨ੍ਹਾਂ ਲਈ ਕੋਈ ਅਰਥ ਨਹੀਂ ਰੱਖਦੀਆਂ ਅਤੇ ਨਾ ਹੀ ਇਨ੍ਹਾਂ ਨੂੰ ਸਿੱਧੇ ਰਾਹ ਲਿਆ ਸਕਦੀਆਂ ਸਨ/ਹਨ। ਇਹ ਸਿਰਫ ਖੜਕਦੇ ਖੰਡੇ ਦੀ ਬੋਲੀ ਹੀ ਸਮਝਦੇ ਹਨ। ਕਿਰਪਾਨ ਦੀ ਤੇਜ਼ ਧਾਰ ਹੀ ਇਨ੍ਹਾਂ ਦੀ ਮੇਲ ਨੂੰ ਕੱਟ ਸਕਦੀ ਹੈ। ਇਸ ਮਨੋਰਥ ਦੀ ਪੂਰਤੀ ਲਈ ਰਾਹ ਦੀਆਂ ਰੁਕਾਵਟਾਂ ਨੂੰ ਤਾਕਤ ਦੀ ਵਰਤੋਂ ਨਾਲ ਦੂਰ ਕਰਨਾ ਸਿੱਖ ਲਹਿਰ ਲਈ ਅਤਿ ਜ਼ਰੂਰੀ ਬਣ ਗਿਆ ਸੀ। ਇਸ ਤਰ੍ਹਾਂ ਰਾਜਸੀ ਅਤੇ ਸਮਾਜੀ ਪੱਧਰ 'ਤੇ ਉਚ ਜਾਤੀ ਹਿੰਦੂ ਵਰਗਾਂ ਦੀ ਸੱਤਾ ਨੂੰ ਤਹਿਸ ਨਹਿਸ ਕਰ ਕੇ ਪੰਜਾਬ 'ਚ ਖਾਲਸੇ ਦੀ ਅਜ਼ਾਦ ਸੱਤਾ ਕਾਇਮ ਕਰਨ ਦਾ ਕੌਮੀ ਕਾਰਜ ਸਿੱਖ ਲਹਿਰ ਦੇ ਫੌਰੀ ਏਜੰਡੇ 'ਤੇ ਆ ਗਿਆ।

# ਤੇਰਾ ਥਾਨੁ ਸੁਹਾਵਾ

*(ਪਿਛਲੇ ਸਫੇ ਦੀ ਬਾਕੀ)*

ਸਿੰਘ ਨੇ ਵਾਕ ਲਿਆ ਤੇ ਸ਼ਬਦ ਦਾ ਪਾਠ ਕੀਤਾ। ਉਪਰੰਤ ਸੰਖੇਪ ਵਿਚ ਇਤਿਹਾਸ ਦੱਸਿਆ। ਉਨ੍ਹਾਂ ਤੋਂ ਸਾਨੂੰ ਇਹ ਵੀ ਪਤਾ ਲੱਗਾ ਕਿ ਸਾਰੇ ਪਾਕਿਸਤਾਨ ਵਿਚ ਉਹ ਇਕੱਲੇ ਗ੍ਰੰਥੀ ਸਿੰਘ ਹਨ, ਜਿਨ੍ਹਾਂ ਨੇ ਗਰੈਜੂਏਸ਼ਨ ਕੀਤੀ ਹੈ ਅਤੇ ਅੱਗੋਂ ਮਾਸਟਰ ਡਿਗਰੀ ਕਰਨ ਦਾ ਵੀ ਇਰਾਦਾ ਹੈ; ਆਮ ਤੌਰ 'ਤੇ ਸਭ ਗ੍ਰੰਥੀ ਸਿੰਘ ਦਸਵੀਂ ਪਾਸ ਹੀ ਹਨ। ਕੁਝ ਫੋਟੋਆਂ ਅਸੀਂ ਉਨ੍ਹਾਂ ਨਾਲ ਵੀ ਖਿਚੀਆਂ। ਗੁਰਦੁਆਰਾ ਕੰਪਲੈਕਸ ਕਾਫੀ ਵਿਸ਼ਾਲ ਹੈ। ਉਥੇ ਕੁਝ ਸਥਾਨਕ ਸਿੱਖ ਪਰਿਵਾਰ ਵੀ ਦਰਸ਼ਨਾਂ ਲਈ ਆਏ ਹੋਏ ਸਨ। ਜਦੋਂ ਅਸੀਂ ਵਾਪਸ ਸਿਕਿਉਰਿਟੀ ਚੈੱਕ 'ਤੇ ਆਏ ਤਾਂ ਸਾਨੂੰ ਪਤਾ ਲੱਗਾ ਕਿ ਸੁਰੱਖਿਆ ਦੇ ਨਜ਼ਰੀਏ ਤੋਂ ਹੁਣ ਸਾਡੇ ਨਾਲ ਜਿਲਾ ਪੁਲਿਸ ਦੀ ਗੱਡੀ ਰਹੇਗੀ। ਸਿਰ 'ਤੇ ਦਸਤਾਰ ਦੇਖ ਕੇ ਪਾਰਕਿੰਗ ਵਿਚ ਖੜ੍ਹੇ ਕੁਝ ਲੋਕਾਂ ਨੇ ਹਰਜੀਤ ਸਿੰਘ ਨਾਲ ਫੋਟੋ ਖਿਚਾਉਣ ਦੀ ਇੱਛਾ ਜਾਹਰ ਕੀਤੀ ਅਤੇ ਫੋਟੋਆਂ ਖਿਚਾਈਆਂ।

ਇਥੋਂ ਅਸੀਂ ਗੁਰਦੁਆਰਾ ਸੱਚਾ ਸੌਦਾ, ਚੂਹੜਕਾਣੇ ਜਾਣਾ ਸੀ, ਜੋ ਮਾਨਾਂ ਵਾਲੀ ਸੜਕ 'ਤੇ ਨਨਕਾਣਾ ਸਾਹਿਬ ਤੋਂ ਕੋਈ 40 ਮੀਲ ਅਤੇ ਲਾਹੌਰ ਤੋਂ 37 ਮੀਲ ਦੂਰ ਲਾਇਲਪੁਰ ਰੇਲਵੇ ਲਾਈਨ 'ਤੇ ਪੈਂਦਾ ਹੈ। ਅਸੀਂ ਸੱਚਾ ਸੌਦਾ ਸਾਖੀ ਬਾਰੇ ਸਭ ਨੇ ਪੜ੍ਹਿਆ/ਸੁਣਿਆ ਹੋਇਆ ਹੈ। ਜਦੋਂ ਪਿਤਾ ਕਾਲੂ ਨੇ ਬਾਬੇ ਨਾਨਕ ਨੂੰ 20 ਰੁਪਏ ਦੇ ਕੇ ਚੂਹੜਕਾਣੇ ਦੀ ਮੰਡੀ ਕੋਈ 'ਖਰਾ ਸੌਦਾ' ਕਰਨ ਲਈ ਤੋਰਿਆ ਸੀ, ਪਰ ਬਾਬੇ ਨੇ ਉਨ੍ਹਾਂ ਰੁਪਿਆਂ ਦਾ ਰਾਸ਼ਨ ਖਰੀਦ ਕੇ ਕਈ ਦਿਨ ਦੇ ਭੁੱਖੇ ਫਕੀਰਾਂ-ਸਾਧੂਆਂ ਨੂੰ ਭੋਜਨ ਛਕਾ ਦਿੱਤਾ ਸੀ। ਬਾਬੇ ਦੀ ਪਾਈ ਪਿਰਤ ਅੱਜ ਵੀ ਨਾਨਕ ਨਾਮ ਲੇਵਾ ਉਸੇ ਤਨਦੇਹੀ ਨਾਲ ਨਿਭਾ ਰਹੇ ਹਨ, ਭਾਵੇਂ ਉਹ ਸੀਰੀਆ ਦੀ ਘਰੇਲੂ ਜੰਗ ਦੇ ਉਜਾੜੇ ਹੋਏ ਬਾਰਡਰ 'ਤੇ ਕੈਂਪਾਂ ਵਿਚ ਬੈਠੇ ਸ਼ਰਨਾਰਥੀ ਹੋਣ, ਭਾਵੇਂ ਹਿੰਦੁਸਤਾਨ ਦੇ ਵੱਖ ਵੱਖ ਖੇਤਰਾਂ ਵਿਚ ਆਏ ਹੜ੍ਹਾਂ ਦੀ ਮਾਰ ਹੋਵੇ; ਕੈਲੀਫੋਰਨੀਆਂ ਜਾਂ ਆਸਟਰੇਲੀਆ 'ਚ ਲੱਗੀ ਅੱਗ ਦਾ ਪਰਕੋਪ ਹੋਵੇ, ਸ਼ਾਹੀਨ ਬਾਗ ਦਾ ਸ਼ਾਂਤਮਈ ਮੋਰਚਾ ਹੋਵੇ ਜਾਂ ਫਿਰ ਕਰੋਨਾ ਵਾਇਰਸ ਦੀ ਲਪੇਟ ਵਿਚ ਆਏ ਸੰਸਾਰ ਭਰ ਦੇ ਮੁਲਕ। ਸਿੱਖ ਭਾਈਚਾਰਾ ਬਾਬੇ ਦੇ ਉਸ ਸੱਚੇ ਸੌਦੇ ਨੂੰ ਨਿਭਾਉਣ ਦੀ ਹੀ ਕੋਸ਼ਿਸ਼ ਕਰ ਰਿਹਾ ਹੈ।

ਚੂਹੜਕਾਣੇ ਦਾ ਨਾਂ ਬਦਲ ਕੇ ਹੁਣ ਫਰੂਕਾਬਾਦ ਰੱਖ ਦਿਤਾ ਗਿਆ ਹੈ, ਜੋ ਜਿਲਾ ਸ਼ੇਖੂਪੁਰਾ ਵਿਚ ਪੈਂਦਾ ਹੈ। ਹੁਣ ਸਾਨੂੰ ਰਸਤਾ ਪੁੱਛਣ-ਦੱਸਣ ਦਾ ਫਿਕਰ ਨਹੀਂ ਸੀ, ਕਿਉਂਕਿ ਅੱਗੇ ਅੱਗੇ ਪੁਲਿਸ ਦੀ ਗੱਡੀ ਸੀ ਅਤੇ ਪਿੱਛੇ ਪਿੱਛੇ ਸਾਡੀ। ਛੇਤੀ ਹੀ ਅਸੀਂ ਗੁਰਦੁਆਰਾ ਸੱਚਾ ਸੌਦਾ ਪਹੁੰਚ ਗਏ। ਇਥੇ ਖਾਸ ਗੱਲ ਮੈਂ ਦੱਸਣਾ ਚਾਹਾਂਗੀ ਕਿ ਹਰ ਥਾਂ ਸਾਡੇ ਨਾਲ ਪਾਕਿਸਤਾਨੀ ਅਧਿਕਾਰੀਆਂ ਦਾ ਵਤੀਰਾ ਬੇਹੱਦ ਖਲੂਸ ਭਰਿਆ ਅਤੇ ਸਤਿਕਾਰ ਵਾਲਾ ਸੀ। ਪੁਲਿਸ ਸੁਰੱਖਿਆ ਤੋਂ ਪਹਿਲਾਂ ਵੀ ਨਾ ਸਾਡੀ ਗੱਡੀ ਕਿਸੇ ਥਾਂ ਰੋਕੀ ਗਈ ਸੀ ਅਤੇ ਨਾ ਹੀ ਕਿਸੇ ਨੇ ਕੁਝ ਪੁੱਛਿਆ ਸੀ।

ਮੱਥਾ ਟੇਕਣ ਅਤੇ ਆਲਾ-ਦੁਆਲਾ ਨਿਹਾਰਨ ਪਿਛੋਂ ਅਸੀਂ ਜਦੋਂ ਸਾਹਮਣੇ ਖੁਲ੍ਹੀ ਥਾਂ ਲੱਗੇ ਬੈਂਚ 'ਤੇ ਬੈਠ ਕੇ ਜੁੱਤੀਆਂ ਪਾ ਰਹੇ ਸਾਂ ਤਾਂ ਥੋੜ੍ਹੇ ਜਿਹੇ ਕਦਮਾਂ ਦੀ ਦੂਰੀ 'ਤੇ ਆਪਣੇ ਮੋਟਰ ਬਾਈਕ ਕੋਲ ਖੜ੍ਹੇ ਦੋ ਬਹੁਤ ਹੀ ਸੁਨੱਖੀ ਦਿਖ ਵਾਲੇ ਮੁੰਡੇ ਝਕਦੇ ਝਕਦੇ ਸਾਡੇ ਵੱਲ ਦੇਖ ਰਹੇ ਸਨ। ਜਦੋਂ ਅਸੀਂ ਜੁੱਤੀਆਂ ਪਾ ਕੇ ਖੜ੍ਹੇ ਹੋਏ ਤਾਂ ਹਰਜੀਤ ਸਿੰਘ ਨੂੰ ਆ ਕੇ ਪੁੱਛਣ ਲੱਗੇ, "ਸਰਦਾਰ ਜੀ ਸਾਡੇ ਨਾਲ ਇੱਕ ਫੋਟੋ ਖਿਚਾ ਲਵੋ?" ਹਰਜੀਤ ਸਿੰਘ ਨੇ ਕਿਹਾ, "ਕਿਉਂ ਨਹੀਂ, ਜ਼ਰੂਰ।"

ਮੈਂ ਪੁੱਛਿਆ, "ਕਿਥੋਂ ਆਏ ਹੋ?" ਕਹਿੰਦੇ, "ਫੈਸਲਾਬਾਦ ਤੋਂ।" ਫੋਟੋ ਖਿਚਾ ਕੇ ਬੋਲੇ, "ਅਸੀਂ ਪੰਜਾਬੀ ਮੂਵੀਆਂ ਬਹੁਤ ਦੇਖਦੇ ਹਾਂ। ਸਾਨੂੰ ਸਰਦਾਰ ਬਹੁਤ ਹੀ ਚੰਗੇ ਲੱਗਦੇ ਆ।" ਮੈਂ ਅੱਗੋਂ ਹੱਸ ਕੇ ਪੁੱਛਿਆ ਕਿ ਰੀਸੈਂਟਲੀ ਕਿਹੜੀ ਮੂਵੀ ਦੇਖੀ ਆ? ਕਹਿੰਦੇ, "ਰੱਬ ਦਾ ਰੇਡੀਓ।"

ਸ਼ੇਖੂਪੁਰੇ ਦੀ ਹੱਦ ਖਤਮ ਹੋਣ ਤੋਂ ਥੋੜ੍ਹੇ ਕਦਮ ਪਹਿਲਾਂ ਸ਼ੇਖੂਪੁਰਾ ਪੁਲਿਸ ਦੀ ਗੱਡੀ ਰੁਕ ਗਈ ਅਤੇ ਉਨ੍ਹਾਂ ਸਾਨੂੰ ਦੱਸਿਆ ਕਿ ਅਗਲੇ ਚੌਂਕ 'ਤੇ ਲਾਹੌਰ ਦੀ ਪੁਲਿਸ ਸਾਡੇ ਨਾਲ ਹੋਵੇਗੀ। ਅੱਗੋਂ ਜੋ ਪੁਲਿਸ ਪਾਰਟੀ ਸਾਡੇ ਨਾਲ ਲੱਗੀ, ਬਾਕੀ ਸਾਰਾ ਦਿਨ ਨਾਲ ਰਹੀ। ਸਾਡਾ ਦੁਪਹਿਰ ਦਾ ਖਾਣਾ ਜੀ. ਸੀ. ਯੂਨੀਵਰਸਿਟੀ ਲਾਹੌਰ ਦੇ ਪਰਸ਼ੀਅਨ ਡਿਪਾਰਟਮੈਂਟ ਵਿਚ ਡਾ. ਇਕਬਾਲ ਸ਼ਾਹਿਦ ਨੇ ਵਰਜਿਆ ਸੀ। ਅਸੀਂ ਕੁਝ ਲੇਟ ਹੋ ਗਏ ਸਾਂ, ਪਰ ਉਹ ਸਾਡੀ ਉਡੀਕ ਕਰ ਰਹੇ ਸਨ। ਤੁਆਰਫ ਹੋ ਜਾਣ ਪਿਛੋਂ ਪਰਸ਼ੀਅਨ ਵਿਭਾਗ ਦੇ ਅਧਿਆਪਨ ਅਮਲੇ ਨਾਲ ਰਲ ਕੇ ਅਸੀਂ ਦੁਪਹਿਰ ਦਾ ਖਾਣਾ ਖਾਧਾ। ਇਥੇ ਹੀ ਕੈਨੇਡਾ ਵਾਲੇ ਗਿਆਨ ਕੰਗ ਵੀ ਮਿਲ ਗਏ। ਇਸ ਪਿਛੋਂ ਡਾ. ਇਕਬਾਲ ਸ਼ਾਹਿਦ ਨੇ ਮੇਰਾ, ਮਿਸਿਜ਼ ਸੁਖਬੀਰ ਕੌਰ ਗਿੱਲ ਅਤੇ ਹਰਜੀਤ ਸਿੰਘ ਗਿੱਲ ਦਾ ਸਨਮਾਨ ਕੀਤਾ।

ਇੱਥੋਂ ਚਾਹ ਪੀ ਕੇ ਗਿੱਲ ਪਰਿਵਾਰ ਦੇ ਬੱਚੇ ਟੋਰਾਂਟੋ ਤੋਂ ਗਏ ਆਪਣੇ ਪਾਕਿਸਤਾਨੀ ਦੋਸਤ ਨਾਲ ਚਲੇ ਗਏ, ਸਲਮਾਨ ਦੀਆਂ ਭੈਣਾਂ ਆਪਣੇ ਘਰ ਅਤੇ ਅਸੀਂ ਪਾਕਿ ਹੈਰੀਟੇਜ ਹੋਟਲ, ਜਿੱਥੇ ਆਲਮੀ ਪੰਜਾਬੀ ਕਾਨਫਰੰਸ ਚੱਲ ਰਹੀ ਸੀ, ਪਹੁੰਚ ਗਏ। ਹਰਜੀਤ ਸਿੰਘ ਪੰਜਾਬੀ ਪੱਤ੍ਰਿਕਾ 'ਹੁਣ' ਦੇ ਸੰਪਾਦਕ ਸੁਸ਼ੀਲ ਦੁਸਾਂਝ ਅਤੇ ਉਨ੍ਹਾਂ ਦੀ ਪਤਨੀ ਕਮਲ ਦੁਸਾਂਝ ਨਾਲ ਕੁਝ ਦੱਸਣ-ਪੁੱਛਣ ਲਈ ਚਲੇ ਗਏ ਅਤੇ ਮੈਂ ਹਾਲ ਵਿਚ ਚਲੀ ਗਈ। ਮੈਂ ਸੁਲਤਾਨਾ ਬੇਗਮ ਨੂੰ ਵੀ ਮਿਲਣਾ ਸੀ, ਬਹੁਤ ਸਾਲ ਹੋ ਗਏ ਸੀ ਮਿਲਿਆਂ। ਇਥੇ ਭਾਰਤੀ ਪੰਜਾਬੀ ਗਾਇਕ ਪੰਮੀ ਬਾਈ ਅਤੇ ਇੱਕ ਪਾਕਿਸਤਾਨੀ ਗਾਇਕ ਨੇ ਆਪਣੇ ਗੀਤਾਂ ਨਾਲ ਮਹਿਫਿਲ ਸਜਾਈ ਹੋਈ ਸੀ। ਸੁਲਤਾਨਾ ਨੇ ਮੈਨੂੰ ਇਕਬਾਲ ਕੈਸਰ, ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਬਾਰੇ ਕਾਫੀ ਲਿਖਿਆ ਹੈ ਅਤੇ ਬਾਬਾ ਨਜ਼ਮੀ ਨੂੰ ਮਿਲਾਇਆ।

ਇਥੋਂ ਅਸੀਂ ਸੁਸ਼ੀਲ ਦੁਸਾਂਝ ਨਾਲ ਹੋਟਲ ਦੇ ਸਾਹਮਣੇ ਹੀ ਸੜਕ ਦੇ ਦੂਜੇ ਕਿਨਾਰੇ ਬਣੀ ਲਾਹੌਰ ਪ੍ਰੈਸ ਕਲੱਬ ਵਿਚ ਚਲੇ ਗਏ, ਜਿੱਥੇ ਮੁਸ਼ਾਇਰਾ ਚੱਲ ਰਿਹਾ ਸੀ। ਰਾਤ ਦਾ ਖਾਣਾ ਸਾਨੂੰ ਸਾਡੀ ਰਿਹਾਇਸ਼ ਦੇ ਹੀ ਨੇੜੇ ਰੈਸਟੋਰੈਂਟ ਵਿਚ ਸਲਮਾਨ ਦੇ ਸਭ ਤੋਂ ਛੋਟੇ ਮਾਮੇ ਜਨਾਬ ਤਾਲਿਬ ਸਿੱਧੂ ਵੱਲੋਂ ਰੱਖਿਆ ਗਿਆ ਸੀ, ਜਿਨ੍ਹਾਂ ਦੀਆਂ ਬੱਚੀਆਂ ਸਾਡੇ ਨਾਲ ਨਨਕਾਣਾ ਸਾਹਿਬ ਹੋ ਕੇ ਆਈਆਂ ਸਨ। ਇਹ ਸੁਨੇਹਾ ਸਲਮਾਨ ਨੇ, ਜਦੋਂ ਸਾਨੂੰ ਵਾਘੇ ਲੈਣ ਗਿਆ ਸੀ, ਉਦੋਂ ਹੀ ਦੇ ਦਿੱਤਾ ਸੀ। ਜਨਾਬ ਤਾਲਿਬ ਸਿੱਧੂ ਪਾਕਿਸਤਾਨੀ ਪੰਜਾਬ ਨੈਸ਼ਨਲ ਅਸੈਂਬਲੀ ਦੇ ਮੈਂਬਰ ਰਹਿ ਚੁਕੇ ਹਨ। ਸਾਡੇ ਵਾਲੇ ਪਾਸੇ ਲੈਜਿਸਲੇਟਿਵ ਅਸੈਂਬਲੀ ਕਹਿੰਦੇ ਹਨ; ਇਸ ਲਈ ਅਸੀਂ ਐਮ. ਐਲ. ਏ ਬੋਲਦੇ ਹਾਂ। ਉਨ੍ਹਾਂ ਦੀ ਨੈਸ਼ਨਲ ਅਸੈਂਬਲੀ ਹੈ, ਇਸ ਲਈ ਉਹ ਐਮ. ਐਨ. ਏ ਬੋਲਦੇ ਹਨ। ਇਸ ਖਾਣੇ ਵਿਚ ਸਲਮਾਨ ਦੀ ਅੰਮੀ, ਬੀਵੀ ਸਲਮਾ ਅਤੇ ਮਾਮੇ ਦਾ ਆਪਣਾ ਪੂਰਾ ਪਰਿਵਾਰ ਸ਼ਾਮਲ ਸੀ।

*(ਚਲਦਾ)*

# ਯੋਗ ਦਰਸ਼ਨ

ਸੇਵਕ ਸਿੰਘ ਕੋਟਕਪੂਰਾ
ਫੋਨ: 661-444-3657

ਯੋਗ ਸ਼ਾਸਤਰ ਵੀ ਭਾਰਤ ਦੇ ਦਰਸ਼ਨ ਸ਼ਾਸਤਰਾਂ ਵਿਚੋਂ ਇੱਕ ਅਹਿਮ ਸ਼ਾਸਤਰ ਹੈ। ਯੋਗ ਦੇ ਆਮ ਅਰਥ ਜੁੜਨਾ ਹੈ। ਇਹ ਵਿਧੀ ਬਹੁਤ ਹੀ ਪੁਰਾਣੀ ਹੈ। ਹੜੱਪਾ ਸਭਿਅਤਾ 'ਚ ਵੀ ਕੁਝ ਚਿੱਤਰ ਅਤੇ ਮੂਰਤੀਆਂ ਮਿਲੀਆਂ ਹਨ, ਜੋ ਯੋਗ ਆਸਣ 'ਚ ਸਥਿਤ ਵਿਅਕਤੀਆਂ ਨੂੰ ਦਰਸਾਉਂਦੀਆਂ ਹਨ ਤੇ ਸਾਬਤ ਕਰਦੀਆਂ ਹਨ ਕਿ ਉਹ ਸੱਭਿਅਤਾ ਯੋਗ ਸਾਧਨਾ ਬਾਰੇ ਜਾਣਕਾਰੀ ਰੱਖਦੀ ਸੀ। ਵੈਦਿਕ ਸੱਭਿਅਤਾ ਨੇ ਉਸ ਤੋਂ ਪ੍ਰਭਾਵ ਲੈ ਕੇ ਵਿਸਥਾਰ 'ਚ ਖੋਜ ਕਰਕੇ ਯੋਗ ਸ਼ਾਸਤਰ ਦੇ ਰੂਪ ਵਿਚ ਇਕ ਵੱਖਰਾ ਦਰਸ਼ਨ ਸ਼ਾਸਤਰ ਸਥਾਪਿਤ ਕੀਤਾ ਹੈ।

ਮੰਨਿਆ ਜਾਂਦਾ ਹੈ ਕਿ ਸਾਂਖਿਆ ਸ਼ਾਸਤਰ ਸਿਧਾਂਤ ਹੈ ਅਤੇ ਯੋਗ ਸ਼ਾਸਤਰ ਉਸ ਦੀ ਪ੍ਰਯੋਗ ਸ਼ੈਲੀ ਤੇ ਪ੍ਰਯੋਗਸ਼ਾਲਾ ਹੈ। ਜੈਨ ਮੱਤ ਅਤੇ ਬੁੱਧ ਮੱਤ 'ਚ ਵੀ ਯੋਗ ਅਭਿਆਸ ਅਤੇ ਇਸ ਦੇ ਸਿਧਾਂਤਾਂ ਦੀ ਪਾਲਣਾ ਕੀਤੀ ਜਾਂਦੀ ਸੀ। ਮਹਾਵੀਰ ਸਵਾਮੀ ਤੇ ਮਹਾਤਮਾ ਬੁੱਧ ਦੇ ਜਿੰਨੇ ਵੀ ਬੁੱਤ ਮਿਲਦੇ ਹਨ, ਉਹ ਯੋਗ ਦੇ ਵੱਖ ਵੱਖ ਆਸਣਾਂ ਵਿਚ ਹੀ ਮਿਲਦੇ ਹਨ ਅਤੇ ਉਨ੍ਹਾਂ ਦੇ ਕਾਫੀ ਸਿਧਾਂਤ ਵੀ ਯੋਗ ਸ਼ਾਸਤਰ ਨਾਲ ਸਾਂਝੇ ਹਨ। ਯਹੂਦੀ ਪਰੰਪਰਾ ਦੇ ਧਰਮਾਂ ਵਿਚ ਵੀ ਯੋਗ ਦੇ ਅੰਸ਼ ਮਿਲਦੇ ਹਨ। ਵਿਸ਼ੇਸ਼ ਤੌਰ 'ਤੇ ਸੂਫੀ ਮੱਤ ਵਿਚ ਤਾਂ ਕਾਫੀ ਕੁਝ ਸਾਂਝਾ ਹੈ।

ਯੋਗ ਦਰਸ਼ਨ ਦਾ ਪੁਰਾਣਾ ਕੋਈ ਗ੍ਰੰਥ ਨਹੀਂ ਮਿਲਦਾ। ਪਾਤੰਜਲੀ ਰਿਸ਼ੀ, ਜੋ ਈਸਾ ਪੂਰਵ ਦੂਸਰੀ ਸਦੀ ਵਿਚ ਹੋਏ ਹਨ ਤੇ ਪੁਸ਼ਿਆਮਿੱਤਰ ਸੁੰਗ ਦੇ ਸਮਕਾਲੀ ਸਨ, ਨੂੰ ਸ਼ੇਸ਼ਨਾਗ ਦਾ ਅਵਤਾਰ ਮੰਨਿਆ ਜਾਂਦਾ ਹੈ ਅਤੇ ਉਹ ਪਾਨਣੀ ਰਿਸ਼ੀ ਦਾ ਸ਼ਿਸ਼ ਸੀ। ਉਸ ਨੇ ਯੋਗ ਸੂਤਰ ਨਾਮੀ ਗ੍ਰੰਥ ਵਿਚ 195 ਸੂਤਰਾਂ ਰਾਹੀਂ ਸੂਤਰ ਬੱਧ ਕੀਤਾ ਹੈ, ਜਿਸ ਦੇ ਚਾਰ ਅਧਿਆਏ (ਪਾਦ)-ਸਮਾਧੀ ਪਾਦ, ਸਾਧਨਾ ਪਾਦ, ਵਿਭੂਤੀ ਪਾਦ ਅਤੇ ਕੈਵਲਿਆ ਪਾਦ ਹਨ, ਜਿਨ੍ਹਾਂ ਰਾਹੀਂ ਯੋਗ ਦੇ ਸਿਧਾਂਤ ਦੀ ਵਿਆਖਿਆ ਕੀਤੀ ਹੈ। ਇਸ ਤੋਂ ਬਿਨਾ ਉਸ ਨੇ ਪਾਨਣੀ ਦੇ ਵਿਆਕਰਣ ਗ੍ਰੰਥ ਅਸ਼ਟਾਧਿਆਈ ਦਾ ਮਹਾਭਾਸ਼ਿਆ (ਟੀਕਾ) ਵੀ ਲਿਖਿਆ ਹੈ ਅਤੇ ਉਪਵੇਦ ਆਯੁਰਵੇਦ ਵੀ ਲਿਖਿਆ ਹੈ।

ਯੋਗ ਸ਼ਾਸਤਰ ਅਨੁਸਾਰ ਅਹੰਕਾਰ, ਜੋ ਤ੍ਰੈਗੁਣਾਤਮਕ ਹੈ ਅਤੇ ਉਸ ਦਾ ਕਾਰਨ ਪ੍ਰਕਿਰਤੀ ਹੈ, ਅਹੰਕਾਰ, ਮਹਿਤ ਭਾਵ ਬੁੱਧੀ ਦਾ ਕਾਰਨ ਹੈ, ਬੁੱਧੀ ਮਨ ਦਾ ਕਾਰਨ ਹੈ। ਇਸ ਤਰ੍ਹਾਂ ਅਹੰਕਾਰ, ਬੁੱਧੀ ਅਤੇ ਮਨ ਮਿਲ ਕੇ ਚਿੱਤ ਬਣ ਜਾਂਦੇ ਹਨ। ਚਿੱਤ ਕਰਕੇ ਹੀ ਜੀਵ-ਆਤਮਾ ਇਸ ਸੰਸਾਰ 'ਚ ਕ੍ਰਿਆਸ਼ੀਲ ਹੁੰਦਾ ਹੈ। ਚਿੱਤ ਵਿਚ ਹੀ ਸੰਕਲਪ ਅਤੇ ਵਿਕਲਪ ਆਦਿ ਫੁਰਨੇ ਫੁਰਦੇ ਹਨ। ਉਨ੍ਹਾਂ ਫੁਰਨਿਆਂ, ਸੰਕਲਪਾਂ ਅਨੁਸਾਰ ਹੀ ਜੀਵ ਆਤਮਾ ਸੰਸਾਰ ਵਿਚ ਪ੍ਰਵਿਰਤੀ ਹੁੰਦਾ ਹੈ, ਜਿਨ੍ਹਾਂ ਨੂੰ ਯੋਗ ਸ਼ਾਸਤਰ ਨੇ ਚਿੱਤ ਵਿਰਤੀਆਂ ਕਿਹਾ ਹੈ। ਇਸ ਸੰਸਾਰ ਦਾ ਇਸ ਚਿੱਤ ਵਿਚ ਜੋ ਪਰਛਾਵਾਂ ਬਣਦਾ ਹੈ, ਉਸ ਨੂੰ ਹੀ ਚਿੱਤ ਵਿਰਤੀਆਂ ਕਿਹਾ ਜਾਂਦਾ ਹੈ। ਇਹ ਚਿੱਤ ਵਿਰਤੀਆਂ ਹੀ ਬੰਧਨ ਦਾ ਕਾਰਨ ਹਨ। ਇਨ੍ਹਾਂ ਕਾਰਨ ਹੀ ਜੀਵ (ਆਤਮਾ) ਸੰਸਾਰ ਨਾਲ ਸਬੰਧ ਬਣਾਉਂਦਾ ਹੈ। ਇਨ੍ਹਾਂ ਕਰਕੇ ਹੀ ਸੁਖ-ਦੁਖ ਭੋਗਦਾ ਹੈ ਅਤੇ ਸੰਸਾਰ ਵਿਚ ਵਿਚਾਰਦਾ ਹੈ। ਸੋ ਸੰਸਾਰ ਦੇ ਸਾਰੇ ਕਰਮ ਚਿੱਤ ਵਿਰਤੀਆਂ ਦੇ ਫੈਲਾਓ ਹਨ। ਕਿਉਂਕਿ ਪਹਿਲਾਂ ਸੰਕਲਪ ਪੈਦਾ ਹੁੰਦਾ ਹੈ, ਸੰਕਲਪ ਤੋਂ ਹੀ ਕਰਮ ਸ਼ੁਰੂ ਹੁੰਦਾ ਹੈ। ਸੰਕਲਪ ਹੀ ਕਰਮ ਵਿਚ ਬਦਲਦਾ ਹੈ। ਕਰਮ ਚੰਗਾ ਜਾਂ ਬੁਰਾ ਫਲ ਦਿੰਦਾ ਹੈ। ਫਲ ਅਨੁਸਾਰ ਹੀ ਬੰਧਨ ਜਾਂ ਮੁਕਤੀ ਪ੍ਰਾਪਤ ਹੁੰਦੀ ਹੈ। ਇਸ ਚੱਕਰ ਦਾ ਰੋਕਣਾ ਹੀ ਚਿੱਤ ਵਿਰਤੀਆਂ ਦਾ ਨਿਰੋਧ ਹੈ। ਚਿੱਤ ਵਿਰਤੀਆਂ ਦੇ ਨਿਰੋਧ ਦਾ ਨਾਮ ਹੀ ਯੋਗ ਹੈ। ਨਿਰੋਧ ਤੋਂ ਭਾਵ ਜ਼ਬਰਦਸਤੀ ਰੋਕਣਾ ਨਹੀਂ ਹੈ, ਸਗੋਂ ਉਨ੍ਹਾਂ ਨੂੰ ਸ਼ਾਂਤ ਕਰਨਾ ਹੈ।



ਚਿੱਤ ਕਿਉਂਕਿ ਪ੍ਰਕਿਰਤੀ ਤੋਂ ਵਿਕਸਿਤ ਹੋਇਆ ਹੈ ਅਤੇ ਪ੍ਰਕਿਰਤੀ ਤਿਨਾਂ ਗੁਣਾਂ ਦੀ ਧਾਰਨੀ ਹੈ, ਸੋ ਚਿੱਤ ਵੀ ਤਿੰਨਾਂ ਗੁਣਾਂ ਦਾ ਧਾਰਨੀ ਹੈ। ਇਨ੍ਹਾਂ ਗੁਣਾਂ ਕਰਕੇ ਹੀ ਚਿੱਤ ਦੀਆਂ ਪੰਜ ਅਵਸਥਾਵਾਂ ਹਨ,

**1. ਮੂੜ ਅਵਸਥਾ:** ਜਿਥੇ ਤਮੋ ਗੁਣ ਪ੍ਰਧਾਨ ਹੁੰਦਾ ਹੈ, ਜੋ ਅਗਿਆਨ ਅਤੇ ਜੜਤਾ ਦਾ ਕਾਰਨ ਹੈ। ਇਸ ਵਿਚ ਅਗਿਆਨ ਅਤੇ ਮੰਦੇ ਵਿਚਾਰ ਭਾਰੂ ਹੁੰਦੇ ਹਨ।

**2. ਕਛਿੱਪਤ ਅਵਸਥਾ:** ਜਿਥੇ ਰਜੋ ਗੁਣ ਪ੍ਰਭਾਵੀ ਹੁੰਦਾ ਹੈ, ਜੋ ਗਤੀ ਅਤੇ ਕਰਮ ਪ੍ਰਧਾਨ ਹੈ। ਇਸ ਅਵਸਥਾ ਵਿਚ ਜੀਵ ਆਤਮਾ ਸੰਸਾਰ ਵਿਚ ਕਰਮ ਵਿਚ ਪ੍ਰਵਿਰਤੀ ਹੁੰਦਾ ਹੈ। ਜੋ ਵੀ ਚੰਗੇ ਮਾੜੇ ਕਰਮ ਕਰਦਾ ਹੈ, ਉਨ੍ਹਾਂ ਦਾ ਫਲ ਭੋਗਦਾ ਜਨਮ-ਮਰਨ ਦੇ ਚੱਕਰ ਵਿਚ ਘੁੰਮਦਾ ਫਿਰਦਾ ਹੈ।

**3. ਵਕਛਿਪੱਤ ਅਵਸਥਾ:** ਜਿਥੇ ਸਤੋਗੁਣੀ ਰਜੋਗੁਣ ਪ੍ਰਧਾਨ ਹੁੰਦਾ ਹੈ, ਜੋ ਵਿਅਕਤੀ ਨੂੰ ਸੁਭ ਕਰਮ ਗਿਆਨ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੰਦਾ ਹੈ ਅਤੇ ਇਸ ਲਈ ਕਰਮ ਕਰਨ ਲਈ ਉਦਮ ਪ੍ਰਦਾਨ ਕਰਦਾ ਹੈ।

**4. ਇਕਾਗਰ ਅਵਸਥਾ:** ਇਥੇ ਸੁਧ ਸਤੋਗੁਣ ਪ੍ਰਭਾਵੀ ਹੁੰਦਾ ਹੈ। ਇਸ ਅਵਸਥਾ ਵਿਚ ਚਿੱਤ ਵਿਰਤੀਆਂ ਸ਼ਾਂਤ ਹੋ ਜਾਂਦੀਆਂ ਹਨ ਅਤੇ ਚਿੱਤ ਟਿਕਾਓ ਵਿਚ ਹੁੰਦਾ ਹੈ।

**5. ਨਿਰੁੱਧ ਅਵਸਥਾ:** ਇਸ ਅਵਸਥਾ 'ਚ ਤਿੰਨੋਂ ਗੁਣ ਸ਼ਾਂਤ ਹੋ ਜਾਂਦੇ ਹਨ। ਇਸ ਅਵਸਥਾ ਨੂੰ ਸਮਾਧੀ ਅਵਸਥਾ ਵੀ ਕਿਹਾ ਜਾਂਦਾ ਹੈ।

ਇਹ ਚਿੱਤ ਦੀਆਂ ਪੰਜ ਬਿਰਤੀਆਂ ਹਨ, ਜਿਨ੍ਹਾਂ ਕਰਕੇ ਜੀਵ ਆਤਮਾ ਸੰਸਾਰ ਨਾਲ ਸੰਬੋਧਤ ਹੁੰਦਾ ਹੈ ਅਤੇ ਸੰਸਾਰ ਵਿਚ ਕਰਮਾਂ ਵਿਚ ਪ੍ਰਵਿਰਤ ਹੁੰਦਾ ਹੈ, ਜਿਨ੍ਹਾਂ ਦੇ ਫਲਸਰੂਪ ਇਹ ਮੁਕਤੀ ਤੇ ਬੰਧਨ ਪ੍ਰਾਪਤ ਕਰਦਾ ਹੈ,

**1. ਪ੍ਰਮਾਣ:** ਜੋ ਸਪਸ਼ਟ ਦਿਸਦਾ ਹੈ ਜਾਂ ਸਮਝ ਆਉਂਦਾ ਹੈ। ਪ੍ਰਮਾਣ ਤਿੰਨ ਮੰਨੇ ਗਏ ਹਨ-(ੳ) ਪ੍ਰਤੱਖ, ਜੋ ਦਿਸਦਾ ਜਾਂ ਸਪਸ਼ਟ ਸਮਝ ਆਉਂਦਾ ਹੈ; (ਅ) ਅਨੁਮਾਨ, ਜੋ ਹਾਲਤ ਵੇਖ ਕੇ ਅੰਦਾਜ਼ਾ ਲਾਇਆ ਜਾਂਦਾ ਹੈ, ਜਿਵੇਂ ਧਰਤੀ ਗਿੱਲੀ ਹੈ, ਹੋ ਸਕਦਾ ਹੈ, ਬਾਰਿਸ਼ ਪਈ ਹੋਵੇ ਅਤੇ (ੲ) ਸ਼ਬਦ, ਜੋ ਕਿਸੇ ਅਨੁਭਵੀ ਵਿਅਕਤੀ ਦੇ ਵਚਨ ਜਾਂ (ਸ਼ਾਸਤਰ) ਵੇਦ ਦੇ ਸ਼ਬਦਾਂ ਦਾ ਪ੍ਰਮਾਣ।

**2. ਵਿਪਰਿਐ:** ਅਧੂਰੀ, ਝੂਠੀ ਜਾਂ ਸ਼ੱਕੀ ਜਾਣਕਾਰੀ।

**3. ਵਿਕਲਪ:** ਕਲਪਨਾ ਜਾਂ ਜ਼ੁਬਾਨੀ ਜਾਣਕਾਰੀ, ਭਾਵੇਂ ਅਫਵਾਹ ਹੀ ਹੋਵੇ।

**4. ਨਿੰਦਰਾ:** ਨੀਂਦ ਵਿਚ ਜਿਵੇਂ ਕਿ ਕੁਝ ਵੀ ਪਤਾ ਨਹੀਂ ਹੁੰਦਾ, ਜਾਗਣ ਪਿਛੋਂ ਨੀਂਦ ਸਬੰਧੀ ਅਨੁਭਵ ਅਤੇ ਉਸ ਦੀ ਸਮਝ।

**5. ਸਿਮ੍ਰਤੀ:** ਪਹਿਲੇ ਅਨੁਭਵ ਨੂੰ ਲੋੜ ਪੈਣ 'ਤੇ ਮੁੜ ਯਾਦ ਕਰ ਲੈਣਾ; ਜਾਂ ਯਾਦ ਆਉਣਾ।

ਚਿੱਤ ਵਿਰਤੀਆਂ ਦੋ ਕਿਸਮ ਦੀਆਂ ਹੁੰਦੀਆਂ ਹਨ-ਕਲਿਸ਼ਟ ਵਿਰਤੀਆਂ ਅਤੇ ਅਕਲਿਸ਼ਟ ਵਿਰਤੀਆਂ। ਕਲਿਸ਼ਟ ਤੋਂ ਭਾਵ ਕਸ਼ਟ ਜਾਂ ਮੋਹ ਪੈਦਾ ਕਰਦੀਆਂ ਹਨ, ਬੰਧਨ ਦਾ ਕਾਰਨ ਹਨ। ਜਦੋਂ ਰਜੋਗੁਣ ਅਤੇ ਤਮੋਗੁਣ ਕਾਰਜਸ਼ੀਲ ਹੁੰਦੇ ਹਨ ਤਾਂ ਉਨ੍ਹਾਂ ਨੂੰ ਕਲਿਸ਼ਟ ਵਿਰਤੀਆਂ ਕਿਹਾ ਜਾਂਦਾ ਹੈ। ਇਹ ਪੰਜ ਤਰ੍ਹਾਂ ਦੀਆਂ ਹੁੰਦੀਆਂ ਹਨ,

**1. ਅਵਿਦਿਆ:** ਅਗਿਆਨ, ਗਲਤ ਸਮਝ ਜਾਂ ਅਧੂਰੀ ਸਮਝ।

**2. ਰਾਗ:** ਲਗਾਓ ਜਾਂ ਮੋਹ, ਕਿਸੇ ਚੰਗੀ ਲਗਦੀ ਵਸਤੂ ਦੀ ਪ੍ਰਾਪਤੀ ਲਈ ਇੱਛਾ ਅਤੇ ਯਤਨਸ਼ੀਲ ਜਾਂ ਬੇਕਰਾਰ ਹੋ ਜਾਣਾ।

**3. ਦਵੈਸ਼:** ਵਿਰੋਧ ਜਾਂ ਬੁਰੀ ਲੱਗਣ ਵਾਲੀ ਵਸਤੂ ਜਾਂ ਘਟਨਾ ਤੋਂ ਕ੍ਰੋਧਿਤ ਹੋ ਜਾਣਾ ਅਤੇ ਬਚਣ ਲਈ ਬੇਕਰਾਰ ਹੋ ਜਾਣਾ।

**4. ਅਸਮਿੱਤਾ:** ਜੀਵ-ਆਤਮਾ ਦਾ ਆਪਣੇ ਆਪ ਨੂੰ ਸਰੀਰ ਸਮਝ ਕੇ ਕਰਮ ਕਰਨਾ।

**5. ਅਭਿਨਿਵੇਸ਼:** ਜੀਵਨ ਪ੍ਰਤੀ ਮੋਹ ਅਤੇ ਮੌਤ ਦਾ ਡਰ।

ਜਦੋਂ ਸਤੋਗੁਣ ਪ੍ਰਭਾਵੀ ਹੁੰਦਾ ਹੈ, ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਅਤੇ ਜਦੋਂ ਜੀਵ ਆਤਮਾ ਧਿਆਨ ਤੇ ਮੁਕਤੀ ਲਈ ਯਤਨਸ਼ੀਲ ਹੁੰਦਾ ਹੈ, ਉਸ ਕਲਿਆਣਕਾਰੀ ਵਿਰਤੀ ਨੂੰ ਅਕਲਿਸ਼ਟ ਵਿਰਤੀ ਕਿਹਾ ਜਾਂਦਾ ਹੈ।

ਚਿੱਤ ਵਿਰਤੀਆਂ ਦਾ ਨਿਰੋਧ ਉਨ੍ਹਾਂ ਨੂੰ ਜ਼ਬਰਦਸਤੀ ਦਬਾਉਣਾ ਨਹੀਂ ਹੈ, ਸਗੋਂ ਉਨ੍ਹਾਂ ਦਾ ਸ਼ਾਂਤ ਹੋ ਜਾਣਾ ਹੀ ਉਨ੍ਹਾਂ ਦਾ ਨਿਰੋਧ ਹੈ। ਇਸ ਅਵਸਥਾ ਦੀ ਪ੍ਰਾਪਤੀ ਲਈ ਕੀਤੇ ਜਾਣ ਵਾਲੇ ਯਤਨਾਂ ਨੂੰ ਹੀ ਯੋਗ ਕਿਹਾ ਗਿਆ ਹੈ, ਜਿਸ ਨੂੰ ਅਸ਼ਟਾਂਗ ਯੋਗ ਦਾ ਨਾਂ ਦਿੱਤਾ ਗਿਆ ਹੈ, ਜੋ ਨਿਮਨਲਿਖਤ ਹਨ,

**ਯਮ:** ਵਿਹਾਰਕ ਕਰਮ ਜਾਂ ਸਮਾਜਕ ਕਰਮ, ਜੋ ਪੰਜ ਹਨ,

1. ਅਹਿੰਸਾ (ਕਿਸੇ ਵੀ ਜੀਵ ਨੂੰ ਸਰੀਰਕ ਅਤੇ ਮਾਨਸਿਕ ਦੁੱਖ ਨਾ ਦੇਣਾ)
2. ਸੱਤਯ (ਸਦਾ ਮਨ ਬਚਨ ਅਤੇ ਕਰਮ ਕਰਕੇ ਸੱਚ ਦਾ ਧਾਰਨੀ ਹੋਣਾ)
3. ਅਸੇਤਿਅ (ਜੋ ਵਸਤੂ ਆਪਣੀ ਨਾ ਹੋਵੇ, ਉਸ ਨੂੰ ਆਪਣਾ ਸਮਝਣਾ ਜਾਂ ਉਸ ਨੂੰ ਪ੍ਰਾਪਤ ਕਰਨ ਦਾ ਯਤਨ ਕਰਨਾ)
4. ਬ੍ਰਹਮਾਚਾਰਿਅ (ਬ੍ਰਹਮ ਜੈਸਾ ਆਚਰਣ, ਸ਼ੁਭ ਕਰਮ ਕਰਨਾ)
5. ਅਪ੍ਰਾਰਿਗ੍ਰਿਹ (ਮਮਤਾ ਅਤੇ ਆਪਣੇਪਨ ਦੀ ਭਾਵਨਾ ਦਾ ਤਿਆਗ)

**ਨਿਯਮ:** ਸਰੀਰਕ ਅਤੇ ਮਾਨਸਿਕ ਕਰਮ, ਜੋ ਪੰਜ ਤਰ੍ਹਾਂ ਦੇ ਹਨ,

1. ਸ਼ੌਚ (ਸਰੀਰਕ ਅਤੇ ਮਾਨਸਿਕ ਸਫਾਈ)
2. ਸੰਤੋਖ (ਜੋ ਪ੍ਰਾਪਤ ਹੈ, ਉਸ ਤੋਂ ਹੀ ਸੰਤੁਸ਼ਟ ਹੋਣਾ)
3. ਤੱਪ (ਸਰੀਰਕ ਅਤੇ ਮਾਨਸਿਕ ਸ਼ੁੱਧੀ ਲਈ ਯਤਨ ਕਰਨਾ)
4. ਸਵਾਧਿਆਇ (ਹਰ ਵੇਲੇ ਆਪਣੀਆਂ ਵਿਰਤੀਆਂ ਪ੍ਰਤੀ ਸੁਚੇਤ ਰਹਿਣਾ ਅਤੇ ਉਨ੍ਹਾਂ ਦੀ ਸ਼ੁੱਧੀ ਲਈ ਯਤਨ ਕਰਦੇ ਰਹਿਣਾ)
5. ਈਸ਼ਵਰਪ੍ਰਾਣੀਧਾਨ (ਈਸ਼ਵਰ 'ਤੇ ਭਰੋਸਾ ਰੱਖਣਾ ਤੇ ਉਸ ਅਨੁਸਾਰ ਕਰਮ ਕਰਨਾ)

**ਆਸਣ:** ਯੋਗ ਸ਼ਾਸਤਰ ਅਨੁਸਾਰ ਸਰੀਰ ਦੀਆਂ ਵੱਖ ਵੱਖ ਅਵਸਥਾਵਾਂ ਨੂੰ ਆਸਣ ਕਿਹਾ ਗਿਆ ਹੈ। ਜਿਸ ਆਸਣ ਵਿਚ ਵਿਅਕਤੀ ਸੁੱਖੀ ਤੇ ਸਹਿਜ ਮਹਿਸੂਸ ਕਰੇ ਅਤੇ ਸਮਝੇ, ਉਸ ਅਵਸਥਾ ਵਿਚ ਸਥਿਰ ਹੋ ਕੇ ਯੋਗ ਦਾ ਅਭਿਆਸ ਕਰੇ। ਇਨ੍ਹਾਂ ਆਸਣਾਂ ਨੂੰ ਹੀ ਯੋਗ ਆਸਣ ਕਹਿੰਦੇ ਹਨ।

**ਪ੍ਰਾਣਾਯਾਮ:** ਸਵਾਸਾਂ ਨੂੰ ਨਿਯਮਿਤ ਕਰਨਾ। ਸਵਾਸਾਂ 'ਤੇ ਧਿਆਨ ਰੱਖਦਿਆਂ ਉਨ੍ਹਾਂ ਨੂੰ ਸਥੂਲ ਤੋਂ ਸੂਖਮ ਵੱਲ ਗਤੀਸ਼ੀਲ ਅਤੇ ਨਿਯਮਿਤ ਕਰਨਾ।

**ਪ੍ਰਤੀਆਹਾਰ:** ਜਿਨ੍ਹਾਂ ਕਾਰਨਾਂ ਕਰਕੇ ਅਕਲਿਸ਼ਟ ਵਿਰਤੀਆਂ ਵਧਦੀਆਂ ਹਨ, ਉਨ੍ਹਾਂ ਨੂੰ ਜਾਣਨਾ ਅਤੇ ਚਿੱਤ ਨੂੰ ਉਨ੍ਹਾਂ ਤੋਂ ਮੋੜਨ ਲਈ ਯਤਨਸ਼ੀਲ ਹੋਣਾ।

**ਧਾਰਨਾ:** ਸਤੋਗੁਣ ਵਿਰਤੀ ਨੂੰ ਪ੍ਰਾਪਤ ਕਰਨ ਦਾ ਯਤਨ ਕਰਨਾ ਅਤੇ ਸਤੋਗੁਣ ਨੂੰ ਦ੍ਰਿੜਤਾ ਨਾਲ ਧਾਰਨ ਕਰਨਾ।

**ਧਿਆਨ:** ਆਪਣੇ ਧਿਆਨ ਨੂੰ ਇਕਾਗਰ ਕਰਨ ਦਾ ਯਤਨ ਕਰਨਾ ਅਤੇ ਇਕਾਗਰ ਅਵਸਥਾ ਵਿਚ ਅਡੋਲ ਤੇ ਟਿਕੇ ਰਹਿਣਾ।

**ਸਮਾਧੀ:** ਧਿਆਨ ਦੀ ਪਰਪੱਕ ਅਵਸਥਾ, ਜਿੱਥੇ ਚਿੱਤ ਦੀਆਂ ਸਾਰੀਆਂ ਵਿਰਤੀਆਂ (ਕਲਿਸ਼ਟ ਤੇ ਅਕਲਿਸ਼ਟ) ਸ਼ਾਂਤ ਹੋ ਜਾਂਦੀਆਂ ਹਨ, ਉਸ ਅਵਸਥਾ ਨੂੰ ਸਮਾਧੀ ਦੀ ਅਵਸਥਾ ਕਿਹਾ ਗਿਆ ਹੈ, ਜੋ ਦੋ ਕਿਸਮ ਦੀਆਂ ਹਨ-ਸਵਿਕਲਪ ਸਮਾਧੀ ਤੇ ਨਿਰਵਿਕਲਪ ਸਮਾਧੀ।

ਸਵਿਕਲਪ ਸਮਾਧੀ ਉਹ ਅਵਸਥਾ ਹੈ, ਜਿੱਥੇ ਸਾਰੀਆਂ ਚਿੱਤ ਵਿਰਤੀਆਂ ਸ਼ਾਂਤ ਹੋ ਜਾਂਦੀਆਂ ਹਨ, ਉਨ੍ਹਾਂ ਨੂੰ ਜਾਣਨ ਵਾਲਾ ਵੱਖ ਹੁੰਦਾ ਹੈ, ਭਾਵ ਗਿਆਨ ਅਤੇ ਗਿਆਤਾ ਦੋ ਹੁੰਦੇ ਹਨ। ਇਸ ਨੂੰ ਸਬੀਜ ਸਮਾਧੀ ਵੀ ਕਿਹਾ ਗਿਆ ਹੈ, ਜਿੱਥੇ ਅਗਲੇ ਜਨਮ ਦੀ ਸੰਭਾਵਨਾ ਹੈ।

ਨਿਰਵਿਕਲਪ ਸਮਾਧੀ ਉਹ ਅਵਸਥਾ ਹੈ, ਜਿੱਥੇ ਸਿਰਫ ਜੀਵ ਆਤਮਾ ਹੀ ਬਾਕੀ ਰਹਿ ਜਾਂਦੀ ਹੈ, ਬਾਕੀ ਸਭ ਕੁਝ ਪਿੱਛੇ ਛੁਟ ਜਾਂਦਾ ਹੈ। ਇਸ ਨੂੰ ਨਿਰਬੀਜ ਸਮਾਧੀ ਵੀ ਕਿਹਾ ਗਿਆ ਹੈ। ਇੱਥੇ ਜਨਮ ਦੀ ਸੰਭਾਵਨਾ ਵੀ ਖਤਮ ਹੋ ਜਾਂਦੀ ਹੈ।

**ਕੈਵਲਿਆ:** ਇਸ ਅਵਸਥਾ ਨੂੰ ਹੀ ਯੋਗ ਸ਼ਾਸਤਰ ਨੇ ਮੋਕਸ਼, ਮੁਕਤੀ ਅਤੇ ਕੈਵਲਿਆ ਅਵਸਥਾ ਕਿਹਾ ਹੈ, ਇਹ ਉਹ ਅਵਸਥਾ ਹੈ, ਜਿੱਥੇ ਜੀਵ ਆਤਮਾ, ਜੋ ਚੇਤੰਨ, ਨਿਰਗੁਣ ਅਤੇ ਨਿਹਚੱਲ ਹੈ, ਆਪਣੇ ਨਿੱਜ ਸਰੂਪ ਵਿਚ ਸਥਿਤ ਹੋ ਜਾਂਦਾ ਹੈ ਅਤੇ ਪ੍ਰਕਿਰਤੀ ਤੇ ਉਸ ਦੀ ਰਚਨਾ ਸਰੀਰ ਵੱਖਰਾ ਹੋ ਜਾਂਦਾ ਹੈ, ਆਪਣੇ ਆਪ ਨੂੰ ਜਾਣ ਤੇ ਪ੍ਰਗਟ ਕਰ ਲੈਂਦਾ ਹੈ। ਇਸ ਪਿੱਛੋਂ ਫਿਰ ਅਗਲੇ ਜਨਮ ਦੀ ਸੰਭਾਵਨਾ ਖਤਮ ਹੋ ਜਾਂਦੀ ਹੈ। ਪੁਰਸ਼ ਅਤੇ ਪ੍ਰਕਿਰਤੀ ਦਾ ਸੰਯੋਗ ਹੀ ਸੰਸਾਰ ਦਾ ਕਾਰਨ ਹੈ। ਪੁਰਸ਼ ਦਾ ਪ੍ਰਕਿਰਤੀ ਤੋਂ ਵੱਖਰਾ ਹੋਣਾ ਹੀ ਮੋਕਸ਼, ਮੁਕਤੀ ਅਤੇ ਕੈਵਲਿਆ ਹੈ। ਇਹ ਸਾਂਖਿਆ ਤੇ ਯੋਗ-ਦੋਹਾਂ ਦਾ ਸਾਂਝਾ ਵਿਸ਼ਾ ਹੈ ਅਤੇ ਅੰਤਿਮ ਟੀਚਾ ਹੈ।

---

# ਮਿਨੀ ਕਹਾਣੀਆਂ

## ਤਾਇਆ ਤੇ ਡੱਬੂ

"ਤਾਇਆ! ਸਾਰੀ ਉਮਰ ਤੂੰ ਕੁੱਤਿਆਂ ਨੂੰ ਨਫਰਤ ਕਰਦਾ ਆਇਆ, ਹੁਣ ਬੁੱਢੇ ਵਾਰੇ ਕੁੱਤਾ ਰੱਖ ਲਿਆ?" ਜੰਟੇ ਨੇ ਪੁਛਿਆ।

"ਜੰਟਿਆ! ਪਤਾ ਨਹੀਂ ਸੀ ਕਿ ਪੁੱਤ ਕਪੁੱਤ ਹੋ ਜਾਣਗੇ, ਜਿਨ੍ਹਾਂ ਖਾਤਰ ਰਾਤ-ਦਿਨ ਮਰਿਆ, ਉਹ ਅੱਜ ਮੇਰੇ ਨਾਲ ਇੰਜ ਕਰਨਗੇ। ਮੰਜਾ ਮੇਰਾ ਡੰਗਰਾਂ ਵਾਲੇ ਡਾਹ ਦਿੱਤਾ। ਦੋ ਵੇਲੇ ਰੋਟੀ ਦੇ ਜਾਂਦੇ ਨੇ, ਪਰ ਕੋਈ ਗੱਲ ਨਹੀਂ ਕਰਦਾ, ਨਾ ਕੋਈ ਗੱਲ ਸੁਣਦਾ ਹੈ। ਹੁਣ ਮੈਂ ਡੱਬੂ ਨਾਲ ਦੁੱਖ ਸਾਂਝਾ ਕਰ ਲੈਂਦਾ ਹਾਂ। ਜਵਾਨੀ ਦੇ ਦਿਨਾਂ ਵਿਚ ਮੈਨੂੰ ਨਹੀਂ ਸੀ ਪਤਾ ਕਿ ਬੁਢਾਪੇ ਵਿਚ ਇਸ ਦਰਵੇਸ਼ ਨੇ ਡੰਗੋਰੀ ਬਣਨੈਂ। ਜਿਨ੍ਹਾਂ ਪੁੱਤਾਂ ਦੀਆਂ ਚਾਅਵਾਂ ਨਾਲ ਲੋਹੜੀਆਂ ਵੰਡੀਆਂ, ਉਹ ਪਤਾ ਨ੍ਹੀਂ ਲਾਂਬੂ ਲਾਉਣਗੇ ਜਾਂ ਨਹੀਂ?" ਤਾਇਆ ਤਪਿਆ ਪਿਆ ਬੋਲਦਾ ਸੀ।

"ਤਾਇਆ! ਮਰੇ ਤੋਂ ਬਾਅਦ ਤਾਂ ਸਾਰੇ ਪਿੰਡ ਨੂੰ ਜਲੇਬੀਆਂ ਖਵਾਉਣਗੇ।" ਜੰਟਾ ਸੱਚ ਬੋਲ ਗਿਆ।

"ਜੋ ਮਰਜੀ ਕਰਨ, ਮੈਂ ਕਿਹੜਾ ਆ ਕੇ ਦੇਖਣਾ। ਸੇਵਾ ਕਰਨ ਦਾ ਤਾਂ ਹੁਣ ਸਮਾਂ ਆ, ਫਿਰ ਕੀ ਫਾਇਦਾ ਹਿੱਕ 'ਤੇ ਘਿਓ ਪਾਏ ਦਾ!" ਤਾਏ ਨੇ ਦਿਲ ਦੀ ਕਹਿ ਦਿੱਤੀ।

"ਤਾਇਆ! ਜ਼ਿੰਦਗੀ ਦਾ ਕੀ ਨਿਚੋੜ ਕੱਢਿਆ?" ਜੰਟੇ ਨੇ ਪੁੱਛਿਆ।

"ਜੰਟਿਆ! ਆਪਣੀ ਔਲਾਦ ਬਾਰੇ ਵੀ ਸੋਚੋ, ਪਰ ਰੱਬ ਨੂੰ ਨਾ ਭੁੱਲੋ। ਔਲਾਦ ਮੁੱਖ ਮੋੜ ਜਾਊ, ਪਰ ਰੱਬ ਨਹੀਂ ਮੁੱਖ ਮੋੜਦਾ।" ਇਹ ਕਹਿੰਦਾ ਤਾਇਆ ਡੱਬੂ ਦੀ ਸੰਗਲੀ ਫੜ ਤੁਰ ਗਿਆ।

*-ਮੇਜਰ ਕੁਲਾਰ ਬੋਪਾਰਾਏ ਕਲਾਂ*

---

## ਉਹ ਨਾ ਹੋਵੇ

ਸਾਰੇ ਮੁਹੱਲੇ ਦੀ ਰੌਣਕ ਹੈ ਮਾਤਾ। ਗਲੀ ਵਿਚ ਬੈਠ ਹਰ ਆਏ-ਗਏ ਦਾ ਹਾਲ ਪੁੱਛਦੇ ਤੇ ਸਦਾ ਅਸੀਸਾਂ ਦਿੰਦੇ ਰਹਿੰਦੇ ਹਨ। ਧਾਰਮਿਕ ਅਕੀਦੇ ਤੋਂ ਇਲਾਵਾ ਅਖਬਾਰ ਪੜ੍ਹਨਾ ਤੇ ਟੀ. ਵੀ. ਵੇਖਣਾ ਉਨ੍ਹਾਂ ਦੇ ਰੋਜ਼ਾਨਾ ਦੇ ਕੰਮਾਂ ਵਿਚ ਸ਼ਾਮਿਲ ਹੈ। ਹਰ ਵਿਸ਼ੇ 'ਤੇ ਉਨ੍ਹਾਂ ਦੀ ਚੰਗੀ ਪਕੜ ਹੈ। ਸਦਾ ਖੁਸ਼ ਰਹਿਣਾ ਤੇ ਮਿਲਣ ਵਾਲੇ ਨੂੰ ਵੀ ਉਤਸ਼ਾਹਿਤ ਕਰਦੇ ਰਹਿੰਦੇ, ਪਰ ਹੁਣ ਕੁਝ ਦਿਨ ਦੀਆਂ ਵਾਪਰ ਰਹੀਆਂ ਘਟਨਾਵਾਂ ਤੋਂ ਉਦਾਸ ਹੋ ਗਏ ਹਨ। ਬੋਲਣਾ-ਚੱਲਣਾ ਘਟ ਗਿਆ ਅਤੇ ਖਾਣ ਪੀਣ ਵੱਲੋਂ ਵੀ ਅਵੇਸਲੇ ਹੋ ਗਏ ਹਨ। ਅਚਾਨਕ ਆਈ ਇਸ ਤਬਦੀਲੀ ਕਾਰਨ ਸਭ ਨੂੰ ਝਟਕਾ ਲੱਗਾ।

ਪਤਾ ਲੱਗਣ 'ਤੇ ਮੈਂ ਵੀ ਹਾਲ ਜਾਣਨ ਲਈ ਗਿਆ। ਉਨ੍ਹਾਂ ਦੀ ਉਦਾਸੀ ਵੇਖ ਖੇੜੇ ਵਿਚ ਲਿਆਉਣ ਲਈ ਉਨ੍ਹਾਂ ਦੀਆਂ ਗੱਲਾਂ ਨੂੰ ਯਾਦ ਕਰਾਇਆ, ਪਰ ਉਨ੍ਹਾਂ ਦੀ ਸੁਰਤ ਕਿਤੇ ਹੋਰ ਹੀ ਸੀ। ਹੌਲੀ ਹੌਲੀ ਆਪਣਾ ਦਰਦ ਬਿਆਨ ਕਰਨ ਲੱਗੇ, "ਸਮਾਜਕ ਦੂਰੀ ਨੇ ਮਨ ਖਰਾਬ ਕਰ ਦਿੱਤਾ, ਆਪਣੇ ਹੀ ਇੱਕ ਦੂਜੇ ਤੋਂ ਲੁਕਣ ਲੱਗੇ ਹਨ। ਕਰੋਨਾ ਪੀੜਤਾਂ ਦੀਆਂ ਮੌਤਾਂ ਅਤੇ ਸਮਾਜ ਵੱਲੋਂ ਉਨ੍ਹਾਂ ਨਾਲ ਹੁੰਦੇ ਵਿਹਾਰ ਨੇ ਡਰਾ ਦਿੱਤਾ ਹੈ। ਪੁੱਤ, ਮਰਨਾ ਤਾਂ ਇੱਕ ਦਿਨ ਸਭ ਨੇ ਹੈ ਪਰ...। ਮਹਾਪੁਰਸ਼ ਜਿਹੇ ਇਨਸਾਨ ਨਾਲ ਲੋਕਾਂ ਇਹ ਕੀਤਾ ਤਾਂ ਆਮ ਲੋਕਾਂ ਨਾਲ ਕਿਹੋ ਜਿਹਾ ਹੋਵੇਗਾ? ਅਜਿਹੀ ਮੌਤ ਤਾਂ ਰੱਬ ਕਿਸੇ ਨੂੰ ਵੀ ਨਾ ਦੇਵੇ। ਮਰਨ ਨੂੰ ਤਾਂ ਭਾਵੇਂ ਅੱਜ ਮਰ ਜਾਈਏ, ਪਰ 'ਉਹ' ਨਾ ਹੋਵੇ, ਮਿੱਟੀ ਵੀ ਰੁੱਲ ਜਾਵੇ। ਧੀਆਂ-ਪੁੱਤ ਹੀ ਆਪਣਿਆਂ ਨੂੰ ਬਿਗਾਨੇ ਕਰ ਦੇਣ।"

ਮਾਤਾ ਨੇ ਭਰੇ ਮਨ ਨਾਲ ਆਪਣੀ ਗੱਲ ਮਸਾਂ ਹੀ ਮੁਕਾਈ। ਮੈਂ ਉਨ੍ਹਾਂ ਨੂੰ ਹੌਂਸਲਾ ਰੱਖਣ ਲਈ ਕਹਿ ਰਿਹਾ ਸਾਂ, ਪਰ ਹਾਲਾਤ ਨੇ ਮੇਰੇ ਅੰਦਰ ਵੀ ਕੰਬਣੀ ਛੇੜ ਦਿੱਤੀ ਸੀ।

*-ਗੁਰਮੀਤ ਸਿੰਘ ਮਰਾੜ੍ਹ*
*ਫੋਨ: 91-95014-00397*

---

## ਲੰਗਰ

ਇੱਕ ਵਾਰ ਦੇਸ਼ ਭਗਤ ਹਾਲ, ਜਲੰਧਰ ਕਿਸੇ ਮੀਟਿੰਗ 'ਚ ਹਿੱਸਾ ਲੈਣ ਲਈ ਗਿਆ। ਮੀਟਿੰਗ ਪਿਛੋਂ ਵੈਸੇ ਈ ਗੱਲਾਂ ਚੱਲ ਪਈਆਂ ਕਿ ਫਲਾਣਾ ਬੰਦਾ ਇਸ ਜ਼ਰੂਰੀ ਮੀਟਿੰਗ 'ਚ ਇਸ ਕਰਕੇ ਨ੍ਹੀਂ ਆਇਆ ਕਿ ਅੱਜ ਉਸ ਦੇ ਘਰ ਪ੍ਰਭਾਤ ਫੇਰੀ ਆਉਣੀ ਸੀ।

ਇਹ ਸੁਣ ਕੇ ਤਾਂ ਕਈਆਂ ਨੇ ਪ੍ਰਭਾਤ ਫੇਰੀਆਂ ਬਾਰੇ ਖੋਜ ਨਿਬੰਧ ਹੀ ਪੜ੍ਹਨੇ ਸ਼ੁਰੂ ਕਰ ਦਿੱਤੇ। ਕਿਸੇ ਨੇ ਆਪਣੀ ਖੋਜ ਦੋ ਲਾਈਨਾਂ 'ਚ ਈ ਸਮੇਟ ਦਿੱਤੀ, "ਇਹ ਕੋਈ ਜਰੂਰੀ ਨਹੀਂ ਹੁੰਦੀਆਂ, ਬੱਸ ਲੋਕ ਖਾਣ-ਪੀਣ ਦੇ ਭੁੱਖੇ ਆ। ਇੱਕ ਕੱਪ ਚਾਹ ਪਿੱਛੇ ਚਾਰ ਘੰਟੇ ਖਰਾਬ ਕਰ ਲੈਂਦੇ ਆ।"

ਇਕ ਬੋਲਿਆ, "ਅਗਲੇ ਹਫਤੇ ਗੁਰਪੁਰਬ ਨੂੰ ਵੇਖਿਓ ਕਿ ਕਮਲਾ ਲਾਣਾ ਕਿਵੇਂ ਲੰਗਰ 'ਚ ਬੈਠਾ ਹੋਊ ਸਜ ਧਜ ਕੇ। ਕਿਉਂ ਕਮਲਿਓ ਇਨ੍ਹਾਂ ਨੂੰ ਦਾਨ ਦਿੰਦੇ ਓਂ, ਕੋਈ ਲਾਇਬਰੇਰੀ ਖੋਲ੍ਹ ਲਉ, ਕੋਈ ਕਲਿਨਿਕ ਖੋਲ੍ਹੋ। ਨਾਲੇ ਹੈਰਾਨ ਤਾਂ ਮੈਂ ਉਨ੍ਹਾਂ ਲੋਕਾਂ ਤੋਂ ਹਾਂ, ਜਿਨ੍ਹਾਂ ਦੇ ਘਰੇ ਚੰਗੀ ਭਲੀ ਰੋਟੀ ਪੱਕਦੀ ਆ, ਉਹ ਫਿਰ ਵੀ ਥਾਲੀ ਭਰਾ ਕੇ ਖਾ ਰਹੇ ਆ। ਦਸ ਰੁਪਏ ਪੱਲਿਓਂ ਖਰਚ ਕੇ ਰੋਟੀ ਨ੍ਹੀਂ ਖਾ ਸਕਦੇ, ਇੱਥੇ ਢਿੱਡ ਭਰਨ ਬਹਿ ਜਾਂਦੇ ਆ?"

ਸ਼ਾਮ ਹੋ ਚੁਕੀ ਸੀ। ਮੈਂ ਬੱਸ ਅੱਡੇ ਵੱਲ ਨੂੰ ਤੁਰ ਪਿਆ। ਅੱਗੇ ਢਾਬੇ ਤੋਂ ਚਾਰ ਦੁਕਾਨਾਂ ਪਹਿਲਾਂ ਲੰਗਰ ਚੱਲ ਰਿਹਾ ਸੀ। ਅੱਗੇ ਹੋਇਆ ਤਾਂ ਇਹੀ ਸਰਦਾਰ ਜੀ ਇਕ ਪਾਸੇ ਖੜੇ ਪੂੜੀਆਂ ਖਾ ਰਹੇ ਸਨ, ਉਸ ਦਾ ਸਾਥੀ ਪੀਠੀ ਦਾ ਹਲਵਾ ਲਿਆ ਕੇ ਫੜਾ ਰਿਹਾ ਸੀ। ਮੈਂ ਵੀਹ ਮਿੰਟ ਪਹਿਲਾਂ ਈ ਉਸ ਦੇ ਸੁਣੇ ਪ੍ਰਵਚਨਾਂ 'ਤੇ ਅਮਲ ਕਰਦਿਆਂ ਉਹਨੂੰ ਕਿਹਾ, "ਚਲੋ ਜੀ, ਓਸ ਢਾਬੇ 'ਤੇ ਚਲਦੇ ਹਾਂ, ਜਦ ਆਪਾਂ ਰੋਟੀ ਖਰੀਦ ਸਕਦੇ ਆਂ ਤਾਂ ਲੰਗਰ 'ਚ ਕਿਉਂ ਖਾਈਏ?"

"ਛੱਡ ਯਾਰ! ਇਹ ਠੱਗ ਢਾਬੇ ਕਿੱਥੋਂ ਰੀਸ ਕਰ ਲੈਣਗੇ ਅਜਿਹੇ ਲੰਗਰ ਦੀ? ਬਹੁਤ ਵਧੀਆ ਆ, ਛਕੋ, ਛਕੋ। ਜੀ ਕਰਦਾ ਘਰ ਨੂੰ ਵੀ ਲੈ ਚੱਲੀਏ।"

*-ਪ੍ਰਭਜੀਤ ਸਿੰਘ ਰਸੂਲਪੁਰ*
*ਫੋਨ: 91-98780-23768*

---

# ਕਾਵਿ-ਰੰਗ

## ਨਿਸ਼ਾਨਚੀ

ਬਹਾਨੇਬਾਜ਼ੀ ਦੇ ਹੁੰਦੇ ਨੇ ਮਾਹਿਰ ਜਿਹੜੇ,
ਟਾਲ ਦਿੰਦੇ ਨੇ ਨਾਲ ਬਹਾਨਿਆਂ ਦੇ।
ਰੰਗ ਖੂਨ ਦਾ ਹੋਈ ਸਫੈਦ ਜਾਂਦਾ,
ਮਿਲਦੇ ਆਪਣੇ ਹੁਣ ਵਾਂਗ ਬਿਗਾਨਿਆਂ ਦੇ।
ਦਿੰਦੇ ਕਦੇ ਨਾ ਜਾਣ ਸ਼ਿਕਾਰ ਸੁੱਕਾ,
ਪੱਕੇ ਨਿਸ਼ਾਨਚੀ ਜੋ ਹੋਣ ਨਿਸ਼ਾਨਿਆਂ ਦੇ।
ਵੱਡੇ ਡੈਡੀਆਂ ਵਿਚ ਤਬਦੀਲ ਹੋਏ,
'ਚੋਹਲਾ' ਰਿਸ਼ਤੇ ਦਾਦਿਆਂ-ਨਾਨਿਆਂ ਦੇ।

*-ਰਮੇਸ਼ ਬੱਗਾ ਚੋਹਲਾ*
*ਫੋਨ: 91-94631-32719*

# ਸ਼ਿਵ ਕੁਮਾਰ ਨਾਲ ਮੇਰੀਆਂ ਮੁਲਾਕਾਤਾਂ

ਸ਼ਿਵ ਨਾਲ ਮੇਰੀਆਂ ਗਿਣਤੀ ਦੀਆਂ ਮੁਲਾਕਾਤਾਂ ਹੋਈਆਂ। ਜਦੋਂ ਕਦੀ ਮੈਂ ਕਲਾਸ ਵਿਚ ਸ਼ਿਵ ਦੀ ਸ਼ਾਇਰੀ ਪੜ੍ਹਾਉਂਦਾ ਤਾਂ ਵਿਦਿਆਰਥੀ ਮੈਨੂੰ ਕਹਿੰਦੇ, "ਸਰ, ਕੋਈ ਸ਼ਿਵ ਦੀ ਗੱਲ ਸੁਣਾਓ।" ਉਦੋਂ ਮੇਰਾ ਜੀਅ ਕਰਦਾ, ਕਾਸ਼! ਮੈਂ ਸ਼ਿਵ ਨੂੰ ਕੁਝ ਹੋਰ ਮਿਲਿਆ ਹੁੰਦਾ, ਪਰ ਸ਼ਿਵ ਦੇ ਜਿਉਂਦੇ ਜੀਅ ਇਹ ਨਹੀਂ ਪਤਾ ਸੀ ਕਿ ਉਹ ਏਨੀ ਜਲਦੀ ਤੁਰ ਜਾਵੇਗਾ। ਉਸ ਦੀ ਕਵਿਤਾ,

ਅਸੀਂ ਤੇ ਜੋਬਨ ਰੁੱਤੇ ਮਰਨਾ
ਤੁਰ ਜਾਣਾ ਅਸੀਂ ਭਰੇ ਭਰਾਏ
ਹਿਜਰ ਤੇਰੇ ਦੀ ਕਰ ਪਰਕਰਮਾ

ਜੋਬਨ ਰੁੱਤੇ ਆਸ਼ਕ ਮਰਦੇ
ਜਾਂ ਕੋਈ ਕਰਮਾਂ ਵਾਲਾ
ਜੋਬਨ ਰੁੱਤੇ ਜੋ ਵੀ ਮਰਦਾ
ਫੁੱਲ ਬਣੇ ਜਾਂ ਤਾਰਾ

ਨੂੰ ਅਸੀਂ ਕਵਿਤਾ ਤਾਂ ਸਮਝਦੇ ਸੀ, ਪੇਸ਼ੀਨਗੋਈ ਨਹੀਂ ਸੀ ਸਮਝਦੇ।

ਪਤਾ ਨਹੀਂ ਉਹ ਮਰ ਕੇ ਫੁੱਲ ਬਣਿਆ ਜਾਂ ਤਾਰਾ, ਪਰ ਮੈਂ ਉਸ ਨੂੰ ਜਿਉਂਦੇ ਜੀਅ ਇਹ ਦੋਵੇਂ ਕੁਝ ਬਣਦਾ ਦੇਖਿਆ।

ਉਹ ਜਦੋਂ ਹੇਠਲੀਆਂ ਸੁਰਾਂ ਵਿਚ ਗੀਤ ਦਾ ਮੁਖੜਾ ਗਾਉਂਦਾ ਤਾਂ ਉਹ ਫੁੱਲ ਬਣ ਜਾਂਦਾ ਸੀ। ਜਦੋਂ ਉਚੀਆਂ ਉਚੀਆਂ ਸੁਰਾਂ ਵਿਚ ਅੰਤਰਾ ਚੁੱਕਦਾ ਤਾਂ ਤਾਰਾ ਬਣ ਜਾਂਦਾ। ਉਸ ਦੀ ਸ਼ਾਇਰੀ ਵਿਚ ਬੇਮਿਸਾਲ ਰਵਾਨੀ ਸੀ ਤੇ ਉਸ ਦੇ ਪਰਵਾਹ ਵਿਚ ਉਹ ਪਤਾ ਨਹੀਂ ਕੀ ਕੁਝ ਵਹਾ ਦਿੰਦਾ ਸੀ। ਕਿੰਨੇ ਪੁਰਾਣੇ



ਸੁਰਜੀਤ ਪਾਤਰ

ਲਫਜ਼, ਚੀਜ਼ਾਂ, ਬੂਟੇ। ਭੂਸ਼ਨ ਨੇ ਲਤੀਫਾ ਸਿਰਜਿਆ, "ਕੋਈ ਅਧਿਆਪਕ ਸਾਇਕਲ 'ਤੇ ਸਕੂਲ ਜਾ ਰਿਹਾ ਸੀ। ਸਾਇਕਲ ਦੇ ਹੈਂਡਲ ਦੇ ਦੋਹੀਂ ਪਾਸੀਂ ਜੜੀ-ਬੂਟੀਆਂ ਦੇ ਭਰੇ ਦੋ ਥੈਲੇ ਲਟਕ ਰਹੇ ਸਨ। ਕਿਸੇ ਨੇ ਪੁੱਛਿਆ, 'ਮਾਸਟਰ ਜੀ, ਇਹ ਥੈਲਿਆਂ ਵਿਚ ਕੀ ਲਿਜਾ ਰਹੇ ਹੋ।' ਮਾਸਟਰ ਜੀ ਕਹਿਣ ਲੱਗੇ, 'ਅੱਜ ਮੈਂ ਬੱਚਿਆਂ ਨੂੰ ਸ਼ਿਵ ਦੀ ਕਵਿਤਾ ਪੜ੍ਹਾਉਣੀ ਐ। ਸ਼ਿਵ ਦੀਆਂ ਇਹ ਸਤਰਾਂ ਨੇ,

ਜਿਹੜੇ ਖੇਤਾਂ ਵਿਚ ਬੀਜੇ ਸੀ
ਮੈਂ ਤਾਰਿਆਂ ਦੇ ਬੀਜ
ਉਨ੍ਹਾਂ ਖੇਤਾਂ ਵਿਚ ਭੱਖੜਾ ਬੁਘਾਟ ਉਗਿਆ।'

ਬੱਚੇ ਪੁੱਛਣਗੇ, 'ਮਾਸਟਰ ਜੀ, ਭੱਖੜਾ ਕੀ ਹੁੰਦਾ, ਬੁਘਾਟ ਕੀ ਹੁੰਦਾ?' ਮੈਂ ਕਿਵੇਂ ਸਮਝਾਵਾਂਗਾ। ਇਸ ਲਈ ਮੈਂ ਇਕ ਥੈਲੇ ਵਿਚ ਭੱਖੜਾ ਲੈ ਆਇਆਂ ਤੇ ਇਕ ਵਿਚ ਬੁਘਾਟ। ਇਹ ਬੱਚਿਆਂ ਨੂੰ ਦਿਖਾ ਦਿਆਂਗਾ।"

ਸ਼ਿਵ ਦੇ ਸ਼ਬਦਾਂ ਦਾ ਸੰਗੀਤ, ਉਸ ਦੀ ਹੂਕ, ਉਸ ਦਾ ਬਿਰਹਾ, ਉਸ ਦੀ ਲਫਜ਼ਾਂ ਦੀ ਜਕੜ, ਉਸ ਦੀ ਬਿੰਬਾਵਲੀ ਦੀ ਮੌਲਿਕਤਾ, ਉਸ ਦੀ ਲੋਕਧਾਰਾ ਦਾ ਇਸਤੇਮਾਲ ਬੇਮਿਸਾਲ ਸੀ,

ਮਾਏ ਨੀ ਮਾਏ
ਮੇਰੇ ਗੀਤਾਂ ਦਿਆਂ ਨੈਣਾਂ ਵਿਚ
ਬਿਰਹੋਂ ਦੀ ਰੜਕ ਪਵੇ
ਭਿਉਂ ਭਿਉਂ ਸੁਗੰਧੀਆਂ 'ਚ
ਰੱਖੇ ਫੇਹੇ ਚਾਨਣੀ ਦੇ
ਤਾਂ ਵੀ ਸਾਨੂੰ ਨੀਂਦ ਨਾ ਪਵੇ।

ਜਦੋਂ ਸੱਠਵਿਆਂ ਵਿਚ ਸ਼ਿਵ ਦਾ ਇਹ ਗੀਤ ਪੰਜਾਬ ਦੀਆਂ ਹਵਾਵਾਂ ਵਿਚ ਗੂੰਜਿਆ ਤਾਂ ਪੰਜਾਬੀ ਬੋਲੀ ਨੂੰ ਆਪਣੀ ਕਦੀਮੀ ਖੂਬਸੂਰਤੀ ਯਾਦ ਆਈ। ਸ਼ਿਵ ਕੁਮਾਰ ਦੇ ਆਸੇ ਪਾਸੇ ਪ੍ਰਯੋਗਸ਼ੀਲਤਾ ਦਾ ਸਿਧਾਂਤਕ ਰੁਅਬ ਸੀ, ਪ੍ਰਗਤੀਸ਼ੀਲਤਾ ਦਾ ਵ੍ਰਿੰਦਗਾਨ ਸੀ। ਸ਼ਿਵ ਇਕੱਲੀ ਅਵਾਜ਼ ਸੀ, ਪਰ ਇਸ ਅਵਾਜ਼ ਨੇ, ਅੰਦਾਜ਼ ਨੇ ਬਹੁਤਿਆਂ ਨੂੰ ਮੋਹ ਲਿਆ। ਕੁਝ ਦਾਨਿਸ਼ਵਰਾਂ ਨੇ ਉਸ ਨੂੰ ਕੁੜੀਆਂ-ਮੁੰਡਿਆਂ ਦਾ ਕਵੀ ਕਿਹਾ। ਕਿਸੇ ਨੇ ਪ੍ਰਤਿਗਾਮੀ, ਨਿਰਾਸ਼ਾਵਾਦੀ, ਪਰ ਸੰਤ ਸਿੰਘ ਸੇਖੋਂ ਜਿਹੇ ਮਾਰਕਸਵਾਦੀ ਦਾਨਿਸ਼ਵਰ ਨੇ ਉਸ ਦੀ ਵਡੱਤਣ ਨੂੰ ਪਛਾਣਿਆਂ ਤੇ ਇਸ ਦਾ ਐਲਾਨ ਕੀਤਾ ਤੇ ਉਸ ਨੂੰ ਵੀਹਵੀਂ ਸਦੀ ਦੇ ਸੱਤ ਵੱਡੇ ਕਵੀਆਂ ਵਿਚ ਗਿਣਿਆ।

'ਲੂਣਾ' ਅਤੇ ਸ਼ਿਵ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ। ਸਭ ਤੋਂ ਛੋਟੀ ਉਮਰ ਵਿਚ ਇਹ ਪੁਰਸਕਾਰ ਪ੍ਰਾਪਤ ਕਰਨ ਦਾ ਮਾਣ ਵੀ ਸ਼ਿਵ ਨੂੰ ਹੀ ਪ੍ਰਾਪਤ ਹੈ। ਮੈਂ ਆਪਣੇ ਪ੍ਰੋਗਰਾਮ 'ਸੂਰਜ ਦਾ ਸਿਰਨਾਵਾਂ' ਵਿਚ ਕਿਹਾ ਸੀ ਕਿ ਸ਼ਿਵ ਦੀ ਸ਼ਾਇਰੀ ਵਿਚ ਲੂਣਾ ਦੀ ਉਹ ਹੀ ਥਾਂ ਹੈ, ਜੋ ਆਗਰੇ ਵਿਚ ਤਾਜ ਮਹਿਲ ਦੀ ਹੈ।

ਸ਼ਿਵ ਦਾ ਰੋਮਾਂਸਵਾਦ, ਸ਼ਿਵ ਦੀ ਨਿਰਾਸ਼ਾ, ਸ਼ਿਵ ਦਾ ਮੌਤ-ਮੋਹ ਕਿਸੇ ਨੂੰ ਕੁਝ ਵੀ ਲੱਗੇ, ਉਸ ਦੀ ਰਵਾਨੀ, ਉਸ ਦਾ ਸਰੋਦੀਪਨ, ਉਸ ਦੀ ਬਿੰਬਾਵਲੀ, ਉਸ ਦੀ ਸ਼ਬਦਾਵਲੀ, ਉਸ ਦੀ ਸ਼ਿਲਪ ਦਾ ਜਾਦੂ ਕਮਾਲ ਦਾ ਹੈ। ਉਹ ਸੂਫੀਆਂ ਤੇ ਕਿੱਸੇਕਾਰਾਂ ਵਾਂਗ ਗਾਇਕਾਂ ਦਾ ਚਹੇਤਾ ਹੈ।

ਪਹਿਲੀ ਵਾਰ ਮੈਂ ਸ਼ਿਵ ਨੂੰ 1964 ਵਿਚ ਮਿਲਿਆ, ਜਦੋਂ ਮੈਂ ਰਣਧੀਰ ਕਾਲਜ, ਕਪੂਰਥਲਾ ਦਾ ਵਿਦਿਆਰਥੀ ਸਾਂ। ਸੁਰਜੀਤ ਸਿੰਘ ਸੇਠੀ ਤੇ ਉਨ੍ਹਾਂ ਦੀ ਪਤਨੀ ਮਨੋਹਰ ਕੌਰ ਅਰਪਨ ਸਾਨੂੰ ਪੰਜਾਬੀ ਪੜ੍ਹਾਉਂਦੇ ਸਨ। ਇਸ ਜੋੜੀ ਸਦਕਾ ਕਾਲਜ ਦਾ ਮਾਹੌਲ ਅਦਬੀ ਸਰਗਰਮੀਆਂ ਨਾਲ ਭਖਿਆ ਰਹਿੰਦਾ। ਫਰਵਰੀ 1964 ਦੀ ਗੱਲ ਹੈ। ਸੇਠੀ ਸਾਹਿਬ ਨੇ ਵੱਡਾ ਕਵੀ ਦਰਬਾਰ ਕਾਲਜ ਦੇ ਜੁਬਲੀ ਹਾਲ ਵਿਚ ਕੀਤਾ। ਪ੍ਰੋ. ਮੋਹਨ ਸਿੰਘ, ਡਾ. ਹਰਿਭਜਨ ਸਿੰਘ, ਤਖਤ ਸਿੰਘ, ਸ. ਸ. ਮੀਸ਼ਾ, ਜਗਤਾਰ, ਕ੍ਰਿਸ਼ਨ ਅਦੀਬ, ਰਵਿੰਦਰ ਰਵੀ, ਸੁਰਜੀਤ ਰਾਮਪੁਰੀ ਤੇ ਹੋਰ ਬਹੁਤ ਸਾਰੇ ਕਵੀ ਇਸ ਕਵੀ ਦਰਬਾਰ ਵਿਚ ਆਏ। ਸੁਰਜੀਤ ਸਿੰਘ ਸੇਠੀ ਨੇ ਮੈਨੂੰ ਸ਼ਿਵ ਨਾਲ ਮਿਲਾਇਆ, "ਸ਼ਿਵ ਇਹ ਸੁਰਜੀਤ ਐ, ਸਾਡਾ ਵਿਦਿਆਰਥੀ, ਕਵਿਤਾ ਲਿਖਦਾ।" ਸ਼ਿਵ ਨੇ ਮੈਨੂੰ ਬਗਲ ਵਿਚ ਲੈ ਲਿਆ। ਉਹਦੇ ਆੜੂ-ਰੰਗੇ ਸੂਟ ਵਿਚੋਂ ਸੈਂਟ ਦੀ ਬਹੁਤ ਪਿਆਰੀ ਮਹਿਕ ਆ ਰਹੀ ਸੀ। ਸ਼ਰਬਤੀ ਅੱਖਾਂ, ਕੋਮਲ ਜਿਹਾ ਲਮੂਤਰਾ ਚਿਹਰਾ। ਉਹ ਮੇਰੇ ਨਾਲ ਗੱਲਾਂ ਕਰਨ ਲੱਗਾ। ਅਚਾਨਕ ਕਹਿਣ ਲੱਗਾ, "ਤੇਰਾ ਪੂਰਾ ਨਾਂ ਕੀ ਐ? ਤੂੰ ਕਿਤੇ ਓਹੀ ਸੁਰਜੀਤ ਤਾਂ ਨਹੀਂ। ਨਵਤੇਜ ਨੇ ਮੈਨੂੰ ਇਕ ਸੁਰਜੀਤ ਦੀਆਂ ਕਵਿਤਾਵਾਂ ਪੜ੍ਹਾਈਆਂ ਜਿਹੜੀਆਂ 'ਪ੍ਰੀਤ ਲੜੀ' ਵਿਚ ਛਪਣ ਲਈ ਆਈਆਂ ਸਨ।"

ਮੈਨੂੰ ਬਹੁਤ ਖੁਸ਼ੀ ਹੋਈ। ਕਿਹਾ, "ਮੈਂ ਹੀ ਓਹੀ ਸੁਰਜੀਤ ਹਾਂ।" ਸ਼ਿਵ ਨੂੰ ਮੇਰੀ ਇਕ ਕਵਿਤਾ ਦੀਆਂ ਦੋ ਸਤਰਾਂ ਵੀ ਯਾਦ ਸਨ,

ਜ਼ਖਮੀ ਹੰਸ ਉਡੇ ਸਰਵਰ 'ਚੋਂ
ਪਾਣੀ ਵਿਚ ਪਿਆਜ਼ੀ ਰੌਆਂ।

ਇਹ ਮੇਰੀ ਕਵਿਤਾ 'ਗਾਇਕਾ' ਦੀਆਂ ਸਤਰਾਂ ਸਨ। ਉਹ ਦਿਨ ਮੇਰੇ ਲਈ ਮਹਾਨ ਦਿਨ ਸੀ। ਸ਼ਿਵ ਨੂੰ ਮੇਰੀਆਂ ਦੋ ਸਤਰਾਂ ਯਾਦ ਸਨ। ਰਾਤ ਨੂੰ ਕਵੀ ਦਰਬਾਰ ਸ਼ੁਰੂ ਹੋਇਆ। ਸ਼ਿਵ ਕੁਮਾਰ ਆਪਣੀ ਵਾਰੀ ਆਉਣ ਤੱਕ ਸਟੇਜ ਦੇ ਪਿੱਛੇ ਪ੍ਰਬੰਧਕ ਮੁੰਡਿਆਂ ਕੋਲ ਹੀ ਬੈਠਾ ਰਿਹਾ। ਕਹਿਣ ਲੱਗਾ, "ਮੈਂ ਕਵੀਆਂ ਕੋਲ ਨਹੀਂ ਬੈਠਦਾ। ਇਹ ਈਰਖਾ ਦੀ ਅੱਗ ਨਾਲ ਭਰੇ ਹੋਏ ਹੁੰਦੇ ਹਨ।" ਸ਼ਿਵ ਦੀ ਵਾਰੀ ਆਈ। ਉਸ ਨੇ ਗੀਤ ਸ਼ੁਰੂ ਕੀਤਾ, "ਮਾਏ ਨੀ ਮਾਏ, ਮੈਂ ਇਕ ਸ਼ਿਕਰਾ ਯਾਰ ਬਣਾਇਆ।" ਇਕ ਉਰਦੂ ਤੇ ਪੰਜਾਬੀ ਕਵੀ ਨੇ 'ਵਾਹ ਵਾਹ ਫੁਕਰਾ ਯਾਰ ਬਣਾਇਆ' ਕਹਿ ਕੇ ਸ਼ਿਵ ਨੂੰ ਹੂਟ ਕਰਨ ਦੀ ਕੋਸ਼ਿਸ਼ ਕੀਤੀ। ਥੋੜ੍ਹੀ ਜਿਹੀ ਹਿੜ-ਹਿੜ ਹੋਈ। ਸ਼ਿਵ ਜ਼ਰਾ ਕੁ ਤ੍ਰਭਕਿਆ, ਇਕ ਪਲ ਲਈ ਰੁਕਿਆ। ਫਿਰ ਸਾਹ ਰੋਕੀ ਬੈਠੀ ਚੁਪ ਵਿਚੋਂ ਉਸ ਨੇ ਉਡਾਣ ਭਰੀ, ਫੁੱਲ ਤੋਂ ਤਾਰਾ ਬਣ ਗਿਆ।

ਉਸ ਪਿਛੋਂ ਸੁਲਤਾਨਪੁਰ ਲੋਧੀ ਦੇ ਗੁਰਦੁਆਰੇ ਵਿਚ ਕਵੀ ਦਰਬਾਰ ਦੀ ਰਾਤ ਤੋਂ ਬਾਅਦ ਦੂਜੀ ਸਵੇਰ ਰੇਲ ਗੱਡੀ ਦੇ ਡੱਬੇ ਵਿਚ ਸ਼ਿਵ ਨੇ ਆਪਣਾ ਗੀਤ ਸੁਣਾਇਆ,

ਅੱਜ ਦਿਨ ਚੜ੍ਹਿਆ ਤੇਰੇ ਰੰਗ ਵਰਗਾ
ਤੇਰੀ ਚੁੰਮਣੋਂ ਪਿਛਲੀ ਸੰਗ ਵਰਗਾ।

ਫਿਰ ਮੈਂ ਐਮ. ਏ. ਕਰਨ ਪੰਜਾਬੀ ਯੂਨੀਵਰਸਿਟੀ, ਪਟਿਆਲੇ ਆ ਗਿਆ। ਉਥੇ ਮੇਰਾ ਸੀਨੀਅਰ ਦੋਸਤ ਸੁਰਜੀਤ ਮਾਨ ਸ਼ਿਵ ਦਾ ਬਹੁਤ ਦੀਵਾਨਾ ਸੀ। ਸਾਡੇ ਹੋਸਟਲ ਵਿਚ ਕਵੀਆਂ ਬਾਰੇ ਅਕਸਰ ਬਹਿਸਾਂ ਹੁੰਦੀਆਂ। ਅਸੀਂ ਉਨ੍ਹੀਂ ਦਿਨੀਂ ਲੋਰਕਾ, ਨੇਰੂਦਾ, ਬ੍ਰੈਖਤ ਪੜ੍ਹ ਰਹੇ ਸਾਂ। ਸਹਿਜੇ ਕੀਤੇ ਸਾਨੂੰ ਕੋਈ ਪੰਜਾਬੀ ਕਵੀ ਪਸੰਦ ਨਹੀਂ ਆਉਂਦਾ ਸੀ। ਅਸੀਂ ਯੂਨਾਨੀ ਦੁਖਾਂਤ ਤੋਂ ਉਰੇ ਦੀ ਗੱਲ ਘੱਟ ਹੀ ਕਰਦੇ ਸਾਂ।

***ਕਵੀ ਦਰਬਾਰ ਵਿਸ਼ਵ ਨਾਥ ਤਿਵਾੜੀ ਨੇ ਕਰਵਾਇਆ ਸੀ। ਇਸ ਵਿਚ ਅਮਿਤੋਜ ਨੇ ਆਪਣੀ ਲੰਮੀ ਨਜ਼ਮ 'ਅਮੀਬਾ' ਪੜ੍ਹੀ। ਇਹ ਪਹਿਲਾ ਕਵੀ ਦਰਬਾਰ ਸੀ, ਜਿਸ ਵਿਚ ਸ਼ਿਵ ਨੇ ਆਪਣੀ ਕਵਿਤਾ ਗਾ ਨੇ ਨਹੀਂ ਪੜ੍ਹੀ। ਇਹ ਕ੍ਰਾਂਤੀਕਾਰੀ ਕਵਿਤਾ ਸੀ। ਸ਼ਾਇਦ ਸ਼ਿਵ ਤਰੱਨੁਮ ਤੇ ਰੋਮਾਂਸ ਦੇ ਮਿਹਣੇ ਨੂੰ ਦਿਲ ਨੂੰ ਲਾ ਬੈਠਾ ਸੀ। ਸਰੋਤਿਆਂ ਦੇ ਵਾਰ-ਵਾਰ ਕਹਿਣ 'ਤੇ ਵੀ ਸ਼ਿਵ ਨੇ ਕੋਈ ਗੀਤ ਗਾ ਕੇ ਨਾ ਸੁਣਾਇਆ। ਸ਼ਿਵ ਗਾਵੇ ਨਾ, ਇਹ ਗੱਲ ਸਭ ਨੂੰ ਅਜੀਬ ਲੱਗੀ। ਸ਼ਿਵ ਨੇ ਗਾਉਣਾ ਛੱਡ ਦਿਤਾ ਸੀ। ਲੱਗਦਾ ਠੱਗਾਂ ਨੇ ਕੁੱਤਾ-ਕੁੱਤਾ ਕਹਿ ਕੇ ਬ੍ਰਾਹਮਣ ਦੇ ਸਿਰ ਤੋਂ ਪਠੋਰਾ ਸੁਟਵਾ ਲਿਆ ਸੀ। ਇਸ ਤੋਂ ਬਾਅਦ ਸ਼ਿਵ ਜਿਵੇਂ ਸਰੋਦ ਤੇ ਰੋਮਾਂਸ ਨੂੰ ਨਫਰਤ ਕਰਨ ਲੱਗਾ। ਉਸ ਨੇ 'ਲੁੱਚੀ ਧਰਤੀ' ਅਤੇ 'ਕੁੱਤਿਓ' ਵਰਗੀਆਂ ਨਫਰਤ ਭਰੀਆਂ ਨਜ਼ਮਾਂ ਲਿਖੀਆਂ। ਲਗਦਾ ਸੀ, ਉਹ ਜ਼ਹਿਰ ਨਾਲ ਭਰ ਗਿਆ ਸੀ।***



*ਸਾਊਥਾਲ (ਇੰਗਲੈਂਡ) ਵਿਚ ਕਵਿਤਾ ਸੁਣਾ ਰਿਹਾ ਸ਼ਿਵ ਬਟਾਲਵੀ। ਇਹ ਤਸਵੀਰ 1971 ਦੀ ਹੈ।*

ਪੰਜਾਬੀ ਯੂਨੀਵਰਸਿਟੀ ਕੈਂਪਸ ਵਿਚ ਕਵੀ ਦਰਬਾਰ ਹੋਇਆ। ਬਾਹਰ ਪੰਡਾਲ ਲੱਗਾ ਹੋਇਆ ਸੀ। ਤਾਰਾ ਸਿੰਘ ਆਪਣੀ ਕਵਿਤਾ ਪੜ੍ਹ ਕੇ ਮੇਰੇ ਅਤੇ ਸੁਰਜੀਤ ਕੋਲ ਆ ਬੈਠਾ। ਅਸੀਂ ਬਾਹਰ ਘਾਹ 'ਤੇ ਬੈਠੇ ਹੋਏ ਸਾਂ। ਸ਼ਿਵ ਕੁਮਾਰ ਆਪਣੀ ਕਵਿਤਾ ਪੜ੍ਹ ਰਿਹਾ ਸੀ,

ਗੁੰਮ ਹੈ, ਗੁੰਮ ਹੈ, ਗੁੰਮ ਹੈ
ਇਕ ਕੁੜੀ ਜਿਹਦਾ ਨਾਮ ਮੁਹੱਬਤ
ਗੁੰਮ ਗੁੰਮ ਗੁੰਮ ਹੈ।

ਤਾਰਾ ਸਿੰਘ ਕਹਿਣ ਲੱਗਾ, "ਇਹ ਕੁੜੀ ਅਸਲ ਵਿਚ ਇਹਦੀ ਕਵਿਤਾ ਹੈ, ਜੋ ਗੁੰਮ ਹੋ ਗਈ ਹੈ। ਮੈਂ ਵੀ ਅੱਜ ਕੱਲ੍ਹ ਕੁਝ ਨਵਾਂ ਨਹੀਂ ਲਿਖ ਰਿਹਾ। ਇਹ ਸਾਰੇ ਕਵੀ ਜੋ ਨਵਾਂ ਲਿਖ ਰਹੇ ਨੇ, ਇਹ ਵੀ ਖੜ੍ਹੇ-ਖੜ੍ਹੇ ਦੌੜ ਰਹੇ ਨੇ, ਜਿਵੇਂ ਫੌਜੀ ਕਦਮ-ਤਾਲ ਕਰਦੇ ਨੇ। ਇਹ ਅੱਗੇ ਨਹੀਂ ਜਾ ਰਹੇ। ਮੈਂ ਕਦਮ-ਤਾਲ ਨਹੀਂ ਕਰਨੀ ਚਾਹੁੰਦਾ।"

ਦੂਜੇ ਦਿਨ ਸਵੇਰੇ ਡਾ. ਜੀਤ ਸਿੰਘ ਸੀਤਲ, ਸ਼ਿਵ ਕੁਮਾਰ ਅਤੇ ਐਮ. ਬੀ. ਬੀ. ਐਸ. ਦੀ ਇਕ ਵਿਦਿਆਰਥਣ ਸਾਨੂੰ ਗੋਲ ਮਾਰਕੀਟ ਵਿਚ ਮਿਲੇ। ਡਾ. ਸੀਤਲ ਮੈਨੂੰ ਪਾਸੇ ਬੁਲਾ ਕੇ ਕਹਿਣ ਲੱਗੇ, "ਇਨ੍ਹਾਂ ਦੋਹਾਂ ਨੂੰ ਆਪਣੇ ਹੋਸਟਲ ਦੇ ਕਮਰੇ ਵਿਚ ਬਿਠਾ ਕੇ ਰੋਟੀ ਖਲਾ ਦੇ।" ਮੈਂ ਹੋਸਟਲ ਦੇ ਬੈਕ ਡੋਰ ਤੋਂ ਮੈਸ ਥਾਣੀਂ ਲੰਘ ਕੇ ਦੋ ਖਾਣਿਆਂ ਦਾ ਆਰਡਰ ਕਰਕੇ ਸ਼ਿਵ ਤੇ ਉਸ ਕੁੜੀ ਨੂੰ ਆਪਣੇ ਕਮਰੇ ਵਿਚ ਛੱਡ ਆਇਆ। ਸ਼ਿਵ ਮੈਨੂੰ ਕਹਿਣ ਲੱਗਾ, "ਮੈਂ ਤਾਲਾ ਲਾ ਕੇ ਚਾਬੀ ਮੈਸ ਵਿਚ ਫੜਾ ਜਾਵਾਂਗਾ। ਮੈਂ ਮੈਸ ਵਿਚ ਖਾਣਾ ਖਾ ਕੇ ਲਾਇਬਰੇਰੀ ਵਿਚ ਆ ਗਿਆ। ਉਸ ਵੇਲੇ ਮੈਂ ਆਪਣੇ ਆਪ ਨੂੰ ਬਹੁਤ ਅਹਿਮ ਸ਼ਖਸ ਮਹਿਸੂਸ ਕਰ ਰਿਹਾ ਸਾਂ। ਦੋ ਘੰਟਿਆਂ ਪਿਛੋਂ ਮੈਂ ਆਇਆ, ਆਪਣੇ ਕਮਰੇ ਦਾ ਤਾਲਾ ਖੋਲ੍ਹਿਆ। ਖਾਣੇ ਓਵੇਂ ਹੀ ਅਣਛੋਹ ਪਏ ਸਨ। ਦੂਜੇ ਦਿਨ ਮੈਸ ਦੇ ਨੋਟਿਸ ਬੋਰਡ 'ਤੇ ਨੋਟਿਸ ਲੱਗਾ ਹੋਇਆ ਸੀ: 'ਸੁਰਜੀਤ ਸਿੰਘ ਪਾਤਰ ਇਜ਼ ਫਾਈਨਡ ਰੁਪੀਜ਼ ਟੈਨ ਫਾਰ ਇੰਟਰਟੇਨਿੰਗ ਏ ਲੇਡੀ ਗੈਸਟ ਇਨ ਹਿਜ਼ ਰੂਮ।'

ਮੈਂ ਬਹੁਤ ਦਿਨ ਉਸ ਨੋਟਿਸ ਨੂੰ ਸ਼ਿਵ ਦੀ ਯਾਦ ਵਜੋਂ ਸਾਂਭੀ ਰੱਖਿਆ।

ਸ਼ਿਵ ਨਾਲ ਮੇਰੀ ਚੌਥੀ ਮੁਲਾਕਾਤ ਚੰਡੀਗੜ੍ਹ ਦੇ ਸਤਾਰਾਂ ਸੈਕਟਰ ਵਿਚ ਹੋਈ। ਮੈਂ ਤੇ ਰਣਜੀਤ ਬਾਜਵਾ ਪਟਿਆਲੇ ਤੋਂ ਚੰਡੀਗੜ੍ਹ ਆਏ ਸਾਂ, ਐਵੇਂ ਘੁੰਮਣ ਫਿਰਨ। ਕਾਫੀ ਹਾਊਸ ਵਿਚ ਅਮਿਤੋਜ ਮਿਲਿਆ। ਕਹਿਣ ਲੱਗਾ, "ਬਹੁਤ ਥੱਕੇ-ਥੱਕੇ ਲਗਦੇ ਓਂ। ਇਹ ਲਓ, ਇਕ-ਇਕ ਗੋਲੀ ਖਾ ਲਵੋ।" ਉਸ ਨੇ ਪਾਣੀ ਦੇ ਗਲਾਸ ਮੰਗਵਾਏ ਤੇ ਸਾਨੂੰ ਗੋਲੀਆਂ ਖਲਾ ਦਿਤੀਆਂ। ਕਾਫੀ ਪੀ ਕੇ ਅਸੀਂ ਕਿਤਾਬਾਂ ਦੀ ਦੁਕਾਨ 'ਤੇ ਆ ਗਏ। ਅਮਿਤੋਜ ਸ਼ਾਮ ਨੂੰ ਹੋਸਟਲ ਵਿਚ ਮਿਲਣ ਦਾ ਵਾਅਦਾ ਕਰਕੇ ਚਲਾ ਗਿਆ। ਕੁਝ ਚਿਰ ਪਿਛੋਂ ਮੈਂ ਹਲਕਾ-ਹਲਕਾ ਨਸ਼ਾ ਮਹਿਸੂਸ ਕੀਤਾ। ਮੈਨੂੰ ਅਹਿਸਾਸ ਹੋਇਆ ਕਿ ਅਮਿਤੋਜ ਸਾਡੇ ਨਾਲ ਕੋਈ ਅਮਿਤੋਜੀ ਚੋਜ ਖੇਡ ਗਿਆ ਹੈ। ਕਿਤਾਬਾਂ ਦੀ ਦੁਕਾਨ ਵਿਚ ਹੀ ਪਤਾ ਨਹੀਂ ਮੈਂ ਤੇ ਰਣਜੀਤ ਕਿਵੇਂ ਨਿੱਖੜ ਗਏ।

ਕਿਤਾਬਾਂ ਦੀ ਦੁਕਾਨ ਤੋਂ ਬਾਹਰ ਆਇਆ ਤਾਂ ਦੂਰੋਂ ਚਿੱਟੀ ਦਸਤਾਰ ਤੇ ਕਾਲੇ ਚੋਗੇ ਵਾਲੇ ਮਸ਼ਹੂਰ ਚਿਤਰਕਾਰ ਸ. ਕਿਰਪਾਲ ਸਿੰਘ ਆਉਂਦੇ ਨਜ਼ਰ ਆਏ। ਮੈਂ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਅਮਿਤੋਜੀ ਲੋਰ ਵਿਚ ਉਨ੍ਹਾਂ ਨੂੰ ਚਿੱਤਰਕਾਰੀ ਬਾਰੇ ਬਹੁਤ ਲੰਮਾ ਭਾਸ਼ਨ ਦਿਤਾ। ਹੁਣ ਆਪਣੀ ਮੂਰਖਤਾ ਨਾਲੋਂ ਉਨ੍ਹਾਂ ਦੀ ਸ਼ਹਿਨਸ਼ੀਲਤਾ ਬਾਰੇ ਸੋਚ ਕੇ ਹੈਰਾਨ ਹੁੰਦਾ ਹਾਂ ਕਿ ਉਹ ਕਿੰਨੀ ਦੇਰ ਮੇਰਾ ਭਾਸ਼ਨ ਸੁਣੀ ਗਏ।

ਮੇਰਾ ਅਗਲਾ ਲੰਮਾ ਭਾਸ਼ਨ ਕਵਿਤਾ ਬਾਰੇ ਸੀ ਤੇ ਉਹ ਭਾਸ਼ਨ ਸੁਣਨ ਦੀ ਵਾਰੀ ਕਿਸੇ ਮਾੜੇ ਮੋਟੇ ਕਵੀ ਦੀ ਨਹੀਂ, ਸ਼ਿਵ ਕੁਮਾਰ ਦੀ ਸੀ, ਜਿਸ ਨੂੰ ਮਸਤਾਨੀ ਤੋਰ ਤੁਰਿਆਂ ਆਉਂਦਿਆਂ ਮੈਂ ਦੂਰੋਂ ਦੇਖ ਲਿਆ ਸੀ। ਸ਼ਿਵ ਦੀ ਸ਼ਹਿਣਸ਼ੀਲਤਾ ਦੇ ਵੀ ਮੈਂ ਬਲਿਹਾਰ ਹਾਂ ਕਿ ਉਹ ਮੈਨੂੰ ਸੁਣਦਾ ਰਿਹਾ ਤੇ ਫੇਰ ਕਹਿਣ ਲੱਗਾ, "ਚੱਲ ਆਪਾਂ ਘਰ ਚਲਦੇ ਆਂ। ਬਾਕੀ ਗੱਲਾਂ ਓਥੇ ਕਰਾਂਗੇ।" ਅਸੀਂ ਸ਼ਿਵ ਦੇ ਘਰ ਵਲ ਚੱਲ ਪਏ। ਰਾਹ ਵਿਚੋਂ ਉਹਨੇ ਰਸਭਰੀ ਫੜ ਲਈ। ਅਸੀਂ ਜਾ ਕੇ ਸੋਫਿਆਂ 'ਤੇ ਬੈਠੇ ਹੀ ਸਾਂ ਕਿ ਪਤਾ ਨਹੀਂ ਕਿਵੇਂ ਘੁੰਮਦਾ-ਘੁਮਾਉਂਦਾ ਰਣਜੀਤ ਬਾਜਵਾ ਵੀ ਉਥੇ ਪਹੁੰਚ ਗਿਆ। ਪਤਾ ਨਹੀਂ ਕਦੋਂ ਤੱਕ ਗੱਲਾਂ ਕਰਦੇ ਰਹੇ ਤੇ ਕਦੋਂ ਸੌਂ ਗਏ। ਸਵੇਰੇ ਸੋਫਿਆਂ 'ਤੇ ਹੀ ਜਾਗੇ। ਇਸ ਅਮਿਤੋਜੀ ਸ਼ਾਮ ਤੋਂ ਕਈ ਸਾਲਾਂ ਬਾਅਦ ਸਾਨੂੰ ਅਮਿਤੋਜ ਨੇ ਦੱਸਿਆ ਕਿ ਜਿਹੜੀ ਗੋਲੀ ਸਾਡੀ ਥਕਾਵਟ ਉਤਾਰਨ ਲਈ ਉਹਨੇ ਸਾਨੂੰ ਖਲਾਈ ਸੀ, ਉਹ ਮੈਂਡਰਿਕਸ ਸੀ।

ਬਹੁਤ ਲੰਮੇ ਦਲਾਨ ਵਿਚ ਵੀਹ ਮੋਮਬੱਤੀਆਂ ਗੋਲ ਕਤਾਰੇ ਵਿਚ ਜਗ ਰਹੀਆਂ ਸਨ ਤੇ ਹਰ ਮੋਮਬੱਤੀ ਇਕ-ਇਕ ਸ਼ਾਇਰ ਦੇ ਚਿਹਰੇ ਨੂੰ ਰੁਸ਼ਨਾ ਰਹੀ ਸੀ। ਇਨ੍ਹਾਂ ਚਿਹਰਿਆਂ ਵਿਚ ਇਕ ਚਿਹਰਾ ਸ਼ਿਵ ਦਾ ਸੀ। ਇਹ ਦਲਾਨ ਕਵੀ ਤ੍ਰੈਲੋਚਨ ਦੇ ਘਰ ਦਾ ਸੀ, ਜਿਸ ਦੀ ਮੰਗਣੀ ਦੀ ਪਾਰਟੀ 'ਤੇ ਵੀਹ ਪੰਜਾਬੀ ਕਵੀ ਆਏ ਸਨ। ਹਰ ਸ਼ਾਇਰ ਨੇ ਮੋਮਬੱਤੀਆਂ ਦੀ ਲੋਏ ਆਪਣਾ ਕਲਾਮ ਪੜ੍ਹਿਆ। ਅਖੀਰ ਸ਼ਿਵ ਨੇ ਆਪਣੀ ਜਾਦੂਮਈ ਅਵਾਜ਼ ਵਿਚ ਆਪਣੀ ਪਿਆਰੀ ਗਜ਼ਲ ਪੜ੍ਹੀ,

ਸ਼ਹਿਰ ਤੇਰੇ ਤਰਕਾਲਾਂ ਢਲੀਆਂ
ਗਲ ਲੱਗ ਰੋਈਆਂ ਤੇਰੀਆਂ ਗਲੀਆਂ।
ਮੱਥੇ ਦਾ ਦੀਵਾ ਨਾ ਬਲਿਆ
ਤੇਲ ਤਾਂ ਪਾਇਆ ਭਰ ਭਰ ਪਲੀਆਂ।
ਇਸ਼ਕ ਮੇਰੇ ਦੀ ਸਾਲ ਗਿਰ੍ਹਾ 'ਤੇ
ਇਹ ਕਿਸ ਘੱਲੀਆਂ ਕਾਲੀਆਂ ਕਲੀਆਂ।

ਇਹ ਸ਼ਿਵ ਨਾਲ ਮੇਰੀ ਪੰਜਵੀਂ ਮੁਲਾਕਾਤ ਸੀ। ਸ਼ਿਵ ਨਾਲ ਮੇਰੀ ਛੇਵੀਂ ਮੁਲਾਕਾਤ ਕਿਸੇ ਕਾਲਜ ਦੇ ਕਵੀ ਦਰਬਾਰ ਵਿਚ ਹੋਈ। ਇਹ ਕਵੀ ਦਰਬਾਰ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਨੂੰ ਸਮਰਪਿਤ ਸੀ। ਸ਼ਿਵ ਮਾਈਕ 'ਤੇ ਆਇਆ ਤਾਂ ਅੰਗਰੇਜ਼ੀ ਵਿਚ ਸਰੋਤਿਆਂ ਨੂੰ ਸੰਬੋਧਨ ਕਰਨ ਲੱਗਾ। ਮੁੰਡੇ ਉਸ ਦਾ ਮਖੌਲ ਉਡਾਉਣ ਲੱਗੇ। ਉਹ ਰੁੱਸ ਕੇ ਸਟੇਜ ਤੋਂ ਉਤਰ ਗਿਆ। ਸੂਬਾ ਸਿੰਘ ਮੰਚ ਸੰਚਾਲਨ ਕਰ ਰਹੇ ਸਨ। ਉਹ ਸ਼ਿਵ ਨੂੰ ਮਨਾ ਕੇ ਲਿਆਏ ਤੇ ਕਹਿਣ ਲੱਗੇ, "ਸ਼ਿਵ ਰੁੱਸਣ ਪਿਛੋਂ ਜ਼ਿਆਦਾ ਅੱਛਾ ਗਾਉਂਦਾ ਹੈ।" ਸ਼ਿਵ ਨੇ ਆਪਣਾ ਗੀਤ ਸ਼ੁਰੂ ਕੀਤਾ ਤੇ ਵਿਦਿਆਰਥੀ ਉਸ ਦੇ ਸੁਰੀਲੇ ਤੇ ਰਸੀਲੇ ਬੋਲਾਂ ਦੀ ਪਾਵਨਤਾ ਵਿਚ ਡੁੱਬ ਗਏ,

ਹੁਣੇ ਸਰਘੀ ਦੀ 'ਵਾ ਨੇ
ਪੰਛੀਆਂ ਦਾ ਬੋਲ ਪੀਤਾ ਹੈ
ਤੇ ਜਾਗੀ ਬੀੜ ਨੇ
ਤੇਰੇ ਨਾਮ ਦਾ ਇਕ ਵਾਕ ਲੀਤਾ ਹੈ।

ਸ਼ਿਵ ਨਾਲ ਮੇਰੀ ਸੱਤਵੀਂ ਮੁਲਾਕਾਤ ਚੰਡੀਗੜ੍ਹ ਪੰਜਾਬ ਯੂਨੀਵਰਸਿਟੀ ਦੇ ਕਵੀ ਦਰਬਾਰ ਵਿਚ ਹੋਈ। ਇਹ ਕਵੀ ਦਰਬਾਰ ਵਿਸ਼ਵ ਨਾਥ ਤਿਵਾੜੀ ਨੇ ਕਰਵਾਇਆ ਸੀ। ਇਸ ਵਿਚ ਅਮਿਤੋਜ ਨੇ ਆਪਣੀ ਲੰਮੀ ਨਜ਼ਮ 'ਅਮੀਬਾ' ਪੜ੍ਹੀ। ਇਹ ਪਹਿਲਾ ਕਵੀ ਦਰਬਾਰ ਸੀ, ਜਿਸ ਵਿਚ ਸ਼ਿਵ ਨੇ ਆਪਣੀ ਕਵਿਤਾ ਗਾ ਨੇ ਨਹੀਂ ਪੜ੍ਹੀ। ਇਹ ਕ੍ਰਾਂਤੀਕਾਰੀ ਕਵਿਤਾ ਸੀ। ਸ਼ਾਇਦ ਸ਼ਿਵ ਤਰੱਨੁਮ ਤੇ ਰੋਮਾਂਸ ਦੇ ਮਿਹਣੇ ਨੂੰ ਦਿਲ ਨੂੰ ਲਾ ਬੈਠਾ ਸੀ। ਸਰੋਤਿਆਂ ਦੇ ਵਾਰ-ਵਾਰ ਕਹਿਣ 'ਤੇ ਵੀ ਸ਼ਿਵ ਨੇ ਕੋਈ ਗੀਤ ਗਾ ਕੇ ਨਾ ਸੁਣਾਇਆ। ਸ਼ਿਵ ਗਾਵੇ ਨਾ, ਇਹ ਗੱਲ ਸਭ ਨੂੰ ਅਜੀਬ ਲੱਗੀ। ਸ਼ਿਵ ਨੇ ਗਾਉਣਾ ਛੱਡ ਦਿਤਾ ਸੀ। ਲੱਗਦਾ ਠੱਗਾਂ ਨੇ ਕੁੱਤਾ-ਕੁੱਤਾ ਕਹਿ ਕੇ ਬ੍ਰਾਹਮਣ ਦੇ ਸਿਰ ਤੋਂ ਪਠੋਰਾ ਸੁਟਵਾ ਲਿਆ ਸੀ। ਇਸ ਪਿਛੋਂ ਸ਼ਿਵ ਜਿਵੇਂ ਸਰੋਦ ਤੇ ਰੋਮਾਂਸ ਨੂੰ ਨਫਰਤ ਕਰਨ ਲੱਗਾ। ਉਸ ਨੇ 'ਲੁੱਚੀ ਧਰਤੀ' ਅਤੇ 'ਕੁੱਤਿਓ' ਵਰਗੀਆਂ ਨਫਰਤ ਭਰੀਆਂ ਨਜ਼ਮਾਂ ਲਿਖੀਆਂ। ਲਗਦਾ ਸੀ, ਉਹ ਜ਼ਹਿਰ ਨਾਲ ਭਰ ਗਿਆ ਸੀ।

ਫਿਰ ਖਬਰ ਆਈ ਕਿ ਉਹ ਫੁੱਲ ਬਣ ਗਿਆ ਜਾਂ ਤਾਰਾ।... ਸ਼ਿਵ ਦੀ ਮੌਤ ਪਿਛੋਂ ਬਟਾਲੇ ਗਿਆ। ਸੱਥਰ 'ਤੇ ਬੈਠੇ ਲੋਕ ਖਾਮੋਸ਼ ਸਨ। ਸ਼ਿਵ ਦੇ ਗਾਏ ਗੀਤ ਦੀ ਰਿਕਾਰਡਿੰਗ ਚੱਲ ਰਹੀ ਸੀ,

ਕੀ ਪੁੱਛਦੇ ਓਂ ਹਾਲ ਫਕੀਰਾਂ ਦਾ
ਸਾਡਾ ਨਦੀਓਂ ਵਿਛੜੇ ਨੀਰਾਂ ਦਾ
ਸਾਡਾ ਹੰਝ ਦੀ ਜੂਨੇ ਆਇਆਂ ਦਾ
ਸਾਡਾ ਦਿਲ ਜਲਿਆਂ ਦਿਲਗੀਰਾਂ ਦਾ।

ਉਹ ਹੰਝ ਦੀ ਜੂਨੇ ਆਇਆ ਸੀ ਤੇ ਜੋਬਨ ਰੁੱਤੇ ਤੁਰ ਗਿਆ। ਉਹ ਕਹਿੰਦਾ ਹੁੰਦਾ ਸੀ,

ਜੋਬਨ ਰੁੱਤੇ ਜੋ ਵੀ ਮਰਦਾ
ਫੁੱਲ ਬਣੇ ਜਾਂ ਤਾਰਾ।

ਉਹ ਫੁੱਲ ਬਣਿਆ ਹੋਵੇਗਾ ਕਿ ਤਾਰਾ? ਮੈਂ ਸਮਝਦਾ ਹਾਂ ਤਾਰਾ, ਪੰਜਾਬੀ ਸ਼ਾਇਰੀ ਦੇ ਆਕਾਸ਼ ਵਿਚ ਸਦਾ ਝਿਲਮਿਲਾਉਣ ਵਾਲਾ ਤਾਰਾ।



*ਸ਼ਿਵ ਬਟਾਲਵੀ ਦੀਆਂ ਤਸਵੀਰਾਂ ਦੀ ਨੁਮਾਇਸ਼ ਦੇਖ ਰਿਹਾ ਸੁਰਜੀਤ ਪਾਤਰ।*

# ਅਣਬੋਲੇ ਰਿਸ਼ਤੇ ਦੀ ਖੁਸ਼ਬੂ

*ਦਲੀਪ ਕੌਰ ਟਿਵਾਣਾ (4 ਮਈ 1935-31 ਜਨਵਰੀ 2020) ਦਾ ਪੰਜਾਬੀ ਸਾਹਿਤ ਵਿਚ ਨਿਵੇਕਲਾ ਮੁਕਾਮ ਹੈ। ਉਘੇ ਲਿਖਾਰੀ ਜਸਬੀਰ ਭੁੱਲਰ ਨੇ ਆਪਣੇ ਇਸ ਲੇਖ ਵਿਚ ਮੋਹ ਭਿੱਜੀਆਂ ਤੰਦਾਂ ਦਾ ਜ਼ਿਕਰ ਕੀਤਾ ਹੈ, ਜਿਸ ਵਿਚੋਂ ਦਲੀਪ ਕੌਰ ਟਿਵਾਣਾ ਦੀ ਸ਼ਖਸੀਅਤ ਹੋਰ ਗੂੜ੍ਹੀ ਹੋ ਕੇ ਉਭਰਦੀ ਹੈ। ਇਹ ਅਸਲ ਵਿਚ ਸਾਹਿਤ ਅਤੇ ਜ਼ਿੰਦਗੀ ਦੇ ਸੁਮੇਲ ਦੀ ਕੋਈ ਕਥਾ ਹੈ। -ਸੰਪਾਦਕ*

ਉਨ੍ਹਾਬੀ ਜਿਹੇ ਰੰਗ ਦੀ ਕਾਰ ਗੇਟ ਅੱਗੇ ਆ ਕੇ ਰੁਕੀ। ਡਾ. ਦਲੀਪ ਕੌਰ ਟਿਵਾਣਾ ਕਾਰ ਵਿਚੋਂ ਉਤਰੀ। ਉਹਦੇ ਹੱਥਾਂ 'ਚ ਕੈਰੀ ਬੈਗ ਸੀ। ਉਹ ਕੁਝ ਕਦਮ ਗੇਟ ਵੱਲ ਤੁਰੀ ਤੇ ਕਾਲ-ਬੈੱਲ ਦਾ ਬਟਨ ਦੱਬ ਦਿੱਤਾ। ਮੇਰੀ ਬੀਵੀ ਨੇ ਖਿੜਕੀ ਵਿਚੋਂ ਉਹਨੂੰ ਵੇਖ ਲਿਆ ਸੀ। ਉਹ ਬਾਹਰ ਵੱਲ ਅਹੁਲੀ। ਮੈਂ ਖਿਲਰਿਆ-ਪੁਲਰਿਆ ਜਿਹਾ ਬੈਠਾ ਸਾਂ। ਕਾਹਲੀ ਨਾਲ ਆਪਣਾ ਆਪ ਸੁਆਰਿਆ ਅਤੇ ਬੀਵੀ ਦੇ ਪਿੱਛੇ-ਪਿੱਛੇ ਤੁਰ ਪਿਆ। ਬਿਨਾ ਕਿਸੇ ਖਤ, ਖੁਆਬ ਤੋਂ ਉਹ ਅਚਨਚੇਤੀ ਆਈ ਸੀ, ਸੁੱਖ ਹੋਵੇ ਸਹੀ!

ਅਸੀਂ ਕੁਝ ਦਿਨ ਪਹਿਲਾਂ ਹੀ ਪਟਿਆਲੇ ਗਏ ਸਾਂ। ਉਦੋਂ ਪ੍ਰੋਫੈਸਰ ਭੁਪਿੰਦਰ ਅਤੇ ਡਾ. ਟਿਵਾਣਾ ਦੇ ਪੁੱਤਰ ਸਿਮਰਨਜੀਤ ਦੇ ਵਿਆਹ ਦਾ ਮੌਕਾ ਸੀ। ਉਸ ਦਿਨ ਮੈਰਿਜ ਪੈਲੇਸ ਫੁੱਲਾਂ ਨਾਲ ਕੁਝ ਇਸ ਤਰ੍ਹਾਂ ਸਜਿਆ ਹੋਇਆ ਸੀ ਕਿ ਹਰ ਫੁੱਲ ਵਿਚੋਂ ਖੇੜਾ ਫੁੱਟ-ਫੁੱਟ ਪੈ ਰਿਹਾ ਸੀ। ਖੁਸ਼ਬੂ ਹਵਾ ਵਿਚ ਰਲੀ ਹੋਈ ਸੀ। ਦੋਹਾਂ ਜੀਆਂ ਦੇ ਮੋਢਿਆਂ 'ਤੇ ਚਾਵਾਂ ਦੇ ਖੰਭ ਉਗੇ ਹੋਏ ਸਨ। ਮੈਂ ਤੇ ਅਮਰਇੰਦਰ ਹੁੱਬ ਕੇ ਉਸ ਚਾਅ ਵਿਚ ਸ਼ਾਮਲ ਹੋਏ ਸਾਂ।



ਜਸਬੀਰ ਭੁੱਲਰ

ਉਸ ਦਿਨ ਉਥੇ ਉਹ ਪਦਮਸ੍ਰੀ ਡਾ. ਦਲੀਪ ਕੌਰ ਟਿਵਾਣਾ ਨਹੀਂ ਸੀ, ਪੰਜਾਬੀ ਸਾਹਿਤ ਰਤਨ ਟਿਵਾਣਾ ਵੀ ਗੈਰਹਾਜ਼ਰ ਸੀ। ਉਥੇ ਹਾਜ਼ਰ ਸਿਰਫ ਤੇ ਸਿਰਫ ਮਾਂ ਸੀ। ਡਾ. ਟਿਵਾਣਾ ਨੇ ਸ਼ਗਨਾਂ ਦਾ ਸੂਟ ਜੋ ਪਾਇਆ ਹੋਇਆ ਸੀ, ਉਹ ਕਰੀਮ ਰੰਗ ਦਾ ਸੀ। ਚਾਂਦੀ ਰੰਗੀ ਕਢਾਈ ਉਸ ਸੂਟ ਉਤੇ ਫੱਬ ਰਹੀ ਸੀ ਤੇ ਸੂਟ ਵਾਂਗ ਹੀ ਫੱਬ ਰਹੀ ਸੀ ਗੋਟੇ ਕਿਨਾਰੀ ਵਾਲੀ ਚੁੰਨੀ।

ਮੈਂ ਸ਼ਰਾਰਤ ਨਾਲ ਆਖਿਆ ਸੀ, "ਦੀਦੀ! ਅੱਜ ਤਾਂ ਬਹੁਤ ਸੋਹਣੇ ਲੱਗ ਰਹੇ ਓ।"

"ਅੰਨ੍ਹੇ ਜੁਲਾਹੇ ਦੀਆਂ ਮਾਂ ਨਾਲ ਮਸ਼ਕਰੀਆਂ।" ਉਸ ਮੋੜਵਾਂ ਜੁਆਬ ਦਿੱਤਾ ਸੀ।

"ਵੇਖੋ ਦੀਦੀ! ਜਸਬੀਰ ਅੱਜ ਕੱਲ੍ਹ ਵਿਗੜ ਰਿਹਾ ਏ ਥੋੜ੍ਹਾ ਥੋੜ੍ਹਾ।" ਅਮਰਇੰਦਰ ਵੀ ਸ਼ਰਾਰਤ ਵਿਚ ਸ਼ਾਮਲ ਹੋ ਗਈ। ਅਸੀਂ ਤਿੰਨੇ ਹੱਸੇ ਸਾਂ।

...ਤੇ ਹੁਣ ਡਾ. ਟਿਵਾਣਾ ਨੇ ਬੈਗ ਚੁੱਕਿਆ ਹੋਇਆ ਸੀ ਤੇ ਲੋਹੇ ਦੇ ਗੇਟ ਮੂਹਰੇ ਖੜ੍ਹੀ ਸੀ।

---

ਉਸ ਦਿਨ ਮੈਨੂੰ ਇੱਕ ਹੋਰ ਮਾਂ ਚੇਤੇ ਆਈ ਸੀ, ਡਾ. ਦਲੀਪ ਕੌਰ ਟਿਵਾਣਾ ਜਿਸ ਦੀ ਜਾਈ ਸੀ। ਇੱਕ ਵਾਰ ਮਿਲਣ ਪਿੱਛੋਂ ਮੈਂ ਉਸ ਨੂੰ ਬਹੁਤ ਵਾਰ ਮਿਲਿਆ ਸਾਂ। ਮੈਂ ਉਸ ਮਾਂ ਨਾਲ ਲੋਕ ਗੀਤਾਂ ਦੀਆਂ ਗੱਲਾਂ ਕੀਤੀਆਂ ਸਨ। ਉਸ ਕੋਲੋਂ ਬਹੁਤ ਸਾਰੇ ਗੀਤ ਸੁਣੇ ਸਨ। ਇੱਕ ਵਾਰ ਤਾਂ ਉਸ ਮਾਂ ਨੇ ਉਹ ਸੁਹਾਗ ਗਾ ਕੇ ਵੀ ਸੁਣਾਏ ਸਨ, ਜੋ ਉਹ ਆਪਣੀਆਂ ਧੀਆਂ ਲਈ ਗੁਣਗੁਣਾਉਂਦੀ ਰਹੀ ਸੀ,

ਵਣ ਤਣ ਪੀਲਾਂ ਪੱਕੀਆਂ
ਨੀ ਮੇਰੀਏ ਰਾਣੀਏਂ ਮਾਏ।
ਕੋਈ ਹੋਈਆਂ ਲਾਲ-ਗੁਲਾਲ
ਨੀ ਭਲੀਏ!
ਧੀਆਂ ਨੂੰ ਸਹੁਰੇ ਤੋਰ ਕੇ
ਨੀ ਮੇਰੀਏ ਰਾਣੀਏਂ ਮਾਏ।
ਤੇਰਾ ਕੇਹਾ ਕੁ ਲੱਗਦਾ ਜੀਅ
ਨੀ ਭਲੀਏ।
ਘੜੀਆਂ ਗਿਣਦੀ ਦਿਨ ਆ ਗਿਆ
ਨੀ ਮੇਰੀਏ ਭੋਲੀਏ ਮਾਏ।
ਕੋਈ ਤਾਰੇ ਗਿਣਦਿਆਂ ਰਾਤ।
ਨੀ ਭਲੀਏ।...

...ਤੇ ਫੇਰ ਪਤਾ ਨਹੀਂ ਕਦੋਂ ਮਾਂ ਸੁਹਾਗ ਗਾਉਂਦੀ ਗਾਉਂਦੀ ਘੋੜੀ ਗਾਉਣ ਲੱਗ ਪਈ ਸੀ,

...ਉਮਰਾਵਾਂ ਦੀ ਤੇਰੀ ਚਾਲ
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ!

ਉਹ ਮਾਂ ਹੁਣ ਨਹੀਂ ਹੈ, ਪਰ ਮਾਂ ਨੂੰ ਮਿਲਣ ਸਾਰ ਹੀ ਮੈਂ ਜਾਣ ਲਿਆ ਸੀ ਕਿ ਟਿਵਾਣਾ ਦੀ ਸਮੁੱਚੀ ਰਚਨਾ ਵਿਚ ਫੈਲੀ ਹੋਈ ਕਵਿਤਾ ਦੀ ਖੁਸ਼ਬੂ ਦਰਅਸਲ ਉਸ ਮਾਂ ਦੀ ਹੈ। ਉਸ ਮਾਂ ਨੂੰ ਮਿਲ ਕੇ ਹੀ ਮੇਰਾ ਇਹ ਯਕੀਨ ਬਣਿਆ ਸੀ ਕਿ ਮਾਂਵਾਂ ਜਿਉਂਦੀਆਂ ਰਹਿੰਦੀਆਂ ਨੇ। ਮਾਂਵਾਂ ਕਦੀ ਮਰਦੀਆਂ ਨਹੀਂ। ਮਾਂਵਾਂ ਆਪਣੇ ਬੱਚਿਆਂ ਦੇ ਅੰਦਰ ਹੀ ਹੁੰਦੀਆਂ ਨੇ। ਜੇ ਦਲੀਪ ਕੌਰ ਟਿਵਾਣਾ ਦੇ ਅੰਦਰ ਉਹ ਮਾਂ ਨਾ ਹੁੰਦੀ ਤਾਂ ਉਸ ਕੋਲ ਕਵਿਤਾ ਨਹੀਂ ਸੀ ਹੋਣੀ। ਉਸ ਲੇਖਕ ਵੀ ਨਹੀਂ ਸੀ ਹੋਣਾ।

---

ਡਾ. ਦਲੀਪ ਕੌਰ ਟਿਵਾਣਾ ਨੂੰ ਮਿਲਣਾ ਮੈਨੂੰ ਕਦੀ ਲੇਖਕਾ ਨੂੰ ਮਿਲਣ ਵਾਂਗ ਨਹੀਂ ਲੱਗਾ। ਉਹ ਹਮੇਸ਼ਾ ਮੈਨੂੰ ਖੁਸ਼ਬੂ ਦੇ ਇੱਕ ਰਿਸ਼ਤੇ ਵਾਂਗ ਦਿਸਦੀ ਹੈ-ਕਦੇ ਮਾਂ, ਕਦੇ ਭੈਣ ਤੇ ਕਦੇ ਦੋਸਤ।

ਮੈਂ ਉਸ ਮਾਂ ਨੂੰ ਉਹਦੇ ਚਿਹਰੇ ਤੋਂ ਵੇਖਣ ਦਾ ਯਤਨ ਕਰਦਾ ਹਾਂ, ਜਿਸ ਮਾਂ ਦੀਆਂ ਆਂਦਰਾਂ ਦਾ ਉਹ ਟੋਟਾ ਹੈ। ਉਸ ਮਾਂ ਨੂੰ ਬੇਸ਼ੱਕ ਮੈਂ ਮਿਲਿਆ ਸਾਂ, ਪਰ ਜਾਣਿਆ ਨਹੀਂ ਸੀ। ਡਾ. ਟਿਵਾਣਾ ਨੇ ਦੱਸਿਆ ਹੈ, "ਮਾਂ ਮੇਰੀ ਸੰਸਾਰੀ ਹੁੰਦਿਆਂ ਵੀ ਭਗਤਣੀ ਸੀ। ਲੋਕ ਨਾਲੋਂ ਪਰਲੋਕ ਦੇ ਫਿਕਰਾਂ ਵਿਚ ਗੁਆਚੀ ਹਮੇਸ਼ਾ ਅੱਗਾ ਸੁਆਰਨ ਦੇ ਆਹਰ ਵਿਚ ਲੱਗੀ ਰਹਿੰਦੀ। ਮੋਹ ਭੰਗ ਹੋਣ ਦੇ ਉਹਦੇ ਆਪਣੇ ਕਾਰਨ ਹੋਣਗੇ, ਮੈਂ ਨਹੀਂ ਜਾਣਦੀ। ਸ਼ਾਇਦ ਉਹ ਵੀ ਨਹੀਂ ਸੀ ਜਾਣਦੀ। ... ਤੇ ਪਿਓ? ਪਿਓ ਸਰਦਾਰ ਸੀ, ਸੱਚੀਂ-ਮੁੱਚੀਂ ਦਾ ਸਰਦਾਰ। ਉਸ ਦੀ ਇੱਕੋ ਇੱਕ ਦਿਲਚਸਪੀ ਸੀ ਸ਼ਰਾਬ। ਇਉਂ ਆਪੋ-ਆਪਣੇ ਰਾਹ ਤੁਰਦੇ, ਉਹ ਬੱਚਿਆਂ ਨੂੰ ਤਾਂ ਭੁੱਲ ਹੀ ਗਏ ਸਨ। ਉਂਜ ਬੱਚਿਆਂ ਲਈ ਘਰ ਵਿਚ ਘਾਟਾ ਹੀ ਕਾਹਦਾ ਸੀ। ਆਖਦੇ ਨੇ, ਰਿੜ੍ਹਨ ਤੋਂ ਮਸਾਂ ਖੜ੍ਹਨ ਹੀ ਲੱਗੀ ਸੀ, ਜਦੋਂ ਵੱਡੀ ਭੂਆ ਨੇ ਵਾਸਤਾ ਪਾਇਆ ਕਿ ਬੇਟੀ ਮੈਨੂੰ ਦੇ ਦਿਉ। ਬਾਬਾ ਜੀ ਨੇ ਨਾਂਹ ਕਰ ਦਿੱਤੀ। ਕੋਈ ਆਪਣੀਆਂ ਧੀਆਂ ਵੀ ਕਿਸੇ ਨੂੰ ਦਿੰਦਾ ਹੁੰਦੈ? ਭੂਆ ਜੀ ਨੇ ਰੋ ਕੇ ਦੱਸਿਆ, 'ਦੋ ਵਿਆਹ ਸਰਦਾਰ ਨੇ ਪਹਿਲੋਂ ਕੀਤੇ ਹੋਏ ਨੇ ਤੇ ਔਲਾਦ ਦੇ ਮਾਰੇ ਨੇ ਤੀਜਾ ਹੋਰ ਕਰ ਲੈਣਾ ਐ।' ਜਿਸ ਕਾਰ 'ਚ ਭੂਆ ਜੀ ਮੈਨੂੰ ਪਿੰਡ ਤੋਂ ਲੈ ਕੇ ਆਏ, ਮਾਂ ਬਹੁਤ ਦੇਰ ਤੱਕ ਖੜ੍ਹੀ ਉਸ ਕਾਰ ਨੂੰ ਜਾਂਦੀ ਨੂੰ ਵੇਖਦੀ ਰਹੀ।"

ਉਹ ਮਾਂ ਮੈਨੂੰ ਅੱਜ ਵੀ ਉਥੇ ਖਲੋਤੀ ਹੋਈ ਹੀ ਦਿਸਦੀ ਹੈ, ਪਰ ਵਕਤ ਦੇ ਗਰਦੋ-ਗੁਬਾਰ ਵਿਚ ਉਸ ਆਪਣਾ ਚਿਹਰਾ ਧੀ ਨਾਲ ਵਟਾ ਲਿਆ ਹੈ। ... ਤੇ ਹੁਣ ਉਥੇ ਖਲੋਤੀ ਹੋਈ ਦਾ ਨਾਂ ਦਲੀਪ ਕੌਰ ਟਿਵਾਣਾ ਹੈ। ਉਸ ਦੇ ਉਥੇ ਖੜ੍ਹੀ ਖੜ੍ਹੀ ਦੇ ਜੜ੍ਹਾਂ ਉਗ ਆਈਆਂ ਹਨ। ਉਸ ਤੋਂ ਪਿੱਛੋਂ ਉਸ ਦੇ ਕਰੂੰਬਲਾਂ ਫੁੱਟੀਆਂ, ਕਰੂੰਬਲਾਂ ਟਾਹਣੀਆਂ ਬਣ ਕੇ ਫੈਲ ਗਈਆਂ ਤੇ ਫਿਰ ਉਹ ਇੱਕ ਘਣਛਾਵੇਂ ਰੁੱਖ ਦਾ ਰੂਪ ਹੋ ਗਈ। ਉਸ ਰੁੱਖ ਦੀ ਛਾਂ ਚਹੁੰ-ਦਿਸ਼ਾਵਾਂ ਵਿਚ ਫੈਲ ਗਈ ਹੈ। ਮੇਰੀ ਚੁੱਪ ਨੇ ਉਹਨੂੰ ਪੁੱਛਿਆ ਹੈ, ਮੈਂ ਕਿਸ ਦਿਸ਼ਾ ਵਿਚ ਖਲੋਤਾ ਹਾਂ?

---

ਚਿਰ ਹੋਇਆ, ਮੈਂ ਦਲੀਪ ਕੌਰ ਟਿਵਾਣਾ ਦੀ ਸ਼ਖਸੀਅਤ ਦੇ ਕਿੰਨੇ ਸਾਰੇ ਰੰਗ ਇਕੱਠੇ ਕੀਤੇ ਤੇ ਇੱਕ ਕਿਤਾਬ ਤਿਆਰ ਕਰ ਲਈ। 'ਨਮ ਸ਼ਬਦਾਂ ਦੀ ਆਬਸ਼ਾਰ', ਇਹੋ ਨਾਂ ਸੀ ਉਸ ਕਿਤਾਬ ਦਾ।

ਕਿਤਾਬ ਦਾ ਸਰਵਰਕ ਇਮਰੋਜ਼ ਨੇ ਬਣਾਇਆ ਸੀ। ਦਲੀਪ ਕੌਰ ਟਿਵਾਣਾ ਦੇ ਜਨਮ-ਜਨਮਾਤਰਾਂ ਵਾਲੇ ਰਿਸ਼ਤੇ ਵੇਲੇ ਇਮਰੋਜ਼ ਧਰਮੀ ਬਾਬਲ ਬਣਿਆ ਸੀ। ਉਸੇ ਨੇ ਪੱਲਾ ਫੜਾਇਆ ਸੀ। ਇਸ ਰਿਸ਼ਤੇ ਦੇ ਹੱਕ ਵਰਤਦਿਆਂ ਉਹ ਆਪਣੀ ਧੀ ਨੂੰ ਕੁਝ ਨਾ ਕੁਝ ਕਹਿੰਦਾ ਰਹਿੰਦਾ ਹੈ। ਕਿਤਾਬ ਦਾ ਸਰਵਰਕ ਬਣ ਕੇ ਆਇਆ ਤਾਂ ਇਮਰੋਜ਼ ਦੀ ਇੱਕ ਸਤਰ ਦੀ ਚਿੱਠੀ ਵੀ ਨਾਲ ਸੀ। ਲਿਖਿਆ ਸੀ, "ਜਸਬੀਰ! ਕੀ ਤੈਨੂੰ ਖਲੋਤਾ ਹੋਇਆ ਪਾਣੀ ਆਬਸ਼ਾਰ ਦਿਸਦਾ ਹੈ?"

ਮੈਂ ਸਰਵਰਕ 'ਤੇ ਬਣੀ ਟਿਵਾਣਾ ਦੀ ਤਸਵੀਰ ਨੂੰ ਵੇਖਿਆ ਸੀ ਤੇ ਕੁਝ ਦੇਰ ਤੱਕ ਵੇਖਦਾ ਹੀ ਰਿਹਾ ਸਾਂ। ਤਸਵੀਰ ਵਿਚ ਟਿਵਾਣਾ ਦੇ ਚਿਹਰੇ ਉਤੇ ਗੰਭੀਰਤਾ ਸੀ, ਵਿਵੇਕ ਸੀ ਤੇ ਹਾਦਸਿਆਂ ਦੇ ਪਰਛਾਵੇਂ ਸਨ। ਉਹ ਚਿਹਰਾ ਉਦਾਸ ਸੀ। ਅਗਲੇ ਛਿਣ ਉਹਲੇ ਜਿਹੇ ਵਿਚ ਮੈਂ ਮੁਸਕਰਾਹਟ ਠਹਿਰੀ ਹੋਈ ਵੇਖ ਲਈ। ਮੈਂ ਕੋਰੇ ਕਾਗਜ਼ 'ਤੇ ਮੋਟੇ ਹਰਫਾਂ ਵਿਚ ਲਿਖਿਆ, "ਜਿਹੜਾ ਸਮੁੰਦਰ ਸੁਨਾਮੀ ਨੂੰ ਜਿਉਂ ਕੇ ਵੀ ਸ਼ਾਂਤ ਦਿਸ ਰਿਹਾ ਹੋਵੇ, ਜ਼ਿੰਦਗੀ ਦੀ ਹਰ ਲਹਿਰ ਵਿਚੋਂ ਮੁਸਕਰਾਹਟ ਲੱਭ ਸਕਦਾ ਹੋਵੇ, ਉਹਨੂੰ ਤਾਂ ਸਲਾਮ ਕਹਿਣਾ ਬਣਦਾ ਹੈ।" ਆਬਸ਼ਾਰ ਕਦੇ ਛੱਪੜ ਨਹੀਂ ਬਣਦੀ, ਨਦੀ ਬਣਦੀ ਹੈ।...ਤੇ ਉਹ ਨਦੀ ਵਹਿ ਰਹੀ ਹੈ, ਨਿਰੰਤਰ ਵਹਿ ਰਹੀ ਹੈ।

---

ਪੁਰਾਣੇ ਲੋਕ ਵੱਡੀ ਭੈਣ ਨੂੰ ਆਮ ਤੌਰ ਉਤੇ 'ਬੀਬੀ' ਕਹਿ ਕੇ ਮੁਖਾਤਿਬ ਹੁੰਦੇ ਸਨ। ਪਿੰਡ ਦੀ ਜੰਮੀ ਪਲੀ, ਵੱਡੇ ਸਰਦਾਰਾਂ ਦੀ ਧੀ, ਜਬ੍ਹੇ ਵਾਲੀ ਜੱਟੀ 'ਬੀਬੀ' ਤੋਂ 'ਦੀਦੀ' ਕਿਵੇਂ ਹੋ ਗਈ?

ਇੱਕ ਗੱਲ ਸੌ ਵਿਸਵੇ ਪੱਕੀ ਹੈ ਕਿ ਕਿਸੇ ਵੀ ਹੋਰ ਨਾਂ ਨਾਲ ਇਹ ਸ਼ਬਦ ਓਪਰਾ ਹੀ ਲੱਗੂ। ਦਲੀਪ ਕੌਰ ਟਿਵਾਣਾ ਦੇ ਨਾਂ ਦਾ ਹਿੱਸਾ ਹੋ ਗਿਆ ਹੈ ਦੀਦੀ ਸੰਬੋਧਨ। ਹੁਣ ਫੌਜ ਦੇ ਰੈਂਕ ਵਾਂਗੂ ਦਲੀਪ ਕੌਰ ਟਿਵਾਣਾ ਦੇ ਨਾਂ ਨਾਲ ਜੁੜਿਆ ਹੀ ਰਹੇਗਾ।

'ਦੀਦੀ' ਦੁਆਲੇ ਮੈਨੂੰ ਤਾਂ ਰਹੱਸ ਦਾ ਧੂੰਆਂ ਜਿਹਾ ਉਡਦਾ ਵੀ ਪ੍ਰਤੀਤ ਹੁੰਦਾ ਹੈ।...ਸੰਘਣੀ ਧੁੰਦ ਵਿਚ ਗੁਆਚਾ ਜਿਹਾ ਆਕਾਰ।...ਝਾਂਜਰਾਂ ਦੀ ਛਣ ਛਣ। ਮੱਧਮ ਜਿਹਾ ਸੰਗੀਤ! ਤੇ ਫਿਰ ਹੂਕ ਜਿਹੀ ਅਵਾਜ਼,

ਕਹੀਂ ਦੀਪ ਜਲੇ, ਕਹੀਂ ਦਿਲ
ਜ਼ਰਾ ਦੇਖ ਲੇ ਆ ਕਰ ਪਰਵਾਨੇ
ਤੇਰੀ ਕੌਨ ਸੀ ਹੈ ਮੰਜ਼ਿਲ।

ਕੀ ਪਤੈ, ਇਹ ਧੁੰਦ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਨੇ ਸਿਰਜੀ ਹੋਵੇ! ਧੁੰਦ ਗਾੜ੍ਹੀ ਹੈ। ਉਸ ਨਾਲ ਸੁੱਖ-ਦੁੱਖ ਦੀ ਭਿਆਲੀ ਦੇ ਬਾਵਜੂਦ ਮੇਰੀ ਪਛਾਣ ਧੁੰਦਲਾਈ ਹੋਈ ਹੈ। ਕੀ ਪਤਾ, ਸਮੁੰਦਰ ਦੇ ਨੀਲੇ, ਹਰੇ ਪਾਣੀ ਹੇਠ ਕੀ ਹੈ। ਡੁੱਬੇ ਹੋਏ ਜਹਾਜ, ਮਾਹੀਗੀਰਾਂ ਦੀਆਂ ਟੁੱਟੀਆਂ ਹੋਈਆਂ ਬੇੜੀਆਂ, ਬੇਸ਼ਕੀਮਤੀ ਹੀਰੇ-ਮੋਤੀ ਕਿ ਸਮੁੰਦਰ ਵਿਚ ਰੋਂਦੀਆਂ ਮੱਛੀਆਂ?

ਰੋਂਦੀਆਂ ਮੱਛੀਆਂ ਦੇ ਅੱਥਰੂ ਕੌਣ ਵੇਖ ਸਕਦਾ ਹੈ ਭਲਾ? ਪਰ ਦਲੀਪ ਕੌਰ ਟਿਵਾਣਾ ਆਪਣੇ ਸਮੁੰਦਰ ਦੀਆਂ ਮੱਛੀਆਂ ਦੇ ਅੱਥਰੂ ਵੇਖ ਸਕਦੀ ਹੈ, ਪੂੰਝ ਵੀ ਸਕਦੀ ਹੈ। ਉਹ ਅੱਥਰੂ ਜਦੋਂ ਡਾ. ਟਿਵਾਣਾ ਕੋਲ ਆਉਂਦੇ ਨੇ ਤਾਂ ਸ਼ਬਦ ਹੋ ਜਾਂਦੇ ਨੇ। ਉਹ ਉਨ੍ਹਾਂ ਸ਼ਬਦਾਂ ਦੀ ਤਾਸੀਰ ਜਾਣ ਲੈਂਦੀ ਹੈ। ਫਿਰ ਤਾਂ ਕੋਈ ਵੀ ਉਨ੍ਹਾਂ ਅੱਥਰੂਆਂ ਦੇ ਦਰਦ ਦੀ ਇਬਾਰਤ ਪੜ੍ਹ ਲਵੇ ਭਾਵੇਂ।

ਉਹਨੂੰ ਆਪਣੇ ਨਾਵਲ ਲਿਖਣ ਲਈ ਉਚੇਚ ਨਹੀਂ ਕਰਨੀ ਪਈ ਕਦੇ। ਸਮੁੰਦਰ ਨੂੰ ਕਦੋਂ ਲੋੜ ਪਈ ਹੈ ਕਿ ਉਹ ਕਿਸੇ ਸ਼ੈਅ ਲਈ ਬਾਹਰ ਹੱਥ-ਪੈਰ ਮਾਰੇ। ਟਿਵਾਣਾ ਦੇ ਨਾਵਲ ਉਸੇ ਸਮੁੰਦਰ ਵਿਚੋਂ ਆਪਣਾ ਰੂਪ ਲੈ ਕੇ ਨਮੂਦਾਰ ਹੁੰਦੇ ਨੇ।


---

ਫੌਜ ਦਾ ਹਵਾਲਾ ਡਾ. ਦਲੀਪ ਕੌਰ ਟਿਵਾਣਾ ਨੂੰ ਉਦਾਸ ਕਰਦਾ ਹੈ। ਉਹਨੂੰ ਫੌਜੀ ਵਰਦੀ ਵਿਚ ਫਬਿਆ ਇੱਕ ਬਾਂਕਾ ਗੱਭਰੂ ਦਿਸਦਾ ਹੈ। ਉਹ ਪਛਾਣ ਲੈਂਦੀ ਹੈ, ਨਿੱਕੇ ਵੀਰ ਨੂੰ। ਉਹ ਹੱਥ ਉਲਾਰ ਕੇ ਹਾਕ ਮਾਰਦੀ ਹੈ, ਪਰ ਉਹ ਨਹੀਂ ਸੁਣਦਾ ਤੇ ਧੁੰਦ ਵਿਚ ਗੁਆਚ ਜਾਂਦਾ ਹੈ। ਟਿਵਾਣਾ ਉਹਨੂੰ ਲੱਭਣ ਲਈ ਆਪਣੇ ਅੰਦਰ ਵੱਲ ਤੁਰ ਪੈਂਦੀ ਹੈ ਤੇ ਫਿਰ ਧੁੰਦ ਦੇ ਬੱਦਲਾਂ ਵਿਚ ਆਪ ਵੀ ਗੁਆਚ ਜਾਂਦੀ ਹੈ। ਕਾਲ ਬੈੱਲ ਦੀ ਆਵਾਜ਼ ਨਾਲ ਉਹ ਆਪਣੇ ਵੱਲ ਪਰਤਦੀ ਹੈ, ਉਠ ਕੇ ਬੂਹਾ ਖੋਲ੍ਹਦੀ ਹੈ।

ਖੁੱਲ੍ਹੇ ਬੂਹੇ ਸਾਹਮਣੇ ਕੋਈ ਵੀ ਹੋ ਸਕਦਾ ਸੀ, ਕੋਈ ਲੇਖਕ, ਪਾਠਕ ਵਿਦਿਆਰਥੀ ਜਾਂ ਫਿਰ...।

ਉਸ ਦਿਨ ਬੂਹੇ ਸਾਹਵੇਂ ਮੈਂ ਸਾਂ। ਮੈਂ ਇਕੱਲਾ ਨਹੀਂ ਸਾਂ, ਮੇਰੀ ਬੀਵੀ ਅਮਰਇੰਦਰ ਨਾਲ ਸੀ ਮੇਰੇ। ਮੇਰੀ ਬੀਵੀ ਡਾ. ਟਿਵਾਣਾ ਦੀ ਖਾਸ ਪਾਠਕ ਹੈ। ਉਹ ਟਿਵਾਣਾ ਦੇ ਨਾਵਲ ਪੜ੍ਹਦੀ ਹੋਈ ਰੋ ਪੈਂਦੀ ਹੈ। ਡਾ. ਟਿਵਾਣਾ ਦਾ ਫੋਨ ਆਵੇ ਤਾਂ ਅਮਰਇੰਦਰ ਦੀ ਇੱਛਾ ਹੁੰਦੀ ਹੈ ਕਿ ਉਹ ਦੀਦੀ ਨਾਲ ਬਹੁਤ ਗੱਲਾਂ ਕਰ ਲਵੇ। ਉਹਦੇ ਭਾਣੇ ਦਲੀਪ ਕੌਰ ਟਿਵਾਣਾ ਆਪਣੇ ਨਾਵਲਾਂ ਦੀ ਨਾਇਕਾ ਹੈ। ਉਹਦੇ ਯਕੀਨ ਨੂੰ ਮੈਂ ਕਦੇ ਭਰਮ ਨਹੀਂ ਆਖਿਆ।

ਕਦੇ ਕਦਾਈਂ ਚਾਹ ਦੇ ਘੁੱਟ ਭਰਦਿਆਂ ਉਹ ਟਿਵਾਣਾ ਦੇ ਨਾਵਲਾਂ ਦੇ ਫਿਕਰੇ ਸੁਣਾਉਣ ਲੱਗ ਪੈਂਦੀ ਹੈ।



ਦਲੀਪ ਕੌਰ ਟਿਵਾਣਾ: ਦੋ ਝਲਕਾਂ

"ਵੀਰਾ! ਰਿਸ਼ਤੇ ਰੂਹਾਂ ਦੇ, ਸਾਂਝਾਂ ਧੁਰ ਦੀਆਂ। ਬੰਦਾ ਬੰਬਈ ਵਿਚ ਗੁੰਮ ਹੋ ਜਾਵੇ ਤਾਂ ਨਹੀਂ ਲੱਭਦਾ। ਆਪਾਂ ਅਗਲੇ ਜਨਮ ਵਿਚ ਕਿਵੇਂ ਮਿਲਾਂਗੇ।"

ਦਲੀਪ ਕੌਰ ਟਿਵਾਣਾ ਦੇ ਨਾਵਲਾਂ ਦਾ ਬੜਾ ਕੁਝ ਅਮਰਇੰਦਰ ਦੇ ਚੇਤੇ ਵਿਚ ਹੈ। ਉਸ ਚੇਤੇ ਵਿਚ ਇੱਕ ਸਾਂਝਾ ਦਰਦ ਵੀ ਸ਼ਾਮਲ ਹੈ।

ਵੇਖ ਨਦੀ ਦੇ ਲੇਖ। ਮੁਕੱਦਰ ਨੇ ਉਹ ਲੇਖ ਸਿਆਹੀ ਦੇ ਇੱਕੋ ਟੋਬੇ ਨਾਲ ਲਿਖੇ ਹੋਏ ਸਨ। ਇੱਕ ਵੀਰ ਉਸ ਦਾ ਸੀ। ਤੇ ਇੱਕ ਵੀਰ ਦੂਜੀ ਦਾ। ਦੋਵਾਂ ਭੈਣਾਂ ਦੇ ਉਹ ਵੀਰ ਲਗਪਗ ਇੱਕੋ ਵੇਲੇ, ਇੱਕੋ ਜਿਹੇ ਤਰੀਕੇ ਨਾਲ ਤੁਰ ਗਏ ਸਨ।

ਦੋਵਾਂ ਨੇ ਵੀਰ ਨੂੰ ਗੋਦ ਖਿਡਾਇਆ ਸੀ। ਲਾਡ ਲਡਾਏ ਸਨ, ਉਨ੍ਹਾਂ ਲਈ ਮਾਂਵਾਂ ਬਣੀਆਂ ਸਨ, ਪਰ ਉਹ ਵੀਰ ਹੋਣੀ ਦੇ ਮਾਰੇ ਹੋਏ ਸਨ।

ਉਸ ਦਿਨ ਵੀ ਉਹ ਤੁਰ ਗਏ ਵੀਰ ਦੀਆਂ ਗੱਲਾਂ ਦੱਸਦੀਆਂ, ਸੁਣਦੀਆਂ ਰਹੀਆਂ ਸਨ। ਅੱਖਾਂ ਦੇ ਸਰਵਰ ਵਾਰ ਵਾਰ ਭਰ ਉਛਲੇ ਸਨ।

---

ਡਾ. ਟਿਵਾਣਾ ਦੇ ਘਰ ਦਾ ਇੱਕ ਰੁੱਖ ਬਾਹਰਲੇ ਫਾਟਕ ਦੇ ਅੰਦਰਵਾਰ ਹੈ। ਉਸ ਰੁੱਖ ਦੀਆਂ ਟਾਹਣੀਆਂ ਤੇ ਪੱਤਿਆਂ 'ਚ ਲੁਕੇ ਪਰਿੰਦਿਆਂ ਦੀ ਚਹਿਚਹਾਟ ਸੁਣਦੀ ਰਹਿੰਦੀ ਹੈ। ਉਸ ਬੋਹੜ ਦੀ ਪਨਾਹ ਵਿਚ ਚਿੜੀਆਂ, ਤੋਤੇ ਵੀ ਨੇ, ਗੁਟਾਰਾਂ, ਘੁੱਗੀਆਂ ਵੀ ਅਤੇ ਹੋਰ ਵੀ ਕਈ ਪੰਛੀ। ਉਨ੍ਹਾਂ ਨੂੰ ਹੱਥੀਂ ਚੋਗਾ ਪਾਉਂਦਿਆਂ ਉਹ ਗੁਣਗੁਣਾਉਂਦੀ ਹੈ,

ਨੀਲੀ ਨੀਲੀ ਘੋੜੀ ਮੇਰਾ ਵੀਰ ਚੜ੍ਹੇ
ਵੇ ਨਿੱਕਿਆ!
ਭੈਣ ਸੁਹਾਗਣ ਤੇਰੀ ਵਾਗ ਫੜੇ।

ਮੋਰਾਂ ਨੂੰ ਉਹਦੀ ਗੁਣਗੁਣਾਹਟ ਸੁਣ ਪੈਂਦੀ ਹੈ। ਉਹ ਰੁੱਖਾਂ ਦੇ ਜ਼ਖੀਰੇ ਵੱਲੋਂ ਕੰਧ ਟੱਪ ਕੇ ਕੋਠੀ 'ਚ ਪਹੁੰਚ ਜਾਂਦੇ ਹਨ। ਉਹ ਗੁਣਗੁਣਾਉਂਦੀ ਹੋਈ ਮਨ ਭਰ ਲੈਂਦੀ ਹੈ, ਕਿੱਥੇ ਹੈ ਉਹ ਵੀਰ? ਪਰਿੰਦੇ ਆਪਣੇ ਹਿੱਸੇ ਦਾ ਚੋਗਾ ਚੁਗਦੇ ਨੇ ਤੇ ਉਡ ਜਾਂਦੇ ਨੇ। ਮੋਰ ਉਹਦੇ ਵਿਹੜੇ ਦੀ ਦੀਵਾਰ ਟੱਪ ਕੇ ਜੰਗਲ ਵਿਚ ਗੁਆਚ ਜਾਂਦੇ ਨੇ।

ਉਨ੍ਹਾਂ ਦੇ ਪਿੱਛੇ ਜਾਣ ਲਈ ਉਹ ਉਠਦੀ ਹੈ ਤੇ ਫਿਰ ਬੈਠ ਜਾਂਦੀ ਹੈ। ਉਸ ਨੂੰ ਚੇਤੇ ਆਉਂਦਾ ਹੈ ਕਿ ਉਹ ਤਾਂ ਰੁੱਖ ਹੈ। ਰੁੱਖ ਕੋਲ ਖੰਭ ਨਹੀਂ ਹੁੰਦੇ। ਰੁੱਖ ਪਰਿੰਦਿਆਂ ਦੇ ਨਾਲ ਉਡ ਨਹੀਂ ਸਕਦੇ।

ਕਦੇ ਕਦਾਈਂ ਉਸ ਨੂੰ ਲੱਗਦਾ ਹੈ, ਉਹ ਸਿਰਫ ਇੱਕ ਮੋਢਾ ਹੈ, ਇੱਕ ਧੜਕਦਾ ਮੋਢਾ। ਕੋਈ ਭਾਵੇਂ ਕਦੇ ਵੀ ਉਸ ਮੋਢੇ ਉਤੇ ਸਿਰ ਰੱਖ ਕੇ ਰੋ ਲਵੇ। ਜਿਸ ਮੋਢੇ ਨੂੰ ਹਰ ਕੋਈ ਅੱਥਰੂਆਂ ਨਾਲ ਭਿਉਂ ਸਕਦਾ ਹੋਵੇ, ਉਹਦੇ ਆਪਣੇ ਲਈ ਇਹੋ ਜਿਹਾ ਮੋਢਾ ਕਿੱਥੇ ਹੈ? ਉਸ ਪਲ ਉਹ ਆਪਣੀ ਹਿਫਾਜ਼ਤ ਖਾਤਰ ਇੱਕ ਲਤੀਫਾ ਤਾਮੀਰ ਕਰਦੀ ਹੈ ਤੇ ਫਿਰ ਖੁੱਲ੍ਹ ਕੇ ਹੱਸਦੀ ਹੈ।

ਇੱਕ ਦਿਨ ਉਹ ਬਾਹਰੋਂ ਮੁੜੀ ਤਾਂ ਫਾਟਕ ਖੋਲ੍ਹਦਿਆਂ ਡੌਰ-ਭੌਰ ਹੋ ਗਈ। ਉਹਦੀ ਗੈਰਹਾਜ਼ਰੀ ਵਿਚ ਰੁੱਖ ਛਾਂਗ ਦਿੱਤਾ ਗਿਆ ਸੀ। ਰੁੱਖ ਦੀਆਂ ਟਾਹਣੀਆਂ ਅਤੇ ਪੱਤੇ ਪੰਛੀਆਂ ਦੇ ਖੰਭਾਂ ਵਾਂਗੂੰ ਵਲੂੰਧਰੇ ਹੋਏ ਪੂਰੇ ਵਿਹੜੇ ਵਿਚ ਖਿਲਰੇ ਪਏ ਸਨ। ਉਹ ਰੁੱਖ ਦੇ ਨਵੇਂ ਪੁੰਗਾਰੇ ਦੀ ਉਡੀਕ ਕਰਨ ਲੱਗ ਪਈ। ਜਦੋਂ ਵੀ ਰੁੱਖ ਮੁੜ ਹਰਿਆ ਭਰਿਆ ਹੋਇਆ, ਪਰਿੰਦੇ ਪਰਤ ਆਉਣਗੇ ਤੇ ਮੁੜ ਉਹਦੇ ਹੱਥੋਂ ਚੋਗਾ ਚੁਗਣਗੇ।

ਨੇੜਲੇ ਗੁਰਦੁਆਰੇ ਵੱਲੋਂ ਕੀਰਤਨ ਦੀ ਮੱਧਮ ਜਿਹੀ ਅਵਾਜ਼ ਹਵਾ ਦੀਆਂ ਲਹਿਰਾਂ ਨਾਲ ਉਹਦੇ ਤੱਕ ਪਹੁੰਚ ਰਹੀ ਸੀ,

ਇਕ ਕਟੇ, ਇਕ ਲਹਿਰ ਵਿਆਪੇ
ਮੌਲਾ ਖੇਲ ਕਰੇ ਸਭ ਆਪੇ।

ਉਸ ਲੰਮਾ ਹਉਕਾ ਭਰਿਆ, ਉਹ ਨਹੀਂ ਆਉਣਗੇ। ਤੁਰ ਜਾਣ ਵਾਲੇ ਮੁੜ ਨਹੀਂ ਆਉਂਦੇ। ਉਹ ਐਵੇਂ ਆਪਣੇ ਆਪ ਨੂੰ ਵਰਚਾ ਰਹੀ ਸੀ। ਕੀ ਪਤੈ, ਨਵੇਂ ਪੁੰਗਾਰੇ ਵੇਲੇ ਉਸ ਦੇ ਹੀ ਖੰਭ ਉਗ ਆਉਣ। ਉਹ ਤਾਂ ਉਡ ਕੇ ਉਨ੍ਹਾਂ ਦੇ ਦੇਸ਼ ਜਾ ਹੀ ਸਕਦੀ ਸੀ। ਉਦਾਸ ਵੇਲੇ ਦੇ ਉਹ ਪਿਘਲੇ ਹੋਏ ਪਲ ਸਨ।

ਉਹ ਫੇਰ ਵੀ ਹੱਸਦੀ ਹੈ, ਕਿਉਂਕਿ ਉਸ ਕੋਲ ਮੋਹ-ਮਮਤਾ ਦਾ ਵਰ ਹੈ। ਇਸ ਵਰ ਸਦਕਾ ਕਾਇਨਾਤ ਉਸ ਦੀਆਂ ਬਾਹਵਾਂ ਵਿਚ ਹੈ। ਉਹ ਰੋਂਦੀ ਹੈ ਕਿ ਉਸ ਦੇ ਵਰ ਨਾਲ ਇੱਕ ਸਰਾਪ ਵੀ ਜੁੜਿਆ ਹੋਇਆ ਹੈ, ਨਜ਼ਰਾਂ ਸਾਹਮਣੇ ਆਪਣੀਆਂ ਟਾਹਣੀਆਂ ਛਾਂਗੇ ਜਾਣ ਦਾ ਸਰਾਪ।

ਉਸ ਰੁੱਖ ਦੀ ਹਰੀ ਭਰੀ ਗੁਫਾ ਦਾ ਹਨੇਰਾ ਟਾਹਣੀਆਂ ਛਾਂਗੇ ਜਾਣ ਪਿੱਛੋਂ ਵੀ ਉਥੇ ਹੀ ਟਿਕਿਆ ਰਹਿ ਗਿਆ ਸੀ। ਹਨੇਰੇ ਨੂੰ ਉਹਨੇ ਟਾਹਣੀਆਂ ਅਤੇ ਪੱਤਿਆਂ ਦੇ ਭਰਮ ਵਿਚ ਪਾਲਿਆ ਹੋਇਆ ਸੀ। ਚਾਹੀਦਾ ਸੀ ਕਿ ਹਨੇਰੇ ਨੂੰ ਉਹ ਆਪ ਛਾਂਗ ਦਿੰਦੀ।

---

ਗੇਟ ਤੱਕ ਪਹੁੰਚਦਿਆਂ ਮੈਂ ਬੀਤੇ ਦਾ ਕਈ ਜੋਜਨ ਪੈਂਡਾ ਤੈਅ ਕਰ ਲਿਆ ਸੀ। ਡਾ. ਟਿਵਾਣਾ ਹਮੇਸ਼ਾ ਵਾਂਗ ਗੇਟ ਖੋਲ੍ਹ ਕੇ ਅੰਦਰ ਨਹੀਂ ਸੀ ਆਈ। ਉਹ ਉਥੇ ਹੀ ਖੜ੍ਹੀ ਰਹੀ ਸੀ। ਮੈਂ ਅੱਗਲਵਾਂਢੀ ਹੋ ਕੇ ਗੇਟ ਖੋਲ੍ਹਿਆ। "ਨਈਂ ਜਸਬੀਰ। ਮੈਂ ਅੰਦਰ ਨਈਂ ਆਉਣਾ। ਮੈਨੂੰ ਕਾਹਲੀ ਐ ਕੁਸ਼। ਮੈਂ ਛੇਤੀ ਜਾਣੈਂ। ਦਰਅਸਲ ਮੈਂ ਕੋਠੀ-ਝਾੜ ਲੈ ਕੇ ਆਈ ਆਂ।" ਉਸ ਮੁਸਕਰਾ ਕੇ ਦੱਸਿਆ।

"ਕੋਠੀ-ਝਾੜ।" ਮੈਂ ਇਸ ਰੀਤ ਬਾਰੇ ਨਹੀਂ ਸਾਂ ਜਾਣਦਾ। ਅਮਰਇੰਦਰ ਨੂੰ ਕੋਠੀ-ਝਾੜ ਦਾ ਮਾਅਨਾ ਆਉਂਦਾ ਸੀ। ਉਹ ਛੋਹਲੇ ਕਦਮੀਂ ਅੰਦਰ ਗਈ ਤੇ ਤੇਲ ਵਾਲੀ ਸ਼ੀਸ਼ੀ ਚੁੱਕ ਲਿਆਈ। ਸ਼ਗਨਾਂ ਦਾ ਕਾਰਜ ਸੁੱਖ-ਸੁਖਾਂ ਨਾਲ ਨੇਪਰੇ ਚੜ੍ਹਨ ਪਿੱਛੋਂ ਧੀ ਆਪਣੇ ਪੇਕੇ ਘਰ ਖੁਸ਼ੀ ਸਾਂਝੀ ਕਰਨ ਆਈ ਸੀ। ਉਹਨੇ ਗੇਟ ਦੇ ਦੋਹੀਂ ਪਾਸੀਂ ਤੇਲ ਚੋਇਆ ਤੇ ਬੋਲੀ, "ਦੀਦੀ! ਤੁਸੀਂ ਕੋਠੀ-ਝਾੜ ਲੈ ਕੇ ਪੇਕੇ ਘਰ ਆਏ ਹੋ। ਕੀ ਧੀ ਪੇਕੇ ਘਰ ਦੇ ਬੂਹੇ ਤੋਂ ਹੀ ਵਾਪਸ ਮੁੜ ਜਾਂਦੀ ਹੁੰਦੀ ਐ?"

ਡਾ. ਟਿਵਾਣਾ ਹੱਸੀ ਤੇ ਲੋਹੇ ਦਾ ਗੇਟ ਟੱਪ ਲਿਆ। ਉਹਦੇ ਨਾਲ ਅਣਬੋਲੇ ਰਿਸ਼ਤੇ ਦੀ ਖੁਸ਼ਬੂ ਵੀ ਅੰਦਰ ਲੰਘ ਆਈ। ਡਾ. ਟਿਵਾਣਾ ਨੇ ਬੈਠ ਕੇ ਕੈਰੀ ਬੈਗ ਵਿਚੋਂ ਇੱਕ ਸੂਟ ਬਾਹਰ ਕੱਢਿਆ ਤੇ ਅਮਰਇੰਦਰ ਵੱਲ ਕਰ ਦਿੱਤਾ, "ਗੁੱਡ, ਇਹ ਸੂਟ ਤੇਰੇ ਲਈ ਐ। ਲਿਫਾਫੇ ਵਿਚ ਜਸਬੀਰ ਦੀ ਪੱਗ ਲਈ ਪੈਸੇ ਨੇ ਤੇ ਅਹਿ ਮਠਿਆਈ।"

ਉਹ ਜਾਣ ਲਈ ਉਠ ਕੇ ਖਲੋ ਗਈ, "ਚੰਗਾ ਜਸਬੀਰ। ਜਿਉਂਦਾ ਰਹੁ ਭਾਈ।...ਚੰਗਾ ਚੰਗਾ ਲਿਖ। ਗੁੱਡ ਨੂੰ ਤੰਗ ਨਾ ਕਰੀਂ। ਜੇ ਮੈਨੂੰ ਪਤਾ ਲੱਗ ਗਿਆ ਤਾਂ...।" ਮੈਂ ਹੱਸਿਆ।

"ਕੋਠੀ ਝਾੜ ਲੈ ਕੇ ਆਈ ਕੋਈ ਧੀ ਪੇਕੇ ਘਰੋਂ ਖਾਲੀ ਹੱਥ ਨਹੀਂ ਜਾਂਦੀ ਹੁੰਦੀ।" ਅਮਰਇੰਦਰ ਨੇ ਸ਼ਗਨ ਵਜੋਂ ਕੁਝ ਰੁਪਏ ਡਾ. ਟਿਵਾਣਾ ਦੀ ਮੁੱਠੀ ਵਿਚ ਧਰ ਦਿੱਤੇ।


ਮੈਂ ਸੋਚ ਰਿਹਾ ਸਾਂ, ਉਹ ਕੋਠੀ-ਝਾੜ ਨਾ ਮਠਿਆਈ ਸੀ, ਨਾ ਰੇਸ਼ਮੀ ਸੂਟ। ਉਹ ਕੋਠੀ-ਝਾੜ ਨਿਰੀ ਮੁਹੱਬਤ ਸੀ। ਰਿਸ਼ਤੇ ਨੇ ਉਸ ਮੁਕਾਮ ਤੱਕ ਪਹੁੰਚਦਿਆਂ ਉਮਰ ਜੇਡਾ ਪੈਂਡਾ ਕਰ ਲਿਆ ਸੀ। ਉਸ ਰਿਸ਼ਤੇ ਦੀ ਮਹੀਨ ਜਿਹੀ ਤੰਦ ਮੇਰੇ ਦੁਆਲੇ ਵੀ ਵਲੀ ਹੋਈ ਸੀ।

ਉਹ ਪਰਤ ਗਈ ਸੀ। ਮੈਂ ਨਮ ਅੱਖਾਂ ਨਾਲ ਉਨ੍ਹਾਬੀ ਕਾਰ ਨੂੰ ਜਾਂਦਿਆਂ ਵੇਖਦਾ ਰਿਹਾ ਸਾਂ।

## ਕਹਾਣੀ

# ਡਰ

**'ਡਰ' ਕਹਾਣੀ ਵਿਚ ਦਰਜ ਹੋਇਆ ਡਰ ਅਸਲ ਵਿਚ ਬੰਦੇ ਦੇ ਮਨ ਅੰਦਰ ਹੀ ਕਿਤੇ ਲੁਕਿਆ ਬੈਠਿਆ ਹੁੰਦਾ ਹੈ। ਕੇ. ਐਲ. ਗਰਗ ਨੇ ਇਸ ਡਰ ਨੂੰ ਬਹੁਤ ਖੂਬਸੂਰਤ ਢੰਗ ਨਾਲ ਆਪਣੀ ਇਸ ਕਹਾਣੀ ਵਿਚ ਬਿਆਨ ਕੀਤਾ ਹੈ। ਇਹ ਅਸਲ ਵਿਚ ਆਮ ਬੰਦੇ ਦਾ ਉਹ ਡਰ ਹੈ, ਜੋ ਅਕਸਰ ਉਸ ਦਾ ਪਿੱਛਾ ਕਰਦਾ ਰਹਿੰਦਾ ਹੈ। ਇਸ ਡਰ ਦਾ ਆਧਾਰ ਤਾਂ ਜ਼ਰੂਰ ਹੁੰਦਾ ਹੈ, ਪਰ ਇਹ ਅਣਕਿਆਸਿਆ ਡਰ ਬੰਦੇ ਦੀਆਂ ਹੀਲਾਂ ਕਰਵਾ ਦਿੰਦਾ ਹੈ। -ਸੰਪਾਦਕ**



**ਕੇ. ਐਲ. ਗਰਗ**

ਬਾਬੂ ਸਰੂਪ ਚੰਦ ਗੁਰੂ ਨੇ ਬੱਸ ਵਿਚ ਵੜਦਿਆਂ ਹੀ ਚਾਰ-ਚੁਫੇਰੇ ਨਜ਼ਰ ਘੁਮਾਈ। ਕਿਸੇ ਆਰਾਮਦਾਇਕ ਸੀਟ ਦੀ ਭਾਲ ਕੀਤੀ। ਉਹ ਅਕਸਰ ਹੀ ਬੱਸ ਦੀਆਂ ਵਿਚਕਾਰਲੀਆਂ ਸੀਟਾਂ 'ਤੇ ਬਹਿ ਕੇ ਖੁਸ਼ ਹੁੰਦਾ ਸੀ। ਇਸ ਗੱਲ ਵਿਚ ਵੀ ਉਹਦਾ ਖਾਸ ਮਕਸਦ ਹੁੰਦਾ ਸੀ। ਉਹ ਹੁੱਬ ਕੇ ਆਪਣੇ ਯਾਰਾਂ ਦੋਸਤਾਂ ਨੂੰ ਆਖਿਆ ਕਰਦਾ ਸੀ, "ਗੁਰੂ, ਆਪਾਂ ਤਾਂ ਬੱਸ ਦੇ ਵਿਚਕਾਰ ਈ ਬੈਠਿਆ ਕਰਦੇ ਆਂ। ਹੁਣ ਤੁਸੀਂ ਪੁੱਛੋ ਕਿਉਂ ਭਲਾ? ਓ ਗੁਰੂ ਇਸ ਲਈ ਕਿ ਬੱਸ ਦਾ ਐਕਸੀਡੈਂਟ ਭਾਵੇਂ ਮੂਹਰਿਉਂ ਹੋਵੇ ਜਾਂ ਪਿੱਛਿਉਂ, ਵਿਚਕਾਰਲੀਆਂ ਸਵਾਰੀਆਂ ਸੱਟ ਫੇਟ ਤੋਂ ਬਚੀਆਂ ਰਹਿੰਦੀਆਂ। ਜੇ ਸੱਟ ਲੱਗੇ ਵੀ ਤਾਂ ਬੰਦਾ ਮਰਨੋਂ ਤਾਂ ਬਚ ਹੀ ਜਾਂਦੈ। ਬਹੁਤਾ ਕੜਾਕਾ ਅਗਲੀਆਂ-ਪਿਛਲੀਆਂ ਸਵਾਰੀਆਂ ਦਾ ਈ ਪੈਂਦਾ ਐ।"

"ਪਰ ਜੇ ਗੁਰੂ ਬੱਸ ਮੂਧੀ ਹੋ ਜਾਏ, ਫੇਰ ਤਾਂ ਕੀ ਅਗਲੇ-ਪਿਛਲੇ, ਤੇ ਕੀ ਵਿਚਕਾਰਲੇ?" ਉਸ ਦਾ ਕੋਈ ਸਾਥੀ ਕਹਿ ਦਿੰਦਾ ਤਾਂ ਸਰੂਪ ਚੰਦ ਗੁਰੂ ਤਾੜੀ ਮਾਰ ਕੇ ਅੱਖਾਂ ਥਾਣੀਂ ਹੱਸਦਾ ਆਖਦਾ, "ਬੱਸਾਂ ਕਿਹੜਾ ਰੋਜ਼ ਈ ਮੂਧੀਆਂ ਹੁੰਦੀਆਂ? ਆਮ ਐਕਸੀਡੈਂਟ ਤਾਂ ਅੱਗੋਂ ਪਿੱਛੋਂ ਈ ਹੁੰਦੇ ਐ। ਨਾਲੇ ਆਪਣੇ ਵਰਗੀ ਭਾਰੀ ਸਵਾਰੀ ਦੇ ਬੈਠਿਆਂ ਬੱਸ ਮੂਧੀ ਕਿਵੇਂ ਹੋ ਜਾਊ?" ਆਖ ਉਹ ਫੇਰ ਅਗਲੇ ਦੇ ਮੋਢੇ 'ਤੇ ਹੱਥ ਮਾਰ ਕੇ ਹੱਸ ਪੈਂਦਾ।

ਨਾਂ ਤਾਂ ਉਸ ਦਾ ਸਰੂਪ ਚੰਦ ਹੀ ਸੀ, ਪਰ ਸਾਰੇ ਦਫਤਰ ਵਾਲੇ ਉਸ ਨੂੰ ਗੁਰੂ ਕਹਿ ਕੇ ਹੀ ਸੱਦਦੇ। ਗੁਰੂ ਉਹਦਾ ਤਕੀਆ ਕਲਾਮ ਹੀ ਬਣਿਆ ਹੋਇਆ ਸੀ। ਉਹ ਜਦ ਵੀ ਗੱਲ ਕਰਦਾ ਗੁਰੂ ਸ਼ਬਦ ਜ਼ਰੂਰ ਵਰਤੋਂ ਵਿਚ ਲਿਆਉਂਦਾ, "ਗੁਰੂ, ਹਰ ਸਾਲ ਇੱਕੋ ਜਿਹਾ ਇੰਕਰੀਮੈਂਟ ਲੱਗਣ ਨਾਲ ਤਾਂ ਬੰਦਾ ਬੋਰ ਜਿਹਾ ਹੋ ਜਾਂਦੈ।"

"ਗੁਰੂ, ਅਫਸਰ ਦੇ ਅਗਾੜੀ ਤਾਂ ਕੀ, ਪਛਾੜੀ ਵੀ ਨ੍ਹੀਂ ਖੜ੍ਹਨਾ ਚਾਹੀਦਾ। ਅਫਸਰ ਦੀ ਦੁਲੱਤੀ ਪੈਂਦਿਆਂ ਹੀ ਬੰਦਾ ਮੋਗਿਉਂ ਅਬੋਹਰ, ਫਾਜ਼ਿਲਕਾ ਜਾ ਡਿੱਗਦੈ।"

"ਗੁਰੂ ਦਫਤਰਾਂ ਦੇ ਕੰਮ ਸਿੱਧੀ ਉਂਗਲੀ ਨਾਲ ਥੋੜ੍ਹੇ ਨਿਕਲਦੇ ਹੁੰਦੇ ਐ। ਸਿੱਧੀ ਉਂਗਲ ਨਾਲ ਤਾਂ ਪੀਪੀ 'ਚੋਂ ਘਿਉ ਨ੍ਹੀਂ ਨਿਕਲਦਾ ਹੁੰਦਾ। ਉਂਗਲ ਥੋੜ੍ਹੀ ਘਣੀ ਟੇਢੀ ਤਾਂ ਕਰਨੀ ਈ ਪੈਂਦੀ ਐ।"

"ਗੁਰੂ, ਬਾਬੂਆਂ ਲਈ ਤਬਾਦਲਾ ਸਭ ਤੋਂ ਵੱਡੀ ਸਜ਼ਾ ਹੁੰਦੀ ਐ। ਚੰਗੀਆਂ ਭਲੀਆਂ ਜੰਮੀਆਂ ਲੱਤਾਂ ਚੂਲਾਂ ਨਿਕਲੇ ਪਾਵਿਆਂ ਵਾਂਗ ਢੀਚੂੰ-ਢੀਚੂੰ ਕਰਨ ਲੱਗਦੀਆਂ ਨੇ।"

ਵਾਰ-ਵਾਰ ਗੁਰੂ ਆਖੀ ਜਾਣ ਕਰਕੇ ਉਹ ਬਾਬੂ ਸਰੂਪ ਚੰਦ ਤੋਂ ਗੁਰੂ ਹੀ ਬਣ ਗਿਆ ਸੀ।

ਵਿਚਕਾਰ ਜਿਹੇ ਇੱਕ ਸੀਟ ਉਸ ਨੂੰ ਖਾਲੀ ਪਈ ਦਿਸੀ। ਭਾਵੇਂ ਹਾਲੇ ਸਵਾਰੀਆਂ ਆਉਣੀਆਂ ਸ਼ੁਰੂ ਹੀ ਹੋਈਆਂ ਸਨ, ਫਿਰ ਵੀ ਬੱਸ ਦਬਾਸੱਟ ਕਾਫੀ ਭਰ ਗਈ ਸੀ। ਸੀਟ ਦੀ ਤਸੱਲੀ ਹੋ ਜਾਣ 'ਤੇ ਉਸ ਨੇ ਸਾਮਾਨ ਰੱਖਣ ਵਾਲੀ ਥਾਂ ਵਲ ਨਿਗ੍ਹਾ ਘੁਮਾਈ। ਉਸ ਦਾ ਮਨ ਸੀ ਕਿ ਉਹ ਆਪਣਾ ਬੈਗ ਦੂਜੇ ਲੋਕਾਂ ਦੇ ਸਾਮਾਨ ਵਿਚਾਲੇ ਜਿਹੇ ਹੀ ਕਿਤੇ ਰੱਖ ਕੇ ਇਤਮਿਨਾਨ ਨਾਲ ਬਹਿ ਜਾਵੇਗਾ, ਪਰ ਬੱਸ ਦੀਆਂ ਉਪਰਲੀਆਂ ਸਾਮਾਨ ਰੱਖਣ ਵਾਲੀਆਂ ਥਾਂਵਾਂ ਵੀ ਹਾਲੇ ਖਾਲੀ-ਖਾਲੀ ਹੀ ਪਈਆਂ ਸਨ। ਉਸ ਮੋਢਿਓਂ ਬੈਗ ਉਤਾਰ ਕੇ ਇੱਕ ਖਾਲੀ ਥਾਂ 'ਤੇ, ਆਪਣੇ ਸਿਰ ਉਪਰ ਬਣੀ ਜਗ੍ਹਾ 'ਤੇ ਹੀ ਟਿਕਾ ਦਿੱਤਾ ਤੇ ਆਪ ਸੀਟ ਮੱਲ ਕੇ ਬਹਿ ਗਿਆ। ਬੈਠਦਿਆਂ ਹੀ, ਉਸ ਨੇ ਦੋ-ਤਿੰਨ ਵਾਰ ਆਪਣੇ ਬੈਗ ਵਲ ਨਜ਼ਰ ਦੌੜਾਈ। ਪਲ ਦੀ ਪਲ ਉਸ ਨੂੰ ਲੱਗਾ ਜਿਵੇਂ ਉਸ ਦਾ ਬੈਗ ਤਲਾਬ 'ਚ ਇੱਕ ਟੰਗ 'ਤੇ ਖਲੋਤੇ ਬਗਲੇ ਜਿਹਾ ਹੋਵੇ। 'ਬਗਲਾ ਭਗਤ', ਉਹ ਮੂੰਹ 'ਚ ਕਹਿ ਕੇ ਹੀ ਮੁਸਕਰਾ ਪਿਆ ਸੀ। ਹੁਣ ਪਤਾ ਨਹੀਂ 'ਬਗਲਾ ਭਗਤ' ਉਸ ਨੇ ਆਪਣੇ ਬੈਗ ਨੂੰ ਆਖਿਆ ਸੀ ਜਾਂ ਖੁਦ ਨੂੰ। ਗੁਰੂ ਦੀਆਂ ਗੁਰੂ ਜਾਣੇ!

ਗੁਰੂ ਨੇ ਫਿਰ ਇੱਕ-ਦੋ ਵਾਰ ਆਪਣੇ ਬੈਗ ਵਲ ਦੇਖਿਆ। ਵਾਰ-ਵਾਰ ਬੈਗ ਵਲ ਦੇਖਦਿਆਂ, ਇੱਕ ਸਹਿਮ ਜਿਹਾ ਉਸ 'ਤੇ ਤਾਰੀ ਹੋਣ ਲੱਗਾ। ਇੱਕ ਵਾਰ ਤਾਂ ਉਸ ਦਾ ਦਿਲ ਜ਼ੋਰ-ਜ਼ੋਰ ਦੀ ਧੜਕਣ ਵੀ ਲੱਗਾ। ਉਸ ਉਡਦੀ-ਉਡਦੀ ਨਜ਼ਰ ਬੱਸ ਦੀਆਂ ਸਾਰੀਆਂ ਸਵਾਰੀਆਂ 'ਤੇ ਸੁੱਟੀ। ਸਭ ਕੁਝ ਠੀਕ-ਠਾਕ ਲੱਗਣ 'ਤੇ ਉਸ ਨੂੰ ਤਸੱਲੀ ਜਿਹੀ ਹੋ ਗਈ। ਸਤੰਬਰ ਦਾ ਮਹੀਨਾ ਹੋਣ ਕਾਰਨ ਗਰਮੀ ਦੀ ਸ਼ਿੱਦਤ ਹੁਣ ਬਹੁਤੀ ਤੰਗ ਨਹੀਂ ਸੀ ਕਰਦੀ। ਮੁੜ੍ਹਕਾ ਨਾ ਆਉਣ ਦੀ ਸੂਰਤ ਵਿਚ ਵੀ ਉਸ ਨੇ ਦਬਾਸੱਟ ਰੁਮਾਲ ਜੇਬ 'ਚੋਂ ਕੱਢ ਕੇ ਮੱਥੇ 'ਤੇ ਫੇਰਿਆ। ਇੱਕ ਵਾਰ ਉਸ ਨੇ ਫਿਰ ਆਪਣੇ ਬੈਗ ਵਲ ਦੇਖਿਆ। ਬੈਗ ਤਾਂ ਕੱਲਮ-ਕੱਲਾ ਥਾਂਏਂ ਦੀ ਥਾਂਏਂ ਪਿਆ ਸੀ। ਹਾਲੇ ਕਿਸੇ ਵੀ ਹੋਰ ਸਵਾਰੀ ਨੇ ਆਪਣਾ ਸਾਮਾਨ ਬੈਗ ਕੋਲ ਨਹੀਂ ਟਿਕਾਇਆ ਸੀ।

ਬੱਸ ਫਟਾਫਟ ਭਰ ਗਈ। ਗੁਰੂ ਦੇ ਅਗਲੀਆਂ-ਪਿਛਲੀਆਂ ਸੀਟਾਂ 'ਤੇ ਵੀ ਕੁਝ ਸਵਾਰੀਆਂ ਆ ਕੇ ਬਹਿ ਗਈਆਂ। ਕੰਡਕਟਰ ਦੇ ਸੀਟੀ ਮਾਰਦਿਆਂ ਹੀ ਇੱਕ ਹੋਰ ਸਵਾਰੀ ਛੇਤੀ ਦੇਣੇ ਬੱਸ ਵਿਚ ਵੜਦੇ ਗੁਰੂ ਦੇ ਮੂਹਰੇ ਪਈ ਇੱਕ ਖਾਲੀ ਸੀਟ ਵਲ ਅਹੁਲੀ। ਪੁਲਿਸ ਵਰਦੀ 'ਚ ਮੋਟਾ ਜਿਹਾ ਆਦਮੀ ਹੈਂਡ ਬੈਗ ਕੱਛ 'ਚ ਘੁੱਟੀ ਗੁਰੂ ਦੀ ਅਗਲੀ ਸੀਟ 'ਚ ਆ ਫਸਿਆ। ਉਸ ਦੇ ਮੋਢੇ ਲੱਗੇ ਬੈਜਾਂ ਤੋਂ ਉਹ ਕੋਈ ਛੋਟਾ-ਮੋਟਾ ਥਾਣੇਦਾਰ ਲੱਗਦਾ ਸੀ। ਉਸ ਨੇ ਸੀਟ ਮੱਲਦਿਆਂ ਹੀ ਉਪਰ ਪਏ ਗੁਰੂ ਦੇ ਬੈਗ ਵਲ ਨਜ਼ਰ ਸੁੱਟੀ। ਫਿਰ ਪਿਛਾਂਹ ਮੁੜ ਕੇ ਗੁਰੂ ਵਲ ਦੇਖਿਆ। ਭੋਰਾ ਕੁ ਮੁਸਕਰਾਇਆ ਤੇ ਮੁੜ ਉਸ ਆਪਣਾ ਹੈਂਡ ਬੈਗ ਆਪਣੀ ਸੱਜੀ ਵੱਖੀ ਨਾਲ ਘੁੱਟ ਲਿਆ। ਪੁਲਿਸ ਵਾਲੇ ਨੂੰ ਦੇਖਦਿਆਂ ਹੀ ਗੁਰੂ ਦਾ ਚਿਹਰਾ ਪੀਲਾ ਫੱਕ ਹੋ ਗਿਆ। ਬਹੁਤੀ ਗਰਮੀ ਨਾ ਹੋਣ ਦੇ ਬਾਵਜੂਦ ਉਸ ਦੇ ਨੱਕ ਅਤੇ ਮੱਥੇ 'ਤੇ ਮੁੜ੍ਹਕਾ ਸਿੰਮ ਆਇਆ। ਉਸ ਦਬਾਸੱਟ ਪੈਂਟ ਦੀ ਜੇਬ 'ਚੋਂ ਰੁਮਾਲ ਕੱਢ ਕੇ ਆਪਣਾ ਚਿਹਰਾ ਪੂੰਝਿਆ। ਪਤਾ ਨਹੀਂ ਕਿਵੇਂ, ਝਟਪਟ ਹੀ ਉਸ ਦੇ ਮੂੰਹੋਂ ਹੌਲੀ ਦੇਣੇ ਨਿਕਲ ਗਿਆ ਸੀ, "ਮਾਰੇ ਗਏ ਗੁਰੂ।"

ਨਾਲ ਦੀ ਸਵਾਰੀ ਨੇ ਝੱਟ ਹੀ ਪੁੱਛ ਲਿਆ, "ਬਾਊ ਜੀ, ਤੁਸੀਂ ਕੁਸ਼ ਆਖਿਆ?"

"ਨਹੀਂ ਜੀ, ਨਹੀਂ ਜੀ, ਕੁਸ਼ ਨ੍ਹੀਂ, ਕੁਸ਼ ਨ੍ਹੀਂ।" ਬਾਬੂ ਸਰੂਪ ਚੰਦ ਗੁਰੂ ਨੇ ਝੂਠਾ ਜਿਹਾ ਪੈਂਦਿਆਂ ਆਖਿਆ।

ਪੁਲਿਸ ਵਾਲੇ ਨੇ ਇੱਕ ਵਾਰ ਫਿਰ ਉਪਰ ਪਏ ਬੈਗ ਵਲ ਝਾਤੀ ਮਾਰੀ। ਉਸ ਨੂੰ ਝਾਤੀ ਮਾਰਦਿਆਂ ਦੇਖ ਕੇ, ਗੁਰੂ ਦਾ ਤਾਂ ਮਾਨੋ ਦਿਲ ਹੀ ਉਹਦੇ ਹੱਥਾਂ 'ਚ ਆ ਡਿੱਗਿਆ ਹੋਵੇ। ਪਲ ਦੀ ਪਲ ਉਸ ਨੂੰ ਲੱਗਾ, ਜਿਵੇਂ ਉਹਦਾ ਦਿਲ ਤੇਜ਼ੀ ਨਾਲ ਡੁੱਬ ਰਿਹਾ ਹੋਵੇ। ਉਸ ਦੀਆਂ ਅੱਖਾਂ ਭਾਰੀ-ਭਾਰੀ ਹੋਣ ਲੱਗੀਆਂ।

ਪੁਲਿਸ ਵਾਲਾ ਆਪਣੀ ਸੀਟ 'ਚ ਚੰਗੀ ਤਰ੍ਹਾਂ ਸੈਟਲ ਹੋ ਕੇ, ਕੱਛ 'ਚ ਦਿੱਤੇ ਆਪਣੇ ਬੈਗ ਨੂੰ ਪਲੋਸਣ ਲੱਗਾ। ਉਸ ਆਪਣੇ ਸਾਈਜ਼ ਮੁਤਾਬਕ ਜਗ੍ਹਾ ਬਣਾਉਣ ਲਈ ਦੋ-ਤਿੰਨ ਪਾਸੇ ਇੱਧਰ ਉਧਰ ਮਾਰੇ। ਨਾਲ ਦੀਆਂ ਸਵਾਰੀਆਂ ਨੂੰ ਭੋਰਾ-ਭੋਰਾ ਸਰਕਾ ਕੇ ਉਹ ਮੋਕਲਾ ਹੋ ਕੇ ਬਹਿ ਗਿਆ।

ਹੁਣ ਗੁਰੂ ਦੀ ਨਜ਼ਰ ਪੂਰੀ ਤਰ੍ਹਾਂ ਪੁਲਿਸ ਵਾਲੇ ਦੀਆਂ ਹਰਕਤਾਂ 'ਤੇ ਟਿਕੀ ਹੋਈ ਸੀ। ਉਹ ਭੋਰਾ ਕੁ ਹਿਲਜੁਲ ਵੀ ਕਰਦਾ ਤਾਂ ਗੁਰੂ ਇੱਕ ਦਮ ਚੌਕੰਨਾ ਹੋ ਜਾਂਦਾ।

ਪੁਲਿਸ ਵਾਲੇ ਨੇ ਆਪਣਾ ਬੈਗ ਖੋਲ੍ਹ ਕੇ ਕੁਝ ਕਾਗਜ਼ ਕੱਢ ਕੇ ਪੜ੍ਹੇ। ਕਾਗਜ਼ ਪੜ੍ਹ ਕੇ ਉਸ ਫਿਰ ਉਪਰ ਪਏ ਗੁਰੂ ਦੇ ਬੈਗ ਵਲ ਦੇਖਿਆ। ਫਿਰ ਪਿਛਾਂਹ ਮੁੜ ਕੇ ਗੁਰੂ ਵਲ ਝਾਤੀ ਮਾਰੀ। ਉਹਦੇ ਚਿਹਰੇ 'ਤੇ ਉਹੀ ਮੁਸਕਰਾਹਟ ਇੱਕ ਵਾਰ ਫਿਰ ਖੇਡ ਰਹੀ ਸੀ।

"ਇਹ ਤਾਂ ਕੋਈ ਸੀ. ਆਈ. ਡੀ. ਦਾ ਬੰਦਾ ਜਾਪਦੈ, ਜਿਵੇਂ ਮੇਰਾ ਈ ਪਿੱਛਾ ਕਰ ਰਿਹਾ ਹੋਵੇ। ਮੇਰੇ ਵਲ ਦੇਖ-ਦੇਖ ਮੁਸਕਰਾਈ ਕਾਹਤੋਂ ਜਾਂਦੈ?...ਕਿਵੇਂ ਬੱਕਰੇ ਨੂੰ ਵੱਢਣ ਵਾਲੇ ਕਸਾਈ ਵਾਂਗ ਝਾਕਦੈ। ਗੁਰੂ ਅੱਜ ਤਾਂ ਤੇਰੀ ਖੈਰ ਨ੍ਹੀਂ। ਕਿੱਥੇ ਪੰਗਾ ਲੈ ਲਿਆ ਤੂੰ?" ਗੁਰੂ ਬੈਠੇ-ਬੈਠੇ ਕਿੰਨੀਆਂ ਹੀ ਗੱਲਾਂ ਮਨ ਹੀ ਮਨ ਸੋਚ ਗਿਆ ਸੀ।

ਤਦ ਹੀ ਉਸ ਨੂੰ ਆਪਣੇ ਪਿੱਛੇ ਬੈਠੀਆਂ ਸਵਾਰੀਆਂ ਦੀ ਗੱਲਬਾਤ ਸੁਣਾਈ ਦਿੱਤੀ। ਉਸ ਪਿੱਛੇ ਮੁੜ ਕੇ ਦੇਖਿਆ ਤਾਂ ਤਿੰਨ ਨੌਜਵਾਨ ਜਿਹੇ ਗੱਭਰੂ ਬੈਠੇ ਹੋਏ ਸਨ।

"ਚੰਡੀਗੜ੍ਹ ਵਿਸਕੀ ਸਸਤੀ ਐ। ਸਾਡੇ ਠੇਕੇ ਵਾਲਿਆਂ ਨੇ ਤਾਂ ਲੁੱਟ ਮਚਾਈ ਹੋਈ ਐ।" ਇੱਕ ਨੇ ਕਿਹਾ।

"ਅੱਧੋ-ਅੱਧ ਦਾ ਫਰਕ ਐ ਯਾਰ।" ਦੂਜੇ ਨੇ ਕਿਹਾ।

"ਮੁਹਾਲੀ ਤੇ ਆਲੇ-ਦੁਆਲੇ ਦੇ ਲੋਕ



ਵਿਸਕੀ ਪੀਣ ਲਈ ਚੰਡੀਗੜ੍ਹ ਆ ਜਾਂਦੇ ਐ। ਲੈ ਮੁਹਾਲੀ ਤੇ ਚੰਡੀਗੜ੍ਹ ਦਾ ਕਿੰਨਾ ਕੁ ਫਰਕ ਐ ਭਲਾ?" ਤੀਜੇ ਨੇ ਕਿਹਾ।

ਉਨ੍ਹਾਂ ਦੀਆਂ ਗੱਲਾਂ ਗੁਰੂ ਦੇ ਕੰਨੀਂ ਪੈਂਦਿਆਂ ਹੀ, ਉਸ ਝੱਟ ਪਿਛਾਂਹ ਮੁੜ ਕੇ ਉਨ੍ਹਾਂ ਵਲ ਦੇਖਿਆ। ਉਸ ਨੂੰ ਆਪਣੇ ਵਲ ਤਾੜਦਿਆਂ ਦੇਖ ਕੇ ਤਿੰਨੇ ਗੱਭਰੂ ਮੁਸਕਰਾ ਪਏ। ਜਿਵੇਂ ਕਹਿ ਰਹੇ ਹੋਣ, "ਅਸੀਂ ਜਾਣਦੇ ਆਂ ਬਾਊ ਤੇਰੀਆਂ ਕਾਰਸਤਾਨੀਆਂ ਨੂੰ। ਤੇਰੇ ਵਰਗੇ ਬੰਦੇ ਈ ਜੇਬਕਤਰੇ ਹੁੰਦੇ ਐ।"

ਉਨ੍ਹਾਂ ਦੇ ਮਨ 'ਚ ਭਾਵੇਂ ਕੁਝ ਵੀ ਨਾ ਹੋਵੇ, ਪਰ ਗੁਰੂ ਨੂੰ ਤਾਂ ਇਸ ਪਲ ਇਉਂ ਲੱਗਦਾ ਸੀ, ਜਿਵੇਂ ਸਾਰੀ ਦੁਨੀਆਂ ਹੀ ਉਸ ਵਲ ਦੇਖ-ਦੇਖ ਉਸ ਦੀਆਂ ਗੱਲਾਂ ਕਰ ਰਹੀ ਹੋਵੇ। ਉਸ ਦੀ ਕਿਸੇ ਚੋਰੀ ਨੂੰ ਫੜਨ ਦਾ ਯਤਨ ਕਰ ਰਹੀ ਹੋਵੇ। ਪਲ ਦੀ ਪਲ ਗੁਰੂ ਫਿਰ ਇੱਕ ਵਾਰ ਅੰਤਾਂ ਦੀ ਬੇਚੈਨੀ ਮਹਿਸੂਸ ਕਰਨ ਲੱਗਾ।

ਪਿਛਲੀਆਂ ਸਵਾਰੀਆਂ ਵਲ ਝਾਤੀ ਮਾਰਨ ਪਿਛੋਂ ਉਸ ਨੇ ਇੱਕ ਵਾਰ ਫਿਰ ਅਡੋਲ ਪਏ ਆਪਣੇ ਬੈਗ ਵਲ ਦੇਖਿਆ। ਪਲ ਦੀ ਪਲ ਉਸ ਨੂੰ ਜਾਪਿਆ ਜਿਵੇਂ ਦੋ ਕਾਲੇ ਨਾਗ, ਉਸ ਦੇ ਬੈਗ ਦੀ ਜ਼ਿੱਪ ਤੋੜ ਕੇ ਸਿਰੀਆਂ ਕੱਢੀ ਹਵਾ 'ਚ ਫਨ ਲਹਿਰਾ ਰਹੇ ਹੋਣ। ਉਹਨੂੰ ਤਾਂ ਉਨ੍ਹਾਂ ਦੇ ਫੁੰਕਾਰਿਆਂ ਦੀ ਅਵਾਜ਼ ਵੀ ਸੁਣਨ ਲੱਗ ਪਈ ਸੀ। ਉਸ ਦਾ ਚਿੱਤ ਇੱਕ ਵਾਰ ਫਿਰ ਘਿਰਨ ਲੱਗ ਪਿਆ। ਉਦੋਂ ਹੀ ਬੱਸ ਕਿਸੇ ਸਟਾਪ 'ਤੇ ਰੁਕੀ। ਉਸ ਨੇ ਦਬਾਸੱਟ ਹੇਠਾਂ ਜਾ ਕੇ ਬਿਸਲੇਰੀ ਦੀ ਬੋਤਲ ਲੈ ਆਂਦੀ। ਘੁੱਟ-ਘੁੱਟ ਕਰ ਕੇ ਪਾਣੀ ਪੀਣ ਲੱਗਾ। ਠੰਢੇ ਪਾਣੀ ਦੀਆਂ ਦੋ-ਚਾਰ ਘੁੱਟਾਂ ਅੰਦਰ ਜਾਂਦਿਆਂ ਹੀ ਉਸ ਨੇ ਕੁਝ ਰਾਹਤ ਮਹਿਸੂਸ ਕੀਤੀ। ਉਸ ਦਾ ਦਿਲ ਤੇ ਮਨ ਕੁਝ-ਕੁਝ ਟਿਕਾਣੇ ਲੱਗਦਾ ਲੱਗਣ ਲੱਗਾ। ਦੋ-ਚਾਰ ਮਿੰਟਾਂ 'ਚ ਹੀ ਉਸ ਅੱਧੀਓਂ ਵੱਧ ਬੋਤਲ ਖਾਲੀ ਕਰ ਦਿੱਤੀ ਸੀ।

ਬੱਸ ਮੁੜ ਚੱਲ ਪਈ। ਪੁਲਿਸ ਵਾਲੇ ਨੇ ਬੈਗ 'ਚੋਂ ਚਿਪਸ ਦਾ ਪੈਕਟ ਕੱਢਿਆ ਤੇ ਚਿਪਸ ਖਾਣ ਲੱਗਾ। ਚਿਪਸ ਚੱਬਣ ਦੀ ਅਵਾਜ਼ ਗੁਰੂ ਨੂੰ ਸਾਫ ਸੁਣਦੀ। ਪਲ ਦੀ ਪਲ ਤਾਂ ਉਸ ਨੂੰ ਜਾਪਿਆ, ਜਿਵੇਂ ਪੁਲਿਸ ਵਾਲਾ ਚਿਪਸ ਦੀ ਥਾਂ ਉਸ ਨੂੰ ਹੀ ਆਪਣੇ ਜਬਾੜਿਆਂ ਹੇਠ ਚੱਬ ਰਿਹਾ ਹੋਵੇ। ਚਿਪਸ ਪੁਲਿਸ ਵਾਲਾ ਖਾ ਰਿਹਾ ਸੀ, ਔਖ ਗੁਰੂ ਮਹਿਸੂਸ ਕਰ ਰਿਹਾ ਸੀ। ਜਿੰਨੀ ਦੇਰ ਪੁਲਿਸ ਵਾਲਾ ਚਿਪਸ ਖਾਂਦਾ ਰਿਹਾ, ਗੁਰੂ ਆਪਣੀ ਸੀਟ ਵਿਚ ਉਸਲਵੱਟੇ ਲੈਂਦਾ ਰਿਹਾ। ਪਾਸੇ ਜਿਹੇ ਮਾਰਦਾ ਰਿਹਾ।

ਇੱਕ ਵਾਰ ਤਾਂ ਨਾਲ ਬੈਠੀ ਸਵਾਰੀ ਨੇ ਕਹਿ ਵੀ ਦਿੱਤਾ ਸੀ, "ਬਾਊ ਜੀ, ਤੁਹਾਥੋਂ ਟਿਕ ਕੇ ਨਹੀਂ ਬੈਠਿਆ ਜਾਂਦਾ?"

ਗੁਰੂ ਬੋਲਿਆ ਤਾਂ ਕੁਝ ਨਹੀਂ ਸੀ, ਬੱਸ ਐਵੇਂ ਕੌੜਾ ਕੌੜਾ ਝਾਕਦਾ ਚੁੱਪ ਵੱਟ ਗਿਆ ਸੀ।

ਚਿਪਸ ਵਾਲਾ ਪੈਕੇਟ ਮੁਕਾ ਕੇ ਪੁਲਿਸ ਵਾਲਾ ਸੌਣ ਦੀ ਤਿਆਰੀ ਕਰਨ ਲੱਗਾ। ਚੱਲਦੀ ਬੱਸ 'ਚ ਉਸ ਦੀ ਗਰਦਨ ਨੇ ਇਧਰ-ਉਧਰ ਝਟਕੇ ਜਿਹੇ ਮਾਰੇ ਸਨ। ਉਸ ਨੂੰ ਸੁੱਤਾ ਜਾਣ, ਗੁਰੂ ਨੇ ਸੁੱਖ ਦਾ ਸਾਹ ਲਿਆ। 'ਜਾਨ ਬਚੀ ਸੋ ਲਾਖੋਂ ਪਾਏ, ਲੌਟ ਕੇ ਬੁੱਧੂ ਘਰ ਕੋ ਆਏ' ਉਸ ਮਨ ਹੀ ਮਨ ਆਖਿਆ। ਪੁਲਿਸ ਵਾਲੇ ਦੇ ਸੌਣ ਪਿਛੋਂ ਗੁਰੂ ਨੇ ਪਾਣੀ ਦੀ ਬਾਕੀ ਬਚੀ ਬੋਤਲ ਵੀ ਡਕਾਰ ਲਈ। ਪਾਣੀ ਪੀ ਕੇ ਉਸ ਵੱਡਾ ਸਾਰਾ ਡਕਾਰ ਮਾਰਿਆ ਤੇ ਆਪਣੇ ਬੈਗ ਵਲ ਮੁੜ ਦੇਖਿਆ।

ਇਉਂ ਕਰਦਿਆਂ ਲੁਧਿਆਣੇ ਦਾ ਬੱਸ ਸਟਾਪ ਆ ਗਿਆ। ਪੁਲਿਸ ਵਾਲਾ ਆਪਣਾ ਬੈਗ ਕੱਛ 'ਚ ਦੇ ਕੇ ਉਤਰਨ ਦੀ ਤਿਆਰੀ ਕਰਨ ਲੱਗਾ। ਜਾਂਦਿਆਂ-ਜਾਂਦਿਆਂ ਵੀ ਉਸ ਗੁਰੂ ਦੇ ਬੈਗ ਅਤੇ ਗੁਰੂ ਵਲ ਤਿਰਛੀ ਨਜ਼ਰ ਨਾਲ ਦੇਖਿਆ। ਉਹੀਓ ਜ਼ਾਲਿਮ ਮੁਸਕਰਾਹਟ ਸੁੱਟੀ ਸੀ। ਪਲ ਦੀ ਪਲ ਗੁਰੂ ਨੂੰ ਲੱਗਾ, ਜਿਵੇਂ ਉਹ ਉਸ ਨੂੰ ਕਹਿ ਰਿਹਾ ਹੋਵੇ, "ਇਸ ਵਾਰ ਤਾਂ ਛੱਡ'ਤਾ, ਮੁੜ ਕੇ ਨਾ ਕਰੀਂ ਇਹੋ ਜਿਹਾ ਕੰਮ, ਫਿਰ ਨ੍ਹੀਂ ਛੱਡਣਾ ਮੈਂ।"

ਇੱਕ ਵਾਰ ਫਿਰ ਗੁਰੂ ਦਾ ਦਿਲ ਧੜਕਿਆ। ਬੇਚੈਨੀ ਜਿਹੀ ਹੋਈ ਸੀ, ਪਰ ਝੱਟ ਹੀ ਪੁਲਿਸ ਵਾਲਾ ਬੱਸ ਤੋਂ ਹੇਠਾਂ ਜਾ ਚੁਕਾ ਸੀ। ਬੱਸ ਵੀ ਕਰੀਬ ਖਾਲੀ ਹੋ ਚੁਕੀ ਸੀ। ਨਵੀਆਂ ਸਵਾਰੀਆਂ ਨੇ ਆ ਕੇ ਆਪਣਾ ਸਾਮਾਨ ਉਪਰਲੀਆਂ ਸੀਟਾਂ 'ਤੇ ਟਿਕਾਉਣਾ ਸ਼ੁਰੂ ਕਰ ਦਿੱਤਾ ਸੀ। ਕੁਝ ਬੈਗ ਤੇ ਅਟੈਚੀ ਗੁਰੂ ਦੇ ਬੈਗ ਦੇ ਆਲੇ-ਦੁਆਲੇ ਆ ਟਿਕੇ ਸਨ। ਗੁਰੂ ਦਾ ਬੈਗ ਹੁਣ ਕੱਲਮ-ਕੱਲਾ ਨਹੀਂ ਦਿਸ ਰਿਹਾ ਸੀ। ਆਪਣੇ ਬੈਗ ਨੂੰ ਬਾਕੀਆਂ ਵਿਚ ਰਲਿਆ ਦੇਖ ਗੁਰੂ ਨੂੰ ਕੁਝ-ਕੁਝ ਤਸੱਲੀ ਜਿਹੀ ਹੋਈ। ਕੁਝ-ਕੁਝ ਸੁੱਖ ਦਾ ਸਾਹ ਆਇਆ।

ਇੱਕ ਪੜਾਅ 'ਤੇ ਇੱਕ-ਦੋ ਸਿਪਾਹੀ ਬੱਸ ਦੀ ਚੈਕਿੰਗ ਕਰਨ ਲਈ ਚੜ੍ਹੇ ਵੀ, ਪਰ ਉਹ ਐਵੇਂ ਤਰਦੀ-ਤਰਦੀ ਨਜ਼ਰ ਮਾਰ ਕੇ ਹੇਠਾਂ ਉਤਰ ਗਏ ਸਨ। ਅੱਜ ਗੁਰੂ ਦਾ ਮਨ ਤਾਂ ਪਾਣੀਓਂ ਪਤਲਾ ਹੋਇਆ ਪਿਆ ਸੀ। ਕਿਸੇ ਸਿਪਾਹੀ ਨੂੰ ਦੇਖ ਕੇ ਵੀ ਉਸ ਦਾ ਦਿਲ ਘਿਰਨ ਲੱਗ ਪੈਂਦਾ ਸੀ।

ਥੋੜ੍ਹਾ ਨਿਸਚਿੰਤ ਹੋ ਕੇ ਉਹ ਅੱਖਾਂ ਮੀਟ ਸੋਚਣ ਲੱਗਾ, "ਐਵੇਂ ਪੰਗਾ ਲੈਣ ਦੀ ਕੀ ਲੋੜ ਸੀ? ਜਿੰਨਾ ਕੁ ਫਾਇਦਾ ਹੋਣਾ ਸੀ, ਉਹਤੋਂ ਵੱਧ ਤਾਂ ਖੂਨ ਸੁੱਕ ਗਿਆ। ਲੱਤਾਂ 'ਚ ਤਾਂ ਜਿਵੇਂ ਜਾਨ ਈ ਨਾ ਰਹੀ ਹੋਵੇ।"

ਉਸ ਨੂੰ ਬੈਠੇ-ਬੈਠੇ ਦਫਤਰ ਦੇ ਬਾਬੂਆਂ ਦੀ ਗੱਲ ਚੇਤੇ ਆਉਣ ਲੱਗੀ। ਭੈਂਗੇ ਮੱਦੀ ਨੇ ਆਖਿਆ ਸੀ, "ਗੁਰੂ, ਚੰਡੀਗੜ੍ਹ ਵਿਸਕੀ ਸਸਤੀ ਐ। ਜਾਣਾ ਤਾਂ ਹੈ ਹੀ ਤੂੰ, ਇੱਕ-ਦੋ ਬੋਤਲਾਂ ਖਿੱਚ ਲਿਆਈਂ।"

ਬਾਬੂ ਘੋਗੜ ਨੇ ਵੀ ਮੁਹਾਵਰਾ ਸੁਣਾ ਦਿੱਤਾ ਸੀ, "ਆਮ ਕੇ ਆਮ, ਗੁਠਲੀਓਂ ਕੇ ਦਾਮ।"

ਮਹਿਕਮੇ ਦੇ ਕਿਸੇ ਮੁਲਾਜ਼ਮ ਨੇ ਹਾਈ ਕੋਰਟ 'ਚ ਕੋਈ ਅਪੀਲ ਪਾਈ ਸੀ। ਕੋਰਟ ਨੇ ਗੁਰੂ ਕੇ ਦਫਤਰ ਦਾ ਕੋਈ ਰਿਕਾਰਡ ਮੰਗਵਾ ਲਿਆ ਸੀ। ਦਫਤਰ ਵਲੋਂ ਰਿਕਾਰਡ ਲਿਜਾਣ ਦੀ ਡਿਊਟੀ ਗੁਰੂ ਦੀ ਲੱਗੀ ਸੀ। ਜਾਣ ਵੇਲੇ ਸਾਰੇ ਬਾਬੂਆਂ ਨੇ ਗੁਰੂ ਨੂੰ ਏਦਾਂ ਦੀਆਂ ਸਲਾਹਾਂ ਦਿੱਤੀਆਂ ਸਨ। ਕੋਰਟ ਤੋਂ ਵਿਹਲਾ ਹੋ ਕੇ, ਗੁਰੂ ਨੇ ਦੋ ਬੋਤਲਾਂ ਮਹਿੰਗੀ ਵਿਸਕੀ ਦੀਆਂ ਲੈ ਕੇ ਬੈਗ 'ਚ ਤੁੰਨ ਲਈਆਂ ਸਨ। ਬਦਕਿਸਮਤੀ ਨਾਲ ਗੁਰੂ ਦੀ ਇਹ ਪਹਿਲੀ ਹੀ ਚੋਰੀ ਸੀ।

ਅੱਲਾ ਅੱਲਾ ਕਰਕੇ ਗੁਰੂ ਆਪਣੇ ਟਿਕਾਣੇ ਪੁੱਜਾ। ਘਰ ਪਹੁੰਚ ਕੇ ਉਸ ਲੰਮਾ ਸਾਹ ਹਉਕੇ ਵਾਂਗ ਖਿੱਚਿਆ। ਪਾਣੀ-ਧਾਣੀ ਪੀ ਕੇ ਪਤਨੀ ਨੂੰ ਸਾਰੀ ਗੱਲ ਦੱਸੀ ਤਾਂ ਉਹ ਝੱਟ ਹੀ ਕਹਿਣ ਲੱਗੀ, "ਸ਼ੁਕਰ ਐ ਜੀ, ਅੱਜ ਬਚ ਗਏ। ਫੜੇ ਜਾਂਦੇ ਤਾਂ ਬਹੁਤ ਬੇਇੱਜਤੀ ਹੋਣੀ ਸੀ। ਬੰਦੇ ਦੀ ਇੱਜਤ ਤਾਂ ਲੱਖੀਂ ਨਾ ਕਰੋੜੀਂ। ਅਖਬਾਰਾਂ 'ਚ ਕਿੰਨੀਆਂ ਤਾਂ ਖਬਰਾਂ ਛਪਦੀਆਂ ਨੇ ਰੋਜ਼। ਆਪਣੇ ਵਰਗਿਆਂ ਕੋਲ ਆਹ ਭੋਰਾ ਫੋਕੀ ਕੁ ਇੱਜਤ ਈ ਐ, ਜੇ ਉਹ ਵੀ ਨਾ ਬਚੇ, ਆਪਾਂ ਤਾਂ ਕਿਸੇ ਕੰਮ ਦੇ ਨਹੀਂ ਰਹਿੰਦੇ।"

ਪਤਨੀ ਦੀਆਂ ਗੱਲਾਂ ਤਾਂ ਸੱਚੀਆਂ ਸਨ, ਪਰ ਹਜ਼ਾਰ ਰੁਪਏ ਬਚ ਜਾਣ ਦੀ ਗੁਰੂ ਨੂੰ ਡਾਢੀ ਖੁਸ਼ੀ ਸੀ।

"ਲੈ ਹਜ਼ਾਰ ਬਚ ਗਿਆ। ਹਜ਼ਾਰ ਕਿਤੇ ਐਵੇਂ ਹੁੰਦੈ?" ਉਸ ਆਖਿਆ ਸੀ।

"ਪੈਸਾ ਤਾਂ ਕੰਜਰਾਂ ਦੇ ਘਰ ਵੀ ਬਥੇਰਾ ਹੁੰਦੈ! ਪਰ ਇੱਜਤ ਵੀ ਕੋਈ ਚੀਜ਼ ਹੁੰਦੀ ਐ ਜੀ। ਇੱਕ ਵਾਰ ਗੁਆਚੀ ਇੱਜਤ ਮੁੜ ਕਦੀ ਹੱਥ ਨੀਂ ਆਉਂਦੀ।" ਪਤਨੀ ਨੇ ਫਿਰ ਕਹਿ ਦਿੱਤਾ।

ਪਤਨੀ ਦੀ ਗੱਲ ਵੀ ਸਹੀ ਸੀ, ਪਰ ਹਜ਼ਾਰ ਰੁਪਏ ਬਚ ਜਾਣ ਦੀ ਹੁਣ ਉਸ ਨੂੰ ਡਾਢੀ ਖੁਸ਼ੀ ਸੀ। ਉਸ ਖੁਸ਼ੀ-ਖੁਸ਼ੀ ਵਿਚ ਉਠ ਕੇ ਵੱਡੇ ਸ਼ੀਸ਼ੇ 'ਚ ਆਪਣੀ ਸ਼ਕਲ ਨਿਹਾਰੀ। ਇੱਕ ਵਾਰ ਤਾਂ ਉਸ ਤੋਂ ਆਪਣੀ ਸ਼ਕਲ ਹੀ ਪਛਾਣੀ ਨਹੀਂ ਗਈ। ਉਸ ਨੇ ਆਪਣੇ ਗੁੱਟ 'ਤੇ ਚੂੰਡੀ ਭਰ ਕੇ ਦੇਖੀ। ਉਸ ਨੂੰ ਕੁਝ ਵੀ ਮਹਿਸੂਸ ਨਾ ਹੋਇਆ।

"ਇਹ ਮੈਂ ਹੀ ਆਂ? ਇਹ ਤਾਂ ਕੋਈ ਹੋਰ ਲੱਗਦੈ? ਮੇਰੀ ਸ਼ਕਲ ਏਨੀ ਵਿਗੜੀ ਹੋਈ ਤਾਂ ਨਹੀਂ ਸੀ? ਚੰਡੀਗੜ੍ਹ ਜਾਣ ਤੋਂ ਪਹਿਲਾਂ ਚੰਗੀ-ਭਲੀ ਤਾਂ ਸੀ ਮੇਰੀ ਸ਼ਕਲ?" ਗੁਰੂ ਸੋਚਣ ਲੱਗਾ। ਉਸ ਨੂੰ ਕੁਝ ਸਮਝ ਨਹੀਂ ਸੀ ਪੈ ਰਹੀ।

ਹਜ਼ਾਰ ਰੁਪਏ ਬਚਣ ਦੀ ਖੁਸ਼ੀ ਦੇ ਬਾਵਜੂਦ ਗੁਰੂ ਨੂੰ ਆਪਣੀ ਹੀ ਸ਼ਕਲ ਪਛਾਣਨੀ ਔਖੀ ਹੋਈ ਪਈ ਸੀ।

# ਕਾਵਿ-ਜਗਤ

## ਅਛੂਤ ਹਾਂ ਮੈਂ

ਅਛੂਤ ਹਾਂ ਮੈਂ, ਅਛੂਤ ਹੈਂ ਤੂੰ ਵੀ
ਅਛੂਤ ਬਣੀ ਅੱਜ ਦੁਨੀਆਂ ਸਾਰੀ।
ਕਿਸ ਤੋਂ ਭੱਜੀਏ, ਕਿਸ ਤੋਂ ਬਚੀਏ
ਅਕਲ ਗਈ ਹੈ ਸਭ ਦੀ ਮਾਰੀ।
ਜਾਤ ਪਾਤ ਨਾ ਰੰਗ ਨਾ ਰੂਪ
ਨਾ ਧਰਮਾਂ ਦਾ ਕੋਈ ਬਾਵੇਲਾ,
ਸਭ ਦੀਆਂ ਜੀਭਾਂ ਨੂੰ ਲੱਗੇ ਤਾਲੇ
ਜੋ ਪਾਉਂਦੇ ਨਿੱਤ ਨਵਾਂ ਝਮੇਲਾ।
ਨਜ਼ਰਾਂ ਨੂੰ ਐਸੀ ਨਜ਼ਰ ਹੈ ਲੱਗੀ
ਹਰ ਕੋਈ ਹਰ ਤੋਂ ਨਜ਼ਰ ਚੁਰਾਵੇ,
ਛੱਡ ਰਸਤਾ ਇੱਕ ਪਾਸੇ ਹੋਵੇ
ਬੰਦਾ ਬੰਦੇ ਨੂੰ ਪਿੱਠ ਦਿਖਾਵੇ।
ਹਰ ਰਸਤਾ ਅੱਜ ਸੁੰਨ ਹੋਇਆ
ਉਜਾੜ ਨੇ ਗਹਿਮਾ ਗਹਿਮ ਚੁਰਾਹੇ,
ਰਾਹਗੀਰ ਸਭ ਸੁਪਨੇ ਹੋ ਗਏ,
ਘੁੰਮਦੇ ਸਨ ਜੋ ਬੇਪਰਵਾਹੇ।
ਕੌਣ ਹੈਂ ਤੂੰ? ਮੈਨੂੰ ਸਮਝ ਨਾ ਆਵੇ
ਆਪਣਾ ਆਪ ਵੀ ਭੁੱਲਦਾ ਜਾਂਦਾ,
ਕੋਈ ਨਹੀਂ ਹੁਣ ਆਪਣਾ ਦਿਸਦਾ
ਸੋਚ-ਸੋਚ ਹੈ ਦਿਲ ਘਬਰਾਉਂਦਾ।
ਮੈਥੋਂ ਦੂਰ ਹੀ ਰਹਿ ਤੂੰ ਸੱਜਣਾ
ਨਾ ਛੂਹੇ ਮੈਨੂੰ ਤੇਰਾ ਪਰਛਾਵਾਂ,
ਸਾਹਮਣੇ ਆਉਣਾ ਇੱਕ ਮਿੱਕ ਹੋਣਾ
ਲੱਗਦੈ ਹੁਣ ਨਹੀਂ ਤੈਨੂੰ ਭਾਉਣਾ।
ਹੱਸ ਕੇ ਤੱਕਣਾ, ਧਾਅ ਕੇ ਮਿਲਣਾ
ਇਹ ਸਭ ਨੇ ਹੁਣ ਕੱਲ ਦੀਆਂ ਗੱਲਾਂ,
ਦੁੱਖ ਦਰਦ ਤੇ ਹਮਦਰਦੀ ਲੱਭਦੈਂ
ਕਿਉਂ ਮਾਰਦੈਂ ਐਵੇਂ ਝੱਲ ਵਲੱਲਾਂ?
ਮੇਰਾ ਤੇਰਾ ਕੋਈ ਨਾ ਰਿਸ਼ਤਾ
ਪਿਆਰ ਵਿਆਰ ਸਭ ਖੋਟੇ ਹੋ ਗਏ,
ਗਲਵੱਕੜ ਹੋਣ ਵਾਲੀਆਂ ਬਾਹਾਂ ਦੇ
ਸ਼ੱਰੇਆਮ ਅੱਜ ਟੋਟੇ ਹੋ ਗਏ।
ਨਾ ਤੂੰ ਮੇਰੀ ਖਬਰ ਨੂੰ ਆਵੀਂ
ਨਾ ਤੂੰ ਮੇਰਾ ਮੂੰਹ ਹੁਣ ਦੇਖੀਂ,
ਚਿਤਾ ਨੂੰ ਮੇਰੀ ਅੱਗ ਨਾ ਦੇਵੀਂ
ਭਟਕੀਂ ਨੇੜੇ ਨਾ ਭੁੱਲ ਭੁਲੇਖੀਂ।
ਕਰਮ ਤੇਰਾ ਹੁਣ ਥੂ-ਥੂ ਕਰਨਾ
ਸ਼ੱਕ ਨਾਲ ਹੁਣ ਮੈਨੂੰ ਤੱਕਣਾ,
ਮੇਰੀ ਹਵਾ ਤੋਂ ਵੀ ਘਬਰਾਵੀਂ
ਕਹੀਂ ਨਾ ਮੈਨੂੰ ਕਦੀ ਵੀ ਆਪਣਾ।
ਦਕਿਆਨੂਸ ਪੁਰਾਣੇ ਤਰਕਾਂ ਨੂੰ
ਸੁੱਟ ਕਿਤੇ ਅੱਜ ਖੂਹ ਤੇ ਖਾਤੇ,
ਭੈਣ-ਭਰਾ, ਮਾਂ-ਬਾਪ, ਸਬੰਧੀ
ਤੋੜ ਦੇਹ ਸਾਰੇ ਝੂਠ ਦੇ ਨਾਤੇ।
ਮੈਂ ਤੇ ਸਿਰਫ ਮੈਂ ਹੀ ਹਾਂ
ਮੈਥੋਂ ਬਿਨਾ ਕੋਈ ਹੋਰ ਨਹੀਂ ਦਿਸਦਾ,
ਕਹਿਣ ਨੂੰ ਭਾਵੇਂ ਕੁਝ ਵੀ ਕਹਿ ਤੂੰ
ਸੱਚੋ ਸੱਚੀਂ ਕੌਣ ਹੈ ਕਿਸਦਾ?
ਰੱਬ ਵੀ ਅੱਜ ਕੋਈ ਸਾਰ ਨ੍ਹੀਂ ਲੈਂਦਾ
ਛੂਤ-ਛਾਤ ਨਾਲ ਭਰਿਆ ਪੀਤਾ,
ਮੈਂ ਹੀ ਇਸ ਨੂੰ ਰੁਤਬਾ ਦਿੱਤਾ
ਮੇਰੇ ਘਰ ਵਿਚ ਲਾਇਆ ਪਲੀਤਾ।
ਮੇਰਾ ਤੇ ਇਸ ਦਾ ਰਿਸ਼ਤਾ
ਸਦਾ ਲਈ ਹੁਣ ਤਿੜਕ ਗਿਆ ਹੈ,
ਭਾਵੇਂ ਮੇਰੇ ਸਾਹਵੇਂ ਮਨੁੱਖ ਬੇਚਾਰਾ
ਹਰ ਇੱਕ ਚੀਜ਼ ਤੋਂ ਖਿੜਕ ਗਿਆ ਹੈ।
ਅਛੂਤ ਹਾਂ ਮੈਂ, ਅਛੂਤ ਹੈਂ ਤੂੰ ਵੀ
ਅਛੂਤ ਬਣੀ ਅੱਜ ਦੁਨੀਆ ਸਾਰੀ।
ਕਿਸ ਤੋਂ ਭੱਜੀਏ, ਕਿਸ ਤੋਂ ਬਚੀਏ
ਅਕਲ ਗਈ ਹੈ ਸਭ ਦੀ ਮਾਰੀ।

***-ਰਵਿੰਦਰ ਸਿੰਘ ਕੁੰਦਰਾ, ਯੂ.ਕੇ.***

---

## ਕੈਦ ਬੁਲਬੁਲ

ਕੈਦ ਬੁਲਬੁਲ ਜਦ ਹੋਈ ਪਿੰਜਰੇ ਵਿਚ
ਯਾਦ ਮੁੱਲ ਬਹਾਰਾਂ ਦੇ ਆਉਣ ਲੱਗੇ।
ਹੁਣ ਪਤਾ ਨ੍ਹੀਂ ਕਦੋਂ ਅਜ਼ਾਦ ਹੋਣਾ
ਚੱਤੋ ਪਹਿਰ ਇਹ ਫਿਕਰ ਸਤਾਉਣ ਲੱਗੇ।
ਬਾਹਰ ਲਾਸ਼ਾ 'ਤੇ ਨੱਚਦੀ ਮੌਤ ਦਿਸਦੀ,
ਦਿਲ ਅੰਦਰੋਂ ਲੋਕ ਵਰਾਉਣ ਲੱਗੇ।
ਖੁਮਾਰੀ ਦੌਲਤਾਂ ਦੀ ਉਤਰ ਗਈ ਪਲਾਂ ਅੰਦਰ
ਚਕਨਾਚੂਰ ਹੈ ਸਭ ਹੰਕਾਰ ਹੋਇਆ।
'ਅਮਰ' ਪਲਟ'ਤਾ ਕੁਦਰਤ ਨੇ ਖੇਡ ਸਾਰਾ
ਹਰ ਪਾਸਿਓਂ ਬੰਦਾ ਲਾਚਾਰ ਹੋਇਆ।

***-ਅਮਰੀਕ ਸਿੰਘ ਅਮਰ, ਸ਼ਿਕਾਗੋ***

---

## ਅੱਜ ਕੱਲ੍ਹ

ਚਿੜੀਆਂ ਚਹਿਚਹਾਈਆਂ ਨੇ
ਪੰਛੀਆਂ ਨੇ ਲੁੱਡੀਆਂ ਪਾਈਆਂ ਨੇ।
ਹੁਣ ਕੁਦਰਤ ਫਿਰ ਰੁਸ਼ਨਾਈ ਹੈ
ਕਾਦਰ ਦੀਆਂ ਇਹ ਦਿਲ ਆਈਆਂ ਨੇ।

ਕੋਇਲ ਵੀ ਬਾਗੀਂ ਬੋਲੀ ਹੈ
ਦਿਲ ਦੀ ਗੱਲ ਉਸ ਖੋਲ੍ਹੀ ਹੈ।
ਕਹਿੰਦੀ ਰੱਬਾ ਸ਼ੁਕਰ ਤੇਰਾ
ਹਵਾਵਾਂ ਸ਼ੁੱਧ ਵਗਾਈਆਂ ਨੇ।

ਕੁੱਕੜ ਬਾਂਗਾਂ ਦੇਣ ਲੱਗੇ
ਮੋਰ ਵੀ ਪੈਲਾਂ ਪਾਉਣ ਲੱਗੇ।
ਘੁੱਗੀਆਂ ਦੀ ਘੁੱਗੂ-ਘੂੰ ਸੁਣੀ
ਸ਼ਹਿਨਾਈਆਂ ਰੱਬ ਵਜਾਈਆਂ ਨੇ।

ਪਾਣੀਆਂ ਦੇ ਜੰਤੂ ਖੁਸ਼ ਬੜੇ
ਉਨ੍ਹਾਂ ਨੂੰ ਵੀ ਹਨ ਚਾਅ ਚੜ੍ਹੇ।
ਸ਼ੈਤਾਨ ਬਣੇ ਇਨਸਾਨਾਂ ਨੇ
ਕਿੰਨਿਆਂ ਦੀਆਂ ਦੇਹਾਂ ਖਾਈਆਂ ਨੇ।

ਬਾਹਰ ਬੜੀ ਤਨਹਾਈ ਹੈ
ਇਨਸਾਨ ਦੀ ਸ਼ਾਮਤ ਆਈ ਹੈ।
ਕੁਦਰਤ ਨੂੰ ਇਸ ਨੇ ਕੋਹਿਆ ਹੈ
ਰੱਬ ਮਾਰਾਂ ਤਾਹੀਓਂ ਪਾਈਆਂ ਨੇ।

ਕੁਦਰਤ ਨਾਲ ਰਚ-ਮਿਚ ਰਹਿਣਾ ਸਿੱਖ
ਕੁਝ ਉਠਣ ਬਹਿਣਾ ਕਹਿਣਾ ਸਿੱਖ।
ਖੁਦ ਹੱਸ-ਵੱਸ ਸਭ ਨੂੰ ਵੱਸਣ ਦੇਹ
ਕੁਝ ਰਮਜ਼ਾਂ ਉਸ ਸਮਝਾਈਆਂ ਨੇ।

ਤਾਰੇ ਰਾਤੀਂ ਸਾਫ ਦਿਸੇ
ਰੱਬ ਨੇ ਲਿਖਾਏ ਲਫਜ਼ ਲਿਖੇ।
ਸੁਖਵਿੰਦਰ ਬੋਦਲਾਂਵਾਲਿਆ ਵੇ
ਅਸਮਾਨ 'ਚ ਵੀ ਤਨਹਾਈਆਂ ਨੇ।

*(2)*

ਹੱਥ ਜੋੜ ਕੇ ਫਤਿਹ ਬੁਲਾਉਣੀ ਚੰਗੀ ਹੈ
ਹੱਥ ਮਿਲਾਇਆ ਬੜੇ ਪੁਆੜੇ ਪੈਂਦੇ ਨੇ।
ਥੱਕਦੇ ਨਹੀਂ ਸੀ ਜੀ-ਜੀ ਕਹਿੰਦੇ ਜਿਹੜੇ ਬਈ
ਅੱਖਾਂ ਵਿਖਾਉਂਦੇ ਅੱਜ ਕਲ੍ਹ ਉਹੀ ਰਹਿੰਦੇ ਨੇ।
ਸਾਡੀ ਸੂਰਤ ਅੱਜ ਕਲ੍ਹ ਚੰਗੀ ਲੱਗਦੀ ਨਹੀਂ
ਦੂਜੇ ਵੀ ਤਾਂ ਲੁਤਫ ਸਮੇਂ ਦਾ ਲੈਂਦੇ ਨੇ।

ਬੰਦੇ ਦੀ ਨੇਕੀ ਨੂੰ ਕੀ ਉਹ ਜਾਣਨਗੇ
ਕੰਮ ਕਢਵਾ ਕੇ ਰੱਬ ਨੂੰ ਜੋ ਭੁੱਲ ਬਹਿੰਦੇ ਨੇ।
ਆਪਣੀ ਛੱਡ ਸੁਣਾ ਤੂੰ ਦੁਨੀਆਂ 'ਤੇ ਕੀ ਬੀਤੇ
ਆਪਣੇ ਅਕਸਰ ਆਪਣਿਆਂ ਤੋਂ ਢਹਿੰਦੇ ਨੇ।
ਪਵਨ ਪਾਣੀ ਤੇ ਧਰਤ ਨੂੰ ਗੰਧਲਾ ਕਰ ਦਿੱਤਾ
ਸੁਖੀ ਨਾ ਰਹਿੰਦੇ ਜਿਹੜੇ ਰੱਬ ਨਾਲ ਖਹਿੰਦੇ ਨੇ।
ਬਾਹਰ ਮੌਤ ਦਾ ਪਹਿਰਾ, ਸ਼ਹਿਰ ਤਨਹਾਈ ਹੈ
ਬਚੋ ਬਚੋ 'ਸੁਖਵਿੰਦਰਾ' ਲੋਕੀਂ ਕਹਿੰਦੇ ਨੇ।

***-ਸੁਖਵਿੰਦਰ ਸਿੰਘ ਬੋਦਲਾਂਵਾਲਾ***
***ਫੋਨ: 360-281-2624***

---

## ਨਵੀਨੀਕਰਣ

ਘਰ ਦੀ ਚਾਰ ਦੀਵਾਰੀ 'ਚ
ਬੈਠਿਆਂ ਸੋਚਦਾ ਹਾਂ,
ਬਾਹਰ ਬਿਮਾਰੀ ਹੈ, ਡਰ ਹੈ, ਮੌਤ ਹੈ
ਪਰ ਅੰਦਰ ਇਕੱਲ ਭੀ ਹੈ।
ਮਹਿਮਾਨ ਬੂਹੇ ਤੋਂ ਮੁੜ ਜਾਂਦਾ ਹੈ
ਚਰਚ, ਗੁਰਦੁਆਰੇ, ਮਸਜਿਦ, ਮੰਦਿਰ
ਵਿਦਿਆਲੇ, ਮਹਾ-ਵਿਦਿਆਲੇ
ਸਭ ਬੰਦ ਹਨ।

ਪਰ ਦੇਖੋ,
ਪਿਛਵਾੜੇ ਵਿਚ ਰੁੱਸੇ ਹੋਏ ਪੰਛੀ,
ਫਿਰ ਚਹਿਚਹਾ ਰਹੇ ਹਨ।
ਧੂੰਆਂ ਰਹਿਤ ਅਸਮਾਨ 'ਚ ਉਡਦਿਆਂ,
ਸਾਨੂੰ ਅਸੀਸ ਦਿੰਦੇ ਹਨ।
ਨਫਰਤ ਉਡ ਰਹੀ ਹੈ,
ਬੇ-ਘਰੇ ਲੋਕਾਂ ਨੂੰ ਪਨਾਹ ਮਿਲ ਰਹੀ ਹੈ
ਅਖਬਾਰਾਂ 'ਚ ਸੇਵਾ ਦੀਆਂ ਖਬਰਾਂ ਹਨ।
ਸਾਡੇ ਕੋਲ ਬੱਚਿਆਂ ਨਾਲ ਬੈਠਣ ਦਾ,
ਬਜੁਰਗਾਂ ਨਾਲ ਗੱਲ ਕਰਨ ਦਾ ਸਮਾਂ ਹੈ।
ਹਕੀਕਤ ਸਾਹਮਣੇ ਹੈ,
ਅਸੀਂ ਕੁਦਰਤ ਅੱਗੇ ਬੌਣੇ ਹਾਂ।
ਵਿਗਿਆਨਕ ਹਉਮੈ ਦੀ ਸ਼ਿਕਾਰ,
ਸਾਡੀ ਆਤਮਾ ਦਾ ਅੱਜ ਕੱਲ
ਨਵੀਨੀਕਰਣ ਹੋ ਰਿਹਾ ਹੈ।

***-ਹਰਸ਼ਿੰਦਰ ਸਿੰਘ, ਆਬਰਨ***

---

## ਗ਼ਜ਼ਲ

ਬਣ ਕਰੋਨਾ ਚੜ੍ਹਿਆ ਇਕ ਤੂਫਾਨ ਹੈ।
ਮਾਨਸ ਖਾਣਾ ਹੈ, ਨਿਰਾ ਹੈਵਾਨ ਹੈ।

ਧਰਤੀ ਕੰਬੀ, ਆ ਗਏ ਭੂਚਾਲ ਵੀ
ਹਉਕੇ ਲੈ ਲੈ ਰੋ ਰਿਹਾ ਅਸਮਾਨ ਹੈ।

ਰੂਸ, ਅਮਰੀਕਾ, ਕੈਨੇਡਾ ਤੜਪ ਰਹੇ
ਤੜਪਿਆ ਜਰਮਨ ਅਤੇ ਜਾਪਾਨ ਹੈ।

ਜਿਸ ਦੀ ਗੰਦੀ ਨੀਅਤ ਦੀ ਇਹ ਕਾਢ ਹੈ
ਨੀਚ ਹੈ, ਪਾਪੀ ਹੈ, ਉਹ ਬੇਇਮਾਨ ਹੈ।

ਸ਼ਹਿਰ, ਪਿੰਡ, ਗਲੀਆਂ, ਮੁਹੱਲੇ ਚੁੱਪ ਨੇ
ਹਰ ਥਾਂ ਹੀ ਪਸਰੀ ਹੋਈ ਸੁੰਨਸਾਨ ਹੈ।

ਹਰ ਕੋਈ ਆਪਣੇ ਹੀ ਘਰ ਵਿਚ ਕੈਦ ਹੈ।
ਕੈਸਾ ਬੇਵੱਸ ਹੋ ਗਿਆ ਇਨਸਾਨ ਹੈ।

ਬੇਘਰਾ ਅੱਜ ਡੱਰ ਰਿਹੈ ਮਜਦੂਰ ਵੀ
ਮਹਿਲਾਂ ਦੇ ਵਿਚ ਡਰ ਰਿਹਾ ਧਨਵਾਨ ਹੈ।

ਕਲਮ ਮੇਰੀ ਅੱਥਰੂ ਪਈ ਕੇਰਦੀ
ਲਾਸ਼ਾਂ ਤੱਕ ਕੁਰਲਾ ਰਿਹਾ ਸ਼ਮਸ਼ਾਨ ਹੈ।

ਆਏਗਾ 'ਸੁਰਜੀਤ' ਜਲਦੀ ਆਏਗਾ
ਸਭ ਦਾ ਰਾਖਾ ਆਪ ਉਹ ਭਗਵਾਨ ਹੈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

---

## ਗ਼ਜ਼ਲ

ਹੁਣ ਹੋਣਗੀਆਂ ਬਾਤਾਂ ਦੋ-ਚਾਰ ਕਦਮ ਤੋਂ ਹੀ,
ਸੱਜਣਾ! ਇਹ ਮੁਲਾਕਾਤਾਂ ਦੋ-ਚਾਰ ਕਦਮ ਤੋਂ ਹੀ।

ਦਿਖਾ ਦੇ ਤੂੰ ਕਰਾਮਾਤਾਂ ਦੋ-ਚਾਰ ਕਦਮ ਤੋਂ ਹੀ,
ਸੱਜਣਾ! ਤੂੰ ਸੁਣਾ ਬਾਤਾਂ ਦੋ-ਚਾਰ ਕਦਮ ਤੋਂ ਹੀ।

ਜਿਨ੍ਹਾਂ ਨੂੰ ਉਡੀਕਦਿਆਂ ਮੈਂ ਉਮਰ ਗੁਜ਼ਾਰ ਲਈ,
ਮੁੜ ਗਈਆਂ ਬਰਸਾਤਾਂ ਦੋ-ਚਾਰ ਕਦਮ ਤੋਂ ਹੀ।

ਇਕ ਦਿਨ ਨੇੜੇ ਬਹਿ ਬਹਿ ਸਭ ਯਾਦ ਕਰਾਂਗੇ ਇਹ
ਹੁੰਦੀਆਂ ਜੋ ਮੁਲਾਕਾਤਾਂ ਦੋ-ਚਾਰ ਕਦਮ ਤੋਂ ਹੀ।

ਅਣ-ਦਿਸਦੇ ਜਿਹੇ ਪਿੰਜਰੇ ਦੇ ਕੈਦੀ ਹੋ ਗਏ ਹਾਂ,
ਹੁਣ ਹੋਣਗੀਆਂ ਝਾਤਾਂ ਦੋ-ਚਾਰ ਕਦਮ ਤੋਂ ਹੀ।
ਪਰਦੇਸ ਤੋਂ ਲੈ ਕੇ 'ਇਕਵਿੰਦਰ' ਆਇਆ ਏ,
ਸਰਕਾ ਦੇ ਉਹ ਸੌਗਾਤਾਂ ਦੋ-ਚਾਰ ਕਦਮ ਤੋਂ ਹੀ।

***-ਇਕਵਿੰਦਰ ਸਿੰਘ***

---

## ਮਾਂ ਦੀ ਚਿੰਤਾ

ਪਰਦੇਸ ਗਏ ਮੇਰੇ ਇਕਲੌਤੇ ਪੁੱਤ,
ਤੇਰੀ ਯਾਦ 'ਚ ਬਦਲਦੀ ਜਾਵੇ ਰੁੱਤ।
ਮੈਂ ਤਾਂ ਰਹਾਂ ਤੇਰੇ ਵੈਰਾਗ 'ਚ ਗੜੁਚ,
ਫੋਨ ਕਰੇ ਉਦਾਸ ਮਾਂ, ਕਿ ਹੇ ਮੇਰੇ ਪੁੱਤ,
ਤੇਰੀ ਹੀ ਮਾਂ ਬੋਲਦੀ ਪਈ ਹਾਂ,
ਤੇਰੇ ਹੀ ਸੁਪਨਿਆਂ ਨੂੰ ਫੋਲਦੀ ਹਾਂ,
ਕੰਮ ਦੀ ਕਾਹਲ ਵਿਚ ਰਹਿਨਾਂ ਏਂ,
ਕਿ ਕਦੇ ਖਾਨਾਂ ਏਂ ਵੇਲੇ ਸਿਰ ਰੋਟੀ ਟੁੱਕ?
ਕੁਝ ਪਲ ਲਈ ਅਰਾਮ ਵੀ
ਕਰ ਲਿਆ ਕਰ ਮੇਰੇ ਪੁੱਤ,
ਆਪਣੇ ਘਰ ਵਲ ਵੀ
ਨਿਗਾ ਕਰ ਲਿਆ ਕਰ ਮੇਰੇ ਪੁੱਤ।

ਤੇਰਾ ਬਾਪੂ ਆਖਦਾ ਸੀ
ਕਿ ਤੇਰੇ ਵਿਦੇਸ਼ ਭੇਜਣ ਸਮੇਂ ਕਰਜ਼ਾ,
ਦਿਨ ਦੁੱਗਣੀ ਅਤੇ ਰਾਤ ਚੌਗੁਣੀ
ਤਰੱਕੀ ਕਰਦਾ ਪਿਆ ਹੈ ਮੇਰੇ ਪੁੱਤ।
ਹੱਥ ਹੌਲਾ ਕਰ ਤੇ ਕੁਝ ਰਕਮ ਵੀ
ਭੇਜਣ ਦੀ ਖੇਚਲ ਕਰ ਮੇਰੇ ਪੁੱਤ।

ਫੋਨ 'ਤੇ ਸੁਣੀ ਗੱਲ ਨੂੰ ਅਣਸੁਣੀ ਕਰ
ਆਖਦਾ ਏ ਲਾਡਲਾ ਪੁੱਤ,
ਮੈਂ ਇਸ ਸਮੇਂ ਕੰਮ ਵਿਚ
ਬਹੁਤ ਹੀ ਰੁੱਝਾ ਹੋਇਆਂ ਮੇਰੀ ਮਾਂ,
ਵਿਹਲ ਮਿਲਣ 'ਤੇ ਹੀ ਫੋਨ ਕਰ
ਤੁਹਾਡੀ ਗੱਲ ਸੁਣ ਸਕਾਂਗਾ ਮੇਰੀ ਮਾਂ।

***-ਡਾ. ਅਜੀਤ ਸਿੰਘ ਕੋਟਕਪੂਰਾ***

---

## ਆਸਰਾ

ਸੁੱਖਾਂ 'ਚ ਹਉਮੈ ਦੇ ਪਰਦੇ 'ਚ ਲੁਕਿਆ
ਦੁੱਖ ਆਵੇ ਤਾਂ ਅਸਮਾਨ ਸਿਰ ਚੁੱਕਿਆ।
ਕੌਣ ਸਮਝਾਵੇ ਦੋਵੇਂ ਜ਼ਿੰਦਗੀ ਦੇ ਪੱਖ ਨੇ
ਇਨਸਾਨ ਕਿਉਂ ਮਾਰਦੇ ਫਿਰਦੇ ਝੱਖ ਨੇ?

ਦੁੱਖਾਂ ਤੋਂ ਨੱਸਣਾ ਚਾਹੇ ਹਮੇਸ਼ਾ ਕੋਹਾਂ ਦੂਰ
ਸ਼ੁਕਰ ਨਾ ਕਰੇਂ ਜਦੋਂ ਸੁੱਖਾਂ 'ਚ ਮਗਰੂਰ।
ਫਸ ਜਾਵੇਂ ਜਦੋਂ ਜ਼ਿੰਦਗੀ ਦੀ ਘੁੰਮਣਘੇਰ
ਫਿਰਦਾ ਢੂੰਡਦਾ, ਕੌਣ ਆਸਰਾ ਦੇਵੇ ਫੇਰ?

ਬੋਝਲ ਜ਼ਿੰਦਗੀ 'ਚ ਰਹੇ ਸਦਾ ਰੁੱਝਿਆ
ਸ਼ੁਭ ਅਮਲਾਂ ਦੇ ਨੇੜੇ ਨਾ ਕਦੇ ਢੁੱਕਿਆ।
ਝੂਠ, ਫਰੇਬ, ਚਤੁਰਾਈਆਂ ਦਾ ਸ਼ੋਰ ਹੈ
ਕਿਉਂ ਖੋਹ ਖਿੱਚ ਦਾ ਹਰ ਪਾਸੇ ਜ਼ੋਰ ਹੈ?

ਠੱਗੀ, ਚੋਰੀ, ਯਾਰੀ 'ਚ ਮਨ ਰਹੇ ਲੱਗਿਆ
ਕੱਲ੍ਹ ਕਿਹਨੂੰ ਠੱਗੀਏ ਤੇ ਅੱਜ ਕੌਣ ਠੱਗਿਆ?
ਜੋੜ ਜੋੜ ਮਾਇਆ ਕਰੀ ਜਾਂਦਾ ਹਿਸਾਬ ਏ
ਟੁਰ ਜਾਣਾ ਕਦੋਂ ਬੱਸ ਇਹੋ ਨਹੀਂ ਜਵਾਬ ਏ?

***-ਸੇਵਾ ਸਿੰਘ ਨੂਰਪੁਰੀ***

---

## ਪੁਆਧੀ ਦੀ ਬੇਨਤੀ

ਰੱਬਾ ਰੱਬਾ! ਮੀਂਹ ਨਾ ਬਰਸਾ।
ਕਣਕਾਂ ਪੱਕੀਆਂ ਪਰ ਔਲੇ ਨਾ ਗਿਰਾ।
ਕਿਸਾਨੀ ਤੋ ਪੈਹਲਾਂ ਈ ਘਾਟੇ ਮਾ ਜਾ ਰਹੀ ਆ
ਤੌਂਹ ਹੋਰ ਨਾ ਘਾਟੇ ਮਾ ਲਿਜਾ।
ਗਰੀਬਾਂ ਕੇ ਮੂੰਹ ਮਾ ਮਸੋਂ
ਛੇ ਮੀਨੇ ਬਾਦ ਰਿਜਕ ਪੈਅਬਾ
ਤੌਂਹ ਖੋਸਕੈ ਰਿਜਕ ਨਾ ਤੜਫਾ।
ਏਸ ਘਾਟੇ ਕੀ ਭਰਪਾਈ ਕਦ ਹੋਆਗੀ
ਸੋਚਕੈ ਦਮਾਕ ਜਾਹਾ ਚਕਰਾਅ।
ਹਲੀ ਤੋ ਆੜ੍ਹਤੀਆਂ ਕੀ ਪਿਛਲੀ ਰਕਮ ਨੀ ਤਰੀ
ਤੌਂਹ ਕਰਜਾ ਹੋਰ ਨਾ ਚੜ੍ਹਾ।
ਪਤਾ ਨੀ ਕਿਤਨੀਆਂਕ ਟੋਕਾਂ ਨਿਬੇੜਨੀਆਂ
ਹੇ ਮਾਲਕ ਬਾਧ ਹੋਰ ਨਾ ਬਧਾ!
ਤੌਂਹ ਤੋ ਇਸ ਆਫਤ ਨੂੰ ਟਾਲ ਬੀ ਸਕੈਂ
ਟੌਟੇ ਕੇ ਝੰਬਿਆਂ ਪਾ ਰੈਹਮ ਖਾ।
ਕਯਾ ਮ੍ਹਾਰੇ ਤੇ ਬੁਰਾ ਹੋਇਆ ਬਤਾ ਦੇ
ਮਰਿਆ ਪਰ ਬਿਜਲੀਆਂ ਨਾ ਗਿਰਿਆ।
ਬਥੇਰੀ ਅਬਸਰਾਂ ਕੀ ਗੜਗੜਾਟ ਸੁਣਲੀ
ਤੌਂਹ ਸਿਰ ਪਰ ਨਾ ਬੱਦਲ ਗਰਜਾਅ।
ਰੱਬਾ ਰੱਬਾ! ਐਂਹ ਕਾਕੜੇ ਨਾ ਗਿਰਿਆ।
ਹੋਰ ਮੀਂਹ ਨਾ ਪਾ।
ਮ੍ਹਾਰੀ ਕੋਠੀ ਮਾ ਦਾਣੇ ਮੁੱਕੇ ਬੇ ਆਂ
ਰੋਟੀਆਂ ਕੇ ਲਾਲੇ ਨਾ ਪਾ।
ਰੱਬਾ ਰੱਬਾ! ਮੀਂਹ ਨਾ ਬਰਸਾ।

***-ਠਾਕਰ ਸਿੰਘ ਬਸਾਤੀ, ਸ਼ਿਕਾਗੋ***

## ਰੌਂਦਾ ਚਾਨਣ

ਚਾਨਣ ਰੋਂਦਾ ਦੇਖਿਆ ਸਿਖਰ ਦੁਪਹਿਰਾਂ ਨੂੰ,
ਸਹਿਮੀ ਸਰਘੀ ਸਿਸਕੇ ਸੁਰਖ ਸਵੇਰਾਂ ਨੂੰ।

ਨੀਰ ਨਦੀ ਦਾ ਡਰਿਆ ਸੋਚ-ਬਰੇਤਿਆਂ ਤੋਂ,
ਮੋੜ ਲਿਆਓ ਕੋਈ ਬੇੜੀਆਂ-ਲਹਿਰਾਂ ਨੂੰ।

ਪੌਣ ਪੀੜ 'ਚ ਕੂਕੇ ਰੁਮਕਣ, ਰਹਿਮਤ ਲਈ,
ਮਹਿਕਾਂ ਪਾਵੇ ਝੋਲੀ ਕਹਿ ਦਿਓ ਕਹਿਰਾਂ ਨੂੰ।

ਧਰਤ-ਧਰਮ ਦਾ ਹੋਕਾ ਹਾਰਿਆ, ਹੰਭਿਆ ਏ,
ਬੰਦੇ ਜਣਨੀ ਰੋਵੇ ਕੁੱਖ ਦੀਆਂ ਜ਼ਹਿਰਾਂ ਨੂੰ।

ਭਲਾ, ਭਲਿਆਈ, ਭਲਿਆ, ਕਿਥੋਂ ਥਿਆਉਣੀ ਆ,
ਖਾ ਗਿਉਂ ਕਸਬਿਆਂ ਪਿੰਡਾਂ, ਸ਼ਹਿਰਾਂ ਨੂੰ?

ਕੇਹੇ ਵਕਤ ਦੀ ਆਸ ਲਗਾਈ ਬੈਠੈ ਸੀ,
ਬੁੱਕਲ ਵਿਚ ਛੁਪਾ ਕੇ ਘੁੱਪ ਹਨੇਰਾਂ ਨੂੰ?

ਭੈਅ, ਭਰਮ ਤੇ ਭਟਕਣਾ ਜਿਹੇ ਭਾਈਵੰਦਾਂ 'ਚੋਂ,
ਕਿਥੋਂ ਭਾਲਦੈਂ ਘਰ 'ਚ ਚਾਅ-ਚੰਗੇਰਾਂ ਨੂੰ?

ਸੁੰਨੀਆਂ ਰਾਹਾਂ, ਥਾਂਵਾਂ ਚੁੱਪ ਚੁਫੇਰੇ ਆ,
ਚੰਨ ਨਹੀਂ ਮੱਥੇ ਲੱਗਦਾ ਦਰਾਂ-ਬੰਨੇਰਾਂ ਨੂੰ।

ਵਿਸਰ ਕੇ ਵਕਤ ਵਿਚਾਰਨਾ ਵਖਤ ਵਿਹਾਜ ਲਿਆ,
ਮਨਫੀ ਖੁਦ 'ਚੋਂ ਬੰਦਾ ਲੋਚੇ ਮਿਹਰਾਂ ਨੂੰ।

ਸੰਭਲੀਏ, ਸੁਣੀਏ, ਸੋਚੀਏ ਹਾਲ, ਹਾਲਾਤਾਂ ਨੂੰ,
ਛੱਡੀਏ ਕੋਸਣਾ ਲੰਘੀਆਂ ਦੇਰ-ਅਵੇਰਾਂ ਨੂੰ।

ਚਾਨਣ ਰੋਂਦਾ ਦੇਖਿਆ ਸਿਖਰ ਦੁਪਹਿਰਾਂ ਨੂੰ
ਸਹਿਮੀ ਸਰਘੀ ਸਿਸਕੇ ਸੁਰਖ ਸਵੇਰਾਂ ਨੂੰ।

***-ਡਾ. ਗੁਰਬਖਸ਼ ਸਿੰਘ ਭੰਡਾਲ***

---

## ਦੋਹੇ

ਪੰਛੀ ਬੈਠੇ ਰੁੱਖ 'ਤੇ ਹੱਸ ਹੱਸ ਕਰਦੇ ਬਾਤ
ਕਿੱਧਰ ਡਰ ਕੇ ਭੱਜ ਗਈ ਅੱਜ ਬੰਦੇ ਦੀ ਜਾਤ।

ਵਾਹਿਗੁਰੂ ਹਰ ਪਲ ਜਪੋ, ਮਨ ਰੱਖੋ ਮਜਬੂਤ
ਚੜ੍ਹਦੀ ਕਲਾ 'ਚ ਰਹਿਣ ਦਾ ਡੱਟ ਕੇ ਦਿਉ ਸਬੂਤ।

ਦੂਰ ਦੁਰਾਡਿਓਂ ਆ ਰਹੀ ਦਿਸਦੀ ਹੈ ਇਕ ਲੋਅ
ਹਨੇਰੇ ਦੇ ਭੱਜ ਜਾਣ ਦੀ ਮਿਲਦੀ ਹੈ ਕਨਸੋਅ।

ਬੰਦਾ ਤੇਜ਼ ਤਰਾਰ ਸੀ, ਕਰਦਾ ਮਾਰੋ ਮਾਰ
ਬੰਦੇ ਦੀ ਪਿੱਠ ਲਾ ਗਿਆ ਕਰਕੇ ਗੁੱਝਾ ਵਾਰ।

ਸਹਿਜ ਸੁਹਜ ਨੂੰ ਛੱਡ ਕੇ ਫੜ ਲਈ ਸੀ ਰਫਤਾਰ
ਸਾਰਾ ਹੁਲੀਆ ਬਦਲਿਆ, ਡਿੱਗਿਆ ਮੂੰਹ ਦੇ ਭਾਰ।

ਕਿੰਨਾਂ ਹੁੱਲੜਬਾਜ਼ ਅਤੇ ਕਿੰਨਾ ਸੀ ਹੁਸ਼ਿਆਰ
ਇਕ ਦਬਕੇ ਨਾਲ ਕਰ'ਤਾ ਅੰਦਰ ਸਭ ਸੰਸਾਰ।

ਧਰਤੀ ਧਾਹਾਂ ਮਾਰਦੀ, ਅੰਬਰ ਨੈਣੀਂ ਨੀਰ
ਕਿੱਧਰ ਜਾ ਕੇ ਛੁਪ ਗਏ ਕਾਜ਼ੀ, ਪੰਡਿਤ, ਪੀਰ।

ਧਰਤੀ ਵੀ ਕੁਝ ਸ਼ਾਂਤ ਹੈ, ਅੰਬਰ ਕਰੇ ਆਰਾਮ
ਇਕ ਕੀਟਾਣੂ ਲਾ ਗਿਆ ਸਭ ਪਾਸੇ ਵਿਸਰਾਮ।

ਸਭ ਮਿਜ਼ਾਇਲਾਂ ਚੁੱਪ ਨੇ, ਚੁੱਪ ਟੈਂਕਾਂ ਦੀ ਡਾਰ
ਬੰਬ ਵੀ ਸਹਿਣਯੋਗ ਨਾ ਇਕ ਕਿਣਕੇ ਦੀ ਮਾਰ।

ਕਿੱਧਰ ਫੌਜੀ ਤਾਕਤਾਂ, ਕਿੱਧਰ ਨੇ ਹਥਿਆਰ
ਹਿੰਮਤ ਹੈ ਤਾਂ ਰੋਕ ਲਵੋ ਉਸ ਦਾ ਕੀਤਾ ਵਾਰ।

ਪੱਥਰ ਵੱਜਣ ਤਨ 'ਤੇ, ਹੱਸ ਕੇ ਜਰੇ ਫਕੀਰ
ਫੁੱਲ ਵੱਜਾ ਤਾਂ ਵਗ ਪਿਆ, ਨੈਣਾਂ ਵਿਚੋਂ ਨੀਰ।

ਮਤਲਬਖੋਰੀ ਸੋਚ ਨੇ, ਕਰਤਾ ਸਭ ਦਾ ਘਾਣ
ਕੋਨਾ ਕੋਨਾ ਜਾਪਦਾ, ਮਘਦਾ ਇਕ ਮਸਾਣ।

ਸਭ ਦੀ ਸੋਚ ਬੇਅਰਥ ਹੈ, ਨਾ ਕੰਮ ਦੇ ਹਥਿਆਰ
ਲੱਭਣ ਤੁਰ ਪਏ ਉਸ ਨੂੰ, ਜਿਸ ਦਾ ਆਰ ਨ ਪਾਰ।

ਧਰਤੀ ਦੀ ਹਰ ਨੁੱਕਰੇ ਮੱਚਿਆ ਹੈ ਕੋਹਰਾਮ
ਹੁਣ ਤਾਂ ਰੱਬਾ ਡਾਢਿਆ! ਤੇਰੇ ਹੱਥ ਲਗਾਮ।

***-ਬਲਬੀਰ ਸਿੰਘ ਢੁਮੇਲੀ***
***ਨਿਊ ਯਾਰਕ***
***ਫੋਨ: 516-858-9155***

# ਧਰਤੀ ਦਾ ਆਵਾਰਾ ਪੁੱਤ ਚਾਰਲਸ ਡਾਰਵਿਨ

ਹਰਮਨ

ਇਹ ਸਾਰਾ ਕੁਝ ਇੰਗਲੈਂਡ ਦੇ ਸ਼ਹਿਰ ਸ਼ਰੂਜ਼ਬਰੀ ਨੇੜੇ ਨਿੱਕੇ ਜਿਹੇ ਪਹਾੜ ਹੌਗਮੰਡ ਕੋਲ ਵਾਪਰ ਰਿਹਾ ਸੀ, ਜਿੱਥੇ ਇੰਨੀਆਂ ਪੁਰਾਣੀਆਂ ਚੱਟਾਨਾਂ ਸਨ, ਜੋ ਧਰਤੀ ਦੇ ਮੁਢਲੇ ਦਿਨਾਂ ਦੀ ਨਿਸ਼ਾਨਦੇਹੀ ਕਰਦੀਆਂ ਸਨ। ਸ਼ਰੂਜ਼ਬਰੀ ਦਾ ਨਿੱਕੀ ਜਿਹੀ ਉਮਰ ਦਾ ਮੁੰਡਾ ਚਾਰਲਸ ਡਾਰਵਿਨ ਇਨ੍ਹਾਂ ਚੱਟਾਨਾਂ ਨੂੰ ਆਪਣੇ ਨੰਗੇ ਹੱਥਾਂ ਨਾਲ ਛੂਹ ਬੈਠਾ। ਚੱਟਾਨਾਂ ਵਿਚ ਤਪਦਾ ਕਰੋੜਾਂ ਸਾਲਾਂ ਦਾ ਇਲਮ ਡੂੰਘੀ ਨੀਂਦ ਵਿਚੋਂ ਜਾਗ ਉਠਿਆ ਤੇ ਕਿੱਸਾ, ਜਿਸ ਨੇ ਇੱਕ ਦਿਨ ਸ਼ੁਰੂ ਹੋਣਾ ਹੀ ਸੀ, ਸ਼ੁਰੂ ਹੋ ਗਿਆ।

ਡਾਰਵਿਨ ਦੇ ਸ਼ਹਿਰ ਦਾ ਮੈਲੀ ਜਿਹੀ ਦਾੜ੍ਹੀ ਤੇ ਮਧਰੇ ਜਿਹੇ ਕੱਦ ਵਾਲਾ ਬਜੁਰਗ, ਜਿਸ ਨੇ ਆਪਣੀ ਸਾਰੀ ਉਮਰ ਉਜਾੜਾਂ ਵਿਚੋਂ ਤੀਲ੍ਹੇ ਇਕੱਠੇ ਕਰਦਿਆਂ ਲੰਘਾ ਦਿੱਤੀ ਸੀ, ਰੋਜ਼ ਕਿਸੇ ਨੁੱਕਰ ਵਿਚ ਬੈਠਾ ਬੱਚਿਆਂ ਨੂੰ ਕੋਈ ਕਹਾਣੀ-ਨੁਮਾ ਗੱਲ ਸੁਣਾਉਂਦਾ। ਉਹਦੀ ਇਹ ਬਾਤ ਡਾਰਵਿਨ ਨੂੰ ਬੜੀ ਪਸੰਦ ਆਉਂਦੀ ਸੀ, "ਕਹਿੰਦੇ ਕੁਦਰਤ ਨੇ ਜਦੋਂ ਆਪਣੀਆਂ ਭਰਵੀਆਂ ਅੱਖਾਂ ਨਾਲ ਪਹਿਲੀ ਵਾਰੀ ਧਰਤੀ ਦਾ ਹੁਸਨ ਦੇਖਿਆ ਤੇ ਝਾੜੀਆਂ ਨਾਲ ਖਹਿੰਦੀਆਂ ਸੱਪਣੀਆਂ ਦੀ ਸਰਸਰਾਹਟ ਸੁਣੀ ਤਾਂ ਉਹ ਰੱਜ ਕੇ ਰੋਈ। ਉਹਦੀਆਂ ਅੱਖਾਂ ਦੇ ਪਾਣੀ ਨੇ ਰੇਤੇ-ਮਿੱਟੀ ਵਿਚ ਘੁਲ ਕੇ ਗਾਰੇ ਦੀ ਸਿਰਜਣਾ ਕੀਤੀ ਤੇ ਇਸੇ ਗਾਰੇ ਵਿਚੋਂ ਮਨੁੱਖਾਂ ਦੇ ਚੂਲਿਆਂ-ਚੱਪਣੀਆਂ ਨੇ ਆਕਾਰ ਲਿਆ। ਧੁੱਪ ਵਿਚ ਮਨੁੱਖ ਦੀ ਕੰਗਰੋੜ ਪੱਕਦੀ ਰਹੀ ਤੇ ਭਾਂਤ-ਭਾਂਤ ਦੇ ਪੰਛੀ ਉਹਦੇ ਸਿਰ ਤੋਂ ਉਡਦੇ ਗਏ।"

ਇਹ ਸਭ ਸੁਣਦੇ ਡਾਰਵਿਨ ਨੂੰ ਲੱਗਣ ਲੱਗਦਾ, ਜਿਵੇਂ ਉਸ ਬਜੁਰਗ ਦੇ ਪੁਰਾਣੇ ਤੇ ਬਦਬੂਦਾਰ ਕੋਟ ਵਿਚੋਂ ਰੰਗ-ਬਿਰੰਗੇ ਤੋਤੇ ਤੇ ਸੱਪ ਨਿਕਲ-ਨਿਕਲ ਕੇ ਬਾਹਰ ਭੱਜ ਰਹੇ ਹੋਣ। ਬਾਤ ਸੁਣ ਕੇ ਉਹ ਇਕਦਮ ਜੰਗਲ ਵਾਲੇ ਪਾਸੇ ਭੱਜ ਜਾਂਦਾ ਤੇ ਆਪਣੇ ਪਿੰਡੇ ਉਤੇ ਰੇਤਾ ਮਲ ਕੇ ਉਹ ਥਾਂ ਲੱਭਣ ਲੱਗ ਜਾਂਦਾ, ਜਿੱਥੇ ਉਚੇ ਰੁੱਖਾਂ ਦੀਆਂ ਟਾਹਣੀਆਂ ਵਿਚੋਂ ਚੱਪਾ ਕੁ ਧੁੱਪ ਡੁੱਲ੍ਹਦੀ ਹੁੰਦੀ ਸੀ। ਅਕਸਰ ਉਸ ਦਾ ਸਾਹ ਚੜ੍ਹਿਆ ਹੁੰਦਾ ਤੇ ਅਕਸਰ ਲੇਟੇ ਹੋਏ ਦਾ ਉਸ ਦਾ ਢਿੱਡ ਕਿਸੇ ਨਗਾਰੇ ਵਾਂਗੂ ਉਪਰ-ਥੱਲੇ ਵੱਜਦਾ। ਉਹਨੂੰ ਕੋਈ ਖਿਆਲ ਨਾ ਰਹਿੰਦਾ, ਕਦੋਂ ਉਹਦੇ ਪਿੰਡੇ 'ਤੇ ਚੜ੍ਹ ਕੇ ਨਿੱਕੇ-ਨਿੱਕੇ ਕੀਟ ਕਈ ਤਰ੍ਹਾਂ ਦੀਆਂ ਖੇਡਾਂ ਖੇਡਣ ਲੱਗਦੇ।

ਜਦੋਂ ਸਕੂਲ ਵਿਚ ਸਾਰੀ ਜਮਾਤ ਅਲਜਬਰੇ ਦੇ ਸੁਆਲ ਸਮਝ ਰਹੀ ਹੁੰਦੀ, ਡਾਰਵਿਨ ਆਪਣੀ ਕਿਸੇ ਕਪਲਨਾ ਵਿਚ ਗੁੰਮ ਉਨ੍ਹਾਂ ਜੰਗਲੀ ਚਿੜੀਆਂ ਦੀ ਗਰਦਨ 'ਤੇ ਬਣੇ ਨਿੱਕੇ-ਨਿੱਕੇ ਧੱਬਿਆਂ ਦੀ ਗਿਣਤੀ ਕਰ ਰਿਹਾ ਹੁੰਦਾ, ਜੋ ਸਕੂਲੋਂ ਮੁੜਦੇ ਨੂੰ ਰੋਜ਼ ਉਸ ਨੂੰ ਪੁਰਾਣੇ ਰੁੱਖ ਦੇ ਮੁੱਢ ਕੋਲ ਬੈਠੀਆਂ ਮਿਲਦੀਆਂ। ਜਮਾਤ ਵਿਚ ਬੈਠਿਆਂ ਉਸ ਦੀਆਂ ਅੱਖਾਂ ਕਦੇ ਤਾਂ ਮਿਰਗਾਂ ਵਾਂਗੂ ਲਿਸ਼ਕਣ ਲੱਗ ਜਾਂਦੀਆਂ ਤੇ ਕਦੇ ਕਿਸੇ ਅਣਜਾਣੀ ਉਦਾਸੀ ਵਿਚ ਗੁਆਚ ਜਾਂਦੀਆਂ। ਚੜ੍ਹਦੀ ਜਵਾਨੀ ਦੇ ਮੁੱਢਲੇ ਸਾਲਾਂ ਵਿਚ ਉਹਨੇ ਆਪਣੇ ਭਰਾ ਨਾਲ ਮਿਲ ਕੇ ਘਰ ਦੇ ਗਾਰਡਨ ਦੀ ਇੱਕ ਨੁੱਕਰ ਵਿਚ ਨਿੱਕੀ ਜਿਹੀ ਪ੍ਰਯੋਗਸ਼ਾਲਾ ਵੀ ਬਣਾ ਲਈ ਸੀ, ਜਿੱਥੇ ਉਹਨੇ ਰਸਾਇਣ ਵਿਗਿਆਨ ਦੇ ਮੁਢਲੇ ਸਿਧਾਂਤਾਂ ਬਾਰੇ ਜਾਣਿਆ। ਦਿਮਾਗ ਵਿਚ ਹੁੰਦੀ ਰਹਿੰਦੀ ਉਥਲ-ਪੁੱਥਲ ਉਹਦੀਆਂ ਨਾੜਾਂ ਵਿਚ ਬੇਚੈਨੀ ਬਣ ਕੇ ਨੱਸਦੀ ਰਹਿੰਦੀ। ਦੁਨੀਆਂ ਘੁੰਮਣ ਤੇ ਜੀਵ-ਜੰਤੂਆਂ ਦੀ ਅੱਥਰੀ ਦੁਨੀਆਂ ਬਾਰੇ ਜਾਣਨ ਦੇ ਸ਼ੌਕ ਅਤੇ ਪਿਤਾ ਵਲੋਂ ਰੋਜ਼ ਦੀਆਂ ਫਿਟਕਾਰਾਂ ਨੇ ਆਖਰ ਇੱਕ ਦਿਨ ਉਸ ਤੋਂ ਉਹਦਾ ਘਰ ਛੁਡਾ ਦਿੱਤਾ।

ਲਗਾਤਾਰ ਕਈ ਸਾਲ ਉਹ ਆਪਣੀ ਮਿੱਤਰ ਮੰਡਲੀ ਨਾਲ ਦੱਖਣੀ ਅਮਰੀਕਾ ਦੇ ਸੁਪਨਿਆਂ ਜਿਹੇ ਟਾਪੂਆਂ 'ਤੇ ਮੰਡਰਾਉਂਦਾ ਰਿਹਾ। ਹਰ ਵਕਤ ਬਾਰਿਸ਼ਾਂ ਨਾਲ ਗਿੱਲੇ ਰਹਿੰਦੇ ਤੇ ਚਿੱਕੜ ਨਾਲ ਭਰੇ ਜੰਗਲ ਉਸ ਦਾ ਨਵਾਂ ਘਰ ਬਣ ਗਏ। ਧਰਤੀ ਵਿਚ ਦੱਬੀਆਂ ਹਜ਼ਾਰਾਂ ਸਾਲ ਪੁਰਾਣੀਆਂ ਹੱਡੀਆਂ ਉਹਨੂੰ ਪਵਿਤਰ ਗ੍ਰੰਥਾਂ ਜਿਹੀਆਂ ਲੱਗੀਆਂ ਤੇ ਉਹਦਾ ਸਾਰਾ ਦਿਨ ਖੁਦਾਈ ਕਰਦਿਆਂ ਲੰਘ ਜਾਂਦਾ। ਉਹਨੂੰ ਜਾਪਦਾ ਜਿਵੇਂ ਹਰ ਅਵਸ਼ੇਸ਼ ਆਪਣੇ ਅੰਦਰ ਦੁਨੀਆਂ ਦੀ ਮਹਾਨ ਵਿੱਦਿਆ ਸੰਭਾਲੀ ਬੈਠਾ ਹੋਵੇ। ਜਦੋਂ ਸਮੁੰਦਰ ਵਲੋਂ ਠੰਢੀ ਹਵਾ ਦੇ ਬੁੱਲੇ ਆਉਂਦੇ, ਉਦੋਂ ਕਦੇ ਕਦੇ ਵਿਹਲ ਵਿਚ ਉਹਨੂੰ ਸ਼ੇਕਸਪੀਅਰ ਪੜ੍ਹਨਾ ਚੰਗਾ ਲੱਗਦਾ।





ਚਾਰਲਸ ਡਾਰਵਿਨ ਦਾ ਘਰ।


ਪੌਦਿਆਂ ਦੇ ਤਣਿਆਂ ਦੇ ਬਾਰੀਕ ਰੇਸ਼ਿਆਂ ਨੂੰ ਪਿਆਰ ਨਾਲ ਨੇੜਿਓਂ ਤੱਕਣ 'ਤੇ ਉਹਨੂੰ ਲੱਗਦਾ ਕਿ ਇਹ ਵੀ ਬੜੀ ਲੰਮੀ ਦਾਸਤਾਨ ਦੇ ਹਸੀਨ ਪਾਤਰ ਹਨ, ਜੋ ਅੱਜ ਵੀ ਇਨ੍ਹਾਂ ਰੇਸ਼ਿਆਂ ਦੀਆਂ ਰਹੱਸਮਈ ਦੇਹਾਂ ਵਿਚ ਸੁਰੱਖਿਅਤ ਪਈਆਂ ਹਨ। ਕਿਸੇ ਵੀ ਸਭਿਅਤਾ ਦੀ ਮਹਾਨ ਕਿਤਾਬ ਪਹਿਲਾਂ ਇਨ੍ਹਾਂ ਰੇਸ਼ਿਆਂ ਵਿਚੋਂ ਗੁਜ਼ਰਦੀ ਹੈ ਤੇ ਫਿਰ ਛਾਪੇਖਾਨਿਆਂ ਵਿਚ ਉਤਰਦੀ ਹੈ।

ਇਨ੍ਹਾਂ ਟਾਪੂਆਂ ਤੋਂ ਇਲਾਵਾ ਜਿਹੜੀ ਧਰਤੀ ਦੀ ਵੀ ਡਾਰਵਿਨ ਨੂੰ ਸੱਦ ਪਈ, ਉਹ ਹਰ ਉਸ ਥਾਂ 'ਤੇ ਘੁੰਮਿਆ। ਸੁੱਕੇ ਹੋਏ ਪੱਤੇ, ਮੱਛੀਆਂ ਦੀ ਚਮੜੀ ਦੀਆਂ ਉਪਰਲੀਆਂ ਤਹਿਆਂ, ਚੀਲਾਂ ਜਿਹੇ ਕਿਸੇ ਪੰਛੀ ਦੇ ਖੰਭ, ਕਬੂਤਰਾਂ ਦੇ ਪੰਜੇ, ਸੱਪ ਤੇ ਬਾਘਾਂ ਦੇ ਜਬਾੜੇ ਦੀਆਂ ਬਣਤਰਾਂ ਉਸ ਦੀ ਪੋਟਲੀ ਵਿਚੋਂ ਬਾਹਰ ਖੁੱਲ੍ਹੇ ਅਸਮਾਨ ਵਲ ਝਾਕਦੇ ਤਾਂ ਡਾਰਵਿਨ ਮੁਸਕਰਾ ਪੈਂਦਾ। ਉਹ ਛੱਪੜ ਕਿਨਾਰੇ ਬੈਠਾ ਜੰਗਲੀ ਬੱਤਖਾਂ ਦੀਆਂ ਚੁੰਝਾਂ ਨੂੰ ਗਹੁ ਨਾਲ ਦੇਖਦਾ-ਪਰਖਦਾ ਤਾਂ ਸਾਰੀ ਪ੍ਰਿਥਵੀ ਦੇ ਪੌਣ-ਪਾਣੀਆਂ ਦੇ ਖਾਕੇ ਬੱਤਖਾਂ ਦੀ ਚੁੰਝ ਵਿਚੋਂ ਲੰਘਣ ਲੱਗਦੇ ਤੇ ਕੋਈ ਲੜੀ ਉਸ ਦੇ ਚੇਤਨ ਅਤੇ ਅਚੇਤ ਮਨ ਦੇ ਵਿਚਾਲੇ ਜੁੜਨ ਲੱਗਦੀ। ਜਦੋਂ ਕਾਫੀ ਸਾਲ ਦੀ ਆਵਾਰਗੀ ਪਿੱਛੋਂ ਡਾਰਵਿਨ ਘਰ ਪਰਤਿਆ ਤਾਂ ਉਹਦੀ ਖੋਪੜੀ ਪਹਿਲਾਂ ਜਿਹੀ ਨਾ ਰਹੀ। ਇਸ ਵਿਚ ਹੋਰ ਹਜ਼ਾਰਾਂ ਸਵਾਲ ਸਿਰ ਚੁੱਕਣ ਲੱਗੇ ਸਨ। ਉਸ ਦੇ ਵਹਿਮੀ ਪਿਤਾ ਨੂੰ ਤਾਂ ਇਓਂ ਵੀ ਲੱਗਦਾ ਜਿਵੇਂ ਡਾਰਵਿਨ ਦੇ ਸਿਰ ਦੀ, ਉਸ ਦੀ ਖੋਪੜੀ ਦੀ ਬਾਹਰੀ ਬਣਤਰ ਵਿਚ ਵੀ ਤਬਦੀਲੀ ਆ ਗਈ ਹੋਵੇ। ਮੱਥੇ ਉਤੇ ਹੱਥ ਮਾਰਦਾ ਉਹ ਆਪਣੇ ਪੁੱਤ ਦੀ ਕਿਸਮਤ ਨੂੰ ਕੋਸਦਾ। ਡਾਰਵਿਨ ਆਪਣੇ ਨਾਲ ਤਿੰਨ ਵੱਡ-ਆਕਾਰੀ ਕੱਛੂ ਵੀ ਲਿਆਇਆ ਸੀ, ਜਿਨ੍ਹਾਂ 'ਚੋਂ ਇੱਕ ਦੀ ਮੌਤ 2007 ਵਿਚ ਆਸਟਰੇਲੀਆ ਦੇ ਚਿੜੀਆਘਰ ਵਿਚ ਹੋਈ।

ਜਦੋਂ ਘਰ ਦੇ ਮੈਂਬਰ ਕਿਸੇ ਪਾਰਟੀ ਵਿਚ ਸ਼ਿਰਕਤ ਕਰ ਰਹੇ ਹੁੰਦੇ ਜਾਂ ਜਸ਼ਨ ਦੇ ਮਾਹੌਲ ਵਿਚ ਨੱਚ ਰਹੇ ਹੁੰਦੇ ਤਾਂ ਡਾਰਵਿਨ ਮੁੰਡਿਆਂ ਦੀ ਭੀੜ ਨੂੰ ਕਿਸੇ ਸਮੁੰਦਰੀ ਜੀਵ ਦੇ ਲਾਰਵੇ ਦੇ ਰਹੱਸਮਈ ਢੰਗ ਨਾਲ ਪਾਣੀ ਵਿਚ ਤੈਰਨ ਬਾਰੇ ਦੱਸ ਰਿਹਾ ਹੁੰਦਾ। ਭਾਂਤ-ਭਾਂਤ ਦੇ ਸੁਆਲ ਉਹਨੂੰ ਟਿਕਣ ਨਾ ਦਿੰਦੇ। ਇਹ ਸਾਰੇ ਸੁਆਲ ਤੇ ਇਨ੍ਹਾਂ ਦੇ ਅਸਰਦਾਰ ਜਵਾਬ ਹੀ ਉਸ ਦੀ ਯੁੱਗ ਪਲਟਾਊ ਕਿਤਾਬ 'ਔਰਿਜਨ ਔਫ ਸਪੀਸੀਜ਼' ਦੇ ਰੂਪ ਵਿਚ ਦੁਨੀਆਂ ਸਾਹਮਣੇ ਆਏ ਤੇ ਸਾਰੇ ਜੱਗ ਸਾਹਮਣੇ ਡਾਰਵਿਨ ਨੇ ਐਲਾਨ ਕਰ ਦਿੱਤਾ ਕਿ ਸਾਨੂੰ ਕਿਸੇ ਰੱਬ ਨੇ ਸੱਤ ਦਿਨਾਂ ਵਿਚ ਨਹੀਂ ਸਾਜਿਆ। ਇਸ ਪ੍ਰਕ੍ਰਿਆ ਪਿੱਛੇ ਲੱਖਾਂ-ਕਰੋੜਾਂ ਸਾਲਾਂ ਦੀ ਤੇ ਹੌਲੀ-ਹੌਲੀ ਹੋ ਰਹੀ ਕ੍ਰਾਂਤੀਕਾਰੀ ਤਬਦੀਲੀ ਦਾ ਹੱਥ ਹੈ।





ਖੱਬਿਓਂ: ਚਾਰਲਸ ਡਾਰਵਿਨ, ਚਾਰਲਸ ਡਾਰਵਿਨ ਦੀ ਕਿਤਾਬ 'ਔਰਿਜਨ ਔਫ ਸਪੀਸ਼ੀਜ਼' ਦਾ ਮੁਖੜਾ ਅਤੇ ਜੇਮਜ਼ ਹੋਲਮੈਨ ਜਿਸ ਦੀਆਂ ਯਾਤਰਾ ਲਿਖਤਾਂ ਡਾਰਵਿਨ ਪੜ੍ਹਦਾ ਰਹਿੰਦਾ ਸੀ।

ਮਨੁੱਖ ਦੇ ਮੌਜੂਦਾ ਸਰੂਪ ਦੀ ਕੋਈ ਤੰਦ ਵਣਮਾਨਸਾਂ ਨਾਲ ਜਾ ਜੁੜਦੀ ਹੈ। ਜੇ ਅਸੀਂ ਸਾਡੀ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ, ਸਿੱਧੀ ਪਿੱਠ, ਤੁਰ ਸਕਣ ਦੀ ਕਾਬਲੀਅਤ, ਸੋਹਣੀ ਤੋਰ ਦੀ ਗੱਲ ਕਰੀਏ ਤਾਂ ਇਸ ਪਿੱਛੇ ਉਨ੍ਹਾਂ ਵਣਮਾਨਸਾਂ ਦੀਆਂ ਪਿੰਜਣੀਆਂ, ਫੁਰਤੀਲੀਆਂ ਛਾਲਾਂ, ਪੌਣ-ਪਾਣੀਆਂ, ਧੁੱਪਾਂ-ਛਾਂਵਾਂ ਤੇ ਰੁੱਖਾਂ ਦੇ ਉਨ੍ਹਾਂ ਟਾਹਣਾਂ ਦੀ ਉਮਰਾਂ ਲੰਮੀ ਸਾਧਨਾ ਹੈ, ਜਿਨ੍ਹਾਂ ਤੋਂ ਸਾਡੇ ਪੂਰਵਜ ਉਤਰ ਕੇ ਖੁੱਲ੍ਹੀਆਂ ਜ਼ਮੀਨਾਂ 'ਤੇ ਫਿਰਤ ਕਰਨ ਲੱਗੇ ਸਨ।

ਸਾਰਾ ਧਾਰਮਿਕ ਜਗਤ ਬੌਖਲਾ ਉਠਿਆ ਕਿ ਇਹ ਕੌਣ ਆ ਗਿਆ, ਜੋ ਪਵਿਤਰ ਬਾਈਬਲ ਵਿਚ ਸੋਧਾਂ ਕਰਦਾ ਫਿਰਦਾ ਹੈ ਤੇ ਸਾਡੀਆਂ ਠੋਸ ਦਲੀਲਾਂ ਤੇ ਸ਼ਿਕਾਇਤਾਂ ਨੂੰ ਆਪਣੇ ਵਣਜਾਰਿਆਂ ਵਰਗੇ ਵਾਲਾਂ ਤੋਂ ਝਾੜ-ਝਾੜ ਕੇ ਹੇਠਾਂ ਸੁੱਟ ਰਿਹਾ ਹੈ?

ਗਲੀਆਂ ਵਿਚ ਪਾਦਰੀ ਡਾਰਵਿਨ ਦੇ ਪਾਠਕਾਂ ਨੂੰ ਬਾਂਦਰ-ਬਾਂਦਰ ਕਹਿ ਕੇ ਛੇੜਦੇ। ਉਨ੍ਹਾਂ ਦਿਨਾਂ ਵਿਚ ਡਾਰਵਿਨ ਜੇਮਜ਼ ਹੋਲਮੈਨ ਦੇ ਟਰੈਵਲ ਨੋਟ ਪੜ੍ਹਦਾ ਰਹਿੰਦਾ ਸੀ, ਜਿਨ੍ਹਾਂ ਨੇ ਡਾਰਵਿਨ ਨੂੰ ਧੁਰ ਅੰਦਰ ਤਕ ਛੋਹਿਆ ਤੇ ਆਤਮ-ਵਿਸ਼ਵਾਸ ਦੀ ਨਵੀਂ ਬੁਲੰਦੀ ਵੀ ਦਿੱਤੀ। ਉਹ ਅਕਸਰ ਕਹਿੰਦਾ ਰਹਿੰਦਾ ਕਿ ਭਾਰਤੀ ਸਮੁੰਦਰੀ ਖੇਤਰਾਂ ਦੇ ਜੀਵਾਂ, ਜਵਾਲਾਮੁਖੀਆਂ ਉਪਰ ਬਲਦੇ ਆਸਮਾਨਾਂ, ਅਰਬ ਦੇ ਰੇਤੇ ਦੀ ਚਮਕ, ਜ਼ੈਂਜ਼ੀਬਾਰ ਦੀ ਗਰਮੀ, ਸਿਲੋਨ ਦੀ ਦਾਲਚੀਨੀ ਵਿਚ ਭਿੱਜੀ ਹਵਾ, ਈਡਨਬਰਗ ਦੀਆਂ ਛਾਂਵਾਂ, ਰੂਸ ਦੀਆਂ ਜੇਲ੍ਹਾਂ ਦੀ ਕੁਸੈਲੀ ਤੇ ਉਦਾਸ ਫਿਜ਼ਾ ਨੂੰ ਕਿਸੇ ਨੇ ਇੰਨੇ ਸੋਹਣੇ ਢੰਗ ਨਾਲ ਨਹੀਂ ਬਿਆਨਿਆ, ਜਿੰਨਾ ਹੋਲਮੈਨ ਨੇ। ਇੱਥੇ ਇਹ ਦੱਸਣਾ ਵੀ ਲਾਜ਼ਮੀ ਹੈ ਕਿ ਹੋਲਮੈਨ ਪੱਚੀ ਸਾਲਾਂ ਦੀ ਉਮਰ ਵਿਚ ਅੰਨ੍ਹਾ ਹੋ ਗਿਆ ਸੀ ਤੇ ਇਸ ਦੇ ਬਾਵਜੂਦ ਉਸ ਨੇ ਸੰਸਾਰ ਦਾ ਹਰ ਕੋਨਾ ਘੁੰਮਿਆ।

ਡਾਰਵਿਨ ਨੇ ਕਿਹਾ, "ਸਾਡੇ ਸਭ ਦੇ ਸਰੀਰਾਂ 'ਤੇ ਅਫਰੀਕਾ ਦੇ ਜੰਗਲਾਂ ਦੇ ਨਿਸ਼ਾਨ ਹਨ ਤੇ ਉਹੀ ਕਦੇ ਸਾਡਾ ਪੁਰਾਣਾ ਰੈਣ ਬਸੇਰਾ ਸਨ। ਹੁਣ ਮੈਨੂੰ ਇਹ ਸਮਝਣਾ ਔਖਾ ਲੱਗ ਰਿਹਾ ਹੈ ਕਿ ਅਸੀਂ ਪਰਮਾਤਮਾ ਦੀ ਸ਼ਾਹਕਾਰ ਰਚਨਾ ਹਾਂ ਜਾਂ ਕਿਸੇ ਦੈਂਤ ਦੇ ਸਿੰਗਾਂ ਦੀ ਹੈਵਾਨੀਅਤ? ਅਸੀਂ ਮਨੁੱਖ ਆਪਣੇ ਆਪ ਦੇ ਵੈਰੀ, ਵਿਨਾਸ਼ਕ ਪਰਮਾਣੂ ਬੰਬਾਂ ਦੇ ਸਿਰਜਕ, ਜੋ ਚੁਟਕੀ ਵਿਚ ਸਭ ਕੁਝ ਪਿਘਲਾ ਦੇਣ, ਆਪ ਬਣਾਈਆਂ ਮਸ਼ੀਨਾਂ ਦੇ ਹੀ ਗੁਲਾਮ ਤੇ ਧਰਤੀ ਦੇ ਪਾਣੀਆਂ ਦੇ ਵੈਰੀ ਹਾਂ। ਉਹ ਵੀ ਅਸੀਂ ਹਾਂ ਜੋ ਹੱਸ ਸਕਦੇ ਹਨ, ਨੱਚ ਸਕਦੇ ਹਨ, ਕੀੜਿਆਂ ਦੇ ਥੁੱਕ ਵਿਚੋਂ ਰੇਸ਼ਮ ਦੇ ਸਿਰਜਕ, ਉਜਾੜਾਂ ਵਿਚ ਵੀ ਸੁੰਦਰਤਾ ਦੇਖਣ ਵਾਲੇ, ਸਤਰੰਗੀ ਪੀਂਘ ਤੋਂ ਵੀ ਪਾਰ ਦੇ ਰੰਗ ਖੋਜਣ ਵਾਲੇ, ਉਹ ਜਿਨ੍ਹਾਂ ਨੇ ਜੱਗ ਦੀਆਂ ਅਵਾਜ਼ਾਂ ਨੂੰ ਆਪਣਾ ਸੰਗੀਤ ਦੇ ਕੇ ਨਿਖਾਰ ਦਿੱਤਾ, ਜਿਨ੍ਹਾਂ ਨੇ ਭਾਸ਼ਾ ਸਿਰਜ ਲਈ ਤਾਂ ਕਿ ਕੋਈ ਯਾਦ ਸਿਰਫ ਯਾਦ ਹੀ ਬਣ ਕੇ ਨਾ ਰਹਿ ਜਾਵੇ, ਸਗੋਂ ਅੱਖਰਾਂ ਦੇ ਰੂਪ ਵਿਚ ਅੱਖਾਂ ਮੂਹਰੇ ਥਿਰਕਦੀ ਰਹੇ।"

ਧਰਤੀਆਂ ਘੁਮੱਕੜ ਪੈਰਾਂ ਤੇ ਬਾਗੀ ਨੈਣਾਂ ਨੂੰ ਕਦੇ ਨਹੀਂ ਭੁੱਲਦੀਆਂ।

# ਪ੍ਰਿੰਸੀਪਲ ਸਾਹਿਬ !

ਹਰਜੀਤ ਦਿਓਲ, ਬਰੈਂਪਟਨ
ਫੋਨ: 905-676-9242

ਸੈਰ ਕਰਦਿਆਂ ਉਹ ਅਕਸਰ ਮੈਨੂੰ ਮਿਲਦੇ। ਕਾਫੀ ਸਮਾਂ ਗੱਲ ਦੁਆ ਸਲਾਮ ਤੱਕ ਹੀ ਸੀਮਤ ਰਹੀ। ਇੱਕ ਦਿਨ ਉਹ ਸੈਰ ਤੋਂ ਥੱਕ ਕੇ ਉਸੇ ਬੈਂਚ 'ਤੇ ਆ ਬਿਰਾਜੇ, ਜਿੱਥੇ ਮੈਂ ਪਹਿਲਾਂ ਤੋਂ ਬੈਠਾ ਸਾਂ। ਸਤਿ ਸ੍ਰੀ ਅਕਾਲ ਪਿਛੋਂ ਗੱਲਬਾਤ ਚੱਲ ਨਿਕਲੀ। ਕਹਿੰਦੇ, "ਆਹ ਜਗਮੀਤ ਸਿਓਂ ਕਮਾਲ ਕਰ'ਤੀ, ਕੈਨੇਡਾ ਦੇ ਪ੍ਰਧਾਨ ਮੰਤਰੀ ਦਾ ਦਾਵੇਦਾਰ ਬਣ ਗਿਆ।"

ਮੈਂ ਕਿਹਾ, "ਜਨਾਬ ਇਹ ਤਾਂ ਠੀਕ ਆ, ਪਰ ਉਸ ਨੇ ਅਤਿਵਾਦ ਦੀ ਸਪਸ਼ਟ ਨਿੰਦਾ ਨਾ ਕਰਕੇ ਚੰਗਾ ਨਹੀਂ ਕੀਤਾ।"

ਕਹਿੰਦੇ, "ਵੀਰਿਆ! ਉਸ ਵੇਲੇ ਉਹ ਨਿੱਕਾ ਜਿਹਾ ਸੀ।"

ਮੈਂ ਕਿਹਾ, "ਜਨਾਬ! 1984 ਵੇਲੇ ਤਾਂ ਉਹ ਹੋਰ ਵੀ ਨਿੱਕਾ ਜਿਹਾ ਸੀ ਤੇ ਕਾਮਾਗਾਟਾਮਾਰੂ ਵੇਲੇ ਤਾਂ ਜੰਮਿਆ ਹੀ ਨਹੀਂ ਸੀ, ਤਾਂ ਉਨ੍ਹਾਂ ਘਟਨਾਵਾਂ ਬਾਰੇ ਕਿਵੇਂ ਜਾਣ ਗਿਆ?"

ਕਹਿੰਦੇ, "ਆਪਾਂ ਉਸੇ ਨੂੰ ਸਪੋਟ (ਸੁਪੋਰਟ) ਕਰਨੀ ਆ, ਮੇਰਾ ਗਵਾਂਢੀ ਵੀ ਕਹਿੰਦਾ, ਪ੍ਰਿੰਸੀਪਲ ਸਾਹਿਬ! ਆਪਾਂ ਜਗਮੀਤ ਸਿਓਂ ਜਿਤੌਣਾ।"

"ਪ੍ਰਿੰਸੀਪਲ ਸਾਹਿਬ?" ਮੇਰਾ ਮੱਥਾ ਠਣਕਿਆ। ਪੁੱਛਿਆ, "ਸਰ ਜੀ! ਆਪ ਦਾ ਸ਼ੁਭ ਨਾਂ?"

ਕਹਿੰਦੇ, "ਪ੍ਰਿੰਸੀਪਲ ਨਛੱਤਰ ਸਿਓਂ।"

ਮੈਂ ਸ਼ਸ਼ੋਪੰਜ ਵਿਚ। ਕੁਝ ਸੋਚ ਕੇ ਕਿਹਾ, "ਛੱਡੀਏ ਖਹਿੜਾ ਰਾਜਨੀਤੀ ਦਾ, ਕੁਝ ਸਾਹਿਤਕ ਗੱਲ ਕਰੀਏ। ਸੁਣਿਆ, ਪਈ ਬਲਦੇਵ ਸਿੰਘ ਸੜਕਨਾਮਾ ਦੀ ਨਵੀਂ ਪੁਸਤਕ 'ਸੂਰਜ ਦੀ ਅੱਖ' ਪੜ੍ਹਨਯੋਗ ਹੈ, ਕਿਤੋਂ ਮਿਲੇ ਤਾਂ ਪੜ੍ਹਾਂਗੇ। ਤੁਸਾਂ ਪੜ੍ਹੀ?" ਉਹ ਚੁੱਪ ਰਹੇ।

ਮੈਂ ਫਿਰ ਕਿਹਾ, "ਪਈ ਪ੍ਰਿੰਸੀਪਲ ਸਰਵਣ ਸਿੰਘ ਹੋਰੀਂ ਖਬਰਨਾਮਾ 'ਚ ਗਾਰਗੀ ਬਾਰੇ ਲਿਖ ਰਹੇ ਆ। ਬੜਾ ਦਿਲਚਸਪ ਹੁੰਦੈ। ਤੁਸਾਂ ਪੜ੍ਹਿਆ ਹੋਣੈ?" ਉਹ ਫਿਰ ਚੁੱਪ ਰਹੇ।

ਮੈਂ ਸੋਚਿਆ, ਪਈ ਧਾਰਮਿਕ ਸਾਹਿਤ ਪੜ੍ਹਦੇ ਹੋਣੇ ਆ। ਪੁੱਛਿਆ, "ਸਰ ਜੀ! ਪਾਂਧੀ ਸਾਹਿਬ ਤਾਂ ਜਰੂਰ ਪੜ੍ਹੇ ਹੋਣੇ ਆ।"

ਉਹ ਕੁਝ ਖਿਝ ਕੇ ਬੋਲੇ, "ਭਰਾਵਾ ਪੜ੍ਹੇ ਹੁੰਦੇ ਤਾਂ ਇੱਥੇ ਵੀਹ ਸਾਲ ਫਾਰਮਾਂ 'ਚ ਧੱਕੇ ਕਿਓਂ ਖਾਂਦੇ? ਕੋਈ ਸੌਖੀ ਚੱਜ ਦੀ ਜੌਬ ਨਾ ਕਰਦੇ। ਸਕੂਲ ਦੇ ਤਾਂ ਅਸੀਂ ਨੇੜਿਓਂ ਨਹੀਂ ਲੰਘੇ, ਤੇ ਵੀਰਿਆ, ਤੂੰ ਕਿਤਾਬਾਂ ਦੀ ਗੱਲ ਕਰਦੈਂ।"

ਮੈਂ ਪੁੱਛਿਆ, "ਸਰ ਜੀ! ਆਹ ਨਾਂ ਨਾਲ ਪ੍ਰਿੰਸੀਪਲ?"

ਕਹਿੰਦੇ, "ਤੂੰ ਹੁਣ ਖਹਿੜੇ ਹੀ ਪੈ ਗਿਆ ਦੱਸ ਦਿੰਨੇ ਆਂ, ਨਹੀਂ ਤਾਂ ਕੰਮ ਇਵੇਂ ਹੀ ਚੱਲੀ ਜਾਂਦੈ। ਕਿਸੇ ਨਹੀਂ ਪੁੱਛਿਆ ਅੱਜ ਤਾਂਈਂ। ਪੰਜਵੀਂ 'ਚ ਪੜ੍ਹਦਾ ਸਾਂ ਤਾਂ ਇੱਕ ਦਿਨ ਪਤਾ ਨਹੀਂ ਮੈਨੂੰ ਕੀ ਸੁੱਝੀ, ਮੈਂ ਪ੍ਰਿੰਸੀਪਲ ਦੀ ਗੈਰਹਾਜਰੀ 'ਚ ਖਾਲੀ ਪਈ ਉਸ ਦੀ ਕੁਰਸੀ 'ਤੇ ਜਾ ਬੈਠਾ। ਮਾੜੀ ਕਿਸਮਤ ਉਸੇ ਵੇਲੇ ਪ੍ਰਿੰਸੀਪਲ ਸਾਹਿਬ ਆ ਗਏ। ਇਸ ਪਿਛੋਂ ਵੀਰਿਆ ਜੋ ਹੋਈ, ਦੱਸਣ ਦੀ ਲੋੜ ਨਹੀਂ। ਮੈਂ ਜਿਦ ਠਾਣ ਲਈ, ਪਈ ਸਕੂਲੇ ਨਹੀਂ ਵੜਨਾ। ਪੜ੍ਹਨ ਵਿਚ ਅਸਾਂ ਪਹਿਲਾਂ ਹੀ ਫਾਡੀ ਸਾਂ। ਬਾਪੂ ਬਥੇਰਾ ਜੋਰ ਲਾਇਆ, ਪਰ ਆਪਾਂ ਅੱਗ ਲੱਗਣੀਆਂ ਕਿਤਾਬਾਂ ਤੋਂ ਖਹਿੜਾ ਛੁੜਾ ਹੀ ਲਿਆ ਤੇ ਵਾਹੀ 'ਚ ਪੈ ਗਏ। ਮੇਰੀ ਹਰਕਤ ਸਭ ਨੂੰ ਪਤਾ ਲੱਗ ਗਈ ਤੇ ਮੇਰੀ ਅੱਲ 'ਪ੍ਰਿੰਸੀਪਲ' ਪੈ ਗਈ। ਬੁਢ਼ਾਪੇ 'ਚ ਕਨੇਡਾ ਆ ਵੜੇ ਤੇ ਵੀਰਿਆ! ਮਾੜੀ ਕਿਸਮਤ ਕਹੋ ਜਾਂ ਚੰਗੀ, ਮੇਰੇ ਪਿੰਡ ਦੇ ਦੋ ਜਣੇ ਇੱਥੇ ਵੀ ਆਣ ਮਿਲੇ ਤੇ ਜੁੜ ਗਿਆ ਨਾਂ ਨਾਲ ਪ੍ਰਿੰਸੀਪਲ। ਓਦਾਂ ਤੂੰ ਹੀ ਪਹਿਲੀ ਵਾਰ ਮੇਰੇ ਪੋਤੜੇ ਫਰੋਲੇ ਆ, ਨਹੀਂ ਤਾਂ ਵਧੀਆ ਚੱਲੀ ਜਾਂਦੀ ਆ। ਲੋਕ ਇੱਜਤ ਈ ਬੜੀ ਕਰਦੇ ਆ। ਕਈ ਕਲੱਬਾਂ ਆਲੇ ਮੈਨੂੰ ਪ੍ਰਧਾਨ ਬਣਾਉਣ ਨੂੰ ਫਿਰਦੇ ਸੀ, ਮੈਂ ਈ ਜਵਾਬ ਦੇ'ਤਾ। ਢਕੀ ਈ ਠੀਕ ਆ। ਚੰਗਾ ਸਾਸਰੀ ਕਾਲ, ਬਹੂ ਪਰੌਂਠੇ ਬਣਾਈਂ 'ਬੇਕਫਾਸਟ' ਲਈ ਵੇਟ ਕਰਦੀ ਹੋਣੀ ਆ।" ਤੇ ਉਹ ਉਠ ਕੇ ਤੁਰ ਗਏ।

ਮੈਂ ਦੇਰ ਤੱਕ ਤੁਰੇ ਜਾਂਦੇ 'ਐਕਸੀਡੈਂਟਲ ਪ੍ਰਿੰਸੀਪਲ' ਸਾਹਿਬ ਦੀ ਪਿੱਠ ਤੱਕਦਾ ਰਿਹਾ।

# ਕਲਾ ਅਤੇ ਜ਼ਿੰਦਗੀ ਦੀ ਬਾਤ: ਔਡ ਟੂ ਸਿਨੇਮਾ

## ਮਨੁੱਖੀ ਹੋਂਦ ਦੇ ਸੰਸਿਆਂ ਤੇ ਸਦਮਿਆਂ ਦਾ ਮਾਰਮਿਕ ਦਸਤਾਵੇਜ਼

*ਕਵੀ ਤੇ ਫਿਲਮਸਾਜ਼ ਅਮਨਿੰਦਰ ਸਿੰਘ ਲਈ ਫਿਲਮ ਬਣਾਉਣਾ ਜ਼ਿੰਦਗੀ ਦੀ ਸਾਧਾਰਨਤਾ ਦੇ ਗਧੀਗੇੜ ਵਿਚ ਫਸੀਆਂ ਤਸਵੀਰਾਂ, ਆਵਾਜ਼ਾਂ, ਚੀਜ਼ਾਂ-ਵਸਤਾਂ ਅਤੇ ਬੰਦਿਆਂ ਨੂੰ ਇਕੋ ਸਮੇਂ ਤੇ ਸਪੇਸ ਦੇ ਫਰੇਮ ਵਿਚ ਜੜ ਦੇਣਾ ਹੈ ਤਾਂ ਕਿ ਉਹ ਆਪਣੀ ਹੋਂਦ ਦੇ ਅਰਥ ਤਲਾਸ਼ ਸਕਣ। 'ਔਡ ਟੂ ਸਿਨੇਮਾ' ਅਮਨਿੰਦਰ ਦੀ ਪਲੇਠੀ ਫਿਲਮ ਹੋਣ ਦੇ ਬਾਵਜੂਦ ਸਿਨੇਮੇ ਦੀ ਭਾਸ਼ਾ ਵਿਚ ਕਵਿਤਾ ਵਾਂਗ ਸ਼ਬਦਾਂ ਅਤੇ ਦ੍ਰਿਸ਼ਾਂ ਰਾਹੀ ਸਮੇਂ ਅਤੇ ਗਤੀ ਦੀਆਂ ਹੱਦਾਂ ਅੰਦਰ ਕਲਪਿਤ ਸੰਸਾਰ ਦੀਆਂ ਵਿਸਰ ਰਹੀਆਂ ਯਾਦਾਂ ਅਤੇ ਲਗਾਤਾਰ ਕਿਰ ਰਹੇ ਵਜੂਦਾਂ ਦੀ ਖੂਬਸੂਰਤ ਪੇਸ਼ਕਾਰੀ ਹੈ। ਮੌਜੂਦਾ ਪੰਜਾਬੀ ਸਿਨੇਮਾ ਦੇ ਰੁਝਾਨ ਵਿਚ ਅਜਿਹੇ ਸਿਨੇਮੇ ਦੀ ਕੀ ਸਾਰਥਿਕਤਾ ਹੈ? ਕੀ ਪੰਜਾਬ ਵਿਚ ਬੌਧਿਕ ਅਤੇ ਦਾਰਸ਼ਨਿਕ ਸਿਨੇਮਾ ਬਾਰੇ ਗੱਲ ਕਰਨ ਦਾ ਸਮਾਂ ਆ ਗਿਆ ਹੈ? ਸਿਨੇਮਾ ਵਿਚ ਕਲਾ ਦੇ ਰੂਪ ਵਿਚ 'ਖਾਲਸ' ਸਿਨੇਮਾ ਦਾ ਭਵਿੱਖ ਕੀ ਹੈ? ਇਨ੍ਹਾਂ ਸਵਾਲਾਂ ਦੇ ਰੂ-ਬ-ਰੂ ਅਮਨਿੰਦਰ ਹੁਣ ਆਪਣੀ ਅਗਲੀ ਫਿਲਮ 'ਵੇਟ' ਵਿਚ ਰੁਝਿਆ ਹੋਇਆ ਹੈ।*

### ਦਰਸ਼ਕਾਂ ਦੀ ਉਡੀਕ

*'ਔਡ ਟੂ ਸਿਨੇਮਾ' ਦਾ ਕਰਤਾ ਅਮਨਿੰਦਰ ਸਿੰਘ ਆਪਣੇ ਸਨਮੁੱਖ ਨਵੇਂ ਸਵਾਲਾਂ ਨੂੰ ਮੁਖਾਤਿਬ ਹੁੰਦਿਆਂ ਸਾਰੀਆਂ ਮੁਸ਼ਕਿਲਾਂ ਦੇ ਬਾਵਜੂਦ ਆਪਣੀ ਅਗਲੀ ਫਿਲਮ 'ਵੇਟ' ਬਣਾਉਣ ਵਿਚ ਰੁੱਝਿਆ ਹੋਇਆ ਹੈ। ਇਹ ਫਿਲਮ ਸੈਮੂਅਲ ਬੈਕਟ ਦੇ ਡਰਾਮੇ 'ਵੇਟਿੰਗ ਫਾਰ ਗੋਦੋ' ਤੇ ਆਧਾਰਿਤ ਹੈ। ਅਮਨਿੰਦਰ ਸਿੰਘ ਹੱਸਦਾ ਹੋਇਆ ਆਖਦਾ ਹੈ: 'ਗੋਦੋ ਦਰਸ਼ਕ ਵੀ ਤਾਂ ਹੋ ਸਕਦੇ ਹਨ'।*

ਡਾ. ਕੁਲਦੀਪ ਕੌਰ
ਫੋਨ: +91-98554-04330



ਫਿਲਮ ਜਿਉਂਦਾ-ਜਾਗਦਾ ਦਵੰਦ ਹੈ। ਫਿਲਮ ਕਲਾ ਮਾਧਿਅਮ ਦੇ ਤੌਰ 'ਤੇ ਮਨੁੱਖੀ ਚੇਤਨਾ ਅਤੇ ਮਨੁੱਖ ਅੰਦਰਲੇ ਖਲਾਅ ਦੇ ਦੁਨਿਆਵੀ ਸੰਕਲਪਾਂ ਅਤੇ ਤਾਣੇ-ਬਾਣੇ ਨਾਲ ਟਕਰਾਉ ਨੂੰ ਦ੍ਰਿਸ਼ਾਂ, ਆਵਾਜ਼ਾਂ, ਪ੍ਰਤੀਕਾਂ, ਚਿੰਨਾਂ, ਚੁੱਪਾਂ, ਪਰਛਾਵਿਆਂ ਤੇ ਕਿਰਦਾਰਾਂ ਰਾਹੀਂ ਸਾਡੀ ਸੋਚ ਅਤੇ ਚੇਤਿਆਂ ਵਿਚ ਉਕਰਦੀ ਹੈ। ਇਸ ਵਰਤਾਰੇ ਵਿਚ ਸਮੇਂ ਅਤੇ ਸਪੇਸ ਦੀ ਪੁਨਰ-ਸਿਰਜਣਾ ਕਰਨ ਦੀ ਸਮਰੱਥਾ ਕਿਸੇ ਸੰਵੇਦਨਸ਼ੀਲ ਫਿਲਮਸਾਜ਼ ਦੇ ਹੁਨਰ ਅਤੇ ਕਲਪਨਾ ਦਾ ਅਸਲ ਇਮਤਿਹਾਨ ਹੋ ਨਿਬੜਦੀ ਹੈ।

ਆਪਣੀ ਫਿਲਮ ਬਾਰੇ ਗੱਲ ਕਰਦਿਆਂ ਕਵੀ ਅਤੇ ਫਿਲਮਸਾਜ਼ ਅਮਨਿੰਦਰ ਸਿੰਘ ਆਖਦਾ ਹੈ, "ਸਮਾਂ ਮੈਨੂੰ ਤਲਬ ਕਰਦਾ ਹੈ।" ਉਹ ਸਮੇਂ ਦੇ ਸਨਮੁਖ ਇਸ ਦੀ ਨਿਸ਼ਾਨਦੇਹੀ ਤੇ ਗਵਾਹੀ ਦੇ ਦ੍ਰਿਸ਼ ਬੁਣਦਾ ਹੈ। ਉਸ ਦੀ ਫਿਲਮ ਅਤੇ ਕਵਿਤਾ ਵਿਚ ਖਾਲੀਪਣ ਵਾਲਾ ਤਣਾਉ ਅਤੇ ਜਿਉਂਦੇ ਰਹਿਣ ਦੀ ਗਤੀ ਦੀਆਂ ਤੰਦਾਂ ਇਕ-ਦੂਜੀ ਨਾਲ ਜੁੜਦੀਆਂ ਹਨ। ਫਿਲਮ ਅਤੇ ਕਵਿਤਾ, ਦੋਵੇਂ ਉਸ ਨੂੰ ਇਕੋ ਜਿਹੀ ਸ਼ਿੱਦਤ ਨਾਲ ਜਿਉਂਦੇ ਹਨ।

ਅਖਿਰ ਫਿਲਮ ਕਿਉਂ ਜ਼ਰੂਰੀ ਹੈ? ਖਾਸ ਕਰਕੇ ਸਾਡੇ ਵਰਗੇ ਸਮਾਜਾਂ ਵਿਚ ਫਿਲਮ ਨਾਲ ਰਿਸ਼ਤਾ ਨਿਭਣਾ ਕਿੰਨਾ ਕੁ ਔਖਾ ਹੈ? ਅਮਨਿੰਦਰ ਸਿੰਘ ਦੱਸਦਾ ਹੈ, ਫਿਲਮਸ਼ਾਜ਼ ਲਈ ਫਿਲਮ ਉਨ੍ਹਾਂ ਚੀਜ਼ਾਂ ਨੂੰ ਸਾਂਭਣ ਦੀ ਜੱਦੋ-ਜਹਿਦ ਹੈ ਜਿਨ੍ਹਾਂ ਨੂੰ ਸਮਾਂ ਲਗਾਤਾਰ ਸਾਡੇ ਕੋਲੋਂ ਖੋਹ ਰਿਹਾ ਹੈ। ਫਿਲਮ ਯਾਦਾਂ ਨੂੰ ਬਚਾਉਣ ਦਾ ਤਰੱਦਦ ਹੈ। ਉਸ ਅਨੁਸਾਰ ਫੋਟੋਗਰਾਫੀ ਦੀ ਈਜ਼ਾਦ ਨੇ ਪੇਂਟਿੰਗ ਤੋਂ ਬੋਲਣ ਦੀ ਜਾਂਚ ਖੋਹ ਲਈ। ਫਿਲਮ ਬਣਾਉਣਾ ਕਹਾਣੀ ਕਹਿਣ ਦੇ ਬਹਾਨੇ ਖੁਦ ਨੂੰ ਟੋਹਣ ਅਤੇ ਫਰੋਲਣ ਦਾ ਯਤਨ ਹੈ। ਕਹਾਣੀ ਵਾਪਰਦੀ ਰਹਿੰਦੀ ਹੈ। ਇਸ ਨੇ ਕੈਮਰੇ ਤੋਂ ਬਿਨਾਂ ਵੀ ਜਾਰੀ ਰਹਿਣਾ ਹੈ। ਸਵਾਲ ਇਹ ਹੈ ਕਿ ਇਸ ਕਹਾਣੀ ਨੂੰ ਫਿਲਮਸਾਜ਼ ਦਰਸ਼ਕਾਂ ਨੂੰ ਕਿਉਂ ਸੁਣਾਉਣਾ ਚਾਹੁੰਦਾ ਹੈ? ਆਪਣੀ ਇਕ ਕਵਿਤਾ ਵਿਚ ਉਹ ਇਸ ਸਵਾਲ ਦਾ ਜਵਾਬ ਇਉਂ ਦਿੰਦਾ ਹੈ:

ਲੱਖਾਂ ਵਰ੍ਹਿਆਂ ਦਾ ਝੰਬਿਆ ਮਨੁੱਖ
ਮੰਗ ਕਰਦਾ ਹੈ
ਚਾਹੁੰਦਾ ਹੈ ਹਾਸਲ ਉਸ ਸ਼ੈਅ ਦਾ
ਖਿਆਲ ਜਿਸ ਦਾ ਉਸ ਨੂੰ ਧੂਹ ਲਿਆਉਂਦਾ ਹੈ
ਤੇ ਉਹ ਜਨਮਦਾ ਹੈ
ਵਾਰ-ਵਾਰ ਮਰਦਾ ਹੈ।

ਫਿਲਮ 'ਕਸੀਦਾ ਸਿਨੇਮੇ ਲਈ: ਜਲਾਵਤਨ ਹੋਂਦ ਨੂੰ ਜਜ਼ਬ ਕਰਨ ਲਈ ਸ਼ੁਕਰੀਆ' (ਔਡ ਟੂ ਸਿਨੇਮਾ) ਦੇ ਪਹਿਲੇ ਦ੍ਰਿਸ਼ ਦੀ ਸਿਰਜਣਾ ਬਲੱਬ ਦੀ ਰੌਸ਼ਨੀ, ਕਮਰੇ ਦੀ ਕੰਧ ਅਤੇ ਪਾਣੀ ਵਿਚ ਬਣ ਰਹੇ ਉਸ ਦੇ ਪਰਛਾਵੇਂ ਦੀ ਛਿਣ-ਭੰਗਰ ਹੋਂਦ, ਇਨਸਾਨੀ ਹੱਥਾਂ ਦੁਆਰਾ ਖੁਦ ਦੀ ਹਸਤੀ ਦੀ ਕਿਰਚਾਂ ਚੁਗਣ ਦੇ ਤਰੱਦਦ ਅਤੇ ਅੰਤ ਇਨ੍ਹਾਂ ਭਰਮਾਂ/ਸੰਸਿਆਂ/ਨਿਰੰਤਰਤਾ ਤੇ ਦੁਹਰਾਉ ਦੇ ਪਾਣੀ ਵਾਂਗ ਕਿਰ ਜਾਣ ਨਾਲ ਹੁੰਦੀ ਹੈ। ਪਾਣੀ ਵਿਚੋਂ ਪਰਛਾਵਾਂ ਫੜਦਾ ਹੱਥ ਕਿੰਨਾ ਅਕਹਿ ਹੋ ਨਿਬੜਦਾ ਹੈ? ਇਸ ਵਰਤਾਰੇ ਵਿਚ ਜਿਊਣ ਦਾ ਸ਼ੋਰ ਵੀ ਨਿਰਾਰਥਕ ਭਾਸਦਾ ਹੈ। ਆਪਣੇ ਕਾਨਸ 'ਤੇ ਸਲੀਕੇ ਨਾਲ ਚਿਣੇ ਫਰਾਂਜ਼ ਕਾਫਕਾ, ਦੋਸਤੋਵਸਕੀ, ਬੀਥੋਵਿਨ, ਲਿਉ ਤਾਲਸਟਾਏ, ਬਾਲਜ਼ਾਕ ਅਤੇ ਚੈਖਵ ਵਰਗਿਆਂ ਦੇ ਸਾਹਮਣੇ ਫਿਲਮਸਾਜ਼ ਮਹਿਸੂਸ ਕਰਦਾ ਹੈ: 'ਕਿੰਨੀ ਸ਼ਿੱਦਤ ਨਾਲ ਮੈਂ ਚਾਹੁੰਦਾ ਹਾਂ ਕਿ ਸ਼ਬਦ ਆਪਣੇ ਹਾਣੀਆਂ ਨੂੰ ਮੇਰੇ ਭਿੱਟੇ ਹੋਏ ਦਿਮਾਗ ਤੋਂ ਆਜ਼ਾਦ ਹੋ ਕੇ ਮਿਲ ਸਕਣ। ਕੀਚਰਾਂ-ਕੀਚਰਾਂ ਹੋਈ ਹਰ ਸ਼ੈਅ ... ਸਭਿਅਤਾ ਨੇ ਜਿਸ ਵਿਚੋਂ ਜ਼ਿੰਦਗੀ ਵਰਗਾ ਸਭ ਕੁਝ ਨਿਚੋੜ ਲਿਆ ਹੋਵੇ।'

ਸ਼ਬਦਾਂ ਦੀ ਆਪਣੀ ਹੋਂਦ ਬਚਾਉਣ ਦੀ ਕਸ਼ਮਕਸ਼ ਨੂੰ ਬਿਆਨ ਕਰਦਿਆਂ ਉਸ ਦੀ ਕਵਿਤਾ ਉਮੀਦ ਕਰਦੀ ਹੈ: 'ਸ਼ਬਦ ਆਉਣ, ਤੇ ਫੂਕ ਕੇ ਲੰਘ ਜਾਣ ਆਰ-ਪਾਰ, ਆਉਣ ਵਾਲੀ ਪੀੜ੍ਹ ਲਈ ਖਾਲੀ ਥਾਂ ਕਰ ਦੇਣ'। ਇਹ ਦਲੀਲ ਜਿੰਨਾ ਦਰਸ਼ਕ ਦਾ ਸਾਹ ਸੂਤਦੀ ਹੈ, ਓਨਾ ਹੀ ਫਿਲਮਸਾਜ਼ ਨੂੰ ਹਫਾਉਂਦੀ ਹੈ। ਇਥੇ ਵਰਤੇ ਦ੍ਰਿਸ਼ ਅਤੇ ਆਵਾਜ਼ ਦੀ ਅਗਲੀ ਇਬਾਰਤ ਕਵੀ ਦੀ ਡਾਇਰੀ ਦੇ ਪੰਨਿਆਂ 'ਤੇ ਖੁੱਲ੍ਹਦੀ ਹੈ। ਸ਼ਬਦਾਂ ਦਾ ਹੁਣ ਤਕ ਦਾ ਸਭਿਆਚਾਰਕ ਅਤੇ ਸਮਾਜਕ ਵਰਤਾਰਾ ਫਿਲਮਸਾਜ਼ ਦੀ ਕਵਿਤਾ 'ਤੇ ਟੇਕ ਲਗਾਉਂਦਾ ਹੈ। ਕਵਿਤਾ ਦੱਸਦੀ ਹੈ: 'ਨਵਜਨਮੇ ਵਿਚਾਰ ਲਈ ਇਹ ਲਾਜ਼ਮ ਹੈ ਕਿ ਉਹ ਆਪਣੇ ਕਦਮ ਅੱਗੇ ਵਧਾਏ ਅਤੇ ਇਸ ਦੁਨੀਆਂ ਨੂੰ ਆਪਣੀਆਂ ਲੋੜਾਂ ਅਨੁਸਾਰ ਸਦਾ ਲਈ ਬਦਲ ਦੇਵੇ।'

ਇਸ ਤੋਂ ਅਗਲਾ ਸਵਾਲ ਸਾਡੀ ਅੱਜ ਦੀ ਤਰਜ਼ੇ-ਜ਼ਿੰਦਗੀ ਬਾਬਤ ਹੈ: 'ਕਿਉਂ ਸ਼ਬਦਾਂ ਦੇ ਪੈਰ ਇੰਨੇ ਕਮਜ਼ੋਰ ਹੁੰਦੇ ਹਨ ਕਿ ਕਿਸੇ ਵਿਚਾਰ ਦਾ ਭਾਰ ਵੀ ਨਹੀਂ ਚੁੱਕ ਸਕਦੇ?' ਰੂਸ ਦਾ ਫਿਲਮਸਾਜ਼ ਆਂਦਰੇਈ ਤਰਾਸਕੋਵਸਕੀ ਆਖਦਾ ਹੈ, "ਇਹ ਤਾਂ ਤੈਅ ਹੋ ਹੀ ਚੁੱਕਾ ਹੈ ਕਿ ਕਲਾ ਕਿਸੇ ਨੂੰ ਕੁਝ ਵੀ ਨਹੀਂ ਸਿਖਾ ਸਕੀ, ਕਿਉਂਕਿ ਪਿਛਲੀਆਂ ਚਾਰ ਸਦੀਆਂ ਵਿਚ ਤਾਂ ਮਾਨਵਤਾ ਨੇ ਕਲਾ ਤੋਂ ਕੁਝ ਸਿੱਖਿਆ ਨਹੀਂ। ਜੇਕਰ ਅਸੀਂ ਕਲਾਤਮਿਕ ਤਜਰਬਿਆਂ ਅਤੇ ਇਸ ਦੇ ਤੱਤਾਂ ਤੋਂ ਰਤਾ ਵੀ ਸਿੱਖਣ ਦੀ ਕੋਸ਼ਿਸ ਕੀਤੀ ਹੁੰਦੀ, ਜਾਂ ਇਸ ਦੇ ਆਦਰਸ਼ਾਂ ਅਨੁਸਾਰ ਖੁਦ ਨੂੰ ਢਾਲਿਆ ਹੁੰਦਾ ਤਾਂ ਅਸੀਂ ਹੁਣ ਤੱਕ ਫਰਿਸ਼ਤੇ ਬਣ ਜਾਂਦੇ।

ਕਲਾ ਅੰਦਰ ਸਾਨੂੰ ਝੰਜੋੜਨ ਅਤੇ ਨਵੇਂ ਸਿਰਿਉਂ ਘੜਨ ਦੀ ਅਪਾਰ ਸਮਰੱਥਾ ਹੈ, ਬਸ਼ਰਤੇ ਅਸੀਂ ਚੰਗਿਆਈ ਤੇ ਸੱਚ ਨੂੰ ਝੱਲਣ ਲਈ ਤਿਆਰ ਹੋਈਏ। ਕੀ ਅਸੀਂ ਕਲਾ ਨਾਲ ਭਾਵਨਾਤਮਕ ਤੌਰ 'ਤੇ ਜੁੜਨਾ ਭੁੱਲ ਨਹੀਂ ਚੁੱਕੇ?"

ਅਮਨਿੰਦਰ ਦੀ ਫਿਲਮ ਵਿਚ ਇਸ ਦਾ ਜਵਾਬ ਫਰਸ਼ 'ਤੇ ਖਿੱਲਰੇ ਵਰਕਿਆਂ ਦੇ ਰੂਪ ਵਿਚ ਮਿਲਦਾ ਹੈ ਜਿਥੇ ਸ਼ਬਦਾਂ ਦੀ ਜ਼ਰੂਰਤ ਅਤੇ ਅਰਥ ਉਨ੍ਹਾਂ ਦੇ ਵਾਰ-ਵਾਰ ਹੁੰਦੇ ਦੁਹਰਾਓ ਕਾਰਨ ਨਿਸ਼ਬਦ ਹੋਣ ਦੇ ਅਮਲ ਤਕ ਬਦਲ ਚੁੱਕੀ ਹੈ/ ਚੁੱਕੇ ਹਨ। ਇਨ੍ਹਾਂ ਹਾਲਾਤ ਵਿਚ ਫਿਲਮਸਾਜ਼ ਅਤੇ ਕਵੀ ਕੋਲ ਕੀ ਬਦਲ ਬਚਦਾ ਹੈ? ਥਰਮਲ ਪਲਾਂਟ ਦੇ ਦੈਂਤ ਵਰਗੇ ਭੋਂਪੂ ਦੀ ਡਰਾਵਣੀ ਆਵਾਜ਼ ਨਾਲ ਹੁੰਦੇ ਸਿੱਧੇ ਦਸਤਪੰਜੇ ਵਿਚ ਕਾਗਜ਼ਾਂ 'ਤੇ ਖੁਦ ਨੂੰ ਲਿਖੀਆਂ ਪ੍ਰੇਮ-ਕਹਾਣੀਆਂ ਦੀ ਭਲਾ ਕੀ ਔਕਾਤ ਹੈ?


ਇਸ ਫਿਲਮ ਦੇ ਇਕ ਦ੍ਰਿਸ਼ ਵਿਚ ਕਵੀ ਦਾ ਆਪਣੀ ਡਾਇਰੀ ਵਿਚੋਂ ਝਟਕੇ ਨਾਲ ਤੋੜ ਕੇ ਸੁੱਟਿਆ ਕਾਗਜ਼ ਦਾ ਪੰਨਾ ਫਰਸ਼ 'ਤੇ ਪਿਆ ਆਪਣੇ ਮੂਲ ਵਿਚ ਮੁੜਨ ਲਈ ਤਾਂਘਦਾ ਨਜ਼ਰ ਆਉਂਦਾ ਹੈ। ਉਸ ਨਾਲ ਵਾਪਰ ਰਿਹਾ ਵਰਤਾਰਾ ਵੀ ਅਸਲ ਵਿਚ ਉਹੀ ਹੈ। ਕਵੀ ਅਤੇ ਕਵਿਤਾ ਨਾਲੋਂ ਉਸ ਦਾ ਟੁੱਟਣਾ ਉਸ ਦੀ ਹੋਂਦ ਦੇ ਭੁਰਭੁਰੇਪਣ ਅਤੇ ਸਾਰੇ ਹਾਲਾਤ ਜਾਂ ਵਰਤਾਰੇ ਵਿਚੋਂ ਨਿਰਾਰਥਕ ਹੋਣ ਤੱਕ ਦਾ ਸਫਰ ਹੈ। ਉਹ ਦੁਬਾਰਾ ਡਾਇਰੀ ਜਾਂ ਕਵੀ ਦੇ ਹੱਥ ਵਿਚ ਨਹੀਂ ਜਾ ਸਕਦਾ ... ਪਰ ਉਸ ਦੀ ਲਗਾਤਾਰ ਖੁੱਲ੍ਹਣ ਦੀ ਕੋਸ਼ਿਸ਼ ਉਸ ਵਾਤਾਵਰਣ ਦੀ ਸਿਰਜਣਾ ਕਰਦੀ ਹੈ ਜਿਸ ਬਾਰੇ ਫਿਲਮਸਾਜ਼ ਰਾਬਰਟ ਬਰਸੌਨ ਲਿਖਦਾ ਹੈ: 'ਮੱਛੀ ਫੜਨ ਲਈ ਤਲਾਬ ਨੂੰ ਖਾਲੀ ਕਰ ਦਿਓ'।


ਨਿਰੰਤਰਤਾ ਦੇ ਇਸ ਲਗਾਤਾਰ ਚਲਦੇ ਯੁੱਧ ਵਿਚ ਬੰਦਿਆਂ ਦੇ ਸਰੀਰਾਂ ਦਾ ਟੁੱਟਣਾ, ਜੁੜਨਾ, ਮਿਲਣਾ, ਗੁੰਮ-ਗੁਆਚ ਜਾਣਾ ਅਤੇ ਸੁਪਨਿਆਂ ਜਾਂ ਚੇਤਿਆਂ ਵਿਚ ਬਦਲ ਜਾਣਾ ਜਾਰੀ ਹੈ। ਫਿਲਮਸਾਜ਼ ਪੁੱਛਦਾ ਹੈ, 'ਮੈਂ ਇਹ ਸਭ ਕੁਝ ਖਤਮ ਕਿਉਂ ਨਹੀਂ ਕਰ ਦਿੰਦਾ? ਕਿਹੜੀਆਂ ਚੀਜ਼ਾਂ ਮੈਨੂੰ ਪਿੱਛੇ ਧੱਕ ਦਿੰਦੀਆਂ ਨੇ, ਮੇਰੀ ਹੋਣੀ ਤੋਂ ਇਕ ਫਾਸਲੇ 'ਤੇ ... ਤੇ ਕਿਉਂ? 'ਹੋਣੀ' ਦਾ ਇਹ ਸਵਾਲ ਹਰ ਯੁੱਗ, ਹਰ ਦੌਰ ਵਿਚ ਸਾਡਾ ਪਿੱਛਾ ਕਰਦਾ ਹੈ। ਬਾਬਾ ਨਾਨਕ ਇਸ ਨੂੰ 'ਆਪਣਾ ਮੂਲ ਪਛਾਣ' ਦੇ ਰੂਪ ਵਿਚ ਪੁੱਛਦਾ ਹੈ। ਮਹਾਤਮਾ ਬੁੱਧ ਤੋਂ 'ਹੋਣੀ' ਦਾ ਇਹ ਸਵਾਲ ਘਰ ਛੁਡਾਉਂਦਾ ਹੈ। ਸ਼ੇਕਸਪੀਅਰ ਇਸ ਨੂੰ ਆਪਣੀ ਕਾਵਿਕ ਤੇ ਦਾਰਸ਼ਨਿਕ ਭਾਸ਼ਾ ਵਿਚ 'ਹੋਵਾਂ ਜਾਂ ਨਾ ਹੋਵਾਂ' ਦੀ ਤਿੱਖੀ ਸੁਰ ਵਿਚ ਪੁੱਛਦਾ ਹੈ। ਬੁੱਲੇ ਸ਼ਾਹ ਇਸ ਸਵਾਲ ਨੂੰ ਆਪਣੀ ਸੂਫੀ ਰਵਾਇਤੀ ਸੁਰ ਵਿਚ ਪੁੱਛਦਾ ਹੈ, 'ਜੋ ਭਾਲ ਤੁਸਾਡੀ ਕਰਦਾ ਹੈ, ਮੋਇਆ ਤੋਂ ਅੱਗੇ ਮਰਦਾ ਹੈ, ਉਹ ਮੋਇਆ ਵੀ ਤੈਥੋਂ ਡਰਦਾ ਹੈ, ਮਤ ਮੋਇਆਂ ਨੂੰ ਮਾਰ ਕੁਹਾਈਦਾ, ਹੁਣ ਕਿਸ ਥੀਂ ਆਪ ਛੁਪਾਈਦਾ'।

ਜੀਨ ਪਾਲ ਸਾਰਤਰ ਇਸ ਸਵਾਲ ਦੀ ਅਗਲੀ ਗੁੰਝਲ ਵਲ ਇਸ਼ਾਰਾ ਕਰਦਾ ਹੈ ਕਿ ਸਾਰਾ ਕੁਝ ਵਿਉਂਤਿਆਂ ਜਾ ਚੁੱਕਾ ਹੈ, ਸਿਰਫ ਇਹ ਛੁੱਟ ਗਿਆ ਕਿ ਜਿਊਣਾ ਕਿਵੇਂ ਹੈ? ਅਮਨਿੰਦਰ ਇਸ ਫਿਲਮ ਦੇ ਨਿਊਡ ਦ੍ਰਿਸ਼ ਰਾਹੀਂ ਇਨ੍ਹਾਂ ਸਵਾਲਾਂ ਦੇ ਮੱਦੇਨਜ਼ਰ ਮਨੁੱਖ ਦੀ ਜ਼ਰਜ਼ਰ ਤੇ ਭੁਰਭੁਰੀ ਹੋਂਦ ਨੂੰ ਨੰਗਿਆਂ ਕਰਦਾ ਹੈ। ਕੈਮਰਾ ਨਾਉਮੀਦੀ, ਭਟਕਣਾ, ਦਰਦ ਤੇ ਬੇਵਸੀ ਦੀਆਂ ਹਜ਼ਾਰਾਂ ਤਿੱਖੀਆਂ ਸੂਲਾਂ ਨਾਲ ਟਕਰਾਉਂਦਾ ਹੈ। ਆਪਣੀ ਫਿਲਮ ਬਾਰੇ ਗੱਲ ਕਰਦਿਆਂ ਅਮਨਿੰਦਰ ਆਪਣੇ ਮਨਪਸੰਦ ਬੁੱਤਸਾਜ਼ ਮਾਈਕਲ ਏਂਜਲੋ ਨੂੰ ਯਾਦ ਕਰਦਾ ਹੈ, 'ਆਪਣੀ ਗੋਦੀ ਵਿਚ ਜੀਸਸ ਕ੍ਰਾਈਸਟ ਦਾ ਮ੍ਰਿਤਕ ਸਰੀਰ ਸਾਂਭੀ ਬੈਠੀ ਮੇਰੀ ਦਾ ਮੇਰੇ ਨਾਲ ਕੀ ਰਿਸ਼ਤਾ ਹੈ?'

ਇਸ ਦਾ ਜਵਾਬ ਆਂਦਰੇਈ ਤਰਾਕੋਵਸਕੀ ਦੀ ਕਿਤਾਬ 'ਸਕਲਪਟਿੰਗ ਇਨ ਟਾਈਮ' ਵਿਚ ਪਿਆ ਹੈ। ਉਸ ਅਨੁਸਾਰ, 'ਕਲਾਕਾਰ ਆਪਣੀ ਖੁਦ ਦੀ ਦੁਨੀਆਂ ਸਿਰਜਦਾ ਹੈ। ਅਸੀਂ ਕਲਾ ਨੂੰ ਸੰਪਾਦਕਾਂ ਵਾਂਗ ਦੇਖਦੇ ਹਾਂ। ਹਕੀਕਤ ਵਿਚ ਕਲਾ-ਕ੍ਰਿਤ ਤਾਂ ਸਿਰਜਕ ਦੇ ਅੰਦਰ ਪਨਪਦੀ ਹੈ। ਇਹ ਬੱਚਾ ਜੰਮਣ ਵਾਂਗ ਹੈ। ਸਿਰਜਣਾ ਹੀ ਜਿਊਣ ਦਾ ਇਕਲੌਤਾ ਮਹਾਨਤਮ ਉਦੇਸ਼ ਹੋ ਸਕਦੀ ਹੈ। ਸਿਰਜਕ ਆਪਣੀ ਕਲਾ ਦਾ ਬੰਨ੍ਹਿਆਂ ਗੁਲਾਮ ਹੁੰਦਾ ਹੈ। ਉਹ ਉਸ ਦੇ ਅੰਦਰ ਪੱਕਦੀ ਹੈ, ਉਸੇ ਨੂੰ ਖਾਂਦੀ ਹੈ।'

ਮੌਜੂਦਾ ਦੌਰ ਵਿਚ ਕਲਾ ਨਾਲ ਇੰਦਾਂ ਦਾ ਦਰਦਮੰਦ ਰਿਸ਼ਤਾ ਕਿੰਨੀ ਦੇਰ ਨਿਭ ਸਕਦਾ ਹੈ? ਅਮਨਿੰਦਰ ਦਾ ਇਸ ਫਿਲਮ ਨੂੰ ਬਣਾਉਣ ਦਾ ਤਜਰਬਾ ਵਿੱਤੀ ਅਤੇ ਭਾਵਨਾਤਮਿਕ ਤੌਰ 'ਤੇ ਜਿੰਨਾ ਦੁਖਦ ਰਿਹਾ ਹੈ, ਉਸ ਨੇ ਉਸ ਨੂੰ ਲਗਾਤਾਰ ਤਿੰਨ ਸਾਲ ਅਗਲੀ ਫਿਲਮ ਬਾਰੇ ਸੋਚਣ ਤੱਕ ਤੋਂ ਵੀ ਮਹਿਰੂਮ ਰੱਖਿਆ ਹੈ। ਉਸ ਤੋਂ ਜ਼ਿਆਦਾ ਭੈਅ ਉਸ ਨੂੰ ਆਪਣੇ ਵਰਗੇ ਫਿਲਮਸਾਜ਼ਾਂ ਲਈ ਅਜਿਹੀ ਜ਼ਮੀਨ ਦੀ ਅਣਹੋਂਦ ਤੋਂ ਲੱਗਦਾ ਹੈ ਜਿਹੜੀ ਉਨ੍ਹਾਂ ਨੂੰ ਉਗਣ, ਸੁਪਨੇ ਲੈਣ ਅਤੇ ਕਲਾ ਲਈ ਆਪਣੀ ਮੁਹੱਬਤ ਲਈ ਠਾਹਰ ਦੇ ਸਕੇ। ਉਸ ਦਾ ਆਪਣੀ ਫਿਲਮ ਨੂੰ ਫਿਲਮ ਮੇਲਿਆਂ ਵਿਚ ਲਿਜਾਣ ਦਾ ਤਜਰਬਾ ਵੀ ਇਸ ਖਪਤਕਾਰੀ ਤੇ ਇਸ਼ਤਿਹਾਰਬਾਜ਼ੀ ਦੇ ਅੰਨ੍ਹੇ ਖੂਹ ਦੀ ਨਿਸ਼ਾਨਦੇਹੀ ਕਰਦਾ ਹੈ। ਇਹ ਤਾਂ ਤੈਅ ਹੈ ਕਿ ਅਜਿਹੇ ਬੌਧਿਕ ਅਤੇ ਦਾਰਸ਼ਿਨਕ ਸਿਨੇਮੇ ਵਲ ਪਿੱਠ ਕਰਦਾ ਸਮਾਜ ਆਪਣੇ ਆਪ ਤੋਂ ਭੈਅ-ਭੀਤ ਸਮਾਜ ਹੀ ਹੋ ਸਕਦਾ ਹੈ। ਪੰਜਾਬੀ ਵਿਚ ਸਿਨੇਮੇ ਦੇ ਨਾਮ 'ਤੇ ਬਣ ਰਹੀਆਂ ਵਿਆਹਾਂ ਦੀਆਂ ਵੀਡੀਓਜ਼-ਐਲਬਮਾਂ ਦੇ ਦੌਰ ਵਿਚ ਅਮਨਿੰਦਰ ਨੇ 'ਖਾਲਸ ਸਿਨੇਮਾ' ਦੀ ਅਲਖ ਜਗਾਈ ਹੈ। ਕੀ ਪੰਜਾਬੀ ਅਜਿਹੀ ਬੌਧਿਕ ਅਤੇ ਦਾਰਸ਼ਨਿਕ ਸੱਦ ਨੂੰ ਅਣਗੌਲੇ ਕਰੀ ਰੱਖਣਗੇ? ਪਰ ਕਦੋਂ ਤੱਕ?




*ਫਿਲਮ 'ਔਡ ਟੂ ਸਿਨੇਮਾ' ਦਾ ਪੋਸਟਰ ਅਤੇ ਫਿਲਮ ਦੀ ਇਕ ਝਲਕ।*

# ਮਾਹਿਰਾ ਖਾਨ ਦਾ ਹਮਰਾਹ



ਪਾਕਿਸਤਾਨ ਦੀ ਸਭ ਤੋਂ ਮਹਿੰਗੀ ਫਿਲਮ ਅਭਿਨੇਤਰੀ ਮਾਹਿਰਾ ਖਾਨ ਦੀ ਜ਼ਿੰਦਗੀ ਵਿਚ ਬਹਾਰ ਪਰਤ ਆਈ ਹੈ। ਭਾਰਤੀ ਸੁਪਰਸਟਾਰ ਸ਼ਾਹਰੁਖ ਖਾਨ ਦੀ ਫਿਲਮ 'ਰਈਸ' ਅਤੇ ਤਾਜ਼ਾਤਰੀਨ ਪਾਕਿਸਤਾਨੀ ਸੁਪਰਹਿਟ 'ਸਦਕੇ ਤੁਮ੍ਹਾਰੇ' ਦੀ ਨਾਇਕਾ ਮਾਹਿਰਾ ਖਾਨ ਨੇ ਸੰਕੇਤ ਦਿੱਤਾ ਹੈ ਕਿ ਉਸ ਨੂੰ ਨਵਾਂ ਹਮਰਾਹ ਮਿਲ ਗਿਆ ਹੈ ਅਤੇ ਉਹ ਵਿਆਹ ਕਰਵਾਉਣ ਬਾਰੇ ਸੰਜੀਦਗੀ ਨਾਲ ਸੋਚ ਰਹੀ ਹੈ। ਮਾਹਿਰਾ ਨੇ ਅਜਿਹੇ ਜਜ਼ਬਾਤ ਦਾ ਇਜ਼ਹਾਰ ਸਮੀਨਾ ਪੀਰਜ਼ਾਦਾ ਦੇ ਵੈੱਬ ਸ਼ੋਅ 'ਰਿਵਾਈਂਡ ਵਿਦ ਸਮੀਨਾ' ਦੌਰਾਨ ਕੀਤਾ। ਉਸ ਨੇ 'ਨਵੇਂ ਹਮਰਾਹ' ਦਾ ਨਾਮ ਦੱਸਣ ਤੋਂ ਇਨਕਾਰ ਕਰ ਦਿੱਤਾ, ਪਰ ਏਨਾ ਜ਼ਰੂਰ ਦੱਸਿਆ ਕਿ ਉਹ ਫਿਲਮ ਸਨਅਤ ਨਾਲ ਸਬੰਧਤ ਨਹੀਂ। ਉਸ ਨੇ ਕਿਹਾ ਕਿ ਵਿਆਹ ਬਾਰੇ ਫੈਸਲਾ ਲੈਣ ਤੋਂ ਪਹਿਲਾਂ ਉਹ ਇਹ ਦੇਖਣਾ ਚਾਹੇਗੀ ਕਿ ਉਸ ਦਾ ਬੇਟਾ ਅਜ਼ਲਾਨ ਇਸ ਨਵੇਂ ਰਿਸ਼ਤੇ ਬਾਰੇ ਕਿੰਨੀ ਕੁ ਆਰਾਮਦੇਹੀ ਮਹਿਸੂਸ ਕਰਦਾ ਹੈ।

ਮਾਹਿਰਾ ਦੇ ਮਾਪੇ ਮੇਰਠ ਤੋਂ ਹਨ। ਇਕ ਭੂਆ ਤੇ ਉਸ ਦਾ ਪਰਿਵਾਰ ਅਜੇ ਵੀ ਦੇਹਰਾਦੂਨ ਵਸਿਆ ਹੋਇਆ ਹੈ। ਇਸ ਅਦਾਕਾਰਾ ਨੇ ਗਲੈਮਰ ਜਗਤ ਵਿਚ ਕਦਮ ਐਮ. ਟੀ. ਵੀ. ਦੇ ਇਕ ਸੰਗੀਤਕ ਪ੍ਰੋਗਰਾਮ ਦੀ ਪੇਸ਼ਕਾਰ ਵਜੋਂ ਧਰਿਆ ਸੀ। ਅਮਰੀਕਾ ਵਿਚ ਪੜ੍ਹਦਿਆਂ ਉਸ ਦੀ ਮੁਲਾਕਾਤ ਅਲੀ ਅਸਕਰੀ ਨਾਲ ਹੋਈ ਅਤੇ ਦੋਵਾਂ ਦਾ ਵਿਆਹ 2007 ਤੋਂ 2015 ਤਕ ਨਿਭਿਆ। ਅਕਸਰੀ, ਫਿਲਮ ਤੇ ਟੀ. ਵੀ. ਜਗਤ ਵਿਚ ਕ੍ਰੀਏਟਿਵ ਡਾਇਰੈਕਟਰ ਵਜੋਂ ਕੰਮ ਕਰਦਾ ਆਇਆ ਹੈ। ਮਾਹਿਰਾ ਨਾਲ ਰਿਸ਼ਤਾ ਚਾਕ ਹੋਣ ਮਗਰੋਂ ਉਸ ਨੂੰ ਕੰਮ ਮਿਲਣਾ ਘਟ ਗਿਆ, ਪਰ ਵਿਆਹ ਵਾਲੀ ਮੰਡੀ ਵਿਚ ਵੁੱਕਤ ਨਹੀਂ ਘਟੀ। ਉਹ ਦੋ ਨਵੇਂ ਨਿਕਾਹਾਂ ਤੇ ਇਕ ਹੋਰ ਤਲਾਕ ਵਾਲੇ ਮਰਹਲੇ ਤੈਅ ਕਰ ਚੁੱਕਾ ਹੈ। ਪਿਛਲਾ ਨਿਕਾਹ ਪਿਛਲੇ ਸਾਲ ਹੋਇਆ।

ਮਾਹਿਰਾ ਖਾਨ ਦੀ ਨਵੀਂ ਫਿਲਮ 'ਦਿ ਲੀਜੈਂਡ ਆਫ ਮੌਲਾ ਜੱਟ' ਇਸੇ ਸਾਲ ਰਿਲੀਜ਼ ਹੋ ਰਹੀ ਹੈ। ਇਹ 1979 ਵਿਚ ਆਈ ਸੁਪਰਹਿਟ ਫਿਲਮ 'ਮੌਲਾ ਜੱਟ' ਦੀ ਰੀਮੇਕ ਹੈ ਅਤੇ ਇਸ ਵਿਚ ਹੀਰੋ ਫਵਾਦ ਖਾਨ ਹੈ।



Tel.: 317-426-5410
Ext 311 or 340
XPressCargo
Cell : 317-701-4230
Fax : 317-308-6424
Pay Every Week
Single upto 42 Cent + Team Upto 50 Cent
100%
OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
XPressCargo
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com